
# ਪੰਜਾਂ ਪਿਆਰਿਆਂ ਦੀ ਚੋਣ



ਕ੍ਰਿਤ: ਬਾਬਾ ਗੁਰਦੀਪ ਸਿੰਘ ਜੀ
ਲੇਖਕ : ਭਾਈ ਹਰਜੀਤ ਸਿੰਘ

ੴ ਸਤਿਗੁਰ ਪ੍ਰਸਾਦਿ ॥

# ਪੰਜਾਂ ਪਿਆਰਿਆਂ ਦੀ ਚੋਣ

ਕ੍ਰਿਤ : ਬਾਬਾ ਗੁਰਦੀਪ ਸਿੰਘ ਜੀ

ਲੇਖਕ : ਭਾਈ ਹਰਜੀਤ ਸਿੰਘ

ਗੁਰਦੁਆਰਾ ਈਸ਼ਰ ਪ੍ਰਕਾਸ਼, ਖ਼ੂਬੀਆ ਨੰਗਲ

ਗੁਰਮਤਿ ਰੂਹਾਨੀ ਮਿਸ਼ਨ,

ਬਿਲਾਸਪੁਰ ਜ਼ਿਲ੍ਹਾ ਰਾਮਪੁਰ (ਯੂ.ਪੀ.)

© ਪ੍ਰਕਾਸ਼ਕ/ਲੇਖਕ
ਸਾਰੇ ਹੱਕ ਪ੍ਰਕਾਸ਼ਕ ਅਤੇ ਲੇਖਕ ਦੇ ਰਾਖਵੇਂ ਹਨ।
ਬਿਨਾ ਆਗਿਆ ਕੋਈ ਨਾ ਛਾਪੇ

ਪਹਿਲੀ ਐਡੀਸ਼ਨ – ਸਤੰਬਰ 2006
ਦੂਜੀ ਐਡੀਸ਼ਨ – ਮਾਰਚ 2008
ਭੇਟਾ : 125-00

ਮਿਲਣ ਦਾ ਪਤਾ :

**ਬਾਬਾ ਗੁਰਦੀਪ ਸਿੰਘ ਜੀ**

ਗੁਰਦੁਆਰਾ ਈਸ਼ਰ ਪ੍ਰਕਾਸ਼, ਖੂਬੀਆ ਨੰਗਲ,
ਗੁਰਮਤਿ ਰੂਹਾਨੀ ਮਿਸ਼ਨ,
ਤਹਿਸੀਲ ਬਿਲਾਸਪੁਰ, ਜ਼ਿਲ੍ਹਾ ਰਾਮਪੁਰ (ਉਤਰ ਪ੍ਰਦੇਸ਼)
ਫੋਨ : 0595-2480035

**ਬਾਬਾ ਗੁਰਦੀਪ ਸਿੰਘ ਜੀ**

ਗੁਰਦੁਆਰਾ ਈਸ਼ਰ ਪ੍ਰਕਾਸ਼, ਵਰਿਆਮਸਰ
ਪਿੰਡ ਪੰਵਾਰਗੜ੍ਹ, ਟਕਨੇਰੀ, ਡਾ./ਜ਼ਿਲ੍ਹਾ ਅਸ਼ੋਕਨਗਰ (ਮਧ ਪ੍ਰਦੇਸ਼)
ਫੋਨ : 07543-227755

ਪ੍ਰਕਾਸ਼ਕ:

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।
ਫੋਨ: (0183) 2542346, 2547974, 25579763 ਫੈਕਸ : 5017488
E-mail : csjssales@hotmail.com, csjspurchase@yahoo.com
: csjsexports@vsnl.com
Visit our Website : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

ੴ ਸਤਿਗੁਰ ਪ੍ਰਸਾਦਿ ॥

# ਸਮਰਪਣ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

(ਅੰਗ ੯੮੨)

ਪੰਜਾਂ ਪਿਆਰਿਆਂ ਦੀ ਚੋਣ ਪੁਸਤਕ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਚੌਥੀ ਸ਼ਹੀਦੀ ਸ਼ਤਾਬਦੀ ਦੇ ਅਵਸਰ 'ਤੇ ਗੁਰਮਤਿ ਦੇ ਗਹਿਰ-ਗੰਭੀਰ ਪਾਠਕਾਂ ਦੀ ਸੇਵਾ ਵਿਚ ਭੇਟ ਕਰਨ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹਾਂ।

— ਭਾਈ ਹਰਜੀਤ ਸਿੰਘ

# ਤਤਕਰਾ


| | |
|---|---|
| ਮੁਖ ਬੰਦ | 5 |
| ਪੰਜਾਂ ਪਿਆਰਿਆਂ ਦੀ ਚੋਣ ਭਾਗ 1 | 15 |
| ਪੰਜਾਂ ਪਿਆਰਿਆਂ ਦੀ ਚੋਣ ਭਾਗ 2 | 47 |
| ਨਾਮ ਜਪਣ ਦੀਆਂ ਰਹਿਤਾਂ | 94 |
| ਨਾਨਕ ਦੁਖੀਆ ਸਭ ਸੰਸਾਰ | 131 |
| ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ | 171 |
| ਬਾਬਾ ਫਰੀਦ ਜੀ | 216 |


***

# ਮੁਖ ਬੰਦ

*ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥ ੬ ॥*

(ਅੰਗ ੧੦੭੫-੭੬)

ਗੁਰੂ ਘਰ ਵਿਚ ਭਗਤੀ ਭਾਵੇਂ ਨੌਂ ਤਰ੍ਹਾਂ ਦੀ ਹੈ।

*ਭਗਤਿ ਨਵੈ ਪਰਕਾਰਾ॥ ਪੰਡਿਤੁ ਵੇਦੁ ਪੁਕਾਰਾ॥* (ਅੰਗ ੭੧)

ਪਰ ਕੀਰਤਨ ਭਗਤੀ ਨੂੰ ਗੁਰੂ ਜੀ ਨੇ ਪ੍ਰਧਾਨਤਾ ਦਿੱਤੀ ਹੈ ਅਤੇ ਨਾਲ ਹੀ ਇਹ ਤਾਕੀਦ ਕੀਤੀ ਹੈ ਕਿ ਗੁਰਮੁਖ ਜਨ ਧਿਆਨ ਲਾ ਕੇ ਜਾਪ ਕਰਦੇ ਹਨ। ਉਨ੍ਹਾਂ ਗੁਰਮੁਖਾਂ ਨੂੰ ਬੇਅੰਤ ਬਖ਼ਸ਼ਿਸ਼ਾਂ ਪ੍ਰਾਪਤ ਹੋ ਜਾਂਦੀਆਂ ਹਨ। ਉਹ ਆਪ ਤਾਂ ਭਵਸਾਗਰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਤਰਦੇ ਹੀ ਹਨ, ਨਾਲ ਦੇ ਨਾਲ ਆਪਣੀਆਂ ਸਾਰੀਆਂ ਕੁੱਲਾਂ ਨੂੰ ਵੀ ਤਾਰ ਕੇ ਲੈ ਜਾਂਦੇ ਹਨ। ਗੁਰਮੁਖ ਕ੍ਰੋੜਾਂ ਕ੍ਰੋੜਾਂ ਰੂਹਾਂ ਦਾ ਉਧਾਰ ਕਰ ਦਿੰਦੇ ਹਨ।

*"ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥"*

(ਅੰਗ ੬੦੮)

ਸੰਤਾਂ, ਭਗਤਾਂ ਦੇ ਬਚਨ ਹਨ,

*"ਪਿਤਾ ਪਾਛੈ ਚੋਬੀਸ ਬੀਸ ਮਾਤਾ ਕੇ ਜਾਨੋ*
*ਖੋਡਸ ਤੁਲਾ ਮਹਾਨ ਦਹਿ ਦਿਸ ਸੁਤਾ ਪਛਾਨੋ।"*
*"ਇਕਾਦਸੀ ਕੁਲ ਭੈਣ, ਦਸ ਭੂਆ ਕੇ ਲੇਖੇ।*
*ਮਾਤ ਭੈਣ ਕੁਲ ਆਠ, ਸੁਤ ਸਿਮ੍ਰਿਤ ਕਰ ਲੇਖੇ।*
*ਤੱਤ-ਬੇਤਾ ਬਿਚਾਰ ਕਰ ਐਸੇ ਕਹਿਓ,*
*ਭਗਤ ਹੋਤ ਜਿਸ ਬੰਸ ਮਹਿ, ਇਕ ਸੌ ਇਕ ਕੁਲ ਉਧਿਰਉ।*

ਗੁਰਬਾਣੀ ਦੇ ਵਿਚ ਸਤਿਗੁਰੂ ਜੀ ਨੇ ਭਗਤ ਪ੍ਰਹਿਲਾਦ ਜੀ ਦੀਆਂ ਇੱਕੀ ਕੁਲਾਂ ਤਰਨ ਦਾ ਜ਼ਿਕਰ ਕੀਤਾ ਹੈ।

*ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥*
*ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥*

(ਅੰਗ ੧੧੨੩)

ਸਤਿਗੁਰੂ ਜੀ ਦੀ ਪਵਿੱਤਰ ਦਰਗਾਹ ਗੁਰੂ ਵਾਲਿਆਂ, ਨਾਮ ਜਪਣ ਵਾਲਿਆਂ, ਸੇਵਾ ਕਰਨ ਵਾਲਿਆਂ।

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ੪॥* (ਅੰਗ ੨੬)

*ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥*
*ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥*
*ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥ ੧॥*

(ਅੰਗ ੬੪੮)

ਸੱਚਖੰਡ, ਦਰਗਾਹ, ਗੁਰਸਿਖਾਂ, ਗੁਰਮੁਖਾਂ, ਸੰਤਾਂ, ਭਗਤਾਂ ਵਾਸਤੇ ਸਤਿਗੁਰੂ ਜੀ ਨੇ ਬਣਾਈ ਹੈ।

ਸਰੀਰ ਛੱਡਣ ਤੋਂ ਬਾਦ ਵਾਹਿਗੁਰੂ ਜੀ ਦੀ ਦਰਗਾਹ ਵਿਚ ਬੜੇ ਮਾਣ ਅਤੇ ਸਤਿਕਾਰ ਸਨਮਾਨ, ਇੱਜ਼ਤ ਪੱਤ, ਸਹਿਤ ਲਿਜਾਏ ਜਾਂਦੇ ਹਨ।

ਅਤੇ ਪਹਿਲਾਂ ਤੋਂ ਮੌਜੂਦ ਦਰਗਾਹੀ ਰੂਹਾਂ ਉਨ੍ਹਾਂ ਦਾ ਬਹੁਤ ਆਦਰ ਸਤਿਕਾਰ ਕਰਦੀਆਂ ਹਨ।

*ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸੁਭ ਦੇਊ॥*

(ਅੰਗ ੨੫੨)

ਗੁਰੂ ਮਹਾਰਾਜ ਜੀ ਆਪਣੀ ਦਰਗਾਹ ਵਿਚੋਂ ਪੁਗੀਆਂ ਹੋਈਆਂ ਮਹਾਨ ਆਤਮਾਵਾਂ ਨੂੰ ਮਾਤ-ਲੋਕ ਦੇ ਜੀਵਾਂ ਦੇ ਕਲਿਆਣ ਵਾਸਤੇ, ਆਪ ਆਪਣੀ ਸ਼ਕਤੀ ਦੇ ਕੇ ਸੰਸਾਰ ਵਿਚ ਭੇਜਦੇ ਹਨ,

*"ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ॥*
*ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ॥* (ਅੰਗ ੯੨੯)

ਐਸੀ ਹੀ ਮਹਾਨ ਆਤਮਾ ਮਹਾਂ ਤਪੱਸਵੀ ਜੀ ਨੂੰ ਵਾਹਿਗੁਰੂ ਜੀ ਦਾ ਹੁਕਮ ਹੋਇਆ, ਜਿਨ੍ਹਾਂ ਦਾ ਨਾਮ ਮਾਤਾ ਪਿਤਾ ਨੇ ਗੁਲਾਬ ਸਿੰਘ ਰਖਿਆ, ਪਰ ਸਮਾਂ ਆਉਣ ਤੇ ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਕਰਕੇ, ਰੇਰੂ ਸਾਹਿਬ ਵਾਲਿਆਂ ਮਹਾਂਪੁਰਖਾਂ ਨੇ ਆਪ ਜੀ ਦਾ ਨਾਮ ਅੰਮ੍ਰਿਤ ਛਕਾ ਕੇ ਈਸ਼ਰ ਸਿੰਘ ਰੱਖ ਦਿੱਤਾ। ਜੋ ਸਾਰੇ ਸੰਸਾਰ ਵਿਚ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਦੇ ਨਾਮ ਨਾਲ ਪ੍ਰਸਿਧ ਹੋਏ।

ਆਪ ਜੀ ਨੇ ਸਾਰੀ ਜ਼ਿੰਦਗੀ ਆਪਣੀ ਆਯੂ ਦਾ ਇਕ ਇਕ ਸੁਵਾਸ ਸਾਧ ਸੰਗਤ ਦੀ ਸੇਵਾ, ਗੁਰੂ ਜੀ ਦੀ ਕੀਰਤਨ ਦੀ ਮਹਾਨ ਸੇਵਾ ਕਰਦਿਆਂ, ਗੁਰਬਾਣੀ ਦਾ ਮਨੋਹਰ ਕਥਾ ਕੀਰਤਨ ਰਾਹੀਂ ਰੂਹਾਨੀ ਉਪਦੇਸ਼ ਬਖਸ਼ਦੇ ਹੋਏ ਲੱਖਾਂ ਪ੍ਰਾਣੀਆਂ ਦਾ ਉਧਾਰ ਕੀਤਾ। ਆਪ ਜੀ ਨੇ ਜਿੱਥੇ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੀ ਸਥਾਪਨਾ ਕੀਤੀ ਅਤੇ ਬੇਅੰਤ ਪਰਉਪਕਾਰ ਦੇ ਕਾਰਜ ਕੀਤੇ, ਨਾਲ ਦੇ ਨਾਲ ਅੰਮ੍ਰਿਤ ਸੰਚਾਰ ਰਾਹੀਂ ਖਾਲਸਾ ਪੰਥ ਦੀ ਮਹਾਨ ਸੇਵਾ ਕਰਦੇ, ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ।

ਸੰਨ ੧੯੭੫ ਵਿਚ ਇਹ ਮਹਾਨ ਸੇਵਾ ਕਰਦਿਆਂ ਇੰਗਲੈਂਡ ਵਿਖੇ ਆਪਣੇ ਪੰਜ ਭੂਤਕ ਸਰੀਰ ਦਾ ਪ੍ਰੀਤਿਆਗ ਕਰਕੇ ਸੱਚਖੰਡ ਜਾ ਬਿਰਾਜੇ।

ਪਰਮ ਪੂਜਯ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਸੰਗਤ ਬਚਪਨ ਤੋਂ ਹੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਪ੍ਰਾਪਤ ਹੋਈ। ਆਪ ਜੀ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੂੰ ਪਹਿਲੀ ਵਾਰ ਸੰਨ ੧੯੩੫ ਵਿਚ ਰਾੜਾ ਸਾਹਿਬ ਵਿਖੇ ਮਿਲੇ। ਪਹਿਲੀ ਹੀ ਮਿਲਣੀ ਵਿਚ ਮਨ ਦਾ ਸੌਦਾ ਹੋ ਗਿਆ। ਉਸ ਸਮੇਂ ਰਾੜਾ ਸਾਹਿਬ ਵਾਲਿਆਂ ਮਹਾਂਪੁਰਖਾਂ ਨੇ ਕਿਹਾ ਸੀ, "ਅੱਜ ਇਕ ਸੁਹਾਗਣ ਦਾ ਸੁਹਾਗਣ ਨਾਲ ਮੇਲ ਹੋਇਆ ਹੈ।" ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਹੀ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਧਰਮ ਪ੍ਰਚਾਰ ਵਾਸਤੇ ਸਿੰਧ ਵਿਚ (ਅੱਜ-ਕੱਲ੍ਹ ਪਾਕਿਸਤਾਨ ਵਿਚ) ਭੇਜਿਆ, ਜਿਥੇ ਆਪ ਜੀ ੧੨ ਸਾਲ ਧਰਮ ਪ੍ਰਚਾਰ ਕਰਦੇ ਰਹੇ ਅਤੇ ਵਾਪਸੀ ਵੀ ਆਪ ਜੀ ਦੇ ਬਚਨਾਂ ਨਾਲ ਹੋਈ। ਕੁਝ ਸਮੇਂ ਬਾਅਦ ਸੰਤ ਬਾਬਾ ਵਰਿਆਮ ਸਿੰਘ ਜੀ ਨੂੰ ਆਪ ਜੀ ਦਾ ਹੁਕਮ ਨੌਕਰੀ ਕਰਨ ਵਾਸਤੇ ਹੋਇਆ। ਤਾਂ ਆਪ ਜੀ ਚੰਡੀਗੜ੍ਹ ਨੌਕਰੀ ਕਰਦੇ ਰਹੇ ਅਤੇ ਉਸੇ ਦੌਰਾਨ ਹੀ ਚੰਡੀਗੜ੍ਹ ਵਿਖੇ ਸੰਤ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਦੇ ਹਰ ਸਾਲ ਦੀਵਾਨ ਲਵਾਉਂਦੇ ਰਹੇ।

ਸੰਨ ੧੯੬੬ ਵਿਚ ਸੰਤ ਵਰਿਆਮ ਸਿੰਘ ਜੀ ਆਪਣੇ ਪਰਿਵਾਰ ਸਹਿਤ, ਰਾੜਾ

ਸਾਹਿਬ ਵਿਖੇ ਸੰਤ ਬਾਬਾ ਈਸ਼ਰ ਸਿੰਘ ਜੀ ਨੂੰ ਮਿਲਣ ਗਏ। ਉਸ ਸਮੇਂ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਵੱਡੇ ਲੜਕੇ ਗਿਆਰ੍ਹਵੀਂ ਜਮਾਤ ਵਿਚ ਪੜ੍ਹਦੇ ਸਨ। ਜਦੋਂ ਮਹਾਂਪੁਰਖਾਂ ਨੂੰ ਜਾ ਕੇ ਨਮਸਕਾਰ ਕੀਤੀ ਤਾਂ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਕਹਿਣ ਲੱਗੇ, "ਆ ਬਈ ਇੰਜੀਨੀਅਰ ਸਾਹਿਬ", ਮਹਾਂਪੁਰਖਾਂ ਦੇ ਸਹਿਜ ਸੁਭਾਅ ਦੇ ਕਹੇ ਹੋਏ ਬਚਨ ਪੂਰੇ ਹੋਏ। ਅੱਜ-ਕੱਲ੍ਹ ਉਹ ਇੰਜੀਨੀਅਰ ਬਣ ਕੇ ਵਿਦੇਸ਼ ਗਏ ਅਤੇ ਉਥੇ ਹੀ ਰਹਿ ਰਹੇ ਹਨ।

ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ ਹੁਕਮ ਪਾ ਕੇ ਆਪ ਜੀ ਨੌਕਰੀ ਛੱਡ ਕੇ ਯੂ.ਪੀ. ਵਿਚ ਅਨਵਰੀਆ ਫਾਰਮ ਤਹਿਸੀਲ ਬਿਲਾਸਪੁਰ ਆਪਣੇ ਫਾਰਮ ਵਿਖੇ ਖੇਤੀ ਕਰਨ ਲੱਗੇ।

ਯੂ.ਪੀ. ਦੇ ਇਲਾਕੇ ਵਿਚ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ ਪਹਿਲੀ ਵਾਰ ਸੰਨ ੧੯੫੮ ਵਿਚ ਆਏ। ਉਸ ਸਮੇਂ ਮੁਰਾਦਾਬਾਦ ਆਪ ਜੀ ਨੇ ਦੀਵਾਨ ਲਾਏ ਸਨ। ਮੁਰਾਦਾਬਾਦ ਤੋਂ ਹੀ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਬੇਨਤੀ ਪ੍ਰਵਾਨ ਕਰਕੇ, ਉਨ੍ਹਾਂ ਦੇ ਫਾਰਮ ਅਨਵਰੀਆ, ਤਹਿਸੀਲ ਬਿਲਾਸਪੁਰ ਵਿਖੇ ਆਏ। ਉਸ ਸਮੇਂ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਿਲਾਸਪੁਰ ਅਤੇ ਤਰਾਈ ਦੇ ਇਲਾਕੇ ਵਾਸਤੇ ਬਹੁਤ ਸਾਰੇ ਬਚਨ ਕੀਤੇ। ਆਪ ਜੀ ਨੂੰ ਵਾਪਿਸ ਆਉਂਦਿਆਂ ਸੰਤ ਵਰਿਆਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਇਥੇ ਉੱਚੀ ਜਗ੍ਹਾ ਤੇ ਸਾਡੀ ਦੋ ਏਕੜ ਜ਼ਮੀਨ ਹੈ ਜੋ ਆਪ ਜੀ ਸੇਵਾ ਵਿਚ ਪ੍ਰਵਾਨ ਕਰੋ ਅਤੇ ਆਪ ਜੀ ਆਪਣਾ ਸਥਾਨ ਬਣਾਉ, ਤਾਂਕਿ ਇਸ ਇਲਾਕੇ ਦਾ ਭਲਾ ਹੋ ਜਾਵੇ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਜ਼ਮੀਨ ਵੱਲ ਤੱਕਦੇ ਹੋਏ ਫੁਰਮਾਇਆ "ਇਹ ਜਗ੍ਹਾ ਹੋਰ ਵੀ ਉੱਚੀ ਹੋ ਜਾਵੇਗੀ ਅਤੇ ਇਸ ਇਲਾਕੇ ਦੇ ਭਲੇ ਦਾ ਸਮਾਂ ਵੀ ਆ ਜਾਵੇਗਾ।" ਇਹ ਬਚਨ ਆਪ ਜੀ ਨੇ ਸਹਿਜ ਸੁਭਾਅ ਹੀ ਕੀਤੇ ਸਨ ਜੋ ਅੱਜ ਪੂਰੇ ਹੋ ਰਹੇ ਹਨ।

ਬਾਬਾ ਗੁਰਦੀਪ ਸਿੰਘ ਜੀ ਗੁਰਦੁਆਰਾ ਈਸ਼ਰ ਪ੍ਰਕਾਸ਼ ਖ਼ੂਬੀਆਂ ਨੰਗਲ ਦੀ ਸਥਾਪਨਾ ਕਰਕੇ ਅਤੇ ਆਲੀਸ਼ਾਨ ਗੁਰਦੁਆਰਾ ਸਾਹਿਬ ਤਿਆਰ ਕਰਵਾ ਕੇ ਅਤੇ ਦਿਨ ਰਾਤ ਧਰਮ ਪ੍ਰਚਾਰ ਕਰਕੇ, ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨਾਲ ਜੋੜ ਕੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਕਹੇ ਹੋਏ ਬਚਨ ਪੂਰੇ ਕਰ ਰਹੇ ਹਨ।

ਸੰਨ ੧੯੬੮ ਵਿਚ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਰਾੜਾ ਸਾਹਿਬ ਵਾਲਿਆਂ ਮਹਾਂਪੁਰਖਾਂ ਨੂੰ ਬੇਨਤੀ ਕੀਤੀ ਸੀ ਕਿ ਮਹਾਰਾਜ ਬਚਨ ਕਰੋ ਕਿ ਸਾਡੀ ਯੂ.ਪੀ. ਵਾਲੀ

ਜ਼ਮੀਨ ਵਿੱਕ ਜਾਵੇ, ਕਿਉਂਕਿ ਇਸ ਇਲਾਕੇ ਵਿਚ, ਸਿੱਖੀ ਦਾ ਨਾਮ ਨਿਸ਼ਾਨ ਨਹੀਂ, ਇਥੇ ਪ੍ਰਚਾਰਕ, ਗ੍ਰੰਥੀ, ਸ਼ਰਾਬ ਪੀ ਕੇ ਪਾਠ ਕਰਦੇ ਹਨ ਅਤੇ ਪਾਠ ਕਰਵਾਉਣ ਵਾਲੇ ਵੀ ਮਾਸ, ਸ਼ਰਾਬ ਰੱਜ ਕੇ ਖਾਂਦੇ, ਖੁਆਉਂਦੇ ਹਨ। ਪਸ਼ੂਆਂ ਦੀ ਚੋਰੀ ਅਤੇ ਮਾਰ-ਧਾੜ ਨੂੰ ਵੀ ਬੁਰਾ ਨਹੀਂ ਸਮਝਿਆ ਜਾਂਦਾ। ਇਉਂ ਲੱਗਣ ਲੱਗ ਪਿਆ ਹੈ ਕਿ ਮੈਂ ਇਕੱਲਾ ਹੀ ਹਾਂ। ਰਾੜਾ ਸਾਹਿਬ ਵਾਲੇ ਵੱਡੇ ਮਹਾਰਾਜ ਜੀ ਨੇ ਬੜੇ ਧਿਆਨ ਨਾਲ ਬੇਨਤੀ ਸੁਣੀ ਅਤੇ ਨੇਤਰ ਬੰਦ ਕਰ ਲਏ, ਕੁਝ ਸਮਾਂ ਠਹਿਰ ਕੇ ਨੇਤਰ ਖੋਲ੍ਹੇ ਅਤੇ ਕਿਹਾ "ਤੁਸੀਂ ਅਜੇ ਜ਼ਮੀਨ ਨਾ ਵੇਚੋਂ ਸੰਗਤ ਤਾਂ ਤੈਥੋਂ ਇਥੇ ਸੰਭਾਲੀ ਨਹੀਂ ਜਾਣੀ, ਅਸੀਂ ਵੀ ਕਿਸੇ ਸਮੇਂ ਤੁਹਾਡੇ ਵੱਲ ਸੰਗਤਾਂ ਦੇ ਦਰਸ਼ਨ ਕਰਾਂਗੇ।"

ਕੁਝ ਸਮੇਂ ਬਾਅਦ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਬਿਲਾਸਪੁਰ ਇਲਾਕੇ ਵਿਚੋਂ ਕੁਝ ਸਿੰਘ ਨਾਲ ਲੈ ਕੇ ਹਰ ਐਤਵਾਰ ਘਰ-ਘਰ ਜਾ ਕੇ ਸਤਿਸੰਗ ਦਿਵਾਨ ਲਾਉਣੇ ਸ਼ੁਰੂ ਕਰ ਦਿੱਤੇ। ਆਪ ਜੀ ਦਿਵਾਨਾਂ ਦਾ ਸਾਰਾ ਖਰਚਾ ਆਪਣੇ ਕੋਲੋਂ ਹੀ ਕਰਦੇ ਸਨ।

ਬਾਬਾ ਗੁਰਦੀਪ ਸਿੰਘ ਜੀ ਉਸ ਸਮੇਂ ਦੀਵਾਨ ਵਿਚ ਚਿਮਟਾ ਵਜਾਉਣ ਦੀ ਸੇਵਾ ਕਰਦੇ ਸਨ। ਉਸ ਸਮੇਂ ਬਾਈ ਭਾਨ ਸਿੰਘ ਲੋਹੇ ਵਾਲਿਆਂ ਦੇ ਘਰ ਬਿਲਾਸਪੁਰ ਸਾਜ ਅਤੇ ਸਪੀਕਰ ਰੱਖ ਦਿੰਦੇ। ਹੌਲੀ-ਹੌਲੀ ਇਸ ਇਲਾਕੇ ਵਿਚ ਸਤਿਸੰਗ ਦੀ ਲਹਿਰ ਚੱਲ ਪਈ। ਪੰਦਰਾਂ-ਪੰਦਰਾਂ, ਵੀਹ-ਵੀਹ ਕਿਲੋਮੀਟਰ ਦੀ ਸੰਗਤ ਦੀਵਾਨ ਵਿਚ ਹਾਜ਼ਰੀਆਂ ਭਰਨ ਲੱਗ ਪਈ।

ਪਿੰਡ ਧਨੌਰਾ ਫਾਰਮ ਤਹਿਸੀਲ ਬਿਲਾਸਪੁਰ ਵਿਖੇ ਸਤਿਸੰਗ ਦੀਵਾਨ ਵਿਚ ਬਾਬਾ ਗੁਰਦੀਪ ਸਿੰਘ ਜੀ ਆਪਣੇ ਵੱਡੇ ਭਾਈ ਬਾਬਾ ਲਖਬੀਰ ਸਿੰਘ ਜੀ ਨੂੰ ਆਪਣੇ ਨਾਲ ਲਿਆਏ, ਦੀਵਾਨ ਦੇ ਭੋਗ ਤੋਂ ਬਾਅਦ, ਹੁਕਮਨਾਮਾ ਸਰਵਣ ਕਰਨ ਤੋਂ ਬਾਅਦ ਬਾਬਾ ਗੁਰਦੀਪ ਸਿੰਘ ਜੀ ਨੂੰ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਆਪਣੇ ਪਾਸ ਬੁਲਾਇਆ ਅਤੇ ਪੁਛਿਆ "ਆਹ ਤੁਹਾਡੇ ਨਾਲ ਕੌਣ ਹਨ?" ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਇਹ ਮੇਰਾ ਵੱਡਾ ਭਾਈ ਲਖਬੀਰ ਸਿੰਘ ਹੈ। ਉਸ ਦਿਨ ਸੰਤ ਮਹਾਰਾਜ ਜੀ ਨੇ ਇਨ੍ਹਾਂ ਦੋਹਾਂ ਭਾਈਆਂ ਨੂੰ ਬਚਨ ਕੀਤਾ ਕਿ ਹਰ ਇਕ ਦੀਵਾਨ ਵਿਚ ਦੋਵੇਂ ਭਾਈ ਆਇਆ ਕਰੋ। ਉਸ ਦਿਨ ਤੋਂ ਫਿਰ ਦੋਵੇਂ ਭਾਈ ਹਰ ਇਕ ਦੀਵਾਨ ਵਿਚ ਜਾਂਦੇ ਰਹੇ ਅਤੇ ਸੇਵਾ ਕਰ ਰਹੇ ਹਨ।

ਸੰਨ ੧੯੭੩ ਵਿਚ ਸੰਤ ਵਰਿਆਮ ਸਿੰਘ ਜੀ ਦੀ ਬੇਨਤੀ ਨੂੰ ਪ੍ਰਵਾਨ ਕਰਕੇ ੨੬ ਜਨਵਰੀ ਤੋਂ ਲੈ ਕੇ ੧੧ ਮਾਰਚ ਤੱਕ ੪੫ ਦਿਨ ਵੱਡੇ ਮਹਾਰਾਜ ਰਾੜਾ ਸਾਹਿਬ

ਵਾਲਿਆਂ ਨੇ ਯੂ.ਪੀ. ਅਤੇ ਤਰਾਈ ਦੇ ਇਲਾਕੇ ਵਿਚ ਰੂਹਾਨੀ ਉਪਦੇਸ਼ ਦੀ ਅੰਮ੍ਰਿਤ-ਵਰਖਾ ਕੀਤੀ। ਜਿਸ ਵਿਚ ੧੪ ਸਤਸੰਗ ਦੀਵਾਨ ਬਿਲਾਸਪੁਰ ਦੇ ਨੇੜੇ ਗੰਨਾ ਸੁਸਾਇਟੀ ਦੀ ਗਰਾਊਂਡ ਵਿਚ ਸਜੇ। ਜਿਸ ਵਿਚ ਭਾਰੀ ਇਕੱਠ ਹੁੰਦਾ ਰਿਹਾ। ਆਖਰੀ ਦੀਵਾਨ ਵਾਲੇ ਦਿਨ ਰਾੜੇ ਸਾਹਿਬ ਵਾਲੇ ਮਹਾਂਪੁਰਖਾਂ ਦੇ ਜਥੇ ਵਲੋਂ ਅੰਮ੍ਰਿਤ ਸੰਚਾਰ ਕੀਤਾ ਗਿਆ। ਜਿਸ ਵਿਚ ੬੫੦ ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਇਨ੍ਹਾਂ ਦੀਵਾਨਾ ਦੇ ਸਮੇਂ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਰਿਹਾਇਸ਼ ਦਾ ਪ੍ਰਬੰਧ ਸੰਤ ਵਰਿਆਮ ਸਿੰਘ ਜੀ ਨੇ ਰੁਦਰਪੁਰ ਸ਼ਹਿਰ ਦੇ ਨੇੜੇ ਬਲਵੰਤ ਫਾਰਮ ਵਿਖੇ ਰਖਿਆ। ਇਸ ਦੌਰਾਨ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਅਤੇ ਬਚਨ ਕਰਨ ਵਾਲੀ ਸੰਗਤ ਦੀ ਭੀੜ ਲੱਗੀ ਰਹਿੰਦੀ। ਜਿਨ੍ਹਾਂ ਨੂੰ ਵਾਰੀ-ਵਾਰੀ ਬਚਨ ਕਰਨ ਦਾ ਸਮਾਂ ਦਿੱਤਾ ਜਾਂਦਾ। ਕੋਈ ਦੁੱਧ, ਕੋਈ ਪੁੱਤ, ਕੋਈ ਸਰੀਰਕ ਦੁੱਖ ਦੂਰ ਕਰਨ ਵਾਸਤੇ ਮਹਾਂਪੁਰਖਾਂ ਪਾਸੋਂ ਬਚਨ ਲੈਂਦੇ ਅਤੇ ਕੋਈ ਕੋਈ ਨਾਮ ਸਿਮਰਨ ਕਰਨ ਵਾਸਤੇ ਜੁਗਤੀ ਪੁਛਦਾ। ਹਜ਼ਾਰਾਂ ਪ੍ਰੇਮੀਆਂ ਨੇ ਲਾਭ ਪ੍ਰਾਪਤ ਕੀਤਾ। ਬਲਵੰਤ ਫਾਰਮ ਵਿਖੇ ਹੀ ਸੰਤ ਵਰਿਆਮ ਸਿੰਘ ਜੀ ਆਪਣੇ ਨਾਲ ਬਾਬਾ ਗੁਰਦੀਪ ਸਿੰਘ ਜੀ ਅਤੇ ਬਾਬਾ ਲਖਬੀਰ ਸਿੰਘ ਜੀ ਨੂੰ ਵੱਡੇ ਮਹਾਰਾਜ ਜੀ ਪਾਸ ਲੈ ਕੇ ਗਏ। ਇਨ੍ਹਾਂ ਨੇ ਨਮਸਕਾਰਾਂ ਕੀਤੀਆਂ, ਚਰਨ ਛੋਹ ਪ੍ਰਾਪਤ ਹੋਈ। ਸੰਤ ਵਰਿਆਮ ਸਿੰਘ ਜੀ ਨੇ ਦਸਿਆ ਮਹਾਰਾਜ ਜੀ ਇਹ ਦੋਵੇਂ ਭਰਾ ਮੇਰੇ ਜੱਥੇ ਦੇ ਸਿੰਘ ਹਨ। ਇਨ੍ਹਾਂ ਤੇ ਕ੍ਰਿਪਾ ਕਰੋ ਜੀ। ਤਾਂ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਪ੍ਰਸੰਨ ਹੋ ਕੇ ਬਹੁਤ ਸਾਰੇ ਵਰ ਦਿੱਤੇ। ਬਚਨ ਹੋਇਆ- "ਤੁਸੀਂ ਦੋਵੇਂ ਭਾਈ ਸਤਿਸੰਗ ਵਿਚ ਆਉਂਦੇ ਹੀ ਰਿਹਾ ਕਰੋ। ਤੁਹਾਡੇ ਕੋਲੋਂ ਗੁਰੂ ਮਹਾਰਾਜ ਜੀ ਨੇ ਬਹੁਤ ਸੇਵਾ ਲੈਣੀ ਹੈ। ਇਹ ਸਾਡਾ ਹੀ ਸਤਿਸੰਗ ਹੈ ਜੋ ਵਰਿਆਮ ਸਿੰਘ ਜੀ ਕਰਦੇ ਹਨ।" ਤੁਸੀਂ ਸਾਡੇ ਬੱਚੇ ਹੋ ਤੱਕੜੇ ਹੋ ਕੇ ਸੇਵਾ ਕਰਿਆ ਕਰੋ, ਗੁਰੂ ਮਹਾਰਾਜ ਜੀ ਤੁਹਾਡੇ ਤੇ ਬਹੁਤ ਕ੍ਰਿਪਾ ਕਰਨਗੇ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਬਚਨ ਪ੍ਰਸੰਨ ਹੋ ਕੇ ਕੀਤੇ।

ਉਸ ਸਮੇਂ ਸੰਤ ਵਰਿਆਮ ਸਿੰਘ ਜੀ ਨੇ ਵਿਸ਼ਾਰਤ ਨਗਰ ਪੰਚਮੀ ਦਾ ਦੀਵਾਨ ਲਾਉਣਾ ਆਰੰਭ ਕਰ ਦਿੱਤਾ ਸੀ। ਹਰ ਦੀਵਾਨ ਤੇ ਸੰਤ ਵਰਿਆਮ ਸਿੰਘ ਜੀ ਆਪਣੇ ਕੀਰਤਨ ਦੇ ਸਮੇਂ ਤੋਂ ਪਹਿਲਾਂ ਇਨ੍ਹਾਂ ਦੋਹਾਂ ਭਾਈਆਂ ਤੋਂ ਵਾਰੀ-ਵਾਰੀ ਕੀਰਤਨ ਕਰਵਾਉਂਦੇ ਸਨ। ਸੰਤ ਬਾਬਾ ਵਰਿਆਮ ਸਿੰਘ ਜੀ ਨੇ ਪਿੰਡ ਨਵਾਬ ਨਗਰ ਭਾਈ ਨਸੀਬ ਸਿੰਘ ਦੇ ਘਰ ਦੀਵਾਨ ਵਿਚ ਬਚਨ ਕਹੇ ਸਨ "ਸਾਧ ਸੰਗਤ ਜੀ ਇਹ ਜੋ ਸਤਿਸੰਗ ਦਾ ਬੂਟਾ ਵੱਡੇ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਅਤੇ ਗੁਰੂ ਮਹਾਰਾਜ

ਦੀ ਕ੍ਰਿਪਾ ਨਾਲ ਤਹਿਸੀਲ ਬਿਲਾਸਪੁਰ ਵਿਚ ਲਗ ਚੁਕਿਆ ਹੈ ਇਹ ਹੁਣ ਕਲਜੁਗ ਦੀ ਮਾਰ ਤੋਂ ਉਪਰ ਚਲਾ ਗਿਆ ਹੈ। ਇਸ ਬਾਰੇ ਸਾਨੂੰ ਕੋਈ ਫਿਕਰ ਨਹੀਂ ਕਰਨਾ ਚਾਹੀਦਾ। ਇਹ ਬੂਟਾ ਜਿਸਨੇ ਲਾਇਆ ਹੈ, ਇਸ ਸਤਿਸੰਗ ਰੂਪੀ ਬੂਟੇ ਦੀ ਦੇਖ-ਰੇਖ ਖੁਦ ਆਪ ਕਰਨਗੇ। ਅਜੇ ਤਾਂ ਰਾਮਪੁਰ ਜ਼ਿਲੇ ਵਿਚ ਹੀ ਸਤਿਸੰਗ ਹੁੰਦੇ ਰਹੇ ਹਨ, ਇਹ ਸਤਿਸੰਗ ਰੂਪੀ ਬੂਟਾ ਇਤਨਾ ਵਧੇ ਫੁਲੇਗਾ, ਫੈਲੇਗਾ ਕਿ ਤੁਸੀਂ ਸੋਚ ਵੀ ਨਹੀਂ ਸਕਦੇ ਅਤੇ ਆਪ ਜੀ ਨੇ ਬਚਨ ਕੀਤਾ ਕਿ ਅਸੀਂ ਜ਼ਮੀਨ ਵੇਚ ਕੇ ਚੰਡੀਗੜ੍ਹ ਚਲੇ ਜਾਣਾ ਹੈ ਅਤੇ ਉਥੇ ਦੀਵਾਨ ਆਰੰਭ ਕਰਨੇ ਹਨ। ਇਸ ਇਲਾਕੇ ਵਿਚ ਸਤਿਸੰਗ ਦੀਵਾਨਾਂ ਦੀ ਸੇਵਾ ਇਹ ਦੋਵੇਂ ਭਾਈ, ਭਾਈ ਗੁਰਦੀਪ ਸਿੰਘ ਅਤੇ ਭਾਈ ਲਖਬੀਰ ਸਿੰਘ ਕਰਿਆ ਕਰਨਗੇ।

ਸੰਨ ੧੯੭੮ ਅਕਤੂਬਰ ਦੀ ੩੧ ਤਾਰੀਖ ਨੂੰ ਆਪ ਜੀ ਅਨਵਰਿਆ ਫਾਰਮ ਦੀ ਜ਼ਮੀਨ ਵੇਚ ਕੇ ਚੰਡੀਗੜ੍ਹ ਚਲੇ ਗਏ। ਪਹਿਲਾਂ ਚੰਡੀਗੜ੍ਹ ਅਤੇ ਫੇਰ ਜ਼ਿਲਾ ਰੋਪੜ ਦੇ ਇਲਾਕਿਆਂ ਵਿਚ ਆਪ ਜੀ ਨੇ ਸਤਿਸੰਗ ਦੀਵਾਨਾਂ ਰਾਹੀਂ ਧਰਮ ਪ੍ਰਚਾਰ ਕੀਤਾ।

ਸੰਨ ੧੯੮੬ ਵਿਚ ਆਪ ਜੀ ਨੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਨੀਂਹ ਰੱਖੀ। ਇਧਰ ਬਾਬਾ ਲਖਬੀਰ ਸਿੰਘ ਜੀ ਦੀ ਸਰਵਿਸ ਰੁਦਰ ਬਿਲਾਸ ਚੀਨੀ ਮਿਲ ਵਿਚ ਲਗ ਗਈ ਅਤੇ ਸਤਿਸੰਗ ਦੀਵਾਨਾਂ ਦਾ ਪ੍ਰਵਾਹ ਬਾਬਾ ਗੁਰਦੀਪ ਸਿੰਘ ਜੀ ਨੇ ਜਾਰੀ ਰਖਿਆ। ਬਾਬਾ ਗੁਰਦੀਪ ਸਿੰਘ ਜੀ ਨੇ ਸਾਰੀ ਯੂ.ਪੀ. ਅਤੇ ਹੋਰ ਪ੍ਰਾਂਤਾ ਵਿਚ ਸਤਿਸੰਗ ਦੀਵਾਨ ਲਾਏ ਅਤੇ ਅੰਮ੍ਰਿਤ ਪ੍ਰਚਾਰ ਕੀਤਾ। ਸੰਨ ੧੯੮੬ ਵਿਚ ਰਤਵਾੜਾ ਸਾਹਿਬ ਦੀ ਸੇਵਾ ਆਰੰਭ ਕਰਨ ਤੋਂ ਪਹਿਲਾਂ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਇਕ ਪ੍ਰੇਮ ਭਰੀ ਪਤ੍ਰਿਕਾ ਲਿਖ ਕੇ ਬਾਬਾ ਲਖਬੀਰ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਲਿਆ। ਇਹ ਪਤ੍ਰਿਕਾ ਪੜ੍ਹਦੇਸਾਰ ਨੌਕਰੀ ਦਾ ਤਿਆਗ ਪੱਤਰ ਦੇ ਕੇ ਸੰਤ ਮਹਾਰਾਜ ਜੀ ਕੋਲ ਚੰਡੀਗੜ੍ਹ ਚਲੇ ਗਏ ਅਤੇ ਰਤਵਾੜਾ ਸਾਹਿਬ ਸੇਵਾ ਆਰੰਭ ਕਰ ਦਿੱਤੀ।

ਇਧਰ ਯੂ.ਪੀ. ਵਿਚ ਸਰਦਾਰ ਬਲਵੰਤ ਸਿੰਘ ਸਵਾਲਾਪੁਰ ਵਾਲਿਆਂ ਨੇ ਬਾਬਾ ਗੁਰਦੀਪ ਸਿੰਘ ਜੀ ਤੇ ਸ਼ਰਧਾ ਭਾਵਨਾ ਰਖਦਿਆਂ ਹੋਇਆਂ ਬੜੇ ਪਿਆਰ ਵਿਚ ਆਪਣੀ ਪੰਜ ਏਕੜ ਜ਼ਮੀਨ ਬਾਬਾ ਗੁਰਦੀਪ ਸਿੰਘ ਜੀ ਨੂੰ ਦਾਨ ਕਰ ਦਿੱਤੀ ਅਤੇ ਬਾਬਾ ਗੁਰਦੀਪ ਸਿੰਘ ਜੀ ਨੇ ਸਵਾਲਾਪੁਰ ਪਿੰਡ ਵਿਚ ਇਸ ਪੰਜ ਏਕੜ ਜ਼ਮੀਨ ਦੇ ਨਾਲ ਲਗਦੀ ਪੰਜ ਏਕੜ ਜ਼ਮੀਨ ਹੋਰ ਖਰੀਦ ਕੇ ੧੦ ਏਕੜ ਜ਼ਮੀਨ ਇਕੱਠੀ ਕਰ ਦਿੱਤੀ।

ਇਧਰ ਜਿੱਥੇ ਅੱਜ-ਕਲ੍ਹ ਗੁਰਦੁਆਰਾ ਈਸ਼ਰ ਪ੍ਰਕਾਸ਼ ਖੂਬੀਆ ਨੰਗਲ ਹੈ, ਇਥੇ

ਸਰਦਾਰ ਜਗੀਰ ਸਿੰਘ ਦੇ ਤਿੰਨਾਂ ਪੁੱਤਰਾਂ ਸ੍ਰ. ਕਰਮ ਸਿੰਘ, ਸ੍ਰ. ਜੁਗਿੰਦਰ ਸਿੰਘ ਅਤੇ ਸ੍ਰ. ਸੰਤੋਖ ਸਿੰਘ ਨੇ ਮਿਲ ਕੇ ਪੰਜ ਏਕੜ ਜ਼ਮੀਨ ਬਾਬਾ ਗੁਰਦੀਪ ਸਿੰਘ ਜੀ ਨੂੰ ਦਾਨ ਕਰ ਦਿੱਤੀ। ਬਾਅਦ ਵਿਚ ਗੁਰਦੁਆਰਾ ਈਸ਼ਰ ਪ੍ਰਕਾਸ਼ ਖੂਬੀਆ ਨੰਗਲ ਵਾਲੀ ਬਾਕੀ ਦੀ ਸਾਰੀ ਜ਼ਮੀਨ ਸੰਗਤ ਦੇ ਸਹਿਯੋਗ ਨਾਲ ਮੁੱਲ ਖਰੀਦੀ ਹੈ। ਹੁਣ ਗੁਰਦੁਆਰਾ ਈਸ਼ਰ ਪ੍ਰਕਾਸ਼ ਖੂਬੀਆ ਨੰਗਲ ਗੁਰਮਤਿ ਰੂਹਾਨੀ ਮਿਸ਼ਨ ਦੇ ਇਸ ਗੁਰਦੁਆਰਾ ਸਾਹਿਬ ਦੀ ੩੨ ਏਕੜ ਜ਼ਮੀਨ ਹੈ।

ਕੁਝ ਸਮਾਂ ਪਾ ਕੇ ਭਾਈ ਗੁਰਪਾਲ ਸਿੰਘ ਨੇ ਬਾਬਾ ਗੁਰਦੀਪ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਪਿੰਡ ਸਵਾਲਾਪੁਰ ਵਾਲੀ ੧੦ ਏਕੜ ਜ਼ਮੀਨ ਮੈਨੂੰ ਦੇ ਦਿਉ। ਇਸ ਕਰਕੇ ਬਾਬਾ ਗੁਰਦੀਪ ਸਿੰਘ ਜੀ ਨੇ ਸਵਾਲਾਪੁਰ ਵਾਲੀ ੧੦ ਏਕੜ ਜ਼ਮੀਨ ਭਾਈ ਗੁਰਪਾਲ ਸਿੰਘ ਦੇ ਸਪੁੱਰਦ ਕਰ ਦਿੱਤੀ।

ਬਾਬਾ ਗੁਰਦੀਪ ਸਿੰਘ ਜੀ ਨੇ ਪਿੰਡ ਖੂਬੀਆ ਨੰਗਲ ਵਿਖੇ ਸੰਨ ੧੯੮੮ ਵਿਚ ਗੁਰਦਵਾਰਾ ਈਸ਼ਰ ਪ੍ਰਕਾਸ਼ ਖੂਬੀਆ ਨੰਗਲ ਦੀ ਨੀਂਹ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਰੱਖੀ ਅਤੇ ਸੰਨ ੨੦੦੧ ਵਿਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਰਖਿਆ, ਜੋ ਕਿ ਧਰਮ ਪ੍ਰਚਾਰ ਦਾ ਕੇਂਦਰ ਬਣ ਚੁੱਕਾ ਹੈ।

ਇਥੇ ਹਰ ਅੰਗਰੇਜ਼ੀ ਮਹੀਨੇ ਦੀ ਇਕ ਤਾਰੀਖ ਨੂੰ ਭਾਰੀ ਦੀਵਾਨ ਸਜਦਾ ਹੈ, ਜਿਸ ਵਿਚ ਬਾਬਾ ਜੀ ਆਪਣੇ ਰੂਹਾਨੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ ਅਤੇ ਅੰਮ੍ਰਿਤ ਸੰਚਾਰ ਹੁੰਦਾ ਹੈ।

ਇਸ ਗੁਰਦੁਆਰਾ ਸਾਹਿਬ ਵਿਖੇ ਗੁਰੂ ਦਾ ਲੰਗਰ, ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਅਤੇ ਹਰ ਵਕਤ ਅਖੰਡ ਪਾਠ ਸਾਹਿਬ ਜਾਰੀ ਹਨ।

ਇਸ ਅਸਥਾਨ ਤੇ ਗੁਰੂ ਮਹਾਰਾਜ ਜੀ ਦੇ ਗੁਰਪੁਰਬ ਸਮੇਂ-ਸਮੇਂ ਨਾਲ ਮਨਾਏ ਜਾਂਦੇ ਹਨ।

ਬਾਬਾ ਗੁਰਦੀਪ ਸਿੰਘ ਜੀ ਗੁਰਦੁਆਰਾ ਈਸ਼ਰ ਪ੍ਰਕਾਸ਼ ਖੂਬੀਆ ਨੰਗਲ ਤੋਂ ਧਰਮ ਪ੍ਰਚਾਰ ਕਰਦੇ ਹੋਏ ਯੂ.ਪੀ. ਤੋਂ ਇਲਾਵਾ ਉਤਰਾਂਚਲ, ਬਿਹਾਰ, ਦਿੱਲੀ, ਰਾਜਸਥਾਨ, ਹਰਿਆਣਾ, ਪੰਜਾਬ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਆਦਿ ਪ੍ਰਾਂਤਾਂ ਵਿਚ ਸਤਿਸੰਗ ਦੀਵਾਨ ਕਰਕੇ ਅੰਮ੍ਰਿਤ ਛਕਾ ਕੇ ਲੱਖਾਂ ਪ੍ਰਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ

ਨਾਲ ਜੋੜ ਚੁਕੇ ਹਨ ਅਤੇ ਕੁਝ ਦੀਵਾਨ ਵਿਦੇਸ਼ਾਂ ਵਿਚ ਲਾਏ ਅਤੇ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਨਾਲ ਇਹ ਸੇਵਾ ਚੜ੍ਹਦੀ ਕਲਾ ਨਾਲ ਚਲ ਰਹੀ ਹੈ।

ਸੰਨ ੧੯੯੩ ਤੋਂ ਬਾਬਾ ਗੁਰਦੀਪ ਸਿੰਘ ਜੀ ਆਪਣੇ ਜਥੇ ਸਮੇਤ ਮੱਧ ਪ੍ਰਦੇਸ ਪ੍ਰਾਂਤ ਵਿਚ ਜ਼ਿਲਾ ਸ਼ਿਵਪੁਰੀ ਦੇ ਪਿੰਡ ਸਰਵਾਹਾ ਤੋਂ ਦੀਵਾਨ ਆਰੰਭ ਕਰਕੇ ਦੂਰ-ਦੂਰ ਤਕ ਦੀਵਾਨ ਅਤੇ ਅੰਮ੍ਰਿਤ ਸੰਚਾਰ ਕਰਦੇ ਆ ਰਹੇ ਹਨ।

ਇਨ੍ਹਾਂ ਇਲਾਕਿਆਂ ਵਿਚ ਹਰ ਸਾਲ ੬੦ ਦੀਵਾਨ ਲਗਦੇ ਰਹੇ। ਜ਼ਿਲਾ ਗਵਾਲੀਅਰ, ਜ਼ਿਲਾ ਸ਼ਿਵਪੁਰੀ, ਜ਼ਿਲਾ ਅਸ਼ੋਕ ਨਗਰ, ਜ਼ਿਲਾ ਗੁਨਾ, ਜ਼ਿਲਾ ਬਦੀਸਾ, ਜ਼ਿਲਾ ਭੋਪਾਲ ਅਤੇ ਜ਼ਿਲਾ ਭਿੰਡ, ਰਾਜਸਥਾਨ ਦੇ ਜ਼ਿਲਾ ਬਾਰਾਂ, ਜ਼ਿਲਾ ਕੋਟਾ, ਜ਼ਿਲਾ ਬੂੰਦੀ ਅਤੇ ਛਤੀਸਗੜ੍ਹ ਪ੍ਰਾਂਤ ਦੇ ਜ਼ਿਲਾ ਰਾਏਪੁਰ ਸਮੇਤ ਲਗਭਗ ਇਨ੍ਹਾਂ ੧੨ ਜ਼ਿਲਿਆਂ ਵਿਚ ਹਜ਼ਾਰਾਂ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਚੁੱਕੇ ਹਨ, ਜਿਸ ਦਾ ਨਤੀਜਾ ਇਹ ਹੋਇਆ ਕਿ ਜ਼ਿਲਾ ਅਸ਼ੋਕ ਨਗਰ ਸ਼ਹਿਰ ਤੋਂ ਬਦੀਸਾ ਰੋਡ ੪ ਕਿਲੋਮੀਟਰ ਤੇ ***"ਗੁਰਦੁਆਰਾ ਈਸ਼ਰ ਪ੍ਰਕਾਸ਼ ਵਰਿਆਮਸਰ"*** ਹੈ। ਜਿਸ ਦਾ ਨੀਂਹ ਪੱਥਰ ੧੬ ਫਰਵਰੀ ਸੰਨ ੨੦੦੪ ਨੂੰ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਬਾਬਾ ਗੁਰਦੀਪ ਸਿੰਘ ਜੀ ਨੇ ਆਪਣੇ ਹੱਥੀਂ ਰੱਖਿਆ। ਇਸ ਗੁਰਦੁਆਰਾ ਸਾਹਿਬ ਦੀ ੧੪ ਏਕੜ ਜ਼ਮੀਨ ਹੈ। ਇਸ ਗੁਰਦੁਆਰਾ ਸਾਹਿਬ ਗੁਰੂ ਦਾ ਲੰਗਰ, ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਅਤੇ ਹਰ ਸਾਲ ੧੨ ਤੋਂ ੧੬ ਫਰਵਰੀ ਪੰਜ ਦਿਨਾਂ ਦਾ ਗੁਰਮਤਿ ਸਮਾਗਮ ਕਰਕੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਤੇ ਜਾਂਦੇ ਸਮੇਂ ਗੁਨਾ ਸ਼ਹਿਰ ਤੋਂ ੪੫ ਕਿਲੋਮੀਟਰ ਤੇ **ਗੁਰਦੁਆਰਾ ਈਸ਼ਰ ਪ੍ਰਕਾਸ਼ ਵਰਿਆਮਸਰ** ਜ਼ਿਲਾ ਅਸ਼ੋਕ ਨਗਰ ਸ਼ਹਿਰ ਤੋਂ ਬਦੀਸਾ ਰੋਡ ੪ ਕਿਲੋਮੀਟਰ ਤੇ ਸਥਿਤ ਹੈ ਆਪ ਜੀ ਇਸ ਅਸਥਾਨ 'ਤੇ ਜ਼ਰੂਰ ਪਹੁੰਚੋ। ਸੰਗਤਾਂ ਆਪ ਜੀ ਦੀ ਸੇਵਾ ਕਰਕੇ ਆਪਣਾ ਧੰਨਭਾਗ ਸਮਝਣਗੀਆਂ।

(ਲੇਖਕ) ਦਾਸ ਨੂੰ ਸੰਤ ਬਾਬਾ ਗੁਰਦੀਪ ਸਿੰਘ ਜੀ ਦੇ ਨਾਲ ਬਚਪਨ ਤੋਂ ਹੀ ਰਹਿਣ ਦਾ ਅਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੈ।

ਸੰਗਤਾਂ ਦੀ ਪੁਰਜ਼ੋਰ ਮੰਗ ਨੂੰ ਮੁੱਖ ਰਖਦਿਆਂ ਲੇਖਕ ਵਲੋਂ ਬਾਬਾ ਗੁਰਦੀਪ ਸਿੰਘ ਜੀ ਦੇ ਸਤਿਸੰਗ ਦੀਵਾਨਾਂ ਵਿਚੋਂ ਪ੍ਰਾਪਤ ਹੋਏ ਬਚਨਾਂ ਨੂੰ ਰਿਕਾਰਡ ਕਰਕੇ ਕਲਮਬੰਦ ਕਰਕੇ ਪੁਸਤਕ ਦੇ ਰੂਪ ਵਿਚ ਸੰਗਤ ਵਿਚ ਦਿੱਤੇ ਜਾਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਕੋਸ਼ਿਸ਼ ਕੀਤੀ ਗਈ ਹੈ ਕਿ ਬਾਬਾ ਗੁਰਦੀਪ ਸਿੰਘ ਜੀ ਦੇ ਬਚਨਾਂ ਦਾ ਹੂ-ਬ-ਹੂ ਉਤਾਰਾ ਕਰਕੇ ਸੰਗਤਾਂ ਵਿਚ ਪੇਸ਼ ਕੀਤਾ ਜਾਵੇ। ਆਸ ਹੈ ਇਹ ਨਿਮਾਣਾ ਜਿਹਾ ਯਤਨ ਪਾਠਕ-ਜਨ ਪ੍ਰਵਾਨ ਕਰਨਗੇ ਅਤੇ ਇਨ੍ਹਾਂ ਬਚਨਾਂ ਤੋਂ ਲਾਭ ਪ੍ਰਾਪਤ ਕਰਨਗੇ।

ਇਹ ਬਚਨ ਜੋ ਛੇ ਦਿਵਾਨਾਂ ਵਿਚ ਪ੍ਰਾਪਤ ਹੋਏ ਹਨ ਅਤੇ ਹਜ਼ਾਰਾਂ ਹਜ਼ਾਰਾਂ ਸੰਗਤਾਂ ਦੇ ਇਕੱਠ ਨੂੰ ਬਾਬਾ ਜੀ ਵਲੋਂ ਸੰਬੋਧਨ ਕਰਦਿਆਂ ਪ੍ਰਾਪਤ ਹੋਏ। ਇਨ੍ਹਾਂ ਦੀਵਾਨਾਂ ਨੂੰ ਸੁਣਕੇ ਬੇਅੰਤ ਪ੍ਰਾਣੀ ਗੁਰੂ ਵਾਲੇ ਬਣ ਚੁੱਕੇ ਹਨ।

ਵਾਹਿਗੁਰੂ ਜੀ ਕ੍ਰਿਪਾ ਸਦਕਾ ਬਾਬਾ ਜੀ ਦੇ ਇਹ ਬਚਨ ਆਪ ਜੀ ਵਲੋਂ ਮੂੰਹ ਜ਼ਬਾਨੀ ਸਟੇਜ ਤੇ ਕਹੇ ਹੋਏ ਬਚਨ ਹਨ। ਗੁਰਬਾਣੀ ਦੇ ਸ਼ਬਦ ਸੋਧ ਕੇ ਲਿਖਣ ਦਾ ਯਤਨ ਕਰ ਰਿਹਾ ਹਾਂ। ਆਪ ਜੀ ਨੇ ਸੇਵਾ ਪ੍ਰਵਾਨ ਕਰਨੀ। ਪੂਰੇ ਦੇਸ਼ ਅਤੇ ਵਿਦੇਸ਼ਾਂ ਵਿਚ ਜਿਥੇ ਵੀ ਸੰਗਤਾਂ ਪਿਆਰ ਨਾਲ ਯਾਦ ਕਰਦੀਆਂ ਹਨ ਬਾਬਾ ਗੁਰਦੀਪ ਸਿੰਘ ਜੀ ਜੱਥੇ ਸਮੇਤ ਸਮੇਂ ਸਿਰ ਪਹੁੰਚ ਕੇ ਦੀਵਾਨਾਂ ਵਿਚ ਹਾਜ਼ਰੀ ਭਰਦੇ ਹਨ ਅਤੇ ਆਪ ਜੀ ਵਲੋਂ ਖਾਲਸਾ ਪੰਥ ਦੀ ਮਹਾਨ ਸੇਵਾ ਹੋ ਰਹੀ ਹੈ। ਸਤਿਗੁਰੂ ਮਹਾਰਾਜ ਜੀ, ਚੜ੍ਹਦੀ ਕਲਾ ਨਾਲ ਇਸੇ ਤਰ੍ਹਾਂ ਮਹਾਂਪੁਰਖਾਂ ਪਾਸੋਂ ਇਹ ਸੇਵਾ ਲੈਂਦੇ ਰਹਿਣ। ਦਾਸ ਵਲੋਂ ਇਹੀ ਅਰਦਾਸ ਹੈ।

**— ਭਾਈ ਹਰਜੀਤ ਸਿੰਘ**

ਗੁਰਦੁਆਰਾ ਈਸ਼ਰ ਪ੍ਰਕਾਸ਼ ਖੂਬੀਆ ਨੰਗਲ

ਗੁਰਮਤਿ ਰੂਹਾਨੀ ਮਿਸ਼ਨ

ਬਿਲਾਸਪੁਰ, ਜ਼ਿਲਾ ਰਾਮਪੁਰ (ਯੂ. ਪੀ.)

ਮੋਬਾਇਲ : 094123-54939

# ਪੰਜਾਂ ਪਿਆਰਿਆਂ ਦੀ ਚੋਣ

## ਭਾਗ ੧

ਸ਼ਾਨ ..........। (ਸਾਜਾਂ ਦੀ ਬਹੁਤ ਸੁਰੀਲੀ ਧੁੰਨ)

ਸਤਿਨਾਮ ਸ੍ਰੀ ਵਾਹਿਗੁਰੂ ਜੀ।

ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀਉ ਮਹਾਰਾਜ।

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥*

(ਅੰਗ ੨੫੬)

ਧਾਰਨਾ - ਕੋਈ ਨਾਉਂ ਨਾ ਜਾਣੇ ਮੇਰਾ, ਗੁਰੂ ਜੀ ਸਭ ਤੇਰੀ ਵਡਿਆਈ ਏ। ....2.....
ਸਭ ਤੇਰੀ ਵਡਿਆਈ ਏ, ਗੁਰੂ ਜੀ ਸਭ ਤੇਰੀ ਵਡਿਆਈ ਏ।....2.....


*"ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥੧॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥੧॥ ਰਹਾਉ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥*
*ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ॥ ੨॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ॥*



ਦਸਵੀਂ ਪਾਤਿਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ



ਸ਼੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ)



ਸ਼੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ (ਰਤਵਾੜਾ ਸਾਹਿਬ)



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ
ਤੋਂ ਵਰੋਸਾਏ ਹੋਏ ਬਾਬਾ ਗੁਰਦੀਪ ਸਿੰਘ ਜੀ (ਖੂਬੀਆਂ ਨੰਗਲ, ਯੂ.ਪੀ.)

*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥ ੪॥*

(ਅੰਗ ੩੮੩)

ਧਾਰਨਾ : ਕੋਈ ਨਾਉ ਨਾ ਜਾਣੈ ਮੇਰਾ,
ਗੁਰੂ ਜੀ ਸਭ ਤੇਰੀ ਵਡਿਆਈ ਏ .........2........।
ਸਭ ਤੇਰੀ ਵਡਿਆਈ ਬਾਬਾ ਨਾਨਕਾ,
ਮੇਰਾ ਨਾ ਕੋਈ ਨਾਮ ਜਾਣਦਾ।.........2.....।

ਸਤਿਕਾਰ ਯੋਗ ਸਾਧ ਸੰਗਤ, ਆਪ ਸਭ ਮਾਈ-ਭਾਈ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜਿਨ੍ਹਾਂ ਦੀ ਕਿਰਪਾ ਦਾ ਸਦਕਾ, ਆਪਾਂ ਸਾਰੇ ਹੀ ਸਾਲ ਬਾਅਦ ਇਸ ਸਥਾਨ ਤੇ ਵਿਸਾਖੀ ਦੇ ਸੰਬੰਧ ਵਿਚ ਕਥਾ, ਕੀਰਤਨ, ਗੁਰਬਾਣੀ, ਗੁਰੂ ਇਤਿਹਾਸ ਸਰਵਣ ਕਰਨ ਵਾਸਤੇ ਇਕੱਤਰ ਹੋਏ ਹਾਂ।

ਵਾਰੀ ਆਈ ਤੇ ਸਾਰੇ ਸ਼ਬਦ ਵਿਚ ਬੋਲੋ, ਨਾਲ ਦੇ ਨਾਲ, ਵਿਚਾਰ ਕਰੀ ਜਾਣਾ, ਕਈ ਵਾਰੀ ਕਈ-ਕਈ ਐਸੇ ਬਚਨ ਹੁੰਦੇ ਨੇ, ਉਹ ਬਿਨਾਂ ਵਿਚਾਰਿਆਂ ਸਿਰ ਦੇ ਉਤੋਂ ਦੀ ਲੰਘ ਜਾਂਦੇ ਨੇ। ਹੈ ਵੀ ਏਸੇ ਤਰ੍ਹਾਂ ਜਿਹੜੇ ਬਹੁਤੇ ਉੱਚੇ ਬਚਨ ਨੇ, ਜਿਨ੍ਹਾਂ ਨੂੰ ਯਥਾਰਥ ਕਿਹਾ ਜਾਂਦੈ। ਤਿੰਨ ਤਰ੍ਹਾਂ ਦੀ ਬਾਣੀ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ, ਇਕ ਭਿਆਨਕ ਬਚਨ ਨੇ, ਇਕ ਰੋਚਕ, ਇਕ ਯਥਾਰਥ। ਸੋ ਕੁਝ ਐਸੇ ਬਚਨ ਨੇ ਜੋ ਸਿਰਾਂ ਦੇ ਉਤੋਂ ਦੀ ਲੰਘ ਜਾਂਦੇ ਨੇ। ਸਾਡੀ ਬੁੱਧ ਫੜਦੀ ਨਹੀਂ। ਜੇ ਕੋਈ ਕਮਲਾ ਗੱਲ ਕਰਦਾ ਹੋਵੇ, ਉਹਦੀ ਗੱਲ ਅਸੀਂ ਪੈਰਾਂ ਹੇਠਾਂ ਰੋਲ ਦੇਂਦੇ ਹਾਂ। ਕਿਉਂਕਿ ਦੁਨੀਆਂ ਹੈ ਵਿਚ ਵਿਚਾਲੇ। ਸੋਨੇ ਦਾ ਭਾਅ ਕੀ ਹੈ? ਚਾਂਦੀ ਦਾ ਕੀ ਹੈ?

*ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥*
*ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥੧॥*

(ਅੰਗ ੧੧੨੩)

ਸੋ ਉਹਨਾਂ ਦੇ ਗੱਲ ਸਮਝ ਵਿਚ ਆਈ।

ਸੋ ਕੱਲ੍ਹ ਵਿਚਾਰ ਹੋ ਰਹੀ ਸੀ ਕਿ ਵਿਸਾਖੀ ਦਾ ਦਿਨ ਸੀ, ਜਿਸ ਦਿਨ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਤੋਂ ਦੁਨੀਆਂ ਨੂੰ ਤਾਰਨ ਵਾਸਤੇ ਚੱਲੇ, ਉਹ ਦਿਨ

ਵਿਸਾਖੀ ਦਾ ਸੀ, ਜਿਸ ਦਿਨ ਗੁਰੂ ਨਾਨਕ ਜੀ ਦੀ ਕੁੜਮਾਈ ਹੋਈ, ਉਹ ਦਿਨ ਵਿਸਾਖੀ ਦਾ ਸੀ। ਜਿਸ ਦਿਨ ਬਾਉਲੀ ਸਾਹਿਬ ਦਾ ਕੱੜ ਟੁੱਟਾ ਗੋਇੰਦਵਾਲ ਸਾਹਿਬ, ਵਿਸਾਖੀ ਦਾ ਸੀ ਉਹ ਦਿਨ। ਗੁਰੂ ਰਾਮਦਾਸ ਮਹਾਰਾਜ ਜੀ ਦੇ ਸਮੇਂ ਜਿਸ ਦਿਨ ਸ੍ਰੀ ਅੰਮ੍ਰਿਤਸਰ, ਰਜਨੀ ਦਾ ਪਤੀ ਕੋਹੜੀ ਰਾਜ਼ੀ ਹੋਇਆ, ਇਹ ਜਿਹੜੀ ਛਪੜੀ ਸੀ, ਬੇਰੀ ਦੇ ਕੋਲ ਇਸ ਜਲ ਵਿਚ ਕਿਤਨੀ ਤਾਕਤ ਸੀ। ਇਹ ਵਾਹਿਗੁਰੂ ਆਪ ਜਾਨਣ। ਕਿਉਂਕਿ ਇਥੇ ਗੁਰੂ ਨਾਨਕ ਜੀ ਰਾਤ ਰਹੇ, ਇਸ ਜਲ ਵਿਚ ਇਸ਼ਨਾਨ ਕੀਤਾ, ਜਲ ਇਤਨਾ ਪਵਿੱਤਰ ਹੋ ਗਿਆ ਕਿ ਕੋਹੜੀ ਰਾਜ਼ੀ ਕਰਨ ਦੀ ਤਾਕਤ ਰੱਖਦਾ ਹੈ। ਬੜੀਆਂ-ਬੜੀਆਂ ਬਖ਼ਸ਼ਿਸ਼ਾਂ ਉਸ ਜਲ ਵਿਚ ਆਈਆਂ। ਗੁਰੂ ਨਾਨਕ ਸਾਹਿਬ ਵਾਹਿਗੁਰੂ ਸਰੂਪ ਹਨ।

"ਵਾਹਿਗੁਰੂ ਗੁਰੂ ਨਾਨਕ ਸਾਹਿਬ- ਪਰ ਕਹਿਣ ਲੱਗੇ - ਮਰਦਾਨਿਆ ਸਮਾਂ ਆਇਗਾ ਇਥੇ ਤੀਰਥ ਵੀ ਬਣਾਵਾਂਗੇ, ਇਕ ਏਹੋ ਜਿਹਾ ਹਰਿਮੰਦਰ ਬਣਾਵਾਂਗੇ, ਜਿਵੇਂ ਕਮਲ ਫੁਲ ਪਾਣੀ ਵਿਚ ਹੁੰਦਾ ਹੈ। ਜਦੋਂ ਚੱਲੇ ਮਰਦਾਨਾ ਜੀ ਕਹਿਣ ਲੱਗੇ, ਮਹਾਰਾਜ ਸੱਚੇ ਪਾਤਸ਼ਾਹ, ਤੁਸੀਂ ਤਾਂ ਹੁਣੇ ਹੀ ਚੱਲੇ।

ਫਿਰ ਬਣਾਉ ਨਾ ਤਲਾਅ, ਕਮਲ ਫੁੱਲ ਵਾਂਗੂੰ ਹਰਿਮੰਦਰ ਸਾਹਿਬ। ਕਹਿਣ ਲੱਗੇ, ਨਹੀਂ ਅਜੇ ਨਹੀਂ।

ਸਮਾਂ ਆਇਗਾ। ਚੌਥੇ ਜਾਮੇ ਵਿਚ ਸੇਵਾ ਸ਼ੁਰੂ ਕਰਾਂਗੇ। ਪੰਜਵੇਂ ਵਿਚ ਫਿਰ ਸਿਰੇ ਚੜ੍ਹਾਵਾਂਗੇ। ਇਉਂ ਤਿੰਨ ਸਾਲ ਦੇ ਅੰਦਰ-ਅੰਦਰ। ਇਸ ਹਰਿਮੰਦਰ ਸਾਹਿਬ ਦੀ ਸੇਵਾ ਗੁਰੂ ਅਰਜਨ ਦੇਵ ਜੀ ਨੇ ਸਿਰੇ ਚੜ੍ਹਾਈ। ਸੋ ਜਿਸ ਦਿਨ ਰਜਨੀ ਦਾ ਪਤੀ ਰਾਜ਼ੀ ਹੋਇਆ, ਉਹ ਦਿਨ ਵੀ ਵਿਸਾਖੀ ਦਾ ਸੀ।

ਵਿਸਾਖੀ ਦਾ ਗਹਿਰਾ ਸਬੰਧ ਹੈ ਗੁਰੂ ਘਰ ਨਾਲ। ਸਾਲ ਬਾਅਦ ਸਾਰੀਆਂ ਸਿਖ ਸੰਗਤਾਂ ਦੇਸ਼ਾਂ, ਵਿਦੇਸ਼ਾਂ ਤੋਂ ਇਕੱਤਰ ਹੁੰਦੀਆਂ। ਇਸੇ ਤਰ੍ਹਾਂ ਗੁਰੂ ਘਰ ਵਿਚ ਚਲਦਾ ਆਇਆ ਅਤੇ ਗੁਰੂ ਸਾਹਿਬ ਵਿਸਾਖੀ ਮਨਾਉਂਦੇ ਆਏ।

ਤੀਸਰੇ ਮਹਾਰਾਜ ਜੀ ਨੇ ਵਿਸਾਖੀ ਸ਼ੁਰੂ ਕੀਤੀ, ਫਿਰ ਚੌਥੇ ਪੰਜਵੇਂ, ਛੇਵੀਂ ਪਾਤਸ਼ਾਹੀ, ਸਤਵੀਂ ਪਾਤਸ਼ਾਹੀ ਤੇ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦਿੱਲੀ ਵਿਸਾਖੀ ਮਨਾਈ।

ਸਮਾਂ ਆਉਣ ਤੇ ਆਪ ਜੀ ਜੋਤੀ-ਜੋਤ ਸਮਾਏ। ਫਿਰ ਸ੍ਰੀ ਗੁਰੂ ਤੇਗ ਬਹਾਦਰ ਅਤੇ ਹੁਣ ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੋ ਕਿ ਅਨੰਦਪੁਰ

ਸਾਹਿਬ ਜੋਤ ਜਗਾ ਰਹੇ ਨੇ, ਸੰਸਾਰ ਨੂੰ ਤਾਰ ਰਹੇ ਨੇ, ਬੇਅੰਤ ਸਿੱਖ ਸੰਗਤਾਂ ਇਕੱਤਰ ਹੋ ਰਹੀਆਂ ਹਨ। ਹੋਰ ਵੀ ਉਚੇਚੇ ਤੌਰ ਤੇ ਜੇ ਕੋਈ ਮਿਲਿਐ, ਤੇ ਗੁਰੂ ਸਾਹਿਬ ਜੀ ਕਹਿਣ ਲੱਗੇ ਭਾਈ : ਆਪਣੇ ਇਲਾਕੇ ਵਿਚ ਸੰਦੇਸ਼ੇ ਦੇ ਦੇਣੇ। ਸਭ ਹੁੰਮ-ਹੁੰਮਾ ਕੇ ਪਹੁੰਚੋ।

ਕੋਈ ਪੈਦਲ, ਕੋਈ ਗੱਡਿਆਂ ਤੇ ਕੋਈ ਹਾਥੀਆਂ ਤੇ ਕੋਈ ਘੋੜਿਆਂ ਤੇ। ਕੋਈ ਯੱਕਿਆਂ ਤੇ, ਕੋਈ ਟਾਂਗਿਆਂ ਤੇ, ਬੇਅੰਤ ਸੰਗਤ ਹੁੰਮ-ਹੁੰਮਾ ਕੇ ਚਾਰ-ਚੁਫੇਰੇ ਤੋਂ ਅਨੰਦਪੁਰ ਸਾਹਿਬ ਇਕੱਤਰ ਹੋ ਰਹੀ ਹੈ।

ਗੁਰੂ ਸਾਹਿਬ ਜੀ ਨੇ ਥਾਵਾਂ-ਥਾਵਾਂ ਤੇ ਲੰਗਰਾਂ ਦੇ ਪ੍ਰਬੰਧ ਕੀਤੇ ਅਤੇ ਜਥੇਦਾਰ ਬਣਾਏ। ਲੰਗਰ ਜਿਹੜੇ ਨੇ ਅੱਠੇ ਪਹਿਰ ਚਲਦੇ ਰਹਿਣ।

ਕਿਉਂਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਬਚਨ ਨੇ, ਕਿ ਹਰ ਵੇਲੇ ਗੁਰੂ ਘਰ ਲੰਗਰ ਚਲੇ, ਆਏ ਗਏ ਨੂੰ ਲੰਗਰ ਮਿਲੇ। ਜਿਥੇ ਗੁਰਬਾਣੀ ਔਰ ਇਹ ਗਿਆਨ ਜਿਹੜਾ ਇਹ ਆਤਮਾ ਦੀ ਖੁਰਾਕ ਹੈ, ਤਨ ਦੀ ਖੁਰਾਕ ਅੰਨ-ਜਲ ਹੈ ਇਹ ਵੀ ਮਿਲੇ-

***ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥੩॥***

(ਅੰਗ ੧੮੬)

ਇਕ ਗੱਲ ਮੇਰੇ ਯਾਦ ਆ ਗਈ। ਜਦੋਂ ਕੁਝ ਸਮਾਂ ਪਹਿਲਾਂ ਮਹਾਂਪੁਰਖਾਂ ਨੇ, ਇਥੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। ਕੁਝ ਖਾਸ ਹਦਾਇਤਾਂ, ਕੁਝ ਖਾਸ ਬਚਨ ਇਸ ਦੇ ਸਬੰਧ ਵਿਚ ਦੱਸੇ।

ਜਿਨ੍ਹਾਂ ਵਿਚੋਂ ਇਕ ਇਹ ਬਚਨ ਕਿਹਾ ਕਿ ਕਿਤਨੀ ਵੀ ਰਸਦ ਆ ਜਾਵੇ ਕਦੀ ਵੀ ਗੁਰੂ ਘਰ ਦੀ ਰਸਦ ਨਹੀਂ ਵੇਚੀਦੀ ਹੁੰਦੀ।

ਜਿਉਂ ਮਹਾਰਾਜ ਦਇਆ ਸਿੰਘ ਜੀ ਮਹਾਰਾਜ ਤੋਂ ਸੰਸਥਾ ਚੱਲੀ ਹੈ। ਇਸ ਸੰਸਥਾ ਵਿਚ ਕਿਤਨਾ ਵੀ ਆਟਾ ਦਾਲਾਂ ਉਹ ਸੰਗਤਾਂ ਨੂੰ ਛਕਾਇਆ ਜਾਂਦਾ, ਵਧ ਗਿਆ ਤੇ ਸੜਕਾਂ ਤੇ ਲੰਗਰ ਲਾ ਦਿੱਤਾ ਪਰ ਭੁੱਲ ਕੇ ਵੀ ਵੇਚਣਾ ਨਹੀਂ।

ਤੁਸੀਂ ਜਾਣਦੇ ਹੀ ਹੋ ਅੱਜ ਤੋਂ ਸੱਤ ਸਾਲ ਪਹਿਲਾਂ ਤਕਰੀਬਨ ੫੦-੬੦ ਬੋਰੀਆਂ ਆਟਾ ਵਧ ਗਿਆ ਗਰਮੀਆਂ 'ਚ। ਏਨੀ ਸੰਗਤ, ਨਵੀਂ ਕਣਕ ਆਈ ਸੀ ਸੰਗਤ ਲੈ ਆਈ।

ਪਰ ਬਰਸਾਤਾਂ ਵਿਚ ਥੋੜਾ ਜਿਹਾ ਖਰਾਬ ਹੋਣ ਲੱਗ ਗਿਆ। ਕੋਈ ਕਹੇ ਮੈਂ ਦੋ ਰੁਪੈ ਕਿਲੋ ਦੇ ਦਿੰਦਾਂ, ਕੋਈ ਕਹੇ ਮੈਂ ਤਿੰਨ ਦੇ ਦਿੰਦਾਂ।

ਕਿਹਾ ਦੇਖੋ ਗੱਲ ਪੈਸਿਆਂ ਦੀ ਨਹੀਂ......।

ਗੱਲ ਬਚਨਾਂ ਦੀ ਹੈ। ਆਹ ਦਰਿਆ ਹੈ ਆਪ ਨੇ ਇਥੇ ਪੀਲਾ-ਖਾਰ ਉਹਦੇ ਵਿਚ ਟਰਾਲੀ ਭਰ ਕੇ ਸਾਰਾ ਰੋਹੜ ਦਿੱਤਾ, ਪਰ ਵੇਚਿਆ ਨਹੀਂ। ਇਸ ਤਰ੍ਹਾਂ ਰਾੜਾ ਸਾਹਿਬ ਵੀ ਇਸ ਤਰ੍ਹਾਂ ਹੀ ਹੈ। ਬੜੇ-ਬੜੇ ਮਹਾਂਪੁਰਖ ਇਸ ਸੰਸਥਾ ਵਿਚ ਹੋਏ ਨੇ।

ਹੁਣੇ ਤੁਸੀਂ ਸੁਣ ਰਹੇ ਸੀ ਦੇਸ਼ ਅਜ਼ਾਦੀ ਦੀਆਂ ਗੱਲਾਂ, ਜਿਹੜੇ ਬਾਬਾ ਮਹਾਰਾਜ ਸਿੰਘ ਜੀ ਹੋਏ ਨੇ, ਇਹਨਾਂ ਨੇ ੩੩੦੦੦ ਸਿੰਘ .......।

ਇਹਨਾਂ ਦਾ ਜੀਵਨ ਅੰਗਰੇਜ਼ੀ ਵਿਚ ਦੋ ਹਿੱਸਿਆਂ ਵਿਚ ਲਿਖ ਚੁਕਿਆ ਹੈ। ਰਾੜਾ ਸਾਹਿਬ ਤੋਂ ਮਿਲਦੈ।

ਉਹਦੇ ਵਿਚ ਅੰਗਰੇਜ਼ਾਂ ਦੀਆਂ ਚਿੱਠੀਆਂ, ਸਲਾਹਵਾਂ, ਮੀਟਿੰਗਾਂ ਲਿਖੀਆਂ ਹੋਈਆਂ ਨੇ। ਬਾਬਾ ਮਹਾਰਾਜ ਸਿੰਘ ਜੀ ਨੇ ਸੰਗਤ ਨੂੰ ਕਿਹਾ ਸੀ ਕਿ ਜਿਹਦੇ ਦੋ ਪੁਤਰ ਨੇ ਰੱਖ ਲਓ, ਜਿਹਦੇ ਤਿੰਨ ਨੇ ਇਕ ਦੇ ਦਿਓ, ਜਿਹਦੇ ਪੰਜ ਨੇ ਤਿੰਨ ਦੇ ਦਿਓ, ਕਿ ਦੋ ਤੋਂ ਜਿੰਨੇ ਜ਼ਿਆਦਾ ਨੇ ਉਹ ਸਾਨੂੰ ਦੇ ਦਿਓ। ੩੩੦੦੦ ਨੌਜਵਾਨ ਸਿੰਘ ਮਹਾਂਪੁਰਖਾਂ ਨੂੰ ਸੰਗਤਾਂ ਨੇ ਭੇਟ ਕੀਤਾ। ਆਪ ਜੀ ਦੀ ਜ਼ਮੀਨ ਜ਼ਿਲਾ ਅੰਮ੍ਰਿਤਸਰ ਵਿਚ ਸੀ ਕਈ ਮੁਰੱਬੇ- ਜਿਹੜੀ ਛੇ ਆਨੇ ਨੂੰ ਕਿੱਲਾ ਵੇਚੀ। ਕੋਈ ਚਵਾਨੀ ਨੂੰ, ਕੋਈ ਅਠਿਆਨੀ ਨੂੰ, ਕੋਈ ਦੋ ਰੁਪਏ, ਜਿਵੇਂ ਵੀ ਸਸਤਾ ਸਮਾਂ ਸੀ। ਕੁਲ ਪੈਸਾ ੬੦੦੦ ਰੁਪਿਆ ਬਣਿਆ। ਉਸ ਦੇ ਮਹਾਂਪੁਰਖਾਂ ਨੇ ਹਥਿਆਰ ਲੈ ਕੇ ੧੦੦-੧੦੦ ਦੇ ਜੱਥੇ ਬਣਾ ਕੇ ਵੰਡ ਦਿੱਤੇ, ਇਕੋ ਦਿਨ ਹੀ ਹੱਲਾ-ਗੁੱਲਾ ਕੀਤਾ ਤਾਂਕਿ ਅੰਗਰੇਜ਼ਾਂ ਨੂੰ ਕੱਢ ਕੇ ਛੱਡਾਂਗੇ। ਦੇਸ਼ ਅਜ਼ਾਦੀ ਵਾਸਤੇ ਬੜਾ ਵੱਡਾ ਹਿੱਸਾ ਪਾਇਆ। ਬੜਾ ਲੰਮਾ ਇਤਿਹਾਸ ਹੈ ਮਹਾਂਪੁਰਖਾਂ ਦਾ, ਬਾਬਾ ਮਹਾਰਾਜ ਸਿੰਘ ਜੀ ਜਿਹੜੇ ਬਾਬਾ ਬੀਰ ਸਿੰਘ ਜੀ ਤੋਂ ਬਾਅਦ ਹੋਏ ਨੇ। ਫੇਰ ਕੋਈ ਉਹਨਾਂ ਬਾਰੇ ਦੱਸਦਾ ਨਹੀਂ ਸੀ ਫੌਜ ਪਿਛੇ ਚੜ੍ਹੀ ਹੋਈ ਸੀ। ਬੜੀਆਂ ਝਪਟਾਂ, ਬੜੇ ਜੰਗ ਜੁਧ ਹੋਏ। ਬਹੁਤ ਦੂਰ ਇਲਾਕਾ ਹੈ, ਉਹ ਪਾਕਿਸਤਾਨ ਵਲ ਰਹਿ ਗਿਆ। ਜਿਥੇ ਮਹਾਂਪੁਰਖਾਂ ਨੂੰ ਘੇਰਾ ਪਾ ਕੇ ਕਿਸੇ ਦੇ ਘਰ ਤੋਂ ਐਸੀ ਗ੍ਰਿਫਤਾਰੀ ਕਰਕੇ ਬਾਹਰ ਲੈ ਗਏ ਸਿੰਘਾਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ।

ਇਕ ਸਿੰਘ ਨਾਲ ਸੀ ਤੇ ਸ਼ੀਸ਼ਾ ਪੀਸ ਪੀਸ ਕੇ ਆਪ ਜੀ ਨੂੰ ਦੇਂਦੇ ਰਹੇ। ਉਹ ਗਲ ਵਿਚੋਂ ਐਸਾ ਖੂਨ ਵਗਣ ਲੱਗ ਪਿਆ। ਪਰ ਕੋਈ ਪ੍ਰਵਾਹ ਨਹੀਂ, ਦੇਹ ਅਧਿਆਸ ਟੁਟਿਆ ਹੋਇਆ। ਕਿੰਨੇ ਕਿੰਨੇ ਰੂਪ ਧਾਰ ਕੇ ਜੇਲ੍ਹ ਤੋਂ ਬਾਹਰ ਫਿਰਦੇ ਨੇ। ਆਪ ਜੀ ਦੀ ਪਵਿੱਤਰ ਯਾਦਗਾਰ ਗੁਰਦੁਆਰਾ ਸਾਹਿਬ ਕਈ ਮੰਜ਼ਲਾ ਸਿੰਘਾਪੁਰ ਵਿਚ ਹੈ। ਮੈਂ ਦਰਸ਼ਨ ਕਰਕੇ ਆਇਆਂ, ਸੋ ਅੰਗਰੇਜ਼ਾਂ ਨੇ ਉਹ ।ਜਿਹੜੇ ਲੋਕ ਸਨ, ਬਈ ਇਹਨਾਂ ਨੂੰ ਬੰਦ

ਕੀਤਾ। ਕਹਿੰਦੇ ਬੰਦ ਸੀ ਉਦਾਂ ਵੈਸੇ ਤੁਰੇ ਫਿਰਦੇ ਸੀ। ਸੋ ਬਹੁਤ ਕੁਝ ਐਸੇ ਤਸੀਹੇ ਸਹਿਣ ਤੋਂ ਬਾਅਦ ਕਹਿਣ ਲੱਗੇ ਹੁਣ ਜਾਣੈ ਤੇ ਸਾਡੇ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਫਿਰ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਹੋਏ। ਸੋ ਵਿਚਾਰ ਹੋ ਰਹੀ ਸੀ ਕਿ ਕੈਸੇ ਸਮੇਂ ਕਿਸ ਤਰ੍ਹਾਂ ਦੇ ਆਏ। ਬੜੇ-ਬੜੇ ਅਗੋਂ ਜੋ ਵੀ ਕਸ਼ਟ ਆਏ ਸਿਰ ਮੱਥੇ ਤੇ ਝੱਲੇ ਕੋਈ ਏਹੋ ਜਿਹੀ ਗੱਲ ਨਹੀਂ।

ਸੋ ਵਿਚਾਰ ਹੋ ਰਹੀ ਸੀ ਵਿਸਾਖੀ ਦੇ ਸੰਬੰਧ ਵਿਚ ਬੇਅੰਤ ਸੰਗਤਾਂ ਇਕੱਤਰ ਹੋਈਆਂ ਥਾਵਾਂ-ਥਾਵਾਂ ਤੇ ਲੰਗਰ ਲਗਾਏ ਗਏ ਤੇ ਗੁਰੂ ਸਾਹਿਬ ਜੀ ਪੰਡਾਲ ਦੀ ਕਰਾਉਣ ਲੱਗੇ ਤਿਆਰੀ, ਸਿੰਘਾਂ ਨੂੰ ਦੱਸਦੇ ਨੇ ਕਿ ਕਿਸ ਤਰ੍ਹਾਂ ਦੇ ਨਾਲ ਐਤਕਾਂ ਬਣਾਉਣੈ ਪੰਡਾਲ।

ਪੰਡਾਲ ਦੇ ਚਾਰ ਦਰਵਾਜ਼ੇ ਰੱਖੇ ਗਏ। ਸਟੇਜ ਦੇ ਸਾਹਮਣੇ, ਇਕ ਸੱਜੇ, ਇਕ ਖੱਬੇ, ਤੇ ਦੋ ਸਾਹਮਣੇ ਜਿਧਰੋਂ ਆਉਣੈ। ਇਸ ਤਰ੍ਹਾਂ ਦੇ ਚਾਰ ਦਰਵਾਜ਼ੇ। ਜਿਵੇਂ ਪੰਡਾਲ ਦੀ ਜਿਹੜੀ ਲੰਬਾਈ ਚੌਂ। ਸਟੇਜ ਤੋਂ ਸਿਧੇ ਜਿਥੇ ਗੁਰੂ ਮਹਾਰਾਜ ਜੀ ਬਿਰਾਜੇ ਸਨ ਸਿੱਧੇ ਸਾਹਮਣੇ ਦੋ ਦਰਵਾਜ਼ੇ, ਮਹਾਰਾਜ ਦੇ ਸੱਜੇ ਹੱਥ ਤੇ ਇਕ ਖੱਬੇ ਹੱਥ ਇਸ ਤਰ੍ਹਾਂ ਚਾਰ ਦਰਵਾਜ਼ੇ ਬਣਾਏ। ਬਾਕੀ ਪਿਛਲੇ ਬੰਨੇ ਚਾਰ-ਚੁਫੇਰੇ ਕਨਾਤਾਂ, ਬਹੁਤ ਸੁੰਦਰ ਢੰਗ ਨਾਲ ਤਿਆਰੀ ਕੀਤੀ, ਕਪੜਿਆਂ ਤੇ ਕੁਝ ਲਿਖਿਆ ਹੋਇਆ ਹੈ।

ਉਹ ਦਰਵਾਜਿਆਂ ਤੇ ਲਾਇਆ ਗਿਆ, ਅੱਗੇ ਵੀ ਲਿਖਦੇ ਹੁੰਦੇ ਸੀ ਆਉ ਜੀ ਜੀ ਆਇਆਂ ਨੂੰ। ਔਰ ਐਤਕਾਂ ਜੀ ਆਇਆਂ ਨੂੰ ਨਹੀਂ ਲਿਖਿਆ। ਗੁਰਬਾਣੀ ਦੀਆਂ ਪੰਕਤੀਆਂ, ਗੁਰਮੁਖੀ ਅੱਖਰ ਕੋਈ ਗੁਝੀਆਂ ਰਮਜ਼ਾਂ ਨੇ, ਤੇ ਦੋ-ਦੋ ਪਹਿਰੇਦਾਰ ਇਕ-ਇਕ ਗੇਟ ਵਿਚ ਖੜੇ, ਸੰਗਤ ਹੁੰਮ-ਹੁੰਮਾ ਕੇ ਆ ਰਹੀ ਹੈ- ਤੇ ਉਹ ਕਹਿੰਦੇ ਨੇ ਦੇਖੋ, ਗੁਰੂ ਜੀ ਦਾ ਬਚਨ ਹੈ। ਆਹ ਜੋ ਕੁਝ ਲਿਖਿਆ ਹੈ ਨਾ, ਇਹਨੂੰ ਪੜ੍ਹ ਕੇ ਜਾਉ।

ਸਾਧ ਸੰਗਤ ਸਾਰੇ ਨਹੀਂ ਪੜ੍ਹੇ ਹੁੰਦੇ। ਭਾਵੇਂ ਕਿੰਨੇ ਸਕੂਲ-ਕਾਲਜ ਬਣ ਗਏ ਨੇ ਅਜੇ ਵੀ ਕਈ ਅਨਪੜ੍ਹ ਨੇ।

***ਜੋ ਪ੍ਰਾਣੀ ਗੋਵਿੰਦੁ ਧਿਆਵੈ॥ ਪੜਿਆ ਅਣਪੜਿਆ ਪਰਮ ਗਤਿ ਪਾਵੈ॥***
(ਅੰਗ ੧੯੭)

ਗੁਰੂ ਘਰ ਤਾਂ ਇਕੋ ਜਿਹੇ ਹੀ ਨੇ; ਜਿਥੋਂ ਪੜ੍ਹਾਈ ਖਤਮ ਹੁੰਦੀ ਹੈ। ਸਾਰੀਆਂ ਵਿਦਿਆਵਾਂ ਖਤਮ ਹੁੰਦੀਆਂ ਨੇ, ਉਥੋਂ ਰੂਹਾਨੀਅਤ ਦਾ (ੳ) ਸ਼ੁਰੂ ਹੁੰਦੈ। ਬਹੁਤ ਸਾਰਿਆਂ ਲੋਕਾਂ ਨੇ ਇਸ ਦੇਸ਼ ਵਿਚ ਚੌਦਾਂ-ਚੌਦਾਂ ਵਿਦਿਆ ਪੜ੍ਹੀਆਂ। ਭਾਈ ਸਾਹਿਬ ਭਾਈ ਮਨੀ ਸਿੰਘ ਜੀ ਲਿਖਦੇ ਨੇ ਆਪਣੀ ਕਲਮ ਨਾਲ, ਕਿ ਹਰ ਇਕ ਸਿੱਖ ਵਿਚ

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥

(ਅੰਗ ੧੪੧੨)

ਤੀਸਰੇ ਦਰਵਾਜ਼ੇ ਵੱਲ ਸੰਗਤਾਂ ਆਈਆਂ - ਪੜ੍ਹ ਪੜ੍ਹ ਕੇ ਜਾ ਰਹੇ ਨੇ ਇਸ਼ਾਰਾ ਕਰੀ ਜਾਂਦੇ ਨੇ, ਪੜ੍ਹ ਕੇ ਜਾਉ ਭਾਈ ਨਹੀਂ ਤਾਂ ਫਿਰ ਸੁਣ ਲਉ -

**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥**

ਚੌਥਾ ਦਰਵਾਜ਼ਾ - ਜਿਨ੍ਹਾਂ ਨੂੰ ਪੜ੍ਹਨਾ ਆਉਂਦੈ, ਪੜ੍ਹ ਲੈਂਦੇ ਨੇ। ਨਹੀਂ ਤੇ ਕਹਿੰਦੇ ਜੀ .. ਨਹੀਂ .. ਆਉਂਦਾ.....।

ਅੱਛਾ ਫਿਰ ਸੁਣ ਕੇ ਜਾਓ....।

ਚੌਥੇ ਦਰਵਾਜ਼ੇ ਤੇ ਕਪੜੇ ਤੇ ਬਹੁਤ ਸੁੰਦਰ ਅੱਖਰ ਇਸ ਤਰ੍ਹਾਂ ਦੇ ਲਿਖੇ ਹੋਏ ਨੇ।

*ਧਾਰਨਾ* - "ਜੋ ਲੜੇ ਦੀਨ ਕੇ ਹੇਤ, ਸੂਰਾ ਸੋਈਓ, ਸੂਰਾ ਸੋਈਓ...2...

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

(ਅੰਗ ੧੧੦੫)

ਸੰਗਤਾਂ ਹੁੰਮ-ਹੁੰਮਾ ਕੇ ਆ ਰਹੀਆਂ ਨੇ ; ਇਹ ਵੀ ਯਾਦ ਰਹੇ ਜਦੋਂ ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਵਾਸਤੇ ਸੰਗਤ ਆਉਂਦੀ, ਉਦੋਂ ਵੀ ਚਾਰ ਰਸਤੇ ਬਣਾਏ ਜਾਂਦੇ।

ਇਕ ਰਸਤੇ ਮਾਈਆਂ ਨੇ ਆਉਣਾ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੂੰ ਮੱਥਾ ਟੇਕਣਾ ਤੇ ਨਾਲ ਹੀ ਰਸਤਾ ਵਾਪਸ ਜਾਣ ਵਾਲਾ ਹੋਣਾ, ਦੂਸਰਾ ਭਾਈਆਂ ਨੇ ਆਉਣਾ- ਤੇ ਵਾਪਸ ਜਾਣ ਵਾਲਾ ਰਸਤਾ ਨਾਲ ਹੀ, ਇਉਂ ਚਾਰ ਹੁੰਦੇ ......।

ਦੋ ਰਸਤਿਆਂ ਤੇ ਸੰਗਤ ਆਈ ਜਾਂਦੀ ਤੇ ਦੋ ਰਸਤਿਆਂ ਤੇ ਵਾਪਸ ਫਿਰ ਪੰਡਾਲ ਵਿਚ ਬੈਠ ਜਾਣਾ। ਇਹ ਜਦੋਂ ਮੱਥਾ ਟੇਕਦੇ ਹੁੰਦੇ, ਉਦੋਂ ਚਾਰ ਰਸਤੇ ਬਣਾਏ ਜਾਂਦੇ।

ਚੌਹਾਂ ਦਰਵਾਜ਼ਿਆਂ ਤੇ ਸੰਗਤ ਹੁੰਮ-ਹੁਮਾ ਕੇ ਆਈ, ਬੇਅੰਤ-ਵੱਡਾ ਪੰਡਾਲ ਸੀ, ਉਹ ਸਾਰਾ ਹੀ ਭਰਿਆ ਪਿਆ ਪਰ ਬੇਅੰਤ ਹਜ਼ਾਰਾਂ ਦੇ ਹਿਸਾਬ ਨਾਲ ਸੰਗਤ ਕੁਝ ਲੰਗਰ ਤਿਆਰ ਕਰ ਰਹੇ ਨੇ, ਜਿਹੜੀਆਂ ਸੰਗਤਾਂ ਹਾਥੀਆਂ, ਘੋੜਿਆਂ ਤੇ ਆਈਆਂ ਸਨ,

ਕੋਈ ਉਹਨਾਂ ਨੂੰ ਪੱਠੇ ਪਾ ਰਹੇ ਨੇ, ਕੋਈ ਪਾਣੀ ਪਿਆ ਰਿਹਾ ਹੈ। ਬੇਅੰਤ ਸੰਗਤ ਸੇਵਾ ਵਿਚ ਵੀ ਹੈ। ਪੰਡਾਲ ਵਿਚ ਵੀ ਹੈ। ਆਸਾ ਦੀ ਵਾਰ ਦਾ ਕੀਰਤਨ, ਇਹ ਤਾਂ ਗੁਰੂ ਨਾਨਕ ਜੀ ਤੋਂ ਲੈ ਕੇ ਹੁੰਦਾ ਹੀ ਆਇਆ ਸਵੇਰੇ-ਇਹ ਬਹੁਤ ਜ਼ਰੂਰੀ ਹੈ। ਇਹ ਕਰਦੇ ਨੇ ਗੁਰੂ ਘਰ ਵਿਚ, ਉਹ ਹੁੰਦਾ-ਹੁੰਦਾ।

ਉਹਦੀ ਜਿਹੜੀ ਅਰਦਾਸ ਹੈ, ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਅਰਦਾਸ ਹੁੰਦੀ। ਮਰਿਯਾਦਾ 'ਚ ਕਈ ਹਨ। ਵੈਸੇ ਕਈ ਵਾਰੀ ਵੇਖਿਆ ਹੋਣਾ ਸ਼ਹਿਰਾਂ ਵਿਚ ਅੱਠ-ਅੱਠ ਵਜੇ ਤੱਕ ਲੱਗੇ ਰਹਿੰਦੇ ਨੇ। ਉਹ ਲੋਕ ਲੇਟ ਆਰਾਮ ਕਰਦੇ ਨੇ, ਲੇਟ ਉਠਦੇ ਨੇ। ਉਹ ਉਹਨਾਂ ਦੇ ਆਪਣੇ ਹਿਸਾਬ ਨਾਲ ਹੈ। ਮਰਯਾਦਾ ਏਹੀ ਹੈ ਕਿ ਸੂਰਜ ਦੀ ਟਿੱਕੀ ਨਿਕਲੇ ਤੇ ਅਰਦਾਸ ਸ੍ਰੀ ਅਸਾ ਦੀ ਵਾਰ ਦੀ।

ਇਧਰ ਗੁਰੂ ਮਹਾਰਾਜ ਸਵਾ ਪਹਿਰ ਰਾਤ ਰਹਿੰਦੇ ਇਸ਼ਨਾਨ ਕਰਦੇ ਹੁੰਦੇ।

*"ਸਤਿਗੁਰੁ ਜਾਗਤਾ ਹੈ ਦੇਉ॥"* (ਅੰਗ ੪੭੯)

ਗੁਰੂ ਨਾਨਕ ਸਰੂਪ ਨੇ ਉਹ ਤੇ ਸਦਾ ਹੀ ਜਾਗਦੇ ਨੇ ਸਿਰਫ ਗੱਲ ਹੀ ਸਮਝਣੀ ਹੁੰਦੀ ਹੈ ਨਾ।

ਮਹਾਰਾਜ ਗਿਆਰਾਂ ਬਾਣੀਆਂ ਦਾ ਪਾਠ ਕਰਦੇ ਹੁੰਦੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ! ਉਹ ਜਿਹੜਾ ਗੁਟਕਾ ਸੀ ਨਾ ਨਿਤਨੇਮ ਦਾ ਕੁਝ ਸਮਾਂ ਗੁਰੂ ਮਹਾਰਾਜ ਜੀ ਵਾਲਾ ਗੁਟਕਾ ਜੱਬਲਪੁਰ ਵੀ ਰਿਹਾ।

ਸੋ ਗਿਆਰਾਂ ਬਾਣੀਆਂ ਦਾ ਨਿਤਨੇਮ ਕਰਨਾ, ਸਮਾਧੀ ਵਿਚ ਬੈਠਣਾ। ਫਿਰ ਮਹਾਰਾਜ ਜੀ ਨੇ ਬਸਤਰ ਬਦਲਣੇ, ਸ਼ਸਤਰ ਸਜੋਣੇ, ਜਦੋਂ ਗੁਰੂ ਮਹਾਰਾਜ ਜੀ ਉਠ ਖੜੇ ਹੁੰਦੇ, ਆਪ ਜੀ ਦੇ ਪਵਿੱਤਰ ਹੱਥ ਏਨੀਆਂ ਲੰਮੀਆਂ ਬਾਹਵਾਂ ਕਿ ਗੋਡਿਆਂ ਤੋਂ ਥੱਲੇ ਪਲਮਦੀਆਂ ਨੇ। ਜਨੇ- ਏਸੇ ਮਹਾਰਾਜ ਜੀ ਦੇ ਬਾਜੂ ਲੰਮੇ-ਲੰਮੇ। ਵਿਰਲੇ-ਵਿਰਲੇ ਲੋਕ ਬੜੇ-ਬੜੇ ਆਰਫ ਲੋਕ ਇਸ ਸੰਸਾਰ ਤੇ ਹੋਏ ਨੇ ਜਿਨ੍ਹਾਂ ਦੀ ਸੱਜੀ ਬਾਂਹ ਕੁਝ ਚੱਪਾ ਕੁ ਲੰਮੀ, ਕਿਸੇ ਦੀ ਦੋ ਉਂਗਲਾਂ, ਜਿਵੇਂ ਭਗਤ ਕਬੀਰ ਜੀ ਦੀ ਸੱਜੀ ਬਾਂਹ ਕੁਝ ਖੱਬੀ ਨਾਲੋਂ ਲੰਮੀ ਸੀ।

ਸੋ ਮਹਾਰਾਜ ਜੀ ਦੇ, ਸੱਚੇ ਪਾਤਸ਼ਾਹ ਜੀ ਦੀਆਂ ਦੋਵੇਂ ਬਾਹਵਾਂ ਲੰਮੀਆਂ-ਬਸਤਰ ਬਦਲੇ ਸ਼ਸਤਰ ਸਜਾਏ। ਜਦੋਂ ਆਉਣ ਲੱਗੇ ਏਧਰ ਸਟੇਜ ਵੱਲ ਨੂੰ, ਗੁਰੂ ਕੇ ਮਹਿਲ ਹੁਣ ਤਾਂ ਮਾਤਾ ਅਜੀਤ ਕੌਰ ਜੀ ਕਹੋ, ਉਦੋਂ ਅੰਮ੍ਰਿਤ ਨਹੀਂ ਸੀ ਛੱਕਿਆ ਤਾਂ ਮਾਤਾ ਜੀਤੋ ਜੀ .....। ਗੁਰੂ ਕੇ ਮਹਿਲ।

ਇਕ ਭਾਈ ਕੇਸਰਾ ਹੁੰਦਾ, ਬਾਅਦ ਵਿਚ ਅੰਮ੍ਰਿਤ ਛਕ ਕੇ ਕੇਸਰ ਸਿੰਘ ਹੋ ਗਿਆ ਸੀ ਉਹਦਾ ਨਾਂ .......।

ਇਹ ਗੁਰੂ ਕੇ ਬਾਗ ਵਿਚ ਰਹਿੰਦਾ ਹੁੰਦਾ। ਇਹਨੇ ਬੜੇ ਅੱਛੇ-ਅੱਛੇ ਫੁੱਲ ਜਾਂ ਸ਼ਾਮ ਨੂੰ ਜਾਂ ਸਵੇਰੇ-ਸਵੇਰੇ ਮਾਤਾ ਜੀ ਨੂੰ ਦੇ ਜਾਣੇ। ਉਹਨਾਂ ਨੇ ਫੁੱਲਾਂ ਦਾ ਹਾਰ ਪਰੋਣਾ। ਆਪਣੇ ਪਤੀ ਪਰਮੇਸ਼ਰ ਯਾਨੀ ਗੁਰੂ ਮਹਾਰਾਜ ਜੀ ਦੇ ਗਲ ਵਿਚ ਪਾਉਣਾ......।

ਚਰਨਾਂ ਤੇ ਮੱਥਾ ਟੇਕਣਾ। ਉਹ ਤਸਵੀਰ ਨੇਤਰ ਮੀਟ ਕੇ ਉਸ ਚਰਨਾਂ ਦੇ ਵਿਚ ਸੁਰਤੀ ਨੂੰ ਜੋੜ ਕੇ, ਤੇ ਸਮਾਧੀ ਵਿਚ ਬੈਠ ਜਾਣਾ।

ਇਉਂ ਸਿਮਰਨ ਕਰਦੇ ਹੁੰਦੇ। ਭਾਵੇਂ ਗੁਰੂ ਮਹਾਰਾਜ ਜੀ ਨੇ ਸਿਮਰਨ ਕਰਨ ਦੇ ਬੜੇ ਢੰਗ ਤਰੀਕੇ ਗੁਰੂ ਕੇ ਮਹਿਲ ਯਾਨੀ ਮਾਤਾ ਜੀ ਨੂੰ ਦੱਸੇ ਸਨ। ਉਹਨਾਂ ਵਿਚੋਂ ਕਈ ਜੁਗਤੀਆਂ...। ਸੁਰਤਿ ਸ਼ਬਦ ਮਾਰਗ ਇਕ ਗ੍ਰੰਥ ਮਹਾਂਪੁਰਖਾਂ ਨੇ ਲਿਖਿਆ ਹੈ। ਉਸ ਵਿਚ ਦੱਸੀਆਂ ਨੇ ਖੋਹਲ-ਖੋਹਲ ਕੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਿਹੜੀਆਂ-ਕਿਹੜੀਆਂ ਜੁਗਤੀਆਂ, ਕਿਸ ਤਰ੍ਹਾਂ ਸਿਮਰਨ ਕਰਨਾ ਹੈ। ਜਦੋਂ ਆਪ ਜੀ ਸਮਾਧੀ ਵਿਚ ਬੈਠੇ ਬਹੁਤ ਐਸਾ ਧਿਆਨ ਜੁੜਿਆ, ਭੂਤ-ਭਵਿਖਤ, ਵਰਤਮਾਨ ਇਹਦੀ ਸੋਝੀ ਹੋ ਗਈ। ਕੀ ਹੋ ਰਿਹੈ ? ਕੀ ਹੋਇਆ ਸੀ? ਕੀ ਹੋਵੇਗਾ? ਕਹਿਣ ਲੱਗੇ ਮਹਾਰਾਜ .... ਐਸਾ ਮੈਂ ਸਮਾਧੀ ਵਿਚ ਵੇਖਿਆ।

ਕਹਿਣ ਲੱਗੇ, ਤੁਹਾਡਾ ਅਨੁਭਵ ਖੁਲ੍ਹ ਗਿਆ ਹੈ ਸਿਮਰਨ ਦੇ ਬਲ ਨਾਲ। ਜਦੋਂ ਐਸਾ ਹੋ ਜਾਏ ਫਿਰ ਆਉਣ ਵਾਲੇ ਸਮੇਂ ਦਾ ਪਤਾ ਸਹਿਜ ਸੁਭਾਈ ਹੀ ਲਗ ਜਾਂਦਾ ਹੈ।

ਜਿਵੇਂ ਰਾਜਾ ਜਨਕ ਜੀ.... ਬਈ ਕਲਜੁਗ ਵਿਚ ਗੁਰੂ ਨਾਨਕ ਜੀ ਆਉਣਗੇ। ਏਸ ਤਰ੍ਹਾਂ ਹੋਵੇਗਾ-ਏਸ ਤਰ੍ਹਾਂ ਹੋਵੇਗਾ।

ਸੋ ਇਸ ਤਰ੍ਹਾਂ ਵਿਚਾਰ ਹੋ ਰਹੀ ਸੀ ਕਿ ਉਹਨਾਂ ਨੇ ਹਾਰ ਪਾਇਆ। ਹਾਰ ਦੇ ਕਈ ਅਰਥ ਨੇ .... ਸਵੇਰੇ ਹੀ ਅੱਜ ਵਿਚਾਰ ਹੋਈ ਸੀ ਹਾਰ ਬਾਰੇ। ਗੁਰੂ ਜੀ ਦੇ ਨਾਲ ਦਸ-ਬਾਰਾਂ ਗੁਰਮੁਖ ਹੋਰ ਨੇ। ਤੇ ਸਟੇਜ ਵੱਲ ਨੂੰ ਆ ਰਹੇ ਨੇ ਇਹ ੧੬੯੯ ਦੀ ਗੱਲ ਹੈ। ਇਕ ਰਸਤੇ ਵਿਚ ਪ੍ਰੇਮੀ ਉਹ ਗੁਰੂ ਮਹਾਰਾਜ ਵਾਸਤੇ ਲੰਗਰ ਤਿਆਰ ਕਰਦਾ ਹੁੰਦਾ ਸੀ। ਉਹਨੂੰ ਕਹਿਣ ਲੱਗੇ ਚੱਲ ਭਾਈ ਦੀਵਾਨ ਵਿਚ ਚੱਲੀਏ, ਉਹ ਵੀ ਨਾਲ ਚੱਲ ਪਿਆ। ਅੱਗੇ-ਅੱਗੇ ਗੁਰੂ ਮਹਾਰਾਜ ਜੀ ਆਪਣੀ ਚਾਲ ਆ ਰਹੇ ਨੇ ਤੇ ਨਾਲ ਦਸ-ਬਾਰਾਂ ਗੁਰਮੁਖ ਪਿਆਰੇ ਗੁਰੂ ਕੇ ਸਿਖ, ਇਕ ਜਿਹੜਾ ਪੰਡਾਲ ਵਿਚ ਸੀ ਉਠ ਕੇ ਕਹਿਣ ਲੱਗਾ ਸਾਧ ਸੰਗਤ ਜੀ ....। ''ਸਾਵਧਾਨ.... ਗੁਰੂ ਮਹਾਰਾਜ ਜੀ ਆ ਰਹੇ ਨੇ'', ਸਾਰੀ ਸੰਗਤ ਉਠ

ਖੜੀ ਹੋਈ ਜਿਵੇਂ ਅੱਜ-ਕਲ੍ਹ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਉਂਦਾ ਹੋਵੇ ਤੇ ਆਪਾਂ ਲੋਕ ਹੱਥ ਜੋੜ ਕੇ ਖਲੋ ਜਾਂਦੇ ਹਾਂ।

ਇਥੇ ਇਕ ਸਵਾਲ ਹੋ ਸਕਦਾ ਹੈ। ਕਥਾ ਹੁੰਦੀ ਹੋਵੇ, ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਇਕ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਦਾ ਹੋਰ ਆ ਜਾਏ। ਕਿਤੇ ਪਾਠ ਰਖਿਆ ਹੋਵੇ ਕਿਸੇ ਨੇ, ਫਿਰ ਵੀ ਅਸੀਂ ਸਾਰੇ ਉਠ ਕੇ ਖੜੇ ਹੋ ਜਾਵਾਂਗੇ। ਜੇ ਸਾਨੂੰ ਪਤਾ ਹੀ ਨਹੀਂ ਲਗਿਆ ਫਿਰ ਤੇ ਸਾਡੀ, ਕੋਈ ਗਲਤੀ ਨਹੀਂ ਤੇ ਜੇ ਪਤਾ ਲੱਗ ਗਿਆ ਇਹ ਸਾਰੀ ਸੰਗਤ ਉਠ ਕੇ ਖੜੀ ਹੋਵੇ। ਤੀਸਰਾ ਆ ਜਾਵੇਗਾ ਤਾਂ ਵੀ। ਯਾਨੀ ਗੁਰੂ ਜੀ ਦਾ ਸਤਿਕਾਰ ਕਰਨਾ ਹੈ।

ਇਹ ਜਿਹੜਾ ਇਹਨੇ ਕਿਹਾ ਨਾ ਸਾਵਧਾਨ ਸੰਗਤ ਜੀ ਗੁਰੂ ਮਹਾਰਾਜ ਆ ਰਹੇ ਨੇ - ਇਹ ਸਿੱਖ ਕੋਈ ਅੰਗਰੇਜ਼ੀ ਨਹੀਂ ਸੀ ਬੋਲ ਰਿਹਾ, ਇਹ ਬਾਣੀ ਵਿਚੋਂ ਹੀ ਬਚਨ ਕਰ ਰਿਹਾ ਸੀ।

*"ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥"*

(ਅੰਗ ੨੯੫)

ਕਿ ਸਾਧ ਸੰਗਤ ਸਾਵਧਾਨ। ਹੁਣ ਰਸਤਾ ਉਹ ਜੋ ਇਕ ਛੱਡਿਆ ਹੋਇਆ ਹੈ, ਸੰਗਤ ਵੀ ਆਈ ਸੀ, ਉਸੇ ਰਸਤੇ ਤੇ ਗੁਰੂ ਜੀ ਆ ਰਹੇ ਨੇ।

ਮਹਾਰਾਜ ਜੀ ਦੇ ਚਰਨਾਂ ਵੱਲ ਨੂੰ ਸਾਰੀ ਸੰਗਤ ਨਮਸਕਾਰ ਕਰਦੀ ਹੈ। ਗੁਰੂ ਸਾਹਿਬ ਸੱਜੇ ਹੱਥ ਨਾਲ ਪਿਆਰ ਦੇਈ ਜਾਂਦੇ ਨੇ ਤੇ ਆਪਣੀ ਚਾਲ ਚਲੇ ਆ ਰਹੇ ਨੇ।

ਸਾਰੀ ਸੰਗਤ ਨੇ ਦਰਸ਼ਨ ਕੀਤੇ।

**"ਹੋਵਾਂ ਮੈਂ ਨਿਹਾਲ ਜਾਂ ਦੇਖਾਂ ਸਤਿਗੁਰੂ ਸਾਹਮਣੇ"**

*ਦਰਸਨੁ ਦੇਖਿ ਜੀਵਾ ਗੁਰ ਤੇਰਾ॥*
*ਪੂਰਨ ਕਰਮੁ ਹੋਇ ਪ੍ਰਭ ਮੇਰਾ ॥ ੧॥*
*ਇਹ ਬੇਨੰਤੀ ਸੁਣਿ ਪ੍ਰਭ ਮੇਰੇ॥*
*ਦੇਹਿ ਨਾਮੁ ਕਰਿ ਅਪਣੇ ਚੇਰੇ॥* (ਅੰਗ ੧੪੨)

ਪੜ੍ਹਦੇ ਹੁੰਦੇ ਨਾ- ਦਰਸ਼ਨ ਜਿਹੜਾ ਨਾ ਗੁਰੂ ਮਹਾਰਾਜ ਜੀ ਦਾ, ਇਹ ਜਿਹੜਾ ਇਕ ਵਾਰ ਕਰ ਲਵੇ, ਸਾਧ ਸੰਗਤ ਇਸ ਬਾਰੇ ਬਹੁਤ ਲੰਮੀਆਂ ਵਿਚਾਰਾਂ ਨੇ, ਮੈਂ ਥੋੜੇ

ਮਿੰਟਾਂ ਵਿਚ ਅਰਜ਼ ਕਰਾਂ- ਕਿ ਗੁਰੂ ਦੇ ਦਰਸ਼ਨਾਂ ਦਾ ਫਲ ਬਿਰਥਾ ਨਹੀਂ ਜਾਂਦਾ ਭਾਵੇਂ ਲੱਖਾਂ ਸਾਲ ਲੰਘ ਜਾਣ- ਲੱਖਾਂ ਸਾਲਾਂ ਬਾਅਦ ਵੀ ਉਹ ਫਲ ਮਿਲੇਗਾ, ਜੇ ਕਿਸੇ ਨੇ ਗ਼ਲਤੀ ਕੀਤੀ ਹੈ, ਉਸ ਦਾ ਫਲ ਮਿਲਕੇ ਫਿਰ ਗੁਰੂ ਦਰਸ਼ਨਾਂ ਦਾ ਫਲ ਮਿਲੇਗਾ। ਜਦੋਂ ਗੁਰੂ ਹਰਿਗੋਬਿੰਦ ਜੀ ਮਹਾਰਾਜ ਦਿੱਲੀ ਆਏ ਤੇ ਇਥੇ ਜਹਾਂਗੀਰ ਨੂੰ ਕਹਿਣ ਲੱਗੇ ਤੇਰਾ ਚਾਚਾ ਕਿਥੇ ਹੈ ? ਮਹਾਰਾਜ ਪਤਾ ਨਹੀਂ।

ਅਕਬਰ ਦਾ ਛੋਟਾ ਭਰਾ, ਉਹ ਕਹਿੰਦੇ ਦੇਖ ਸ਼ੇਰ ਬਣਿਆ। ਸ਼ੇਰ ਮਾਰਿਆ ਉਹਦੇ ਵਿਚੋਂ ਰੂਹ ਨਿਕਲ ਆਈ। ਗੁਰੂ ਮਹਾਰਾਜ ਕਹਿੰਦੇ - ਲੈ ਕਰ ਲੈ ਗੱਲ ਇਹਦੇ ਨਾਲ।

ਉਹ ਦੱਸਦਾ ਹੈ ਕਿ ਮੈਂ ਆਪਣੇ ਭਰਾ ਨਾਲ ਗੋਇੰਦਵਾਲ ਸਾਹਿਬ ਗਿਆ। ਮੇਰੇ ਭਰਾ ਨੇ ਗੁਰੂ ਕਾ ਲੰਗਰ ਛੱਕਿਆ ਪਰ ਮੈਂ ਨਹੀਂ ਛੱਕਿਆ, ਮੈਂ ਉਠ ਕੇ ਹੀ ਚਲਾ ਗਿਆ।

ਤੰਬੂ ਵਿਚ ਉਥੇ ਮਾਸ ਮੰਗਾਇਆ-ਬਈ ਇਥੇ ਤਾਂ ਖੀਰ 'ਚ ਵੀ ਘਿਉ ਪਾਈ ਜਾਂਦੇ ਨੇ।

ਉਹ ਪਹਿਲੀ ਬੁਰਕੀ ਮੇਰੇ ਸੰਘ ਵਿਚ ਫਸ ਗਈ। ਬੇਟਾ ਮੈਂ ਕੀ ਦੱਸਾਂ-ਜਹਾਂਗੀਰ ਨੂੰ ਦੱਸ ਰਹੀ ਹੈ ਉਹ ਰੂਹ।

ਮੇਰੇ ਮਰਨ ਤੋਂ ਬਾਅਦ ਮੈਨੂੰ ਲੈਣ ਵਾਸਤੇ ਜਮ ਆਏ, ਉਹਨਾਂ ਧਰਮ ਰਾਜਾ ਦੇ ਸਾਹਮਣੇ ਖੜਾ ਕੀਤਾ। ਕਹਿਣ ਲੱਗੇ- ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਨੇ, ਮੱਥਾ ਟੇਕਿਆ ਹੈ, ਲੰਗਰ ਨਹੀਂ ਛਕਿਆ, ਫਿਰ ਮਾਸ ਵਲ ਧਿਆਨ ਰਿਹਾ ਗੁਰੂ ਘਰ ਜਾ ਕੇ। ਇਸ ਕਰਕੇ ਤੈਨੂੰ ਸ਼ੇਰ ਦੀ ਜੂਨ ਦਿੱਤੀ ਜਾ ਰਹੀ ਹੈ। ਜਾਹ ਜਿੰਨਾ ਮਰਜ਼ੀ ਖਾਈ ਜਾ, ਉਹ ਦਰਸ਼ਨਾਂ ਦਾ ਫਲ - ਜਦੋਂ ਮੈਂ ਬੇਨਤੀ ਕੀਤੀ ਕਿ ਕਦੀ ਖਲਾਸੀ ਹੋਵੇਗੀ ਕਿ ਨਾ ? ਕਹਿੰਦੇ ਜਦੋਂ ਗੁਰੂ ਅਮਰਦਾਸ ਜੀ ਛੇਵੇਂ ਜਾਮੇਂ ਵਿਚ ਆਉਣਗੇ ਤੇਰੀ ਸਜ਼ਾ ਪੂਰੀ ਹੋ ਜਾਵੇਗੀ ਤੇ ਤੈਨੂੰ ਕੱਢ ਲੈਣਗੇ।

ਸੁਣੀ ਹੋਣੀ ਹੈ ਸਾਖੀ ਅਜਾਮਲ ਦੀ।

*"ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥"*

(ਅੰਗ ੬੩੨)

ਤੇ ਜਦੋਂ ਉਹ ਜੰਗਲ ਵਿਚ ਰਹਿੰਦਾ ਸੀ। ਕਨੌਜ ਦੇ ਰਾਜੇ ਨੇ ਸਾਰੇ ਰਾਜਿਆਂ ਨੂੰ ਚਿੱਠੀਆਂ ਪਾ ਦਿੱਤੀਆਂ ਇਹਨੂੰ ਕੰਮ ਨਹੀਂ ਲਾਉਣਾ, ਐਂ ਨਹੀਂ ਕਰਨਾ। ਉਹ ਜਿਨ੍ਹਾਂ ਮਹਾਂਪੁਰਖਾਂ ਕੋਲ ਪੜ੍ਹਦਾ ਸੀ ਉਹ ਆ ਰਹੇ ਸਨ, ਬੜੇ ਬਿਰਧ ਸਨ, ਚੁੱਕ ਕੇ ਲੈ ਆ ਰਹੇ ਸਨ ਚਾਰ ਕੁ ਜਣੇ ਪ੍ਰੇਮੀ। ਇਹਨੇ ਦਰਸ਼ਨ ਕੀਤੇ ਬੜਾ ਰੋਇਆ, ਕਹਿੰਦੇ ਦਰਸ਼ਨਾਂ

ਦਾ ਫਲ ਬਾਕੀ ਹੈ ਹੋਰ ਤੇ ਬੇਟਾਂ ਤੇਰੇ ਪੱਲੇ ਕੱਖ ਵੀ ਨਹੀਂ ਰਿਹਾ।

*"ਪਤਿਤ ਅਜਾਮਲ ਪਾਪ ਕਰ ਜਾਇ ਕਲਾਵਤਣੀ ਦੇ ਰਹਿਆ।*

(ਭਾਈ ਗੁਰਦਾਸ ਜੀ ਵਾਰ ੧੦/੨੦)

ਹੋਰ ਤੇ ਕੁਝ ਵੀ ਨਹੀਂ ਤੇਰੇ ਕੋਲ।

ਉਹ ਨਹੀਂ ਮੁਕਦਾ ਹੁੰਦਾ ਜਿੰਨੀ ਦੇਰ ਜ਼ਿਮੀਂ ਅਸਮਾਨ ਰਹਿਣਗੇ। ਉਹ ਅੱਜ ਤੱਕ ਈਸ਼ਵਰ ਦਾ ਵਿਧਾਨ ਹੈ ਕਿ ਦਰਸ਼ਨਾਂ ਦਾ ਫਲ ਖਤਮ ਨਹੀਂ ਹੁੰਦਾ। ਉਹਦਾ ਫਲ ਮਿਲਦਾ ਹੀ ਮਿਲਦਾ ਹੈ।

ਪਰ ਸਜ਼ਾਵਾਂ ਕੀਤੀਆਂ ਗਲਤੀਆਂ ਦੀਆਂ ਪਹਿਲਾਂ ਮਿਲਦੀਆਂ ਨੇ, ਉਸ ਦਰਸ਼ਨਾਂ ਦੇ ਫਲ ਨੇ ਫਿਰ ਸਾਡੇ ਦਰਸ਼ਨ ਕਰਾ ਦਿੱਤੇ, ਚੰਗਾ ਹੁਣ ਬੱਚਾ ਆਏਗਾ, ਸਾਡੇ ਕੋਲ ਲੈ ਕੇ ਆਵੀਂ, ਨਾਂ ਰੱਖ ਦਿਆਂਗੇ। ਇਉਂ ਤੇਰੀ ਕਲਿਆਣ ਹੋਵੇਗੀ।

ਇਸ ਦੇ ਪ੍ਰਥਾਏ ਬੇਅੰਤ ਏਨੀਆਂ ਸਾਖੀਆਂ ਨੇ ਜਦੋਂ ਮਾਤਾ ਗੰਗਾ ਜੀ ਕਹੋ ਛੇਵੇਂ ਮਹਾਰਾਜ ਜੀ ਦੇ ਮਾਤਾ ਜੀ। ਜਦੋਂ ਬਾਬਾ ਬੁੱਢਾ ਸਾਹਿਬ ਜੀ ਦੇ ਉਥੇ ਜਾਂਦੇ ਨਾ ਰੱਥ ਤੇ, ਉਥੇ ਇਕ ਬੈਠਾ ਕੋਲ ਸੇਵਕ, ਉਹ ਕਹਿੰਦਾ ਬਚਨ ਦੇ ਦਿਉ। ਮਾਤਾ ਜੀ ਆਪੇ ਥੋੜਾ ਆਏ ਨੇ, ਗੁਰੂ ਸਾਹਿਬ ਨੇ ਭੇਜਿਆ ਹੈ।

ਬਾਬਾ ਬੁੱਢਾ ਜੀ ਕਹਿੰਦੇ ਕੀ ਸੂਰ ਵਾਂਗ ਘੁਰ-ਘੁਰ ਕਰੀ ਜਾਂਦਾ ਹੈਂ। ਉਹ ਚੁਪ ਨਾ ਰਿਹਾ, ਕਹਿਣ ਲੱਗਾ ਕੀ ਬਾਬਾ ਜੀ ਮੈਂ ਸੂਰ ਬਣਾਂਗਾ? ਹਾਂ ਬੜਾ ਤਕੜਾ-ਫਿਰ ਮੁਕਤੀ, ਕਹਿੰਦੇ ਗੁਰੂ ਨਾਨਕ ਜੀ ਛੇਵੇਂ ਜਾਮੇ ਵਿਚ ਆਉਣਗੇ। ਉਹ ਆ ਕੇ ਤੇਰੀ ਕਲਿਆਣ ਕਰਨਗੇ, ਤੇਰੀ ਮੁਕਤੀ ਕਰਨਗੇ। ਕਿਉਂਕਿ ਭਾਵੇਂ ਤੂੰ ਗਲਤੀ ਕੀਤੀ ਹੈ ਪਰ ਗੁਰੂ ਦਰਸ਼ਨਾਂ ਦਾ ਫਲ ਆਹਲਾ ਨਹੀਂ ਗਿਆ।

ਪਹਿਲਾਂ ਸਜ਼ਾ ਮਿਲੇਗੀ, ਸੂਰ ਬਣਿਆ, ਪੈਂਦੇ ਖਾਂ ਨੂੰ ਮਹਾਰਾਜ ਜੀ ਕਹਿੰਦੇ- ਉਹ ਕਹਿੰਦਾ ਮੈਂ ਤੇ ਨਹੀਂ ਮਾਰ ਸਕਦਾ, ਇਹ ਤਾਂ ਬਹੁਤ ਹੀ ਤਕੜਾ।

ਛੇਵੇਂ ਮਹਾਰਾਜ ਜੀ ਨੇ ਆਪ ਮਾਰਿਆਂ ਦੱਬ ਦਿੱਤਾ। ਉਹਦੇ ਵਿਚੋਂ ਸਿੱਖ ਦੀ ਰੂਹ ਨਿਕਲੀ- ਉਹਨੇ ਰੋ-ਰੋ ਕੇ ਕਹਾਣੀ ਦੱਸੀ ਸੰਗਤ ਨੂੰ।

ਮੂਲਾ ਦੋ ਸਾਲ ਗੁਰੂ ਨਾਨਕ ਜੀ ਦੇ ਨਾਲ ਰਿਹਾ- ਭਾਵੇਂ-ਬੇਮੁਖ ਹੋ ਗਿਆ ਪਰ ਗੁਰੂ ਦਰਸ਼ਨਾਂ ਦਾ ਫਲ, ਦਸਵੇਂ ਜਾਮੇਂ ਵਿਚ ਗੁਰੂ ਜੀ ਨੇ ਉਸ ਨੂੰ ਕੱਢ ਲਿਆ।

ਸੋ ਜਿਹੜੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਨੇ, ਸਮਰੱਥ ਸਤਿਗੁਰੂ ਦੇ, ਉਹ ਸਾਧ ਸੰਗਤ ਜੀ, ਬਿਅਰਥ ਨਹੀਂ ਜਾਂਦੇ। ਤਦੇ ਹੀ ਬਾਣੀ ਵਿਚ ਦਸਿਆ ਹੈ ਕਿ ਜ਼ਰੂਰ ਹੀ

ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕਣਾ ਚਾਹੀਦਾ ਹੈ। ਨਮਸਕਾਰ ਗੁਰੂ ਮਹਾਰਾਜ ਜੀ ਨੂੰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਦਸਿਆ ਹੈ।

**ਧਾਰਨਾ – ਦਰਸਨੁ ਸਤਿਗੁਰ ਤੇਰਾ, ਮੈਂ ਦੇਖ-ਦੇਖ ਜੀਵਾਂ।**

**ਦੇਖ-ਦੇਖ ਜੀਵਾਂ ਸਤਿਗੁਰ ਦੇਖ ਦੇਖ ਜੀਵਾਂ।.....2...**

*ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥੧॥*
*ਇਹ ਬੇਨੰਤੀ ਸੁਣਿ ਪ੍ਰਭ ਮੇਰੇ॥ ਦੇਹਿ ਨਾਮੁ ਕਰਿ ਅਪਣੇ ਚੇਰੇ॥੧॥ਰਹਾਉ॥*
*ਅਪਣੀ ਸਰਣਿ ਰਾਖੁ ਪ੍ਰਭ ਦਾਤੇ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ॥੨॥*
*ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥ ੩ ॥*
*ਨਾਨਕੁ ਏਕ ਕਰੈ ਅਰਦਾਸਿ ॥ ਵਿਸਰੁ ਨਾਹੀ ਪੂਰਨ ਗੁਣਤਾਸਿ ॥ ੪ ॥*

(ਅੰਗ ੭੪੨)

*"ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ॥*

(ਅੰਗ ੮੨੪)

ਗੁਰੂ ਮਹਾਰਾਜ ਜੀ ਦੇ ਦਰਸ਼ਨਾਂ ਬਾਰੇ ਅਰਦਾਸ ਹੋ ਰਹੀ ਹੈ। ਇਕ ਪੀਰ ਜੀ, ਸੂਫੀ ਮੁਸਲਮਾਨ ਫਕੀਰ, ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਅਤੇ ਕੰਧ ਵਲ ਮੂੰਹ ਕਰਕੇ ਬਹਿ ਗਿਆ, ਉਹਦੇ ਸ਼ਿਸ਼ ਕਹਿੰਦੇ ਨੇ ਪੀਰ ਜੀ ਕੋਈ ਬਚਨ, ਕਹਿੰਦੇ ਨਹੀਂ ਕੋਈ ਬਚਨ ਨਹੀਂ ਕਰਨਾ, ਕਹਿੰਦੇ ਕਿਉਂ ?

ਕਹਿੰਦੇ ਗੁਰੂ ਨਾਨਕ ਜੀ ਨਾਲ ਹੋ ਗਏ ਨੇ ਬਚਨ।

ਇਉਂ ਬੈਠੇ ਕਈ ਦਿਨ ਲੰਘ ਗਏ। ਫਿਰ ਕਹਿਣ ਲੱਗੇ ਕੋਈ ਬਚਨ, ਕਹਿੰਦੇ ਬੱਸ ਮੇਰੇ ਮੱਥੇ ਨਾ ਕੋਈ ਲੱਗੇ। ਮੈਂ ਗੁਰੂ ਨਾਨਕ ਜੀ ਦੇ ਦਰਸ਼ਨ ਕਰ ਲਏ ਨੇ, ਹੁਣ ਮੈਂ ਕਿਸੇ ਦੇ ਦਰਸ਼ਨ ਕਰਨੇ ਚਾਹੁੰਦਾ ਹੀ ਨਹੀਂ। ਕੰਧ ਵੱਲ ਮੂੰਹ ਕਰਕੇ ਬੈਠਾ ਹੈ। ਇਸ ਨੇ ਸਰੀਰ ਛੱਡਣਾ ਸੀ। ਗੁਰੂ ਨਾਨਕ ਜੀ ਨੇ ਸੁਨੇਹਾ ਘੱਲਿਆ ਕਰਤਾਰਪੁਰ ਤੋਂ, ਕਹਿਣ ਲੱਗੇ ਭਾਈ ਇਹ ਪਿਆਰ ਵਾਲਾ ਪੀਰ ਲੋਕ ਹੈ। ਪਿਆਰ ਵਾਲਾ ਹੈ। ਉਹਨੂੰ ਸਾਡਾ ਸੰਦੇਸ਼ਾ ਸਿੱਖਾ ਦੇ ਆ ਜਾ ਕੇ। ਚਾਲੀ ਦਿਨ ਬਾਅਦ ਅਸੀਂ ਜੋਤੀ-ਜੋਤ ਸਮਾਉਣੈਂ। ਸਾਰੇ ਬ੍ਰਹਿਮੰਡਾਂ ਵਿਚ ਰੋਸ਼ਨੀ ਹੋਏਗੀ।

ਜਦੋਂ ਅਸੀਂ ਸੱਚਖੰਡ ਜਾਣੈਂ। ਉਸ ਰੋਸ਼ਨੀ ਵਿਚ ਉਹ ਵੀ ਲੰਘ ਜਾਏ। ਚਾਲੀ ਦਿਨ ਉਹਨੂੰ ਇਹ ਕਹੋ। ਜਿਥੇ ਏਨਾ ਸਮਾਂ ਕੱਢਿਆ ਹੈ। ਉਹਨੂੰ ਕਹੋ ਚਾਲੀ ਦਿਨ ਹੋਰ ਕੰਧ

ਵੱਲ ਮੂੰਹ ਕਰਕੇ ਬੈਠਾ ਰਹੇ। ਫਿਰ ਚੱਲਾਂਗੇ ਨਾਲ ਹੀ ਚੱਲੀਂ ਭਾਈ।

ਬਹੁਤ ਸਾਰੇ ਇਸ ਤਰ੍ਹਾਂ ਇਕੱਠੇ ਗਏ ਨੇ।

ਜਿਨ੍ਹਾਂ ਨੂੰ ਗੁਰੂ ਦਰਸ਼ਨਾਂ ਦੀ ਕਦਰ ਹੈ, ਸਾਧ ਸੰਗਤ ਉਹਨਾਂ ਨੂੰ ਹੀ ਮਿਲਦੀ ਹੈ। ਸੋ ਇਹ ਗੁਰਦੁਆਰੇ ਜਾਂਦੇ ਨੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਦੇ ਨੇ, ਨਮਸਕਾਰ ਕਰਦੇ ਨੇ।

ਹੁਕਮਨਾਮੇ ਲੈਂਦੇ ਨੇ, ਫਿਰ ਆਪਣੇ ਕਾਰੋਬਾਰ ਵਿਚ ਲਗਦੇ ਨੇ। ਕਈ ਲੋਕ ਤਾਂ ਮਹੀਨਾ-ਮਹੀਨਾ ਹੀ ਨਹੀਂ ਗੁਰਦੁਆਰੇ ਜਾਂਦੇ।

ਉਹਨਾਂ ਨੂੰ ਅਜੇ ਸਮਝ ਹੀ ਨਹੀਂ ਆਈ। ਬੜੀਆਂ ਇਸ ਵਿਚ ਬੇਨਤੀਆਂ ਅਰਦਾਸਾਂ, ਵਿਚਾਰਾਂ ਹਨ, ਅੱਗੇ ਚਲੀਏ। ਗੁਰੂ ਜੀ ਆਪਣੀ ਜਗ੍ਹਾ ਤੇ ਆ ਕੇ ਬੀਰ ਆਸਣ ਹੋ ਕੇ ਬੈਠ ਗਏ।

ਇਸ਼ਾਰਾ ਹੋਇਆ, ਆਸਾ ਦੀ ਵਾਰ ਦੀ ਸਮਾਪਤੀ ਹੋ ਗਈ। ਉਹਨਾਂ ਨੇ ਅਰਜ਼ ਕੀਤੀ ਸੱਚੇ ਪਾਤਸ਼ਾਹ ਆਸਾ ਦੀ ਵਾਰ ਦਾ ਕੀਰਤਨ ਕਰਦਿਆਂ ਹੋਇਆਂ ਗਲਤੀਆਂ ਦੀ ਖਿਮਾਂ ਕਰਨੀ, ਕਾਮ, ਕਰੋਧ, ਲੋਭ, ਮੋਹ, ਅਹੰਕਾਰ ਤੋਂ ਬਚਾਉਣਾ, ਗੁਰੂ ਚਰਨਾਂ ਦੀ ਪ੍ਰੀਤੀ ਬਖਸ਼ਣੀ, ਮੱਥਾ ਟੇਕਿਆ ਉਹ ਆਪਣੀ ਜਗ੍ਹਾ ਬੈਠ ਗਿਆ।

ਗੁਰੂ ਜੀ ਨੇ ਸਾਰਿਆਂ ਵੱਲ ਵੇਖਿਆ, ਕਿਉਂਕਿ ਬੇਅੰਤ ਹਜ਼ਾਰਾਂ ਹੀ ਸੰਗਤ ਸੀ। ਸਾਰਿਆਂ ਨੂੰ ਇਉਂ ਲਗਿਆ ਬਈ ਮਹਾਰਾਜ ਮੇਰੇ ਵਲ ਹੀ ਵੇਖਦੇ ਨੇ।

***ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਹੈ ਕਿਸੈ ਘਣੇਰੀ॥***

(ਅੰਗ ੧੧੯)

ਮਹਾਰਾਜ ਜੀ ਦੀ ਨਿਗ੍ਹਾ ਸਾਰਿਆਂ ਤੇ ਹੈ। ਕਿਸੇ ਤੇ ਥੋੜੀ ਹੈ ਕਿਸੇ ਤੇ ਘਨੇਰੀ, ਮਤਲਬ ਜ਼ਿਆਦਾ।

ਜੇ ਕੋਈ ਕਹੇ ਕਿ ਮਹਾਰਾਜ ਦੀ ਮੇਰੇ ਤੇ ਕਿਰਪਾ ਨਹੀਂ, ਮਹਾਰਾਜ ਦੀ ਕਿਰਪਾ ਤੋਂ ਬਿਨਾਂ ਤੇ ਪੱਤਾ ਵੀ ਨਹੀਂ ਹਿਲਦਾ। ਕਿਰਪਾ ਹੀ ਹੈ ਭਾਈ।

ਜਿਸ ਇਨਸਾਨ ਦਾ ਸਰੀਰ ਤੰਦਰੁਸਤ ਹੈ, ਰਾਜ਼ੀ ਖੁਸ਼ੀ ਹੈ, ਕਿਰਪਾ ਹੀ ਹੈ। ਜੇ ਸਰੀਰ ਕਰਕੇ, ਜਿਵੇਂ ਦਿੱਲੀ ਦੇ ਵਿਚ ਬੈਠੇ ਨੇ ਪ੍ਰੇਮੀ। ਕਹਿੰਦੇ ਜਾਣਾ ਹੈ ਇਕ ਤੁਹਾਨੂੰ ਯਾਦ ਕਰਦਾ। ਮੈਂ ਕਿਹਾ ਚਲੋ-ਚੌਥੀ ਮੰਜ਼ਿਲ ਤੇ ਲੈ ਗਏ। ਸੋ ਸਰਦਾਰ ਜੀ ਤੜਫੇ, ਨਾ ਰੋਟੀ ਖਾਣੀ, ਪੱਖਾ ਵੀ ਬੰਦ, ਬਹੁਤੀ ਬੁਰੀ ਹਾਲਤ। ਸੋ ਜਿਸ ਦਾ ਸਰੀਰ ਤੰਦਰੁਸਤ ਹੈ ਭਜਨ ਪਾਠ ਕਰਦਾ ਹੈ, ਸੇਵਾ ਕਰਦਾ ਹੈ, ਬੰਦਗੀ ਕਰਦਾ ਹੈ, ਉਸ ਤੇ ਗੁਰੂ

ਮਹਾਰਾਜ ਜੀ ਦੀ ਕਿਰਪਾ ਹੈ। ਬੜੀ ਮੇਹਰ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪੁਛਿਆ ਸੀ ਸਿੱਖਾਂ ਨੇ ਸੱਚੇ ਪਾਤਸ਼ਾਹ, ਜਿਹਦੇ ਤੇ ਤੁਹਾਡੀ ਕਿਰਪਾ ਹੋਵੇ ਉਸਦੀ ਨਿਸ਼ਾਨੀ ਕੀ ਹੈ? ਮਹਾਰਾਜ ਕਹਿੰਦੇ ਮੈਂ ਅੰਮ੍ਰਿਤਧਾਰੀ ਸਿੰਘ ਨੂੰ ਸਿੱਖ ਦੇ ਘਰ ਘੱਲ ਦੇਨਾਂ ਬਈ ਲੈ ਇਸਦੀ ਸੇਵਾ ਕਰ ਲੈ।

ਜੇ ਮਹਾਰਾਜ ਹੋਰ ਕਿਰਪਾ ਕਰੇ, ਕਹਿੰਦੇ ਫਿਰ ਮੈਂ ਪੰਜ ਭੇਜ ਦਿੰਦਾ ਹਾਂ ਬਈ ਲੈ ਆਹ ਆਏ ਨੇ ਸਿੰਘ ਇਹਨਾਂ ਦੀ ਸੇਵਾ ਕਰ ਲੈ। ਮਹਾਰਾਜ ਜੇ ਤੁਸੀਂ ਬਹੁਤੇ ਹੀ ਤਰੁੱਠ ਜਾਉ ਤੇ, ਕਹਿੰਦੇ ਫਿਰ ਮੈਂ ਸੰਗਤ ਹੀ ਘਰ ਭੇਜ ਦਿੰਦਾਂ। ਲੈ ਹੁਣ ਨਾ ਵੇਹਲਾ ਰਹੀਂ ਸੇਵਾ ਕਰ ਲੈ, ਸਮੇਂ ਤੋਂ ਲਾਭ ਉਠਾ ਲੈ, ਇਹ ਖੁਸ਼ੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀਆਂ। ਫਿਰ ਗੁਰੂ ਜੀ ਕਹਿਣ ਲੱਗੇ, ਖਾਲਸਾ ਜੀ ਗੁਰਮੁਖੋ ਇਕ ਸਾਡੀ ਖੁਸ਼ੀ ਹੋਰ ਵੀ ਹੈ।

ਬੇਨਤੀ ਕੀਤੀ ਮਹਾਰਾਜ ਉਹ ਕੀ? ਕਹਿੰਦੇ ਸਭ ਕੁਝ ਪਾ ਕੇ ਫਿਰ ਦੁਖੀ ਹੁੰਦਾ, ਫਿਰ ਕਰਦਾ ਅਰਦਾਸਾਂ ਸੱਚੇ ਪਾਤਸ਼ਾਹ ਕਿਰਪਾ ਕਰੋ, ਫਿਰ ਗੁਰੂ ਦੁਖ ਦੀ ਜ਼ੰਜੀਰ ਨਾਲ ਆਪਣੇ ਵਲ ਖਿੱਚ ਲੈਂਦਾ, ਕਿਉਂਕਿ ਉਹਨੂੰ ਮਾੜੇ ਪਾਸੇ ਨਹੀਂ ਜਾਣ ਦਿੰਦਾ।

ਸੋ ਸਾਰੀ ਸੰਗਤ ਦਰਸ਼ਨ ਕਰ ਕਰਕੇ ਨਿਹਾਲ ਹੋ ਰਹੀ ਹੈ।

*"ਨਾਨਕ ਨਦਰੀ ਨਦਰਿ ਨਿਹਾਲ॥"*

ਇਹਦੇ ਵਿਚ ਤਿੰਨ ਅੰਵਸਥਾਂ ਨੇ - ਨਦਰੀ ਇਹਦੇ ਵਿਚ ਸਾਰੇ ਕਾਰੋਬਾਰ ਕਿਰਪਾ ਨਾਲ ਚਲ ਰਹੇ ਨੇ।

ਨਦਰੀ, ਨਦਰ-ਇਹ ਵੱਡੀ ਬਖਸ਼ਿਸ਼ ਹੈ।

ਨਿਹਾਲ-ਇਹ ਤਾਂ ਰੱਬ ਨਾਲ ਜੁੜਨ ਵਾਲੀ ਗੱਲ ਹੈ। ਇਹ ਤਿੰਨ ਅਵਸਥਾਂ ਨੇ ਇਹਦੇ ਵਿਚ।

*"ਨਾਨਕ ਨਦਰੀ ਨਦਰਿ ਨਿਹਾਲ॥"* (ਅੰਗ ੮)

ਇਥੇ ਸੰਗਤਾਂ ਗੁਰੂ ਚਰਨਾਂ ਵਿਚ ਜੁੜੀਆਂ, ਬੜੇ-ਬੜੇ ਸੂਰਮੇ ਬਹਾਦਰ ਸੰਗਤ ਵਿਚ ਬੈਠੇ ਸਨ ਜੋ ਕਿ ਸ਼ਸਤਰਧਾਰੀ ਸਨ, ਕਿਉਂਕਿ ਪਹਿਲਾਂ ਯੁਧ ਹੋ ਚੁੱਕੇ ਨੇ, ਭੰਗਾਣੀ ਦਾ ਯੁਧ ਹੋ ਗਿਆ। ਸੰਨ ੧੬੯੦ ਦਾ ਹੋ ਗਿਆ, ੧੬੯੩ ਦਾ ਹੋ ਗਿਐ। ੧੬੯੬ ਦਾ ਹੋ ਗਿਐ, ਹੁਣ ੧੬੯੯ ਆ ਗਿਆ।

ਇਸ ਕਰਕੇ ਬੜੇ-ਬੜੇ ਸ਼ਸਤਰਧਾਰੀ ਸਿੱਖ, ਜਿਹੜੇ ਗੁਰ ਮਹਾਰਾਜ ਜੀ ਦੇ

ਸੰਗਤ ਵਿਚ ਬੈਠੇ ਸਨ, ਬੜੇ-ਬੜੇ ਸੂਰਮੇ ਬਹਾਦਰ, ਔਰ ਬੜੀਆਂ-ਬੜੀਆਂ ਕਰਨੀਆਂ ਕਮਾਈਆਂ ਵਾਲੇ। ਨਾਮ-ਰਸੀਏ ਵੀ ਸਾਧ ਸੰਗਤ ਵਿਚ ਸਨ, ਕਿਉਂਕਿ ਬੜੀ ਪੁਰਾਣੀ ਸਿੱਖੀ ਹੋ ਚੁੱਕੀ ਹੈ, ਗੁਰੂ ਨਾਨਕ ਜੀ ਤੋਂ ਲੈ ਕੇ। ਇਹ ਜੋਤ ਜਦੋਂ ਛੇਵੇਂ ਜਾਮੇ ਵਿੱਚ ਗੁਰੂ ਹਰਿਗੋਬਿੰਦ ਮਹਾਰਾਜ ਜੀ ਦੇ ਰੂਪ ਵਿਚ ਕੰਮ ਕਰ ਰਹੇ ਸਨ। ਯਾਦ ਰਹੇ ਪਹਿਲੇ ਯੁਧ ਵਿਚ ੧੩ ਕੁ ਗੁਰਮੁਖ ਪਿਆਰੇ ਸ਼ਹੀਦ ਹੋਏ ਸਨ।

ਫਿਰ ਇਹ ਬੜੀਆਂ-ਬੜੀਆਂ ਸ਼ਹੀਦੀਆਂ- ਇਕ ਬਚਨ ਗੁਰੂ ਮਹਾਰਾਜ ਜੀ ਕਰਦੇ ਸਨ। ਬੜੇ-ਬੜੇ ਗੁਰਮੁਖ, ਜੰਗਾਂ ਜੁੱਧਾਂ ਵਿਚ ਬੜੀਆਂ ਬੜੀਆਂ ਬਹਾਦਰੀਆਂ...........।

ਉਹੀ ਜੋਤ ਦਸਵੇਂ ਜਾਮੇ ਵਿਚ ਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਭਾਵੇਂ ਪੁਰਾਣਾ ਨਾਮ ਗੋਬਿੰਦ ਰਾਏ ਹੈ।

ਹੁਣ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿਣਾ ਪਏਗਾ। ਸੋ ਇਸ ਤਰ੍ਹਾਂ ਬੇਅੰਤ ਸੰਗਤ ਬੜੇ-ਬੜੇ ਨਾਮ-ਰਸੀਏ ਬੰਦਗੀ ਕਰਨ ਵਾਲੇ, ਤੇ ਕਈ-ਕਈ ਨਵੀਂ ਸੰਗਤ ਵੀ ਆਈ ਹੋਣੀ ਹੈ। ਦੂਰੋਂ-ਦੂਰੋਂ ਜੋ ਆਏ ਸਨ ਦਰਸ਼ਨ ਕਰਨ।

ਉਸ ਵੇਲੇ ਗੁਰੂ ਜੀ ਮਿਆਨ ਕਹੋ, ਇਹਦੇ ਕਈ ਅਰਥ ਨੇ- ਕੋਸ਼ ਕਹੋ, ਮਿਆਨ ਕਹੋ, ਕਿਰਪਾਨ ਕਹੋ, ਕਿਰਪਾ ਆਨ ਕਹੋ, ਤਲਵਾਰ ਕਹੋ, ਸ਼ਮਸ਼ੀਰ ਕਹੋ, ਬੜੇ ਨਾਂ ਨੇ। ਸ੍ਰੀ ਸਾਹਿਬ ਕੱਢੀ, ਸੱਜੇ ਹੱਥ 'ਚ ਲੈ ਕੇ ਖੜੇ ਹੋ ਗਏ। ਕੁਝ ਬਚਨ ਸਾਧ ਸੰਗਤ ਜੀ ਗੁਰੂ ਸਾਹਿਬ ਨੇ ਕਹੇ, ਮੈਂ ਇਹ ਤੇ ਨਹੀਂ ਕਹਿੰਦਾ ਕਿ ਹੂ-ਬ-ਹੂ ਕਹਾਂਗਾ ਕੋਈ ਅੱਖਰ ਵੱਧ ਘੱਟ ਨਹੀਂ ਹੋ ਸਕਦਾ ਹੈ। ਪਤਾ ਨਹੀਂ ਕਿੰਨੇ ਕੁ ਹੋ ਜਾਣੇ ਨੇ। ਪਰ ਚਲੋ ਜਿੰਨੇ ਕੁ ਯਾਦ ਨੇ ਉਹ ਤੇ ਮਹਾਰਾਜ ਨੂੰ ਅਰਦਾਸ ਕਰੀਏ, ਮਹਾਰਾਜ ਕਿਰਪਾ ਕਰੋ।

"ਗੁਰੂ ਸਾਹਿਬ ਕਹਿਣ ਲੱਗੇ, ਗੁਰੂ ਨਾਨਕ ਨਾਮ ਲੇਵਾ ਸਾਧ ਸੰਗਤ ਜੀ ਗੁਰੂ ਪਿਤਾ ਗੁਰੂ ਤੇਗ ਬਹਾਦਰ ਮਹਾਰਾਜ ਜੀ ਦਾ ਵਸਾਇਆ ਹੋਇਆ ਇਹ ਪਵਿੱਤਰ ਸਥਾਨ ਅਨੰਦਪੁਰ ਸਾਹਿਬ, ਜਿਥੇ ਤੁਸੀਂ ਸਾਲ ਬਾਅਦ ਵਿਸਾਖੀ ਦੇ ਸਬੰਧ ਵਿਚ ਬੜੀ-ਬੜੀ ਦੂਰ ਤੋਂ ਔਰ ਕੋਈ ਪੈਦਲ, ਕੋਈ ਹਾਥੀਆਂ ਤੇ, ਕੋਈ ਘੋੜਿਆਂ ਤੇ, ਕੋਈ ਗੱਡਿਆਂ ਤੇ ਆਪ ਜੀ ਇਥੇ ਹੁੰਮ-ਹੁੰਮਾ ਕੇ ਕਈ ਦਿਨਾਂ ਤੋਂ ਪਹੁੰਚ ਰਹੇ ਹੋ।

ਥਾਵਾਂ-ਥਾਵਾਂ ਤੇ ਲੰਗਰਾਂ ਦੇ ਪ੍ਰਬੰਧ, ਇਸ ਪੰਡਾਲ ਵਿਚ ਦੂਰ-ਦੂਰ ਤੋਂ ਆਈ ਹੋਈ ਸਾਧ ਸੰਗਤ, ਇਹ ਬਚਨ ਧਿਆਨ ਨਾਲ ਸਰਵਣ ਕਰਨੇ, ਆਪ ਸਭ ਨੂੰ ਪਤਾ ਹੈ ਕਿ ਸਾਡੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ

ਤੱਤੀ ਲੋਹ ਤੇ ਬੈਠੇ। ਕਿਸ ਤਰ੍ਹਾਂ ਹੋਇਆ, ਕਿਸ ਤਰ੍ਹਾਂ ਆਪ ਜੀ ਨੇ ਸ਼ਹੀਦੀ ਦਿੱਤੀ? ਇਸ ਜ਼ੁਲਮ ਦੀ ਅੱਗ ਨੂੰ ਬੁਝਾਉਣ ਵਾਸਤੇ। ਪਰ ਵਿਚੇ-ਵਿਚ ਧੁਖਾ-ਧੁਖੀ ਚਲਦੀ ਰਹੀ। ਸਮਾਂ ਆਉਣ ਤੇ ਸਾਡੇ ਦਾਦਾ ਗੁਰੂ ਹਰਿਗੋਬਿੰਦ ਜੀ ਮਹਾਰਾਜ ਨੇ ਚਾਰ ਯੁਧ ਕੀਤੇ। ਗੁਰੂ ਸਾਹਿਬ ਦਾ ਕਿਸੇ ਨਾਲ ਵੈਰ ਨਹੀਂ ਪਰ ਜਿਹੜੇ ਚੜ੍ਹ ਕੇ ਆਉਂਦੇ ਸਨ ਉਹਨਾਂ ਨੂੰ ਸਾਡੇ ਦਾਦਾ ਜੀ ਨੇ ਚੰਗੇ ਸਬਕ ਸਿਖਾਏ, ਜ਼ੁਲਮ ਦਾ ਨਾਸ ਕੀਤਾ, ਸ਼ਾਹ ਜਹਾਨ ਦੇ ਹਥਿਆਰ ਖੁੰਢੇ ਕੀਤੇ, ਪਰ ਵਿਚੇ-ਵਿਚ ਧੁਖਾ-ਧੁਖੀ ਚਲਦੀ ਰਹੀ। ਇਜ਼ਤਾਂ ਲੁੱਟੀਆਂ ਜਾਂਦੀਆਂ ਰਹੀਆਂ, ਜ਼ਬਰਦਸਤੀ ਮੁਸਲਮਾਨ ਬਣਾਏ ਗਏ। ਜਨੇਊ ਲਾਹੇ ਗਏ। ਅਰ ਸ਼ਰੇਆਮ ਬਜ਼ਾਰਾਂ ਵਿਚ ਗਾਈਆਂ ਵੱਢੀਆਂ ਗਈਆਂ।


ਸਾਡੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਚਾਂਦਨੀ ਚੌਂਕ ਕੁਝ ਦਿਨ ਲੋਹੇ ਦੇ ਪਿੰਜਰੇ ਵਿਚ ਰਹਿ ਕੇ ਆਪਣੇ ਸੀਸ ਦਾ ਬਲੀਦਾਨ ਦਿੱਤਾ। ਸ਼ਹੀਦੀ ਪ੍ਰਾਪਤ ਕੀਤੀ। ਇਸ ਦੇਸ਼ ਵਿਚ ਸਾਡੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਬਹੁਤ ਵੱਡੀ ਦੇਣ ਹੈ। ਪਰ ਯਾਦ ਰਹੇ ਇਹ ਥੋੜੇ ਹੀ ਦਿਨਾਂ ਦੀ ਗੱਲ ਹੈ। ਪਰ ਉਹ ਜ਼ੁਲਮ ਕਰਨ ਵਾਲੇ ਲੋਕ, ਧਰਮ ਦੇ ਖਿਲਾਫ ਕਦਮ ਚੁੱਕਣ ਵਾਲੇ ਲੋਕ, ਵਿਚੇ-ਵਿਚ ਮਨਸੂਬੇ ਘੜਦੇ ਰਹੇ।

ਭੰਗਾਣੀ ਦਾ ਯੁਧ ਹੋਇਐ, ਕਿਹਨੂੰ ਨਹੀਂ ਇਸ ਗੱਲ ਦਾ ਪਤਾ, ਕੋਈ ਦੂਰ-ਦੁਰੇਡੇ ਤੋਂ ਸੰਗਤ ਆਈ ਹੈ, ਉਹਨੂੰ ਵੀ ਪਤਾ ਲੱਗ ਜਾਏਗਾ।

ਚਾਰ ਯੁੱਧ ਲੜ ਚੁੱਕੇ ਹਾਂ ਅਕਾਲਪੁਰਖ ਪਿਤਾ ਜੀ ਦੀ ਕਿਰਪਾ ਨਾਲ, ਔਰ ਚੌਹਾਂ ਵਿਚ ਜਿੱਤ ਹੋਈ ਹੈ। ਹੁਣ ਇਸ ਧਰਮ ਨੂੰ ਪਰਪੱਕ ਕਰਨ ਵਾਸਤੇ, ਸਦਾ ਵਾਸਤੇ ਗੁਰੂ ਨਾਨਕ ਦੀ ਗੁਰਸਿੱਖੀ ਪਰਫੁਲਤ ਰਹੇ। ਅਸੀਂ ਚਾਹੁੰਦੇ ਹਾਂ ਗੁਰੂ ਨਾਨਕ ਮਹਾਰਾਜ ਦਾ ਚਲਾਇਆ ਹੋਇਆ ਪੰਥ ਇਹ ਸਦਾ ਵਾਸਤੇ ਧਰਤੀ ਤੇ ਧਰਮ ਕਾਇਮ ਰਹੇ - ਇਹ ਗੁਰੂ ਨਾਨਕ ਜੀ ਦੀ ਗੁਰਸਿੱਖੀ ਦਿਨ-ਦੋਗੁਣੀ ਰਾਤ ਚੌਗੁਣੀ ਪਰਫੁਲਤ ਰਹੇ। ਪਰ ਸਾਧ ਸੰਗਤ ਜੀ ਇਸ ਵੱਡੇ ਮਹਾਨ ਕਾਰਜ ਵਾਸਤੇ ਇਕ ਸਿਰ ਦੀ ਲੋੜ ਹੈ।

ਸਾਧਸੰਗਤ ਉਸੇ ਵੇਲੇ ਹੀ, ਇਹ ਜੋ ਬਚਨ ਮੈਂ ਬਹੁਤ ਪੁਰਾਣੀਆਂ ਲਿਖਤਾਂ ਵਿਚੋਂ ਗੁਰੂ ਮਹਾਰਾਜ ਜੀ ਦੇ ਕਹੇ ਨੇ, ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਗੁਰੂ ਨਾਨਕ ਸਰੂਪ ਨੇ, ਕੋਈ ਅੱਖਰ ਵੱਧ-ਘੱਟ ਹੋ ਗਏ ਹੋਣਗੇ। ਆਪ ਜੀ ਨੇ ਮਾਫ ਕਰਨਾ।

ਸੋ ਵਿਚਾਰ ਹੋ ਰਹੀ ਸੀ। ਉਸੇ ਵੇਲੇ ਦਇਆ ਰਾਮ ਲਾਹੌਰ ਦੇ ਰਹਿਣ ਵਾਲਾ, ਪਿਛਲੇ ਜਨਮ ਵਿਚ ਜਿਹੜੇ ਲਵ ਅਤੇ ਕੁਛ ਹੋਏ ਨੇ, ਇਹ ਲਵ ਦਾ ਅਵਤਾਰ ਸਨ। ਭਾਵ ਪਵਿੱਤਰ ਆਤਮਾ ਬੜੀ ਜਨਮਾਂ-ਜਨਮਾਂ ਦੀ ਕਮਾਈ ਹੈ ਇਹਨਾਂ ਦੀ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅੰਮ੍ਰਿਤ ਤਿਆਰ ਕਰਦੇ ਹੋਏ।



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਤੋਂ ਵਰੋਸਾਏ ਹੋਏ ਬਾਬਾ ਗੁਰਦੀਪ ਸਿੰਘ ਜੀ (ਖੁਬੀਆਂ ਨੰਗਲ, ਯੂ.ਪੀ.)
ਗੁਰਦੁਆਰਾ ਈਸ਼ਰ ਪ੍ਰਕਾਸ਼ ਖੁਬੀਆਂ ਨੰਗਲ ਵਿਖੇ ਦੀਵਾਨ ਵਿਚ ਹਾਜ਼ਰੀ ਭਰਦੇ ਹੋਏ।





ਗੁਰਦੁਆਰਾ ਈਸ਼ਰ ਪ੍ਰਕਾਸ਼ ਖੂਬੀਆਂ ਨੰਗਲ ਵਿਖੇ ਦੀਵਾਨ ਵਿਚ ਹਾਜ਼ਰੀ ਭਰ ਰਹੀਆਂ ਸੰਗਤਾਂ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸੀਸ ਦੀ ਭੇਟਾ ਲੈਂਦੇ ਹੋਏ।



ਦਸਵੀਂ ਪਾਤਿਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਇਹਨਾਂ ਨੇ ਆ ਕੇ ਸਟੇਜ ਤੇ ਮੱਥਾ ਟੇਕਿਆ, ਆਪਣਾ ਸੀਸ ਗੁਰੂ ਜੀ ਦੇ ਪਵਿੱਤਰ ਚਰਨਾਂ ਤੇ ਰੱਖ ਦਿੱਤਾ। ਇਹ ਬੜੇ ਬੰਦਗੀ ਵਾਲੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਸਰੀਰ ਕਰਕੇ ਜਦੋਂ ਆਪ ੧੩ ਸਾਲ ਦੇ ਸਨ ਤੇ ਉਸ ਦਿਨ ਹੀ ਇਹ ਆਏ ਸਨ। ਦਇਆ ਸਿੰਘ ਮਹਾਰਾਜ ਜੀ ਦੀ ਉਮਰ ਵੀ ਉਸ ਦਿਨ ੧੩ ਸਾਲ ਦੀ ਸੀ।

ਚੌਹਾਂ ਯੁਧਾਂ ਵਿਚ ਨਾਲ ਰਹਿਣਾ, ਹਰ ਗੱਲ ਵਿਚ ਸਲਾਹ ਦੇਣੀ, ਇਸ ਕਰਕੇ ਬੜੇ ਨਾਮਰਸੀਏ, ਬੜੇ ਅਭਿਆਸੀ ਵੀ ਸਨ। ਵੱਡੀਆਂ ਬਖਸ਼ੀਸ਼ਾਂ ਸਨ ਇਹਨਾਂ ਤੇ, ਜਦੋਂ ਤਮੋਲ ਭੇਜਿਆ ਹੈ, ਇਹਨਾਂ ਨੂੰ ਮੁਖੀ ਬਣਾ ਕੇ ਭੇਜਿਆ ਸੀ ਪਾਉਂਟਾ ਸਾਹਿਬ ਤੋਂ। ਇਹ ਉਹ ਹੀ ਦਇਆ ਸਿੰਘ ਜੀ ਸਨ, ਪੁਰਾਣਾ ਨਾਮ ਦਇਆ ਰਾਮ ਜੀ ਹੈ।

ਮਹਾਰਾਜ ਜੀ ਨੇ ਇਸ਼ਾਰਾ ਕੀਤਾ, ਉਤੇ ਹੀ ਆ ਜਾ। ਸਟੇਜ 'ਤੇ ਚੜ੍ਹ ਕੇ ਇਹਨਾਂ ਨੇ ਸੀਸ ਨਿਵਾ ਦਿਤੈ। ਹੱਥ ਜੋੜੇ ਹੋਏ ਨੇ, ਗੁਰੂ ਸਾਹਿਬ ਨੇ ਗਰਦਨ ਤੇ ਵਾਰ ਕੀਤਾ, ਸੀਸ ਤੇ ਨਹੀਂ। ਸੀਸ ਅਲਹਿਦਾ ਅਤੇ ਧੜ ਅਲਹਿਦਾ। ਸਾਰੀ ਸੰਗਤ ਨੇ ਵੇਖ ਲਿਆ ਹੈ ਕਿ ਦਇਆ ਰਾਮ ਜੀ ਦਾ ਸੀਸ, ਗੁਰੂ ਮਹਾਰਾਜ ਜੀ ਨੇ ਲਾਹ ਦਿਤਾ ਹੈ।

ਫਿਰ ਸੰਗਤ ਨੂੰ ਦਰਸ਼ਨ ਦਿੰਦੇ ਹੋਇਆਂ ਕਿਹਾ - ਸਾਧ ਸੰਗਤ ਜੀ ਇਕ ਸਿਰ ਹੋਰ ਚਾਹੀਦਾ ਹੈ। ਦੂਸਰੇ ਪਿਆਰੇ ਧਰਮ ਚੰਦ ਜੀ ਭਗਤ ਧੰਨਾ ਜੀ ਦੀ ਪਵਿੱਤਰ ਆਤਮਾ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਰਾਜਸਥਾਨ ਜ਼ਿਲਾ ਟੋਂਕ ਧੂਆਨ ਨਗਰ ਵਿਚ ਹੋਏ ਨੇ, ਜਦੋਂ ਇਹਨਾਂ ਦੀ ੮੦ ਸਾਲ ਦੀ ਉਮਰ ਸੀ, ਗੁਰੂ ਨਾਨਕ ਜੀ ਨੇ ਜਾ ਦਰਸ਼ਨ ਦਿੱਤੇ, ਕਹਿਣ ਲੱਗੇ ਧੰਨਾ ਜੀ ਤੁਹਾਡੇ ਤੇ ਅੱਗੇ ਹੀ ਰੱਬ ਕੰਮ ਕਰਦੈ, ਤੇ ਹੋਰ ਵ੍ਹੀ ਬਖਸ਼ਿਸ਼ ਹੋਈ।

ਗੁਰੂ ਜੀ ਨੇ ਮੇਹਰ ਕੀਤੀ, ਇਹ ਹੁਣ ਉਹੀ ਗੁਰੂ ਨਾਨਕ ਜੀ ਦੀ ਜੋਤ ਦਸਵੇਂ ਜਾਮੇ ਵਿਚ ਆਈ। ਇਹ ਭਗਤ ਧੰਨਾ ਦੇ ਅਵਤਾਰ ਧਰਮ ਚੰਦ ਜੀ- ਕੁਝ ਬਾਣੀ ਪੜ੍ਹਦੇ ਆਉਂਦੇ ਨੇ, ਕੋਈ ਰਸਨਾ ਖਾਲੀ ਨਾ ਰਹੇ-

*ਗੋਪਾਲ ਤੇਰਾ ਆਰਤਾ ॥*

*ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥*

(ਅੰਗ ੬੯੫)

ਧਰਮ ਚੰਦ ਜੀ ਦਿੱਲੀ ਤੋਂ ਲੱਗ-ਪਗ ੧੦੦ ਕਿਲੋਮੀਟਰ ਦੂਰ ਪੂਰਬ ਦਿਸ਼ਾ ਵਿਚ ਹਸਤਨਾਪੁਰ ਜ਼ਿਲਾ ਮੁਜ਼ਫਰਨਗਰ ਦੇ ਨਿਵਾਸੀ ਸਨ। ਭਾਈ ਧਰਮ ਚੰਦ ਤੇ ਭਾਈ

ਕਰਮ ਚੰਦ ਦੋ ਭਾਈ ਸਨ। ਕਰਮ ਚੰਦ ਦੀ ਅੰਸਾ ਵਿਚੋਂ ਅੱਜੇ ਵੀ ਉਥੇ ਰਹਿੰਦੇ ਹਨ। ਧਰਮ ਚੰਦ ਜੀ ਨੇ ਵਿਆਹ ਨਹੀਂ ਸੀ ਕਰਾਇਆ। ਆਪ ਜੀ ਦੀ ੨੫੦੦ ਵਿਘਾ ਜ਼ਮੀਨ ਸੀ ਖੇਤੀ ਬਾੜੀ ਦੇ ਕੰਮ ਵਾਸਤੇ ਆਪ ਨੌਕਰ ਰੱਖਦੇ ਸਨ ਅਤੇ ਆਪਣੇ ਖੇਤ ਦੇ ਵਿਚ ਬਾਗ਼ ਵਿਚ ਭਜਨ-ਬੰਦਗੀ ਕਰਦੇ ਸਨ। ਧਰਮ ਚੰਦ ਜੀ ਲੱਗ-ਪਗ ੨੫ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸ਼ਰਨ ਵਿਚ ਅਨੰਦਪੁਰ ਸਾਹਿਬ ਗਏ ਅਤੇ ਪੰਜਾਂ ਪਿਆਰਿਆਂ ਦੀ ਚੋਣ ਸਮੇਂ ਭਾਈ ਦਇਆ ਰਾਮ ਜੀ ਤੋਂ ਬਾਅਦ ਦੂਸਰੀ ਵਾਰ ਸਿਰ ਮੰਗਣ 'ਤੇ ਉੱਠ ਕੇ ਗੁਰੂ ਜੀ ਨੂੰ ਆਪਣਾ ਸੀਸ ਭੇਟ ਕੀਤਾ।

ਆਪ ਜੀ ਆ ਕੇ ਮਹਾਰਾਜ ਦੇ ਚਰਨਾਂ 'ਤੇ ਸੀਸ ਰਖਿਐ। ਇਸ਼ਾਰਾ ਕੀਤਾ ਹੈ, ਇਹ ਵੀ ਉਪਰ ਹੀ ਆ ਗਿਆ। ਮਹਾਰਾਜ ਨੇ ਫਿਰ ਵਾਰ ਕੀਤਾ ਗਰਦਨ ਤੇ, ਸੀਸ ਅਲਹਿਦਾ ਅਤੇ ਧੜ ਅਲਹਿਦਾ, ਦੋ ਹੋ ਗਏ।

ਬਚਨ ਕਰਦੇ ਨੇ ਗੁਰੂ ਮਹਾਰਾਜ ਜੀ, ਸਾਧਸੰਗਤ ਜੀ ਇਕ ਸਿਰ ਹੋਰ ਚਾਹੀਦਾ ਹੈ, ਜੇ ਕੋਈ ਕਹੇ ਪਹਿਲਾ ਤਿੰਨ ਆਵਾਜ਼ਾਂ ਨਾਲ ਉਠਿਆ, ਦੂਜਾ ਫਿਰ ਤਿੰਨ ਨਾਲ ਤੇ ਫਿਰ ਜੇਹੜਾ ਪੰਜਵਾਂ ਉਹਨੇ ੧੫ ਸੁਣੀਆਂ-ਵਿਚਾਰਦੇ ਹੀ ਨਹੀਂ। ਐਸੀ ਬਾਤ ਨਹੀਂ ਸੀ, ਬੜੇ-ਬੜੇ ਬੰਦਗੀ ਵਾਲੇ ਨਾਮ-ਰਸੀਏ ਸੰਗਤ ਵਿਚ ਬੈਠੇ ਸਨ।

ਇਸੇ ਜੋਤ ਨੇ ਛੇਵੇਂ ਜਾਮੇ ਵਿਚ ਬਚਨ ਕੀਤਾ ਕੋਈ ਹਟਿਆ ਪਿਛੇ-ਇਹਨਾਂ ਗੁਰੂ ਮਹਾਰਾਜ ਜੀ ਨੇ ਭੰਗਾਣੀ ਇਕ ਬਚਨ ਕੀਤਾ ਤੇ ਸਾਰੇ ਹੀ ਤਿਆਰ, ਹੁਣੇ ਤਿੰਨਾਂ ਸਾਲਾਂ ਵਿਚ ਹੀ ਢਿੱਲੇ ਹੋ ਗਏ। ਐਸਾ ਨਹੀਂ ਹੈ। ਗੁਰਮੁਖ ਸਾਧਸੰਗਤ ਜੀ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ ਨੇ।

*ਨਾਨਕ ਨਾਮ ਚੜ੍ਹਦੀ ਕਲਾ॥*

ਚੜ੍ਹਦੀ ਕਲਾ ਨਾਮ ਜਪਿਆਂ ਹੁੰਦੀ ਹੈ। ਇਹ ਵੀ ਯਾਦ ਰਹੇ। ਸੋ ਵਿਚਾਰ ਹੋ ਰਹੀ ਸੀ, ਤੀਸਰੇ ਗੁਰਮੁਖ ਪਿਅਰੇ ਹਿੰਮਤ ਰਾਏ ਜੀ, ਉਹਨਾਂ ਨੇ ਆ ਮੱਥਾ ਟੇਕਿਆ। ਪਿਛਲੇ ਜਨਮ ਵਿਚ, ਇਹ ਬੱਧਕ ਦਾ ਅਵਤਾਰ ਸਨ। ਜਾਨਵਰ ਫੜਦੇ ਹੁੰਦੇ ਸਨ। ਇਕ ਰਿਖੀ ਜੀ ਨੇ ਸੁਖਣਾ ਸੁਖੀ ਕਿ ਜੇ ਮਹਾਰਾਜ ਬਹੁਤੇ ਜਾਨਵਰ ਮਿਲ ਜਾਣ, ਲੋਕੀਂ ਦਸਵੰਧ ਚੜ੍ਹਾਉਂਦੇ ਮੈਂ ਚੜ੍ਹਾਊਂ ਤੀਜਾ ਹਿੱਸਾ। ਦੋ ਹਿੱਸੇ ਮੇਰੇ ਤੇ ਇਕ ਤੁਹਾਡਾ-ਉਹ ਸੁੱਖ ਕੇ ਜਦੋਂ ਗਿਆ ਜੰਗਲ ਵਿਚ ਬੜੇ ਜਾਨਵਰ ਫੱਸੇ, ਲਿਆਂਦਾ ਵਾਹਵਾ ਮਗਰਾ ਪਾਈ - ਆਹ ਲਉ ਜੀ ਰਿਖੀ ਜੀ ਦੋ ਮੇਰੇ ਇਕ ਤੁਹਾਡਾ, ਦੋ ਮੇਰੇ ਇਕ ਤੁਹਾਡਾ, ਕਹਿੰਦੇ ਇਹ ਕੀ ਕਰਦਾ ਓਏ। ਮਹਾਰਾਜ ਸੁਖਣਾ ਸੁਖੀ ਸੀ। ਕਹਿੰਦੇ ਬੜਾ ਪਾਪ ਕਰਦਾ ਹੈਂ। ਦੇਖ ਜੇ ਤੂੰ

ਦੇਣਾ ਹੈ ਨਾ ਲਿਆ ਕੇ, ਚਤਰਭੁਜ ਫੜ ਕੇ ਲਿਆ। ਜੇ ਨਾ ਲਿਆਂਦਾ ਫਿਰ ਜਾਣਦਾ ਹੀ ਹੈਂ। ਸਾਡੇ ਲੋਕਾਂ ਦੀ ਤੇ ਰਸਨਾ ਹੀ ਹਿਲਣੀ ਹੈ। ਦੇਖ ਲੈ ਫਿਰ ਮਾਫੀਆਂ ਮੰਗਦੈਂ, ਮਹਾਰਾਜ ਨਹੀਂ, ਕੋਈ ਐਸਾ ਬਚਨ ਨਾ ਕਰਿਉ ਮੈਂ ਲਿਆਉਨਾ ਫੜ ਕੇ। ਭੋਲੇ ਨੂੰ ਕੀ ਪਤਾ ਬਈ ਚਤਰਭੁਜ ਪੰਛੀ ਹੁੰਦਾ ਵੀ ਹੈ ਕਿ ਨਹੀਂ। ਤਿੰਨ ਦਿਨ ਜੰਗਲਾਂ 'ਚ ਫਿਰਦਾ ਰਿਹਾ, ਸੋਚਿਆ ਚਲੋ ਰਿਖੀ ਦੇ ਸਰਾਪ ਤੋਂ ਪਤਾ ਨਹੀਂ ਕੀ ਕਹਿ ਦੇਣ ਕਿਥੇ ਗੱਲ ਜਾ ਪਵੇ। ਸੜ ਕੇ ਮਰ ਜਾਨੇ ਆਂ। ਲੱਕੜਾਂ ਇਕੱਠੀਆਂ ਕੀਤੀਆਂ, ਅੱਗ ਵੀ ਲਾ ਦਿੱਤੀ। ਜਦੋਂ ਵਿਚ ਡਿਗਣ ਲੱਗਾ ਤਾਂ ਸਾਹਮਣੇ ਜਾਲ ਵਿਚ ਚਤਰਭੁਜ ਫਟਕ-ਫਟਕ ਉਹ ਵਿਚ ਫਸ ਗਿਆ ਆ ਕੇ, ਇਹਨੇ ਵਲ੍ਹੇਟਿਆਂ ਤੇ ਲੈ ਆਂਦਾ। ਰਿਖੀ ਜੀ ਨੇ ਉਠ ਕੇ ਸਤਿਕਾਰ ਕੀਤਾ। ਮਹਾਰਾਜ ਕਿਵੇਂ ਫਸ ਗਏ ਜਾਲ ਵਿਚ ? ਕਹਿੰਦੇ ਆਪ ਹੀ ਘਲਿਆ ਹੁਣ ਮੈਨੂੰ ਪੁਛਨੈਂ।

***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***

(ਅੰਗ ੧੨੫੩)

ਅਸਲੀ ਰੂਪ ਵਿਚ ਪਰਗਟ ਹੋਏ ਅਤੇ ਇਹ ਬਧਿਕ ਜਿਹੜਾ ਸੀ ਇਹ ਬੜਾ ਰੋ ਰਿਹਾ। ਮਹਾਰਾਜ ਬੜੀ ਭੁੱਲ ਹੋਈ, ਮੈਨੂੰ ਕੀ ਪਤਾ ਸੀ ਕਿ ਤੁਹਾਡਾ ਨਾਂ ਹੈ ਚਤੁਰਭੁਜ, ਮੈਂ ਤੇ ਕਿਹਾ ਕੋਈ ਜਾਨਵਰ ਹੀ ਹੋਣੈ। ਜਦੋਂ ਰੋ-ਰੋ ਕੇ ਬੇਨਤੀਆਂ ਕੀਤੀਆਂ ਕਹਿੰਦੇ ਚੰਗਾ ਭਜਨ ਕਰਿਆ ਕਰ, ਹੁਣ ਸਾਰੇ ਕੰਮ ਛੱਡ ਦੇ, ਸਮਾਂ ਆਏਗਾ, ਤੇਰਾ ਅੱਛੇ ਥਾਂ ਤੇ ਵਾਸਾ ਹੋਏ, ਤੇਰਾ ਫਿਰ ਜਨਮ ਹੋਏਗਾ। ਜਦੋਂ ਗੁਰੂ ਜੋਤਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੰਜ ਪਿਆਰਿਆਂ ਦੀ ਚੋਣ ਕਰਨਗੇ, ਉਦੋਂ ਇਹਦਾ ਨਾਮ ਹਿੰਮਤ ਸਿੰਘ ਰੱਖਾਂਗੇ। ਔਰ ਤੈਨੂੰ ਸਦਾ ਵਾਸਤੇ ਬਖਸ਼ ਦਿਆਂਗੇ।

***ਜੇ ਕੋਈ ਬਖਸ਼ਿਆ ਤੈ ਮਿਲੇ ਤੂੰ ਭੀ ਬਖਸ਼ਿਆ ਜਾਹ॥''*** ਅਮਰ ਕਰ ਦਿਆਂਗੇ।

ਇਹ ਪਿਛਲੇ ਜਨਮ ਦੇ ਉਹ ਸਨ, ਇਹਨਾਂ ਵੀ ਆ ਮੱਥਾ ਟੇਕਿਆ, ਤੇ ਬੇਨਤੀ ਕੀਤੀ ਜੀ ਸੀਸ ਹਾਜ਼ਰ ਹੈ। ਸ੍ਰੀ ਸਾਹਿਬ ਦਾ ਵਾਰ ਹੋਇਆ ਗਰਦਨ ਤੇ, ਇਹਦੇ ਵੀ ਦੋ ਹਿੱਸੇ, ਸੀਸ ਅਲਹਿਦਾ ਅਤੇ ਧੜ ਅਲਹਿਦਾ, ਤਿੰਨ ਹੋ ਗਏ।

ਫਿਰ ਗੁਰੂ ਜੀ ਸੰਗਤ ਨੂੰ ਦਰਸ਼ਨ ਦੇਂਦਿਆਂ ਹੋਇਆਂ ਕਹਿ ਰਹੇ ਨੇ, ਸਾਧਸੰਗਤ ਜੀ ਇਕ ਸਿਰ ਹੋਰ ਚਾਹੀਦੈ।

ਹੁਣ ਚੌਥਾ ਪਿਆਰਾ ਮੋਹਕਮ ਚੰਦ ਪਿਛਲੇ ਜਨਮ ਦੇ ਭਗਤ ਨਾਮਦੇਵ ਜੀ, ਜਿਹੜੇ ਗੁਰੂ ਨਾਨਕ ਦੇਵ ਜੀ ਨਾਲੋਂ ੨੦੦ ਸਾਲ ਪਹਿਲਾਂ ਹੋਏ ਨੇ, ਜਿਨ੍ਹਾਂ ਦੀ ਬਾਣੀ

ਗੁਰੂ ਗ੍ਰੰਥ ਸਾਹਿਬ ਵਿਚ ਬੇਅੰਤ ਹੈ। ਕੁਝ ਇਹੋ ਜਿਹੇ ਬਚਨ ਕਰਦੇ ਆ ਰਹੇ ਨੇ.....।

ਧਾਰਨਾ - ਮੈਨੂੰ ਤੂੰ ਨਾ ਵਿਸਾਰੀ ਸੱਚੇ ਪਾਤਸ਼ਾਹ,
ਲੋਕੀ ਮੈਨੂੰ ਧੱਕੇ-ਮਾਰਦੇ।.......2....

*ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥ ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥੧॥*
*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥*
*ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥*
*ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ ॥*
*ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥੩॥*

(ਅੰਗ ੧੨੯੨)

ਕੁਝ ਪੜ੍ਹਦਾ ਆ ਰਿਹਾ ਹੈ। ਇਹਨੇ ਵੀ ਮੱਥਾ ਟੇਕਿਆ। ਇਹ ਵੀ ਉਪਰ ਆ ਗਿਆ। ਗੁਰੂ ਜੀ ਨੇ ਚੌਥਾ ਵਾਰ ਕੀਤਾ ਹੈ। ਇਹਦਾ ਵੀ ਸੀਸ ਅਲਹਿਦਾ ਅਤੇ ਧੜ ਅਲਹਿਦਾ।

ਫਿਰ ਮਹਾਰਾਜ ਨੇ ਦਰਸ਼ਨ ਦਿੱਤੇ ਸੰਗਤ ਨੂੰ। ਸਭ ਸੰਗਤ ਵਲ ਦੇਖਦੇ ਹੋਏ ਕਹਿ ਰਹੇ ਨੇ, ਸਾਧਸੰਗਤ ਜੀ ਇਕ ਸਿਰ ਹੋਰ ਚਾਹੀਦੈ। ਉਸ ਵੇਲੇ ਪੰਜਵੇਂ ਸਾਹਿਬ ਚੰਦ ਜੀ ਜੋ ਪਿਛਲੇ ਜਨਮ ਦੇ ਸੈਣ ਜੀ ਦੇ ਅਵਤਾਰ ਬਨਾਰਸ ਵਿਚ ਹੋਇਐ, ਭਾਈ ਗੁਰਦਾਸ ਜੀ ਲਿਖਦੇ ਨੇ,

*"ਸੁਣ ਪਰਤਾਪ ਕਬੀਰ ਦਾ ਦੂਜਾ ਸਿੱਖ ਹੋਆ ਸੈਣ ਨਾਈ।*
*ਪ੍ਰੇਮ ਭਗਤਿ ਰਾਤੀਂ ਕਰੈ ਭਲਕੈ ਰਾਜ ਦੁਆਰੈ ਜਾਈ।*
*ਆਏ ਸੰਤ ਪਰਾਹੁਣੇ ਕੀਰਤਨ ਹੋਆ ਰੈਣਿ ਸਬਾਈ।*
*ਛਡ ਨਾ ਸਕੈ ਸੰਤ ਜਨ ਰਾਜ ਦੁਆਰਿ ਨਾ ਸੇਵ ਕਮਾਈ।*
*ਸੈਣ ਰੂਪ ਹਰਿ ਹੋਇਕੈ ਆਇਆ ਰਾਣੈ ਨੋਂ ਰਿਝਾਈ।*

(ਭਾਈ ਗੁਰਦਾਸ ਜੀ ਵਾਰ ੧੦/੧੬)

ਰਾਜਾ ਬੀਰ ਸਿੰਘ ਬਘੇਲ ਉਹਨੂੰ ਕੋਈ ਦਰਦ ਹੁੰਦੀ ਹੋਣੀ ਐ, ਹੋਣਾ ਫੋੜਾ, ਮੁਠੀ ਚਾਪੀ ਕਰਦੇ ਹੁੰਦੇ ਸੀ।

ਆਇਆ ਰਾਣੇ ਨੂੰ ਰਿਝਾਈ, ਰੱਬ ਨੇ ਆਪ ਸੇਵਾ ਕੀਤੀ ਭਗਤ ਜੀ ਦਾ ਰੂਪ ਧਾਰ ਕੇ।

*"ਸਾਧ ਜਨਾਂ ਨੌਂ ਵਿਦਾ ਕਰ"*

ਬਨਾਰਸ ਉਦੋਂ ਛੋਟਾ ਹੀ ਹੁੰਦਾ ਸੀ। ਨਗਰ ਦੀ ਹੱਦ ਤਕ ਨਾਲ ਗਿਆ। ਕਹਿਣ ਲੱਗਾ ਮਹਾਂਪੁਰਖੋ ਸੰਤ ਜਨੋ, ਫਿਰ ਵੀ ਕਦੇ ਛੇਤੀ-ਛੇਤੀ ਆਇਆ ਜੇ। "ਕਹਿੰਦੇ ਭਾਈ ਇਹ ਤੇ ਰੱਬ ਦੇ ਹੱਥ ਹੈ। ਪ੍ਰਭੂ ਦੇ, ਸੈਣ ਜੀ ਹੁਕਮ ਹੋਏਗਾ ਫਿਰ ਆ ਜਾਵਾਂਗੇ। ਸਾਡੇ ਆਪਣੇ ਹੱਥ ਵਿਚ ਨਹੀਂ ਹੈ।

***ਸਾਧ ਜਨਾਂ ਨੂੰ ਵਿਦਾ ਕਰ ਰਾਜਦੁਆਰਿ ਗਇਆ ਸ਼ਰਮਾਈ।***

ਰਾਜੇ ਦੂਰੋਂ ਸੱਦਿਆ, ਕਹਿੰਦੇ ਆ ਜਾ ਸੈਣ ਭਗਤ ਜੀ ਆ ਜਾ, ਇਥੇ ਹੀ ਆ ਜਾ ਨੇੜੇ ਹੀ।

***ਗਲਹੁੰ ਕਵਾਇ ਖੋਲ੍ਹਿ ਪੈਨ੍ਹਾਈ।***

ਆਪਣੇ ਬਸਤਰ ਲਾਹ ਕੇ ਉਹਨੂੰ ਪੁਵਾ ਦਿੱਤੇ ਤੇ ਜਿਹੜਾ ਸੋਨੇ ਦਾ ਮੁਕਟ ਰਾਜੇ ਨੇ ਆਪਣੇ ਸਿਰ ਤੇ ਰਖਿਆ ਸੀ ਉਹ ਸੈਣ ਜੀ ਦੇ ਸਿਰ ਤੇ ਰੱਖ ਦਿੱਤਾ ਤੇ ਝੱਟ ਹੀ ਥੱਲੇ ਉਤਰ ਕੇ ਹੱਥ ਜੋੜ ਕੇ ਖਲੋ ਗਿਆ। ਕਹਿੰਦਾ ਮਹਾਰਾਜ ਰਾਜੇ ਤੇ ਤੁਸੀਂ ਹੋ। ਅਸੀਂ ਕਾਹਦੇ ਰਾਜੇ ਹਾਂ। ਕਿਸੇ ਬੇਔਲਾਦੇ ਨੂੰ ਔਲਾਦ ਨਹੀਂ ਦੇ ਸਕਦੇ, ਕਿਸੇ ਬਿਮਾਰ ਨੂੰ ਰਾਜ਼ੀ ਨਹੀਂ ਕਰ ਸਕਦੇ। ਅਸੀਂ ਕਾਹਦੇ ਰਾਜੇ ਹਾਂ ?

ਰਾਜੇ ਤੇ ਤੁਸੀਂ ਓ ਮਹਾਰਾਜ।

ਨਹੀਂ ਤੇ ਪਹਿਲਾਂ ਸਾਧਸੰਗਤ ਜੀ ਕੋਈ ਗੱਲ ਕਰਨੀ ਹੋਵੇ ਤਾਂ, ਕਿਥੇ ਚਲਿਆਂ ਨਾਈਆਂ ਦੇ ਘਰ, ਕਿਹਨੂੰ ਸੱਦ ਕੇ ਲਿਆਵਾਂ, ਨਾਈਆਂ ਨੂੰ ? ਹੁਣ ਨਹੀਂ ਕਹਿੰਦੇ। ਕਿਉਂ ? ਹੁਣ ਕਹਿੰਦੇ ਰਾਜਾ ਜੀ। ਰਾਜਿਆਂ ਦੇ ਚੱਲਿਆਂ ਭਾਈ ਬੁਲਾ ਕੇ ਲਿਆਈਂ, ਭਈ ਕਿਹਨੂੰ-ਰਾਜਿਆਂ ਨੂੰ। ਰਾਜਿਆਂ ਦਾ ਖਿਤਾਬ ਸਦਾ ਵਾਸਤੇ ਦੇ ਦੇਣਾ ਇਹ ਭਗਤ ਸੈਣ ਦੇ ਨਾਮ ਦੀ ਬੰਦਗੀ, ਕਮਾਈ ਦਾ ਸਦਕਾ ਰਾਜੇ ਬਣਾ ਦਿੱਤੇ ਰਾਜੇ, ਗੱਲ ਹੀ ਹੋਰ ਕਰ ਦਿੱਤੀ।

***ਗਲਹੁੰ ਕਵਾਇ ਖੋਲ੍ਹਿ ਪੈਨ੍ਹਾਈ।***
***ਵੱਸ ਕੀਤਾ ਹਉਂ ਤੁਧ ਅੱਜ ਬੋਲੈ ਰਾਜਾ ਸੁਣੈ ਲੁਕਾਈ।***

**ਪਰਗਟ ਕਰੈ ਭਗਤ ਵਡਿਆਈ॥ ੧੬॥**

ਜਿਨ੍ਹਾਂ ਦੇ ਰੂਪ ਧਾਰ ਕੇ ਰੱਬ ਨੇ ਡਿਊਟੀਆਂ ਦਿੱਤੀਆਂ ਉਹ ਵੀ ਸੰਸਾਰ ਤੇ ਸਰੀਰ ਧਾਰਨ ਕਰਕੇ ਵੱਡੀ ਸੇਵਾ ਵਿਚ ਹਿੱਸਾ ਪਾ ਰਹੇ ਨੇ। ਇਹਨਾਂ ਨੇ ਆ ਕੇ ਸੀਸ ਮਹਾਰਾਜ ਜੀ ਦੇ ਚਰਨਾਂ ਤੇ ਰੱਖ ਕੇ ਕੁਝ ਬੇਨਤੀ ਇਸ ਤਰ੍ਹਾਂ ਕੀਤੀ—

**ਧਾਰਨਾ - ਸੇਵਾ ਵਿਚ ਲਾ ਲਉ ਜੀ,**

**ਹਾਜ਼ਰ ਹੈ ਸੀਸ ਪਿਤਾ ਜੀ।.......2....**

ਇਸ਼ਾਰਾ ਹੋਇਆ, ਜਾਚ ਪਹਿਲਿਆਂ ਗੁਰਮੁਖਾਂ ਨੇ ਦੱਸ ਦਿੱਤੀ ਹੈ। ਮਹਾਰਾਜ ਦੇ ਕੋਲ ਆ ਕੇ ਸੀਸ ਨਿਵਾਇਆ। ਹੱਥ ਜੁੜੇ ਹੋਏ ਨੇ, ਸ੍ਰੀ ਸਾਹਿਬ ਦਾ ਹੋਇਆ ਵਾਰ।

ਸੀਸ ਅਲਹਿਦਾ, ਧੜ ਅਲਹਿਦਾ ਡਿਗ ਪਿਆ। ਪੰਜ ਹੋ ਗਏ। ਸਭ ਸੰਗਤ ਦੇਖ ਰਹੀ ਹੈ, ਗੁਰੂ ਜੀ ਨੇ ਇਸ਼ਾਰਾ ਕੀਤਾ। ਜਲ ਮੰਗਵਾਇਐ, ਸ੍ਰੀ ਸਾਹਿਬ ਉਹਦਾ ਇਸ਼ਨਾਨ ਕਰਾ ਕੇ ਮਿਆਨ ਵਿਚ ਪਾ ਲਈ। ਹਜ਼ਾਰਾਂ ਸੰਗਤ ਉਠ ਖੜੀ ਹੋਈ। ਆਵਾਜ਼ ਆ ਰਹੀ ਹੈ। ਸੰਗਤ ਵਿਚੋਂ ਸੱਚੇ ਪਾਤਸ਼ਾਹ, ਸਾਡਾ ਸਿਰ, ਸਾਡਾ ਵੀ ਕੱਟੋ ਮਹਾਰਾਜ ਸਾਡਾ, ਇਹ ਤਨ, ਮਨ, ਧਨ ਸਭ ਤੁਹਾਡਾ ਹੀ ਹੈ।

ਮਹਾਰਾਜ ਤੁਸੀਂ ਪੰਜਾਂ ਤੇ ਹੀ ਆ ਕੇ ਬੰਦ ਕਰ ਦਿੱਤਾ। ਸ੍ਰੀ ਸਾਹਿਬ ਮਿਆਨ 'ਚ ਪਾ ਲਈ, ਜਦੋਂ ਹਜ਼ਾਰਾਂ ਹੀ ਅਰਦਾਸਾਂ ਇਕੱਠੀਆਂ ਸੰਗਤ ਵਲੋਂ ਬੇਨਤੀਆਂ ਹੋਈਆਂ, ਗੁਰੂ ਜੀ ਨੇ ਸੱਜੇ ਹੱਥ ਨਾਲ ਇਸ਼ਾਰਾ ਕੀਤਾ, ਬਹਿ ਜਾਉ ਸਾਰੇ, ਕਹਿੰਦੇ ਬੱਸ ਕੁਝ ਸਮਾਂ ਬਾਕੀ ਹੈ। ਤੁਹਾਡੇ ਸਾਰਿਆਂ ਦੇ ਸਿਰ ਲਏ ਜਾਣਗੇ।

ਉਦੋਂ ਦੀ ਚਲਾਈ ਹੋਈ ਮਰਿਆਦਾ, ਅੱਜ ਤੱਕ ਪੰਜ ਪਿਆਰੇ ਅੰਮ੍ਰਿਤ ਛਕਾਉਣ ਲਗਿਆਂ ਕਹਿੰਦੇ ਨੇ ਬਈ ਸਿਰ ਗੁਰੂ ਕਿਆਂ ਦਾ ਹੈ। ਹਾਂ ਜੀ। ਫਿਰ ਟੇਕ ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ। ਜੇ ਗੁਰੂ ਕਿਆਂ ਦਾ ਹੈਂ ਤਾਂ।

ਧਰਮ ਨਮਿਤ ਲੋੜ ਪੈ ਗਈ ਸਿਰ ਦੇਵੇਂਗਾ ?

ਹਾਂ ਜੀ। ਫਿਰ ਟੇਕ ਮੱਥਾ।

ਕਈ ਤਾਂ ਇਹ ਬਚਨ ਨਿਭਾਉਂਦੇ ਨੇ, ਸੇਵਾ ਸਿਮਰਨ ਵਿਚ ਤੇ ਕਈ ਅੰਮ੍ਰਿਤ ਛਕ ਕੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ। ਕੀ ਧਰਮ ਨਮਿਤ ਅੱਜ ਸਾਧਸੰਗਤ ਜੀ ਲੋੜ ਨਹੀਂ ਪਈ ? ਜਿੱਥੇ-ਜਿੱਥੇ ਵੀ ਕੋਈ ਸੇਵਾ ਕਰ ਸਕਦਾ ਹੈ, ਗੁਰੂ ਨਾਨਕ ਨਾਮ ਲੇਵਾ, ਕਰੇ, ਕਿ ਧੰਧੇ ਹੀ ਕਰਕੇ ਦੁਨੀਆਂ ਤੋਂ ਤੁਰ ਜਾਣਾ। ਸੋਂਹ ਖਾਧੀ ਹੈ ਗੁਰੂ ਗ੍ਰੰਥ

ਸਾਹਿਬ ਜੀ ਦੇ ਚਰਨਾਂ 'ਚ ਮੱਥਾ ਟੇਕ ਕੇ। ਸਿਰ ਮਹਾਰਾਜ ਤੁਹਾਡਾ ਹੈ।

ਇਸ ਕਰਕੇ ਗੁਰੂ ਮਹਾਰਾਜ ਜੀ ਨੇ ਇਸ਼ਾਰਾ ਕੀਤਾ, ਬਹਿ ਜਾਉ ਭਾਈ। ਸਾਰਿਆਂ ਦੇ ਸਿਰ ਲਏ ਜਾਣਗੇ, ਵਾਰੀ ਸਾਰਿਆਂ ਦੀ ਆਵੇਗੀ।

ਹੁਣ ਇਹ ਜਿਹੜੇ ਪੰਜ ਸੀਸ ਲਏ ਗਏ। ਕੱਟੇ ਗਏ। ਧੜ ਤੋਂ ਅਲਹਿਦਾ ਕੀਤੇ ਗਏ।

ਇਥੇ ਸ਼ੰਕਾਵਾਦੀ ਸ਼ੰਕਾ ਕਰ ਸਕਦਾ ਹੈ। ਕਿਤੇ ਸੈਣ ਜੀ, ਕਿਤੇ ਧੰਨਾ ਜੀ, ਕਿਤੇ ਨਾਮਦੇਵ ਜੀ, ਕਿਤੇ ਲਵ ਜੀ, ਕਿਤੇ ਉਹ ਬਧਿਕ ਜੀ। ਇਹ ਏਡੇ-ਏਡੇ ਮਹਾਂਪੁਰਖ ਬ੍ਰਹਮ-ਗਿਆਨੀਆਂ ਦੀ, ਇਹਨਾਂ ਨੂੰ ਦਰਗਾਹ ਵਿਚ ਥਾਂ ਨਹੀਂ ਸੀ ਮਿਲਿਆ, ਇਹ ਫਿਰ ਆ ਗਏ ਨੇ ਸਰੀਰ ਧਾਰ ਕੇ। ਇਹਨਾਂ ਦੀ ਬਾਣੀ ਹੈ ਗੁਰੂ ਗ੍ਰੰਥ ਸਾਹਿਬ ਵਿਚ ਧੰਨੇ ਵਰਗਿਆਂ ਦੀ।

***ਸਗਲ ਕਲੇਸ ਨਿੰਦਕ ਭਇਆ ਖੇਦੁ॥ ਨਾਮੇ ਨਾਰਾਇਨ ਨਾਹੀ ਭੇਦੁ॥***

**(ਅੰਗ ੧੧੬੬)**

ਰੱਬ ਵਿਚ ਤੇ ਨਾਮਦੇਵ ਵਿਚ ਫਰਕ ਹੀ ਨਹੀਂ।

ਜਿਵੇਂ "***ਰਾਮ ਕਬੀਰਾ ਏਕ ਭਏ ਹੈ।***" ਸਾਧਸੰਗਤ ਇਹ ਮੁਕਤ ਆਤਮਾਵਾਂ, ਪਵਿੱਤਰ ਆਤਮਾਵਾਂ ਬਖਸ਼ੀਆਂ ਹੋਈਆਂ ਰੂਹਾਂ ਨੇ। ਗੁਰੂ ਗੋਬਿੰਦ ਸਿੰਘ ਮਹਾਰਾਜ ਜੀ, ਹੇਮਕੁੰਟ ਤੇ ਤਪੱਸਿਆ ਕਰ ਰਹੇ ਨੇ। ਉਸ ਤੋਂ ਪੁਰਾਣੀ ਤਪੱਸਿਆ ਪਿਛੇ ਚਲੀਏ ਨਾ ਸਾਰੇ ਹੀ ਸ਼ੰਕੇ ਨਿਕਲ ਜਾਣਗੇ।

ਸਤਯੁਗ ਦੇ ਅਖੀਰ ਵਿਚ ਇਕ ਰਿਖੀ ਹੋਇਆ ਉਸਦਾ ਨਾਮ ਸੀ ਬ੍ਰਹਮਾਨੰਦ ਅਤੇ ਉਸ ਦੇ ਸਨ ਨੌਂ ਚੇਲੇ, ਉਹ ਉਹਨੂੰ ਕਹਿੰਦੇ ਸਨ ਗੁਰੂ ਬ੍ਰਹਮਾਨੰਦ।

ਇਹਨਾਂ ਨੌਂ ਰਿਖੀਆਂ ਵਿਚ ਇਕ ਨੰਦ ਰਿਖੀ ਜੀ ਸਨ। ਤੇ ਉਹ ਕਹਿਣ ਲੱਗੇ ਆਹ ਖੜ੍ਹਾ ਕਿਸਦਾ ਹੈ ? ਕਹਿੰਦੇ ਇਕ ਨਿਰੰਜਨੀ ਜੋਤ ਹੈ ਜਿਨ੍ਹੇ ਲੱਖਾਂ ਜੁਗ ਤਪੱਸਿਆ ਕੀਤੀ ਹੈ। ਜੇ ਮੈਂ ਕਹਿੰਦਾ ਏਨੇ ਜੁਗ, ਇਹ ਮੇਰੀ ਗਲਤੀ ਹੋਵੇਗੀ, ਉਹ ਰਿਖੀ ਜੀ ਕਹਿਣ ਲੱਗੇ। ਉਹ ਆਪ ਹੀ ਜਾਨਣ। ਇਹ ਰਿਖੀ ਕਹਿਣ ਲੱਗੇ ਗੁਰਦੇਵ, ਉਸ ਬਖਸ਼ੀ ਰੂਹ ਦੇ, ਉਸ ਨਿਰੰਜਨੀ ਜੋਤ ਦੇ ਕਿਸੇ ਤਰੀਕੇ ਨਾਲ ਦਰਸ਼ਨ ਹੋ ਸਕਦੇ ਨੇ? ਕਹਿਣ ਲੱਗੇ, ਹਾਂ ਹੋ ਸਕਦੇ ਨੇ, ਪਰ ਬੜੇ ਲੰਮੇ ਸਮੇਂ ਵਾਸਤੇ ਬੇਟਾ ਤੁਹਾਨੂੰ ਇੰਤਜ਼ਾਰ ਕਰਨਾ ਪਵੇਗਾ। ਕਹਿੰਦੇ ਕਿੰਨਾ ਕੁ ਚਿਰ?

ਕਹਿੰਦੇ ਉਹ ਜੋਤ ਅੱਜ-ਕਲ੍ਹ ਫਿਰ ਪਹਾੜਾਂ ਵਿਚ ਤਪੱਸਿਆ ਕਰ ਰਹੀ ਹੈ। ਇਹ

ਗੱਲ ਨਾਂਦੇੜ ਵਿਚ ਹੋ ਰਹੀ ਸੀ।

ਸਮਾਂ ਆਏਗਾ, ਸਤਿਜੁਗ ਥੋੜਾ ਰਹਿ ਗਿਆ ਹੈ। ਕਲਜੁਗ ਵਿਚ ਦੁਨੀਆਂ ਦੇ ਭਲੇ ਵਾਸਤੇ ਸਤਿਗੁਰੂ ਨਾਨਕ ਜੀ ਨੇ ਪ੍ਰਗਟ ਹੋਣਾ ਹੈ। ਉਹ ਜੋਤ ਦਸਵੇਂ ਜਾਮੇਂ ਵਿਚ ਆਪ ਜੀ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਹੋਵੇਗਾ। ਖਾਲਸਾ ਪੰਥ ਦੀ ਰਚਨਾ ਕਰਨਗੇ। ਤੇ ਬਹੁਤ ਸਾਰੇ ਸਿੰਘਾਂ ਸਮੇਤ ਇਥੇ ਆਉਣਗੇ, ਜਿਥੇ ਰਿਖੀ ਜਨੋਂ ਆਪਾਂ ਬੈਠੇ ਹਾਂ।

ਉਸ ਰਿਖੀ ਜੀ ਨੇ ਬ੍ਰਹਮਾਨੰਦ ਜੀ ਨੂੰ ਗੁਰੂ ਜੀ ਦਾ ਨਾਮ ਦਸਿਆ। ਉਹ ਤਾਂ ਸਾਧਸੰਗਤ ਜੀ ਚੜ੍ਹਾਈ ਕਰ ਗਿਆ। ਇਹ ਨੌਂ ਰਿਖੀ ਲੱਗੇ ਲੰਮੀਆਂ-ਲੰਮੀਆਂ ਸਮਾਧੀਆਂ ਲਾਉਣ। ਨਾਂਦੇੜ ਦੇ ਇਲਾਕੇ ਵਿਚ -

ਅੱਜ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ੨੨੦੦ ਘੋੜਸਵਾਰ ਸਿੰਘਾਂ ਸਮੇਤ ਇਥੇ ਆਏ।

ਸ਼ਾਮ ਦੇ ਵਕਤ ਸਮਾਧੀ ਵਿਚ ਬੈਠੇ, ਸਵੇਰੇ ਹਜ਼ੂਰ ਦੇ ਨੇਤਰ ਖੁੱਲ੍ਹੇ ਤੇ ਰਿਖੀਆਂ ਨੇ ਆ ਮੱਥਾ ਟੇਕਿਆ।

ਇਹਨਾਂ ਦੇ ਹੱਥਾਂ ਵਿਚ ਖੂੰਡੀਆਂ, ਸਰੀਰ ਬੜੇ ਕਮਜ਼ੋਰ, ਲੰਮੀਆਂ-ਲੰਮੀਆਂ ਸਮਾਧੀਆਂ ਲਾਉਣ ਵਾਲੇ। ਇਹਨਾਂ ਦੀਆਂ ਅੱਖਾਂ ਦੇ ਵੀ ਬੜੇ ਲੰਮੇ-ਲੰਮੇ ਭਰਵੱਟੇ। ਇਉਂ ਲਗਦੇ ਨੇ ਬੜੇ ਕੋਈ ਮਹਾਨ ਤਪੱਸਵੀ ਲੋਕ ਨੇ, ਲੰਮੇ ਪੈ-ਪੈ ਕੇ ਇਹਨਾਂ ਗੁਰੂ ਮਹਾਰਾਜ ਜੀ ਨੂੰ ਨਮਸਕਾਰ ਕੀਤੀ।

ਤੇ ਨੰਦ ਰਿਖੀ ਜੀ ਕਹਿਣ ਲੱਗੇ, ਮਹਾਰਾਜ ਗਰੀਬ ਨਿਵਾਜ਼ ਜੇ ਅਸੀਂ ਭੁਲਦੇ ਨਾ ਹੋਈਏ।

ਕੀ ਆਪ ਜੀ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਹੈ ? ਮਹਾਰਾਜ ਕਹਿੰਦੇ ਹਾਂ।

ਫੇਰ ਬੇਨਤੀ ਦੂਸਰੀ ਕੀਤੀ ਮਹਾਰਾਜ, ਖਾਲਸਾ ਪੰਥ ਤੁਸੀਂ ਰਚਿਐ?

ਮਹਾਰਾਜ ਕਹਿੰਦੇ ਹਾਂ - ਅਕਾਲ ਪੁਰਖ ਪਿਤਾ ਜੀ ਨੇ, ਇਹ ਆਪਣੇ ਕੋਲੋਂ ਹੀ ਸੇਵਾ ਲਈ ਹੈ।

ਦੇਖੋ ਕਿੰਨੀ ਨਿੰਮਰਤਾ।

ਤੀਸਰੀ ਬੇਨਤੀ ਗਰੀਬ ਨਿਵਾਜ਼, ਸਾਡੇ ਗੁਰੂ ਬ੍ਰਹਮਾਨੰਦ ਨੇ ਦਸਿਆ ਹੈ ਕਿ ਇਥੇ ਲੱਖਾਂ ਜੁਗ ਆਪ ਜੀ ਨੇ ਤਪੱਸਿਆ ਕੀਤੀ ਹੈ। ਬਹੁਤ ਨੀਚੇ ਥੜ੍ਹਾ ਮਿੱਟੀ ਪੈ-ਪੈ ਕੇ ਉੱਚਾ ਹੋ ਗਿਆ ਹੈ।

ਗੁਰੂ ਜੀ ਕਹਿੰਦੇ, ਹਾਂ ਸਾਨੂੰ ਪਤਾ ਹੈ।

ਫਿਰ ਬੇਨਤੀ ਕੀਤੀ ਮਹਾਰਾਜ, ਹੁਣ ਅਸੀਂ ਨਿਹਾਲ ਹੋਏ ਹਾਂ ਛੁਟੀਆਂ ਬਖਸ਼ੋ, ਸਰੀਰ ਬੜੇ ਪੁਰਾਣੇ ਹੋ ਗਏ ਹਨ ਅਸੀਂ ਚਲੀਏ। ਗੁਰੂ ਜੀ ਕਹਿੰਦੇ ਨਹੀਂ।

ਨੌਂ ਰਿਖੀਉ - ਨੌਂ ਦਿਨ ਹੋਰ ਰੁਕੋ, ਸਿਖ ਸੰਗਤਾਂ ਦੇ ਦਰਸ਼ਨ ਕਰੋ, ਕਥਾ ਸਰਵਣ ਕਰੋ, ਨੌਂ ਦਿਨ ਬਾਅਦ ਤੁਸੀਂ ਸਰੀਰ ਛੱਡਣੇ।

ਇਹ ਉਥੇ ਹੀ ਗੁਰੂ ਚਰਨਾਂ ਵਿਚ, ਸਾਧਸੰਗਤ ਕਿੰਨਾ ਸਮਾਂ ਹੋ ਗਿਆ ੨੧ ਲੱਖ ਸੱਠ ਹਜ਼ਾਰ ਸਾਲ ਲੰਘ ਗਿਆ।

ਇਹਨਾਂ ਨੇ ਦਰਸ਼ਨ ਕਰਨੇ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ, ਤੇ ਤਪੱਸਿਆ ਕਰਕੇ ਇੰਤਜ਼ਾਰ ਕੀਤੀ (੨੧ ਲੱਖ ਸੱਠ ਹਜ਼ਾਰ ਸਾਲ) ੨੧੬੦੦੦੦ ਸਾਲ।

ਅੱਜ ਦੇ ਲੋਕੋ ਧਿਆਨ ਮਾਰੋ, ਆਪਣੀ ਜ਼ਿੰਦਗੀ ਜੀਵਨ ਵੱਲ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਿਤਾ ਬਣਾਉਣਾ ਹੈ। ਅੰਮ੍ਰਿਤ ਛਕ ਕੇ, ਇਹਨਾਂ ਦਾ ਟਾਈਮ ਹੀ ਨਹੀਂ ਜੇ।

ਅਜੇ ਨਹੀਂ ਕਹਿੰਦੇ ਦਾੜ੍ਹੀ ਰੱਖਣੀ - ਮਰਨ ਤੋਂ ਬਾਅਦ ਰੱਖ ਲਵੋਗੇ। ਅਜੇ ਨਹੀਂ ਰੱਖਣੀ-ਅਜੇ ਵਿਆਹ ਕਰਨੈ, ਅਜੇ ਐਂ ਕਰਨਾ, ਅਜੇ ਐਂ ਕਰਨਾ।

ਸਿੱਖ ਦਾ ਬੱਚਾ ਹੋ ਕੇ ਨਿਗੁਰਾ ਰਹੇ ਉਹ ਸਿਖ ਹੀ ਨਹੀਂ।

ਇਸ ਕਰਕੇ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੂੰ ਪਿਤਾ ਬਣਾਉਣੈ, ਇਹਨਾਂ ਨੂੰ ਤੇ ਕਦਰ ਨਹੀਂ ਜੇ; ਉਹ ਜਿਨ੍ਹਾਂ ਨੇ ਦਰਸ਼ਨ ਕਰਨੇ ਸੀ ਗੁਰੂ ਮਹਾਰਾਜ ਜੀ ਦੇ, ਉਸ ਜੋਤ ਦੇ ੨੧੬੦੦੦੦ ਸਾਲ ਬੈਠੇ ਤਪੱਸਿਆ ਕਰਦੇ ਨੇ, ਹੇ ਸੱਚੇ ਪਾਤਸ਼ਾਹ, ਜਿਉਂਦੇ ਜੀ ਉਸ ਗੁਰੂ ਬ੍ਰਹਮਾਨੰਦ ਦੇ ਬਚਨ ਪੂਰੇ ਹੋ ਜਾਣਗੇ, ਤੁਹਾਡੇ ਦਰਸ਼ਨ ਹੋ ਜਾਣਗੇ ਸਾਨੂੰ। ਲੱਖਾਂ ਸਾਲ ਇੰਤਜ਼ਾਰ ਕਰਕੇ, ਇਹ ਨਹੀਂ ਕਿ ਅਸੀਂ ਉਦੋਂ ਦੇ ਬੈਠੇ ਹਾਂ ਬੜੀ ਖੁਸ਼ੀ ਹੈ। ਅੱਜ ਸਾਨੂੰ ਗੁਰੂ ਮਹਾਰਾਜ ਜੀ ਦੇ ਦਰਸ਼ਨ ਹੋ ਗਏ ਨੇ।

ਸਾਡੀ ਕਮਾਈ ਸਫਲੀ ਹੋ ਗਈ ਹੈ।

ਗੁਰੂ ਜੀ ਨੇ ਇਹਨਾਂ ਨੂੰ ਕਿਹਾ ਨੌਂ ਦਿਨ ਰੁਕ ਜਾਉ।

ਨੌਂ ਦਿਨ ਬਾਅਦ ਇਹਨਾਂ ਨੇ ਸਰੀਰ ਛੱਡੇ। ਗੁਰੂ ਮਹਾਰਾਜ ਨੇ ਇਹਨਾਂ ਦਾ ਸੰਸਕਾਰ ਕੀਤਾ।

ਉਧਰ ਬਹਾਦਰ ਸ਼ਾਹ ਦੇ ਜਾ ਸ਼ਿਕਾਇਤ ਲੱਗੀ।

ਜਿਥੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਬਿਰਾਜੇ ਦਰਸ਼ਨ ਦੇ ਰਹੇ ਨੇ ਇਹ ਤੇ ਇਸਲਾਮ ਵਾਲੇ ਕਹਿੰਦੇ, ਜ਼ਮੀਨ ਹੀ ਸਾਡੀ ਹੈ। ਦਾਦਿਆਂ, ਪੜਦਾਦਿਆਂ ਤੋਂ ਸਾਡੇ ਨਾਂ ਹੈ। ਇਹ ਤੇ ਮਹਾਰਾਜ ਕਿਤੇ ਕਬਜ਼ਾ ਹੀ ਨਾ ਕਰ ਲੈਣ, ਬਹਾਦਰ ਸ਼ਾਹ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ! ਉਹਨਾਂ ਕੋਲ ਕਾਗਜ਼ ਨੇ, ਲਿਖਤਾਂ ਨੇ, ਤੁਸੀਂ ਕੋਈ ਸਬੂਤ ਦੇ ਦਿਉ। ਅਸੀਂ ਤੁਹਾਡੇ ਨਾਂ ਕਰ ਦਿੰਦੇ ਹਾਂ।

ਗੁਰੂ ਜੀ ਕਹਿਣ ਲੱਗੇ, ਖਾਲਸਾ ਜੀ ਲਿਆਉ ਕਹੀਆਂ, ਫਿਰ ਕਹੀਆਂ ਲਿਆਂਦੀਆਂ, ਗੁਰੂ ਜੀ ਕਹਿਣ ਲੱਗੇ ਬਹਾਦਰ ਸ਼ਾਹ ਗੱਲ ਸੁਣ।

ਇਥੇ ਥੱਲੇ ਥੜ੍ਹਾ ਹੈ, ਥੜ੍ਹੇ ਦੇ ਚੜ੍ਹਦੇ ਪਾਸੇ ਸਾਡੀਆਂ ਖੜਾਵਾਂ ਹਨ, ਥੜ੍ਹੇ ਦੇ ਉਤੇ ਮਾਲਾ ਹੈ। ਖੱਬੇ ਪਾਸੇ ਕਮੰਡਲ, ਥੜ੍ਹੇ ਦੇ ਅਗਲੇ ਪਾਸੇ ਥੋੜੀ ਜਿਹੀ ਰਾਖ ਹੈ, ਤੈਨੂੰ ਨਿਸ਼ਾਨੀਆਂ ਵੀ ਦੱਸ ਦਿੰਦੇ ਹਾਂ। ਕਈ ਜੁਗ ਅਸੀਂ ਇਥੇ ਤਪੱਸਿਆ ਕਰਦੇ ਰਹੇ ਹਾਂ। ਫਿਰ ਹੇਮਕੁੰਟ ਸਾਹਿਬ ਚਲੇ ਗਏ ਸੀ।

ਜਦੋਂ ਪੁੱਟਿਆ, ਥੱਲਿਉਂ ਥੜ੍ਹਾ ਨਿਕਲਿਆ, ਉਹ ਨਿਸ਼ਾਨੀਆਂ ਨਿਕਲੀਆਂ ਕਿਉਂ ਬਈ, ਬਹਾਦਰ ਸ਼ਾਹ, ਇਹ ਕਿਹਦੀ ਹੈ ਜ਼ਮੀਨ ? ਮਹਾਰਾਜ ਸਾਰੀ ਧਰਤੀ ਤੁਹਾਡੀ ਹੈ। ਸਾਰੀ ਹੀ ਤੁਹਾਡੀ ਹੈ। ਤੇ ਸਾਰਾ ਕੁਝ ਲਿਖ ਦਿੱਤਾ ਗੁਰੂ ਮਹਾਰਾਜ ਜੀ ਦੇ ਨਾਂ।

ਬਹਾਦਰ ਸ਼ਾਹ ਇਹ ਸੇਵਾ ਹੀ ਹੈ। ਮਹਾਰਾਜ ਕਹਿੰਦੇ ਦੇਖੋ ਬਈ ਉਹਨਾਂ ਨੂੰ ਵੀ ਲਿਆਉ ਜਿਨ੍ਹਾਂ ਦੇ ਨਾਂ ਦਾਦਿਆਂ ਪੜਦਾਦਿਆਂ ਤੋਂ ਕਾਗਜ਼ ਨੇ, ਕਹਿਣ ਲੱਗੇ ਦੇਖੋ ਭਾਈ ਅਸੀਂ ਏਸ ਤਰ੍ਹਾਂ ਨਹੀਂ, ਠੀਕ ਹੈ ਸਾਡੀ ਜਗ੍ਹਾ, ਕੋਈ ਗੱਲ ਨਹੀਂ।

ਕਹਿਣ ਲੱਗੇ ਦਇਆ ਸਿੰਘ, ਮੋਹਰਾਂ ਦੀ ਥੈਲੀ ਖੋਲ੍ਹ ਤੇ ਵਿਛਾ ਦੇ ਸਾਰੇ ਥੜ੍ਹੇ ਤੇ, ਮੋਹਰ ਨਾਲ ਮੋਹਰ ਜੋੜ ਕੇ ਸਾਰੇ ਥੜ੍ਹੇ ਤੇ ਵਿਛਾਈ ਗਈ।

ਉਹਨਾਂ ਇਸਲਾਮ ਵਾਲੇ ਭਾਈਆਂ ਨੂੰ ਗੁਰੂ ਜੀ ਕਹਿਣ ਲੱਗੇ ਕਰ ਲਉ ਬੇਟਾ ਇਕੱਠੀਆਂ ਸਾਰੀਆਂ....। ਜਾਉ ਕਈ ਮੁਰੱਬੇ ਲੈ ਲਉ ਜ਼ਮੀਨ। ਇਹਨਾਂ ਭਰ ਲਈਆਂ ਝੋਲੀਆਂ, ਸੋਨੇ ਦੀਆਂ ਮੋਹਰਾਂ ਦੀਆਂ, ਆਖਣ ਲੱਗੇ, ਧੰਨ ਗੁਰੂ ਗੋਬਿੰਦ ਸਿੰਘ, ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ .....।

ਇਹ ਸਾਡੇ ਕਬਜ਼ੇ ਵਿਚ ਜ਼ਮੀਨ ਸੀ ਤੇ ਮਹਾਰਾਜ ਨੇ ਮੋਹਰਾਂ ਵਿਛਾ ਕੇ ਲਈ, ਸਾਨੂੰ ਖੁਸ਼ ਕਰ ਦਿੱਤਾ। ਕਈ ਮੁਰੱਬੇ ਉਸ ਪੈਸੇ ਦੀ ਇਹਨਾਂ ਨੇ ਜ਼ਮੀਨ ਲੈ ਲਈ, ਸਾਰਾ ਟੱਬਰ ਗਾ ਉਠਿਆ, ਤੁਸੀਂ ਵੀ ਕੋਈ ਰਸਨਾ ਖਾਲੀ ਨਾ ਰਹੇ -

*ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ*
*ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ*
*ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ*
*ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ*
*ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ*

***(ਇਸ ਤਰ੍ਹਾਂ 5 ਮਿੰਟ ਸੰਗਤ ਪੜ੍ਹਦੀ ਹੈ)***

ਸਾਧਸੰਗਤ ਜੀ ਉਹ ਨੌਂ ਰਿਖੀ ਦੇਖ ਕੇ ਹੈਰਾਨ ਹੋ ਰਹੇ ਨੇ ਕਿ ਕਿਸ ਤਰ੍ਹਾਂ ਗੁਰੂ ਮਹਾਰਾਜ ਜੀ ਨੇ ਮੋਹਰਾਂ ਦਿੱਤੀਆਂ, ਨੌਂ ਦਿਨ ਬਾਅਦ ਉਹਨਾਂ ਰਿਖੀਆਂ ਨੇ ਆਪਣੇ ਜਿਹੜੇ ਸਰੀਰ ਸੀ ਉਹ ਛੱਡੇ।

ਜਿਹੜੇ ਉਹ ਅਕਾਲ ਪੁਰਖ ਦੇ ਸਾਹਿਬਜ਼ਾਦੇ, ਲੱਖਾਂ ਯੁਗ ਤਪੱਸਿਆ ਕਰਕੇ ਫਿਰ ਹੇਮਕੁੰਟ ਸਾਹਿਬ, ਔਰ ਫਿਰ ਪਟਨੇ ਸਾਹਿਬ ਵਿਚ ਪ੍ਰਗਟ ਹੋ ਰਹੇ ਨੇ।

ਤੇ ਇਹ ਜਿਹੜੇ ਨੇ ਇਹ ਤੇ ਉਹਨਾਂ ਦੇ ਸੇਵਕ ਨੇ ਜਿਹੜੇ ਜਨਮ ਧਾਰ-ਧਾਰ ਕੇ ਆਏ ਨੇ, ਬੜੇ-ਬੜੇ ਭਗਤ ਨੇ।

ਇਹ ਨਹੀਂ ਕਿ ਇਹਨਾਂ ਦਾ ਜਨਮ-ਮਰਨ ਨਹੀਂ ਮੁੱਕਿਆ, ਇਹਨਾਂ ਗੱਲਾਂ ਤੋਂ ਪਰ੍ਹੇ ਨੇ, ਬਾਣੀ ਵਿਚ ਇਉਂ ਦੱਸਿਆ ਵੱਡੀ ਸੇਵਾ ਕਰਨ ਵਾਸਤੇ ਪਰਗਟ ਹੋਏ ਨੇ-

ਧਾਰਨਾ - ਨਾ ਜੰਮਦੇ ਨਾ ਮਰਦੇ,

ਸਾਧੂ ਨਾ ਜੰਮਦੇ...............।

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥***

(ਅੰਗ ੭੪੯)

ਐਸੇ-ਐਸੇ ***"ਗੁਰਮੁਖ ਆਏ ਜਾਏ ਨਿਸੰਗ"***

ਕੇਵਲ ਸੰਸਾਰ ਵਿਚ ਵੱਡੀ ਸੇਵਾ ਕਰਨ ਵਾਸਤੇ।

*"ਪਰਮਾਰਥ ਕੈ ਕਾਰਨੇ ਸਾਧਨ ਧਰਾ ਸਰੀਰੁ॥"*

ਇਸ ਕਰਕੇ ਆਏ ਸੀ, ਇਹ ਨਹੀਂ ਕਿ ਇਨ੍ਹਾਂ ਦੀ ਮੁਕਤੀ ਨਹੀਂ ਹੋਈ ਤੇ ਤਾਂ ਆਏ, ਇਹੋ ਜਿਹੀ ਕੋਈ ਗੱਲ ਨਹੀਂ।

ਇਹ ਸਾਰੇ ਸੇਵਾ ਕਰਨ ਵਾਸਤੇ ਆਏ ਨੇ।

ਗੁਰੂ ਜੀ ਦੇ ਨਾਲ ਆਏ ਨੇ, ਇਸ ਕਰਕੇ ਇਹ ਜੋ ਪੰਜ ਸੀਸ ਗੁਰੂ ਸਾਹਿਬ ਨੇ ਲਏ ਨੇ ਇਹ ਕੋਈ ਆਮ ਨਹੀਂ ਸਨ, ਵੱਡੀਆਂ-ਵੱਡੀਆਂ ਪਵਿੱਤਰ ਆਤਮਾਂ ਪੁਗੀਆਂ ਹੋਈਆਂ ਹਸਤੀਆਂ, ਇਹ ਐਸੇ-ਐਸੇ ਮਹਾਂਪੁਰਖ ਜਿਨ੍ਹਾਂ ਨੇ ਸੀਸ ਦਿੱਤੇ।

***ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥***

(ਅੰਗ ੯੩੦)

ਕੱਕੇ ਤੇ ਦੋ ਲਾਵਾਂ-ਬੜੇ ਬੱਚੇ ਪਾਠ ਸਿੱਖ ਰਹੇ ਸਨ ਅਤੇ ਕਈ ਸਿੰਘ ਸਿਖਾ ਰਹੇ ਸਨ।

ਇਕ ਨੇ ਜ਼ਰਾ ਜਾਣ ਕੇ ਹੀ ਨਾ, ਕੈ ਦੀ ਜਗ੍ਹਾ ਕੇ ਪੜ੍ਹ ਦਿੱਤਾ, ਮਹਾਰਾਜ ਕਹਿੰਦੇ ਜ਼ਾਲਮ ਸਿੰਘ, ਇਹਦੇ ਮਾਰ ਚਪੇੜ, ਇਕ ਸਿੰਘ ਗਿਆ ਖਿਚ ਕੇ ਮਾਰੀ ਚਪੇੜ, ਉਹ ਜਾ ਪਿਆ।

ਆ ਕੇ ਕਹਿੰਦਾ ਮਹਾਰਾਜ ਗਲਤੀ, ਕਹਿੰਦੇ ਕੀ ਪੜ੍ਹਦਾ ਸੈਂ, ਨਾਲੇ ਜਾਣ ਕੇ, ਭੁਲੇਖੇ ਨਾਲ ਗਲਤੀ ਹੋ ਜਾਏ ਅਸੀਂ ਕਿਸੇ ਨੂੰ ਕੁਝ ਨਹੀਂ ਕਹਿੰਦੇ।

ਪਤਾ ਹੈ ਸਤਵੇਂ ਜਾਮੇ ਦੇ ਸਮੇਂ, ਰਾਮਰਾਏ ਨੇ ਜਾਣ ਬੁਝ ਕੇ ਅੱਖਰ ਬਦਲੇ ਸੀ। ਗੁਰੂ ਮਹਾਰਾਜ ਨੇ ਪੁਤਰ ਨੂੰ ਵੀ ਮੱਥੇ ਨਹੀਂ ਸੀ ਲਾਇਆ। ਇਹ ਪਾਠ ਸਿਖਾਉਂਦੇ ਹੋ ਬੱਚਿਆਂ ਨੂੰ ਤੇ ਨਾਲੇ ਕਹਿੰਦੇ ਹੋ, ਕੇ ਜਾਣੇ, ਤੁਸੀਂ ਬਹੁਤ ਮੱਤ ਰੱਖਦੇ ਓ।

ਉਹਨੇ ਚਰਨਾਂ ਤੇ ਮੱਥਾ ਟੇਕਿਆ....। ਮਾਫੀ ਮੰਗੀ, ਮਹਾਰਾਜ ਗਲਤੀ ਹੋ ਗਈ। ਕਹਿੰਦੇ ਦੇਖ ......।

***ਕਹੁ ਨਾਨਕ ਜਿਨਿ ਹੁਕਮੁ ਪਛਾਤਾ॥***
***ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥***

(ਅੰਗ ੮੮੫)

ਉਹਨੂੰ ਪਤੈ ਹੋਰ ਨਹੀਂ ਕਿਸੇ ਨੂੰ ਪਤਾ,

***ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥***

(ਅੰਗ ੯੩੦)

ਵਾਹਿਗੁਰੂ ਜਾਣਦੈ, ਗੁਰੂ ਜਾਣਦੈ, ਤੇ ਗੁਰੂ ਨਾਲ ਮਿਲਿਆ ਹੋਇਆ ਵੀ ਜਾਣਦੈ। ਉਹਨੇ ਕੀ ਕਰਨੈ, ਕੀ ਹੋ ਰਿਹੈ। ਕੀ ਹੋਵੇਗਾ। ਇਸ ਕਰਕੇ

***ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥***

ਤੂੰ ਕਹਿੰਨੈ ਜਾਣਦੇ ਹੀ ਕੁਝ ਨਹੀਂ। ਪਤਾ ਹੀ ਨਹੀਂ: ਐਸਾ ਨਹੀਂ ਹੈ। ਜੇ ਪਤਾ ਹੈ ਤਦੇ ਹੀ ਗੁਰਬਾਣੀ ਵਿਚ ਦੱਸਿਆ ਹੈ। ਇਸ ਕਰਕੇ ਉਸ ਨੂੰ ਚਪੇੜ ਇਕ ਵੱਜੀ ਸੀ। ਇਸ ਤੋਂ ਇਹ ਸਿੱਧ ਹੋਇਆ ਕਿ ਵੱਡੀਆਂ-ਵੱਡੀਆਂ ਹਸਤੀਆਂ, ਪਵਿੱਤਰ ਆਤਮਾਵਾਂ ਜਨਮਾਂ-ਜਨਮਾਂ ਦੀ ਕਮਾਈ ਲੈ ਕੇ ਸੰਗਤ ਵਿਚ ਬੈਠੀਆਂ ਸਨ। ਜਾਂ ਗੁਰੂ ਜੀ ਨੇ ਬਚਨ ਕੀਤਾ ਹੈ। ਇਕ ਸਿਰ ਮੰਗਿਆ ਤੇ ਇਕ, ਫਿਰ ਇਕ ਕਿਹਾ ਤੇ ਇਕ। ਜੇ ਇਕੱਠੇ ਪੰਜ ਕਹਿੰਦੇ ਤਾਂ ਇਕੱਠਿਆਂ ਨੇ ਹੀ ਉਠ ਪੈਣਾ ਸੀ।

ਹੁਣ ਇਹਨਾਂ ਦੇ ਸੀਸ ਧੜ ਤੋਂ ਅਲਹਿਦਾ ਨੇ, ਗੁਰੂ ਮਹਾਰਾਜ ਨੇ ਇਹਨਾਂ ਨੂੰ ਜ਼ਿੰਦੇ ਕੀਤਾ। ਧੜ ਸੀਸ ਨਾਲ ਲਾਏ, ਅੰਮ੍ਰਿਤ ਤਿਆਰ ਕਰਕੇ ਮਰਿਆਦਾ ਦੱਸੀ ਕਿਵੇਂ ਮੁਰਦੇ ਜ਼ਿੰਦੇ ਹੁੰਦੇ ਨੇ, ਅਗਲੀ ਵਿਚਾਰ ਦੋ ਕੁ ਘੰਟੇ ਲਗਣਗੇ ਕੱਲ੍ਹ ਦੇ ਦੀਵਾਨ ਵਿਚ ਹੋਵੇਗੀ, ਸਭ ਮਾਈ ਭਾਈ, ਸਮਾਂ ਹੋ ਗਿਆ ਹੈ - ਅਨੰਦ ਸਾਹਿਬ ਅਤੇ ਗੁਰੂ ਉਸਤੋਤਰ ਪੜ੍ਹੋ।

ਅਨੰਦੁ ਸਾਹਿਬ

****

ਗੁਰੂ ਉਸਤੋਤਰ

****

ਅਰਦਾਸ

****

**ਹੁਕਮਨਾਮਾ**

**ਸੋਰਠਿ ਮਹਲਾ ੫ ਘਰੁ ੨ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥**

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ॥ ੧ ॥ ਸੁਣਿ ਮੀਤਾ ਧੂਰੀ ਕਉ ਬਲਿ ਜਾਈਂ॥ ਇਹੁ ਮਨੁ ਤੇਰਾ ਭਾਈ॥ ਰਹਾਉ॥ ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ॥ ੨ ॥ ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ॥ ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ**

ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ॥ ੩ ॥ ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ॥ ੪ ॥ ੧ ॥ ੧੨ ॥

(ਅੰਗ ੬੧੨)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

***

ੴ ਸਤਿਗੁਰ ਪ੍ਰਸਾਦਿ॥

# ਪੰਜਾਂ ਪਿਆਰਿਆਂ ਦੀ ਚੋਣ

## ਭਾਗ ੨

ਸ਼ਾਨ...... (ਬਹੁਤ ਸੁਰੀਲੀ ਸਾਜ਼ਾਂ ਦੀ ਧੁੰਨ)

ਸਤਿਨਾਮ ਸ੍ਰੀ ਵਾਹਿਗੁਰੂ ਜੀ- ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀਉ ਮਹਾਰਾਜ..।

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

(ਅੰਗ ੨੮੯)

*ਜੈਸੇ ਅਠਸੱਠ ਤੀਰਥ ਪਰਸ ਦੀਏ, ਜੁਗ ਚਾਰ ਚਢਿਓ ਕੈਲਾਸ਼ ਰਹਿਓ।*
*ਜੈਸੇ ਲਾਖ ਬਾਰ ਕੁਰਸ਼ੇਤਰ ਮੇਂ, ਅਸਵਮੇਧ ਯਗ ਅਭੁੰਗ ਠਹਿਉ।*
*ਜੈਸੇ ਕੋਟ ਬਰਖ ਤਪ ਉਰਧ ਮੁਖੀ, ਬੈਸੰਤਰ ਮਹਿ ਤਨ ਦਹ ਦਹਿਉ।*
*ਫੁਨ ਅੰਮ੍ਰਿਤ ਨਾਮ ਵਿਸ਼ੇਸ਼ ਇਤਿ ਜਿਨ ਏਕਬਾਰ ਸ੍ਰੀ ਵਾਹਿਗੁਰੂ ਕਹਿਉ॥*
*ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮ ਜਪਾਵੈ।*
*ਦੁਆਪਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ।*
*ਤੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।*
*ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮ ਅਲਾਵੈ।*
*ਚਾਰੇ ਜਾਗੇ ਚਹੁ ਜੁਗੀ ਪੰਚ ਆਇਣ ਵਿਚਿ ਜਾਇ ਸਮਾਵੈ।*
*ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ।*

ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥ ੪੯ ॥੧॥

(ਭਾਈ ਗੁਰਦਾਸ ਜੀ, ਵਾਰ ੧/੪੯)

ਧਾਰਨਾ - ਜਿਨ ਕਲ ਰਾਖੀ ਮੇਰੀ, ਸਤਿਗੁਰ ਨਾਨਕ ਤੋ ਬਲਿਹਾਰੇ....।

ਗੁਰੂ ਨਾਨਕ ਤੋਂ ਬਲਿਹਾਰੇ, ਸਤਿਗੁਰ ਨਾਨਕ ਤੋਂ ਬਲਿਹਾਰੇ॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥ ੧ ॥
ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ॥
ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥ ੧॥ ਰਹਾਉ॥
ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥ ੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥ ੩॥
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ ੪॥

(ਅੰਗ ੭੪੯-੭੫੦)

ਧਾਰਨਾ- ਜਿਨ ਕਲ ਮੇਰੀ,

ਸਤਿਗੁਰ ਨਾਨਕ ਤੋਂ ਬਲਿਹਾਰੇ......2.......।

ਸਤਿਕਾਰਯੋਗ ਸਾਧ ਸੰਗਤ ਜੀ, ਸਾਰੇ ਹੀ ਮਾਈ-ਭਾਈ ਜੋ ਵੀ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਹਜ਼ੂਰੀ ਵਿਚ ਆਪ ਜੀ ਕਾਫੀ ਸਮੇਂ ਤੋਂ ਸਵੇਰੇ ਹੀ ਆਸਾ ਦੀ ਵਾਰ ਤੋਂ ਲੈ ਕੇ ਗੁਰਬਾਣੀ, ਕਥਾ, ਗੁਰੂ ਇਤਿਹਾਸ, ਗੁਰੂ ਚਰਨਾਂ ਵਿਚ ਬੈਠ ਕੇ ਆਪਾਂ ਸੁਣ ਰਹੇ ਹਾਂ।

ਇਹ ਜਿਹੜੀ ਹੁੰਦੀ ਹੈ ਨਾ ਗੁਰੂ ਘਰ ਦੀ ਕਥਾ, ਇਹਨੂੰ ਕਹਿੰਦੇ ਨੇ ਅਮਰ ਕਥਾ, ਗੁਰਬਾਣੀ ਸਾਰੀ ਅਮਰ ਹੈ। ਗੁਰੂ ਜੀ ਦਾ, ਗੁਰੂ ਨਾਨਕ ਜੀ ਤੋਂ ਲੈ ਕੇ ਦਸੇ ਪਾਤਸ਼ਾਹੀਆਂ ਦੀ ਕਥਾ, ਇਹ ਜਿਹੜੇ ਬਚਨ ਹਨ ਇਹ ਅਮਰ ਕਥਾ ਹੈ।

ਕਈ ਵਾਰੀ ਹੁੰਦਾ ਹੈ, ਉਹ ਅਮਰ ਕਥਾ ਕਿਹੜੀ ਸੀ, ਜਿਹੜੀ ਸ਼ਿਵ ਜੀਆਂ ਨੇ

ਸੁਣਾਈ ਸੀ। ਤੋਤਾ ਅਮਰ ਹੋ ਗਿਆ, ਉਹਦਾ ਨਾਂ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ।

ਉਹ ਸੀ ਸ੍ਰੀ ਰਾਮ ਚੰਦਰ ਜੀ ਦਾ ਜੀਵਨ ਬਚਪਨ ਤੋਂ ਲੈ ਕੇ, ਕਿਉਂਕਿ ਇਹ ਉਹਨਾਂ ਨੂੰ ਗੁਰੂ ਮੰਨਦੇ ਸਨ।

ਉਸ ਤੋਂ ਪਿਛੇ ਐਸੀਆਂ ਬਹੁਤ ਵਾਰਤਾਂ ਹਨ, ਬੜੀਆਂ ਐਸੀਆਂ ਕਥਾਵਾਂ ਹਨ, ਸੋ ਇਸ ਕਰਕੇ ਉਹ ਸੁਣਾ ਰਹੇ ਸਨ।

ਸੋ ਗੁਰੂ ਨਾਨਕ ਜੀ "ਸਰਬ ਕਲਾ ਸਮਰੱਥ", ਇਹ ਅਮਰ ਕਥਾ ਹੈ ਗੁਰੂ ਘਰ ਦੀ।

***ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥***
***ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥***

**(ਅੰਗ ੩੩੫)**

ਧਿਆਨ ਨਾਲ ਸਰਵਣ ਕਰਨਾ, ਬੁੱਧ ਨਾਲ ਵਿਚਾਰ ਕਰਨਾ, ਵਿਚਾਰ ਕਰਨਾ ਬੁੱਧ ਦਾ ਧਰਮ ਹੈ। ਇਹ ਸਾਰਿਆਂ ਦੀ ਸਾਧ ਸੰਗਤ, ਇਕੋ ਜਿਹੀ ਨਹੀਂ ਹੁੰਦੀ, ਬੁੱਧ ਅਲਹਿਦਾ-ਅਲਹਿਦਾ ਹੁੰਦੀ ਹੈ।

ਇਕ ਤਾਂ ਹੁੰਦੀ ਹੈ ਮਲੀਨ ਬੁੱਧ-

ਗੰਦੇ ਪਾਣੀ ਦੀਆਂ ਲਹਿਰਾਂ ਵੀ ਗੰਦੀਆਂ।

*"ਮਲੀਨ ਬੁਧ ਹਛਨਈ ਜੋ ਕਿਰਪਾ ਗੋਬਿੰਦ ਭਈ"*

ਦੂਸਰੀ ਹੁੰਦੀ ਹੈ ਨਰਮਦਾ ਬੁੱਧ -

ਸੁਣਿਆ ਤੇ ਭੁੱਲ ਗਿਆ, ਸੁਣਿਆ ਤੇ ਭੁੱਲ ਗਿਆ।

ਤੀਸਰੀ ਹੁੰਦੀ ਹੈ - ਚਮੜਾ ਬੁੱਧ -

ਥੋੜ੍ਹੀ ਦੇਰ ਯਾਦ ਹੈ, ਭੋਗ ਪਿਆ ਤੇ ਭੁੱਲ ਗਿਆ।

ਚੌਥੀ ਹੁੰਦੀ ਹੈ ਤੇਲਿਆ ਬੁੱਧ।

ਯਾਦ ਸਭ ਕੁਝ ਹੋਣਾ ਪਰ ਉਵੇਂ ਕਰਨਾ ਨਾ, ਕਈ ਲੋਕਾਂ ਨੂੰ ਰਹਿਤ ਮਰਯਾਦਾ ਸਾਰੀ ਯਾਦ ਹੈ। ਪਰ ਉਹ ਆਪਣੇ-ਆਪ ਤੇ ਲਾਗੂ ਨਹੀਂ ਕਰਦੇ।

ਪੰਜਵੀਂ ਹੁੰਦੀ ਹੈ ਤੀਖਣ ਬੁੱਧ।

ਧਾਰਮਿਕ ਗ੍ਰੰਥ ਪੜ੍ਹ ਲੈਣੇ, ਚਲਾਕ ਹੋਸ਼ਿਆਰ ਹੋ ਜਾਣਾ, ਜਿਵੇਂ ਲੋਹਾ ਸਾਣ ਤੇ

ਲਾਈਏ ਤਿੱਖਾ ਹੋ ਜਾਂਦਾ ਹੈ। ਇਉਂ ਕਿਸੇ ਦਾ ਬਚਨ ਕੱਟਣ ਵਾਸਤੇ ਤਿਆਰ ਰਹਿਣਾ, ਇਉਂ ਨਹੀਂ ਇਉਂ-ਇਉਂ ਨਹੀਂ ਇਉਂ।

ਛੇਵੀਂ ਹੁੰਦੀ ਹੈ - ਸਰੇਸ਼ਟ ਬੁੱਧ -

ਇਹ ਲੋਕ ਬੜੇ ਸਿਆਣੇ ਸਮਝਦਾਰ ਹੁੰਦੇ ਨੇ।

ਸੱਤਵੀਂ ਹੁੰਦੀ ਹੈ - ਬਿਬੇਕ ਬੁੱਧ -

ਉਹ ਬਾਣੀ ਵਿਚ ਦਸਿਆ ਹੈ ਕਿ ਕਿਵੇਂ ਅਰਦਾਸਾਂ ਕੀਤੀਆਂ ਜਾਂਦੀਆਂ ਨੇ

**"ਦੀਜੈ ਬੁੱਧ ਬਿਬੇਕਾ"**

***ਆਪੁ ਆਪੁਨੀ ਬੁਧਿ ਹੈ ਜੇਤੀ॥***
***ਬਰਨਤ ਭਿੰਨ ਭਿੰਨ ਤੁਹਿ ਤੇਤੀ॥***

**(ਚੌਪਈ ਸਾਹਿਬ)**

ਇਹ ਕਈ ਕਿਸਮ ਦੀ ਹੈ। ਕਲ ਵਿਚਾਰ ਹੋ ਰਹੀ ਸੀ। ਕਲ੍ਹ ਜੋ ਦੋ ਘੰਟੇ ਕਥਾ ਹੋਈ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ-ਦਸਵੀਂ ਪਾਤਸ਼ਾਹੀ, ਜਿਨ੍ਹਾਂ ਦੇ ਅਨੰਦਪੁਰ ਸਾਹਿਬ, ਇਕ-ਇਕ ਬਚਨ ਨਾਲ ਇਕ-ਇਕ ਪਿਆਰਾ ਉਠਿਆ ਤੇ ਪੰਜਾਂ ਦੇ ਸੀਸ ਧੜ ਨਾਲੋਂ ਅਲਹਿਦਾ ਕਰ ਦਿੱਤੇ-

ਸਾਰੇ ਦੇਖ ਰਹੇ ਨੇ ਫਿਰ ਬੇ-ਅੰਤ ਹਜ਼ਾਰਾਂ ਸੰਗਤ ਉਠ ਖੜੀ ਹੋਈ। ਮਹਾਰਾਜ ਸਾਡਾ ਵੀ ਸਿਰ ਲੈ ਲਉ। ਇਸ਼ਾਰਾ ਹੋਇਆ-

ਬਹਿ ਜਾਉ ਤੁਹਾਡੀ ਵੀ ਵਾਰੀ ਆ ਜਾਂਦੀ ਹੈ।

ਅੱਜ ਤੱਕ ਪੰਜ ਪਿਆਰੇ ਇਸੇ ਤਰ੍ਹਾਂ ਹੀ ਆਖਦੇ ਨੇ -

ਸਿਰ ਗੁਰੂ ਕਿਆਂ ਨੂੰ ਦੇਵੇਂਗਾ। ਧਰਮ ਨਮਿਤ ਲੋੜ ਪਏਗੀ ਤਾਂ ? ਟੇਕ ਮੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਫਿਰ। ਸੋ ਇਸ ਕਰਕੇ ਇਥੇ ਕਿਸੇ ਸ਼ੰਕੇ ਦੀ ਲੋੜ ਨਹੀਂ ਕਿ ਸੀਸ ਕੱਟ ਕੇ ਗੁਰੂ ਜੀ ਨੇ ਲਾਏ ਕਿ ਨਹੀਂ ਜਾਂ ਇਹੋ ਜਿਹੀ ਕੋਈ ਗੱਲ ਨਹੀਂ। ਗੁਰਬਾਣੀ ਵਿਚ ਆਉਂਦੈ।

***ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥ ਸਤਿਗੁਰੁ ਮੇਰਾ ਮਾਰਿ ਜੀਵਾਲੈ॥***

**(ਅੰਗ ੧੧੪੨)**

ਸਮਰਥ ਗੁਰੂ ਜਿਹੜਾ ਹੈ ਇਹ ਮਾਰ ਕੇ ਜ਼ਿੰਦਾ ਕਰਨ ਦੀ ਤਾਕਤ ਸਹਿ ਸੁਭਾਏ ਰੱਖਦਾ ਹੈ।

**"ਜੇਤੇ ਜੀ ਜੀਵੇ ਲੈ ਸਾਹ"** ਜਿਤਨੇ ਭੀ ਸਾਹ ਲੈ ਕੇ ਜੀਉਣ ਵਾਲੀਆਂ ਜੂਨਾਂ ਹਨ, ਲੱਖਾਂ ਹੀ ਹਨ। ਜਿਹੜੀਆਂ ਸਾਹ ਲੈ ਕੇ ਜੀਉਂਦੀਆਂ।

***ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥***
***ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥***

(ਅੰਗ ੧੪੪)

ਗਿਰਾਹ ਦਾ ਅਰਥ ਹੈ ਜਿਵੇਂ-ਜਿਵੇਂ ਮਹਾਰਾਜ ਜੀ ਨੂੰ ਮਨਜ਼ੂਰ ਹੈ ਉਵੇਂ-ਉਵੇਂ ਰੋਜ਼ੀ ਸਾਰਿਆਂ ਨੂੰ ਦੇਂਦਾ ਹੈ।

ਇਹਦਾ ਮਤਲਬ ਇਹ ਹੈ।

***"ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥"***

(ਅੰਗ ੨੭੭)

ਜਿਵੇਂ ਵੀ ਗੁਰੂ ਜੀ ਚਾਹੁਣ ਸਮਰਥ ਹੋਣ ਦੇ ਨਾਤੇ, ਆਪ ਜੀ ਸਰਬ ਕਲਾ ਕਰਣ ਕਾਰਣ ਸਮਰੱਥ ਹਨ। ਬੇਅੰਤ ਐਸੀਆਂ ਸਾਖੀਆਂ ਆਉਂਦੀਆਂ ਹਨ -

ਸ੍ਰੀ ਗੁਰੂ ਨਾਨਕ ਦੇਵ ਜੀ, ਜਦੋਂ ਨਿਜਾਮਾਬਾਦ ਆਏ।

ਇਹ ਅਯੁਧਿਆ ਤੋਂ ਅੱਗੇ ੮੦-੯੦ ਕਿਲੋਮੀਟਰ ਹੈ ਲਗਭਗ, ਇਥੇ ਦੋ ਭਰਾ ਰਹਿੰਦੇ ਹੁੰਦੇ ਸਨ। ਇਕ ਦਾ ਨਾਂ ਸੀ ਕਾਲੀ ਨਾਥ, ਇਕ ਕਾਲੀ ਦਾਸ ਕੁਜਰਾਂਵਾਲੇ ਦਾ ਹੋਇਆ ਹੈ। ਇਕ ਕਾਲੀਦਾਸ ਰਾਜੇ ਭੋਜ ਦੀ ਸਭਾ ਵਿਚ ਚੌਦਾਂ ਸੌ ਵਿਦਵਾਨਾਂ ਦਾ ਮੁੱਖੀ ਹੋਇਆ। ਰਾਜਾ ਭੋਜ ਪਾਂਡਵਾਂ ਦੀ ਅੰਸ ਵਿਚ ਹੋਇਆ। ਦਸ ਹਜ਼ਾਰ ਇਹਦੇ ਕੋਲ ਫੌਜ ਹੁੰਦੀ ਸੀ।

ਇਹ ਕਾਲੀ ਨਾਥ ਹੈ - ਨਿਜਾਮਾਬਾਦ ਜੋ ਕਿ ਯੂ.ਪੀ. ਵਿਚ ਹੀ ਹੈ। ਅਯੁਧਿਆ ਤੋਂ ਰਸਤਾ ਜਾਂਦਾ ਹੈ। ਬਨਾਰਸ ਤੋਂ ਵੀ ਜਾਂਦਾ ਹੈ। ਲੜਾਈ ਝਗੜਾ ਹੋ ਗਿਆ ਇਸ ਕਾਰਨ ਉਹ ਮਰ ਗਿਆ। ਚਲਾਣਾ ਕਰ ਗਿਆ। ਇਸਦਾ ਕੋਈ ਬਾਲ ਬੱਚਾ ਨਹੀਂ ਸੀ। ਇਸ ਦੀ ਘਰ ਵਾਲੀ ਨੇ, ਗੁਰੂ ਜੀ ਨਦੀ ਦੇ ਕੰਢੇ ਤੇ ਦਰਸ਼ਨ ਦੇ ਰਹੇ ਸਨ,

ਬੇਨਤੀ ਕੀਤੀ, ਮਹਾਰਾਜ ਕਿਰਪਾ ਕਰੋ, ਉਸ ਨੂੰ ਗੁਰੂ ਨਾਨਕ ਜੀ ਨੇ ਜੀਉਂਦਾ ਕਰ ਦਿੱਤਾ। ਜਿਹੜਾ ਚੋਹਾਂ ਪਹਿਰਾਂ ਦਾ ਮਰਿਆ ਪਿਆ ਸੀ।

ਇਧਰ ਦਿੱਲੀ ਹਾਥੀ ਜੀਊਂਦਾ ਕੀਤਾ। ਇਕ ਨਹੀਂ ਕਿਤਨੇ ਕੁ ਦੱਸੇ ਜਾਣ।

ਆਪਣੇ ਦੇਸ਼ ਵਿਚ ਇਕ ਰਾਜਾ ਚਿੱਤਰ ਕੇਤ ਹੋਇਆ। ਸਤਿਯੁਗ ਦੇ ਅਖੀਰ

ਵਿਚ, ਇਹਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ, ਇਹਦੇ ਔਲਾਦ ਨਹੀਂ ਸੀ।

ਕਈਆਂ ਦੇ ਨਹੀਂ ਹੁੰਦੀ। ਬਹੁਤ ਕੋਸ਼ਿਸ਼ਾਂ ਕੀਤੀਆਂ, ਨਾਰਦ ਜੀ ਕਹਿਣ ਲੱਗੇ। ਹੈ ਨਹੀਂ ਹੁਣ ਭਾਗਾਂ ਵਿਚ।

ਨਹੀਂ, ਕਹਿੰਦੇ ਕੋਈ ਕੋਸ਼ਿਸ਼ ਕਰੋ- ਮੇਰੇ ਵਲੋਂ ਕੋਈ ਰੱਬ ਨੂੰ ਅਰਦਾਸ ਕਰੋ। ਅੱਛਾ ਕਹਿੰਦੇ ਆਏਗਾ।

ਹੁਣ ਇਹਨੇ ਫਿਰ ਪੁਛਿਆ - ਗਿਆਰ੍ਹਾਂ ਸਾਲ ਦੀ ਉਮਰ ਵਿਚ ਵਾਪਸ ਚਲਾ ਜਾਏਗਾ। ਉਹ ਮਿਰਤੂ ਹੋ ਗਿਆ। ਰਾਜਾ ਚਿਤਰ ਕੇਤੂ ਬੜਾ ਰੋਂਦਾ ਹੈ। ਹਜ਼ਾਰਾਂ ਵਿਆਹ ਕਰਾਏ ਸੀ ਇਸ ਨੇ ਇਸ ਕਰਕੇ। ਉਸ ਲੜਕੇ ਨੂੰ ਨਾਰਦ ਜੀ ਨੇ ਜਿਉਂਦਾ ਕਰ ਦਿੱਤਾ। ਕਹਿਣ ਲੱਗੇ ਰੋਈਦਾ ਨਹੀਂ ਹੁੰਦਾ, ਲੈ ਗੱਲ ਕਰ ਇਹਦੇ ਨਾਲ- ਉਹ ਕਹਿਣ ਲੱਗਾ ਪਿਤਾ ਜੀ ਕੁਝ ਸੌ ਸਾਲ ਹੋ ਗਏ। ਮੈਂ ਰਾਜੇ ਦਾ ਪੁੱਤਰ ਇਕੱਲਾ ਸੀ।

ਮੈਦਾਨੇ-ਜੰਗ ਵਿਚ ਆਇਆ, ਮੈਂ ਹਾਰ ਵੀ ਮੰਨ ਲਈ। ਪਹਾੜਾਂ 'ਚ ਵੀ ਲੁਕ ਗਿਆ। ਫਿਰ ਵੀ ਮੈਨੂੰ ਲੱਭ ਕੇ ਮਾਰ ਦਿੱਤਾ। ਸੋ ਇਸ ਕਰਕੇ ਮੈਂ ਹੁਣ ਤੇਰਾ ਪੁੱਤਰ ਹੋ ਕੇ ਗਿਆਰ੍ਹਾਂ ਸਾਲ ਦਾ ਹੋ ਕੇ ਜਾ ਰਿਹਾ ਹਾਂ। ਤੈਨੂੰ ਇਸ ਗੱਲ ਦਾ ਪਤਾ ਲਗੇ ਬਈ ਕਿਵੇਂ ਕਿਸੇ ਨੂੰ ਦੁਖ ਦੇਈਦਾ ਹੁੰਦਾ ਹੈ।

ਸੋ ਇਉਂ ਉਹਨਾਂ ਨੇ ਉਸ ਨੂੰ ਜੀਊਂਦਾ ਕਰ ਦਿੱਤਾ।

ਇਧਰ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਲਾਹੌਰ ਆਏ। ਬੇਅੰਤ ਸੰਗਤਾਂ ਹੁੰਮ-ਹੁੰਮਾ ਕੇ ਆ ਰਹੀਆਂ ਨੇ।

ਉਥੇ ਸੰਮਣ-ਮੂਸਣ ਨੇ ਅਰਜ਼ ਕੀਤੀ, ਸੱਚੇ ਪਾਤਸ਼ਾਹ ਜੀ ਤੁਹਾਡਾ ਘਰ ਨੇੜੇ ਹੀ ਹੈ ਚਰਨ ਪਾ ਦਿਉ। ਇਹ ਨਹੀਂ ਕਹਿੰਦੇ ਸਾਡਾ ਘਰ ਤੁਹਾਡਾ ਘਰ ਨੇੜੇ ਹੀ ਹੈ। ਚਰਨ ਪਾ ਦਿਉ।

ਲੰਗਰ ਛਕਾਉਣਾ ਹੈ ਸਮਾਂ ਮਿਲ ਜਾਏ। ਗੁਰੂ ਜੀ ਨੇ ਹਾਂ ਕਰ ਦਿੱਤੀ। ਇਹ ਤਿਆਰੀਆਂ ਵਿਚ ਨੇ। ਇਹ ਵਿਚਾਰੇ ਦਿਹਾੜੀ ਕਰਦੇ ਸਨ, ਮਿਸਤਰੀ ਲੋਕ ਸਨ। ਜੋ ਵੀ ਟਕੇ ਲੈਂਦੇ ਸਨ ਸੇਠ ਕੋਲ ਜਮ੍ਹਾਂ ਕਰਾਈ ਜਾਂਦੇ ਸਨ। ਸਾਡੇ ਦੇਸ਼ ਵਿਚ ਉਦੋਂ ਬੈਂਕਾਂ ਨਹੀਂ ਸਨ ਹੁੰਦੀਆਂ। ਜਾਂ ਪੈਸੇ ਸੇਠਾਂ ਕੋਲ ਹੁੰਦੇ ਜਾਂ ਧਰਤੀ 'ਚ ਦੱਬ ਦਿੰਦੇ ਹੁੰਦੇ।

ਸੋ ਇਸ ਕਰਕੇ ਉਹਨਾਂ ਜਦੋਂ ਸੇਠ ਕੋਲੋਂ ਆਪਣੇ ਇਹ ਪੈਸੇ ਮੰਗੇ।

ਪੰਜ ਕੁ ਸੌ ਰੁਪਈਆ, ਉਹਨੇ ਨਾਂਹ ਕਰ ਦਿੱਤੀ। ਕਿਉਂਕਿ ਚੰਦੂ ਨੇ ਰੋਕ ਗਿਆ ਸੀ। ਦੇਣੇ ਨਹੀਂ, ਵੱਡੀਆਂ-ਵੱਡੀਆਂ ਦੁਕਾਨਾਂ ਤੇ ਗਏ ਕਿ ਗੁਰੂ ਸਾਹਿਬ ਆਏ ਹੋਏ ਨੇ,

ਕੋਈ ਉਧਾਰ ਨਾ ਦੇਵੇ। ਉਹਦੀ ਲੱਗਦੀ ਸੀ। ਉਹ ਰਿਸ਼ਤਾ ਛੱਡਣ ਕਰਕੇ। ਇਸ ਕਰਕੇ ਇਹ ਪੈਸੇ ਨਹੀਂ ਦੇ ਰਿਹਾ ਸੇਠ। ਸਲਾਹ ਕੀਤੀ ਪਿਉ-ਪੁੱਤਰਾਂ ਨੇ ਹੁਣ ਕਿਵੇਂ ਕਰੀਏ। ਕਹਿੰਦੇ ਦੂਜੀ ਤਰ੍ਹਾਂ ਲੈ ਆਉਂਦੇ ਹਾਂ, ਕਹਿਣ ਲੱਗਾ ਬੇਟਾ ਜੇ ਦੂਜੇ ਤਰ੍ਹਾਂ ਲਿਆਂਦੇ ਲੋਕ ਕਹਿਣਗੇ। ਸਿੱਖ ਚੋਰੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਖਤ ਮਨ੍ਹਾਂ ਹੈ, ਚੋਰੀ।

***ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥***

(ਅੰਗ ੬੬੨)

ਸਾਡੇ ਗੁਰੂ ਜੀ ਨੇ ਮਨ੍ਹਾਂ ਕੀਤਾ ਹੈ ਬਈ ਚੋਰੀ ਨਹੀਂ ਕਰਨੀ।

ਚੋਰ ਦੀ ਹਾਮਾਂ ਭੀ ਨਹੀਂ ਭਰਨੀ।

ਮੂਸਣ ਕਹਿੰਦਾ ਪਿਤਾ ਜੀ, ਚੋਰੀ ਤੇ ਤਾਂ ਹੈ ਜੇ ਅਸੀਂ ਸੇਠ ਦੇ ਪੈਸੇ ਲਿਆਈਏ।

ਇਸ ਕਰਕੇ ਅਸੀਂ ਆਪਣਾ ਹੱਕ ਲੈਣਾ ਹੈ। ਹੱਕ ਲੈਣਾ ਕੋਈ ਚੋਰੀ ਨਹੀਂ ਹੈ।

ਗਰਮੀਆਂ ਦੇ ਦਿਨ ਸੀ, ਉਹ ਤਾਂ ਵੇਹੜੇ ਦੇ ਰਸਤੇ ਅੰਦਰ ਚਲਾ ਗਿਆ। ਪਿਤਾ ਨੂੰ ਕਹਿੰਦਾ, ਚੜ੍ਹ ਜਾ ਕੋਠੇ 'ਤੇ।

ਉਹ ਕੋਠੇ 'ਤੇ ਚੜ੍ਹ ਗਿਆ। ਮੁੱਘ ਰੱਖੇ ਹੁੰਦੇ ਦਾਣੇ ਦੂਣੇ ਸੁੱਟਣ ਨੂੰ, ਮੀਂਹ ਆ ਗਿਆ, ਬਈ ਛੇਤੀ-ਛੇਤੀ ਸੁੱਟ ਲਉ। ਮੰਜੀ ਖੜੀ ਕਰਕੇ ਪੰਜਾਹ ਰੁਪੈ ਫੜਾਏ, ਫਿਰ ਸੌ ਰੁਪਈਆ, ਇਉਂ ਕਰਦੇ-ਕਰਦੇ ਢਾਈ ਸੌ ਫਿਰ ਤਿੰਨ ਸੌ। ਜਦੋਂ ਸਾਢੇ ਕੁ ਤਿੰਨ ਸੌ ਫੜਾ ਚੁਕਿਆ। ਉਹ ਮੰਜੀ ਪਈ ਡਿੱਗ।

ਸੇਠ ਦੇ ਮੁੰਡੇ ਚਾਰ, ਸੇਠਾਣੀ ਨੂੰ ਕਹਿੰਦਾ, ਫੜਾਈਂ ਕੋਈ ਦੀਵਾ। ਲਿਆਈਂ ਛੇਤੀ ਕੋਈ ਡਾਂਗਾਂ-ਡੂੰਗਾਂ, ਪਤਾ ਨਹੀਂ ਕੁੱਤਾ, ਬਿੱਲਾ ਜਾਂ ਚੋਰ ਹੈ ਅੰਦਰ ਵੜ ਗਿਆ। ਬਾਹਰੋਂ ਲਾ ਦਿੱਤਾ ਕੁੰਡਾ।

ਹੁਣ ਆ ਗਏ ਡਾਂਗਾਂ ਵਾਲੇ, ਮੰਜੀ ਖੜੀ ਕੀਤੀ ਛੇਤੀ-ਛੇਤੀ ਬਾਕੀ ਹੋਰ ਫੜਾ ਕੇ ਪੰਜ ਸੌ ਪੂਰਾ ਕੀਤਾ।

ਕਹਿਣ ਲੱਗਾ, ਪਿਤਾ ਜੀ ਤੁਸੀਂ ਹੁਣ ਮੇਰਾ ਸਿਰ ਲੈ ਜਾਉ। ਕਿਤੇ ਸੇਵਾ ਵਿਚ ਭੰਗਣਾ ਨਾ ਪੈ ਜਾਏ। ਏਸ ਤਰ੍ਹਾਂ ਦੇ ਨਾਲ ਪੜ੍ਹ ਲਉ।

**ਧਾਰਨਾ -ਕਿਤੇ ਸੇਵਾ ਵਿਚ ਭੰਗਣਾ ਨਾ ਪੈ ਜਾਏ,**

**ਸੀਸ ਮੇਰਾ ਲੈ ਜਾਉ ਪਿਤਾ ਜੀ।......2......**

ਉਹਨਾਂ ਨੇ ਸੀਸ ਮੂਸਣ ਦਾ ਕੱਟਿਆ ਤੇ ਪੈਸੇ ਲੇ ਕੇ ਚਲੇ ਗਏ। ਧੜ ਡਿੱਗਾ ਥੱਲੇ, ਹੋਰ ਖੜਾਕ ਹੋਇਆ।

ਕੀ ਦੇਖਦੇ ਨੇ ਕਿ ਧੜ ਕਿਧਰੋਂ ਆ ਗਿਆ।

ਮੁੱਘ ਦੇ ਵਿਚੋਂ ਤੇ ਬੰਦਾ ਲੰਘ ਨਹੀਂ ਸਕਦਾ। ਛੋਟਾ ਈ ਹੈ, ਸਿਰ ਹੀ ਮਸਾਂ ਨਿਕਲਿਆ ਸੀ।

ਚਲੋ ਸਿੱਖ ਨੂੰ ਕਹਿੰਦੇ ਹਾਂ ਲੈ ਜਾਏ, ਸ਼ਾਇਦ ਪੈਸਿਆਂ ਦੇ ਲਾਲਚ ਨੂੰ, ਮੰਗਦਾ ਸੀ। ਉਸੇ ਸਿੱਖ ਨੂੰ ਕਿਹਾ। ਉਹ ਕਹਿੰਦਾ ਸੇਠ ਜੀ ਪੈਸੇ ਤਾਂ ਨਹੀਂ ਹੁਣ ਚਾਹੀਦੇ।

ਮਹਾਰਾਜ ਦੀ ਮੇਹਰ ਹੋ ਗਈ। ਚਲੋ ਧੜ ਮੈਂ ਲੈ ਜਾਨਾਂ, ਚੁਬਾਰੇ ਵਿਚ ਰੱਖ ਦਿੱਤਾ, ਸਿਰ ਵੀ ਨਾਲ ਰੱਖ ਦਿੱਤਾ ਮੰਜੇ ਦੇ, ਉਤੇ ਪਾ ਦਿੱਤਾ ਕੱਪੜਾ।

ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਸੱਚੇ ਪਾਤਸ਼ਾਹ ਲੰਗਰ ਦੀਆਂ ਤਿਆਰੀਆਂ ਨੇ ਬੇਅੰਤ ਸੰਗਤ ਨਾਲ ਜਾ ਰਹੀ ਹੈ। ਸ਼ਬਦ ਪੜ੍ਹਦੇ ਜਾ ਰਹੇ ਨੇ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ॥ ੧ ॥ ਰਹਾਉ॥*
*ਦੁਸਟ ਦੂਤ ਪਰਮੇਸਰਿ ਮਾਰੇ ॥*
*ਜਨ ਕੀ ਪੈਜ ਰਖੀ ਕਰਤਾਰੇ ॥ ੧ ॥*
*ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥*
*ਅੰਮ੍ਰਿਤ ਨਾਮ ਮਹਾ ਰਸ ਪੀਨੇ ॥ ੨ ॥*
*ਨਿਰਭਉ ਹੋਇ ਭਜਹੁ ਭਗਵਾਨ ॥*
*ਸਾਧਸੰਗਤਿ ਮਿਲਿ ਕੀਨੋ ਦਾਨੁ ॥ ੩ ॥*
*ਸਰਣਿ ਪਰੇ ਪ੍ਰਭ ਅੰਤਰਜਾਮੀ ॥*
*ਨਾਨਕ ਓਟ ਪਕਰੀ ਪ੍ਰਭ ਸੁਆਮੀ ॥ ੪ ॥*

(ਅੰਗ ੨੦੧)

ਜਦੋਂ ਪੰਗਤਾਂ ਸਜੀਆਂ ਗੁਰੂ ਜੀ ਕਹਿਣ ਲੱਗੇ ਸੰਮਣ ਇਸ ਤਰ੍ਹਾਂ ਹੈ। ਜਦੋਂ ਤੁਸੀਂ ਸਮਾਂ ਲਿਆ ਸੀ ਦੋ ਜਣੇ ਸੀ। ਬੱਚਾ ਕਿਥੇ ਹੈ ? ਮਹਾਰਾਜ ਜੀ ਆਪ ਜੀ ਨੂੰ ਪਤਾ ਹੀ ਹੈ। ਆਪ ਬੁਲਾ ਲਓ ਮੇਰੇ ਕਹਿਣ ਤੇ ਤੇ ਨਹੀਂ ਆਉਣਾ।

ਗੁਰੂ ਜੀ ਕਹਿਣ ਲੱਗੇ ਮੂਸਣ.......। ਉਹ ਸਿਰ ਲਗ ਗਿਆ ਧੱੜ ਦੇ ਨਾਲ, ਰਾਤ

ਦਾ ਵੱਢਿਆ।

ਦੌੜਿਆ ਆਉਂਦਾ ਹੈ ਥੱਲੇ ਨੂੰ ਮਿੱਟੀ ਦੀਆਂ ਹੁੰਦੀਆਂ ਪੌੜੀਆਂ, ਗੁਰੂ ਜੀ ਨੂੰ ਮੱਥਾ ਟੇਕਿਆ, ਕਹਿੰਦੇ ਚੁਕ ਬਾਲਟੀ ਦਾਲੇ ਵਾਲੀ, ਪਿਤਾ ਪ੍ਰਸ਼ਾਦੇ ਵਰਤਾਉਂਦਾ ਹੈ। ਹੋਰ ਵੀ ਸਿੱਖ ਲਗ ਗਏ। ਕਿਵੇਂ ਰਾਤ ਦਾ ਵੱਢਿਆ ਸਿਰ ਸਵੇਰੇ ਜੁੜ ਗਿਆ ? ਇਨ੍ਹਾਂ ਨੇ ਚੋਰੀ ਨਹੀਂ ਸੀ ਕੀਤੀ।

ਜੇ ਇਹਨਾਂ ਚੋਰੀ ਕੀਤੀ ਹੁੰਦੀ, ਗੁਰੂ ਅਰਜਨ ਦੇਵ ਜੀ ਕਦੇ ਮੁਰਦਾ ਜ਼ਿੰਦਾ ਨਾ ਕਰਦੇ। ਉਹਨਾਂ ਦੇ ਆਪਣੇ ਬਚਨ ਨੇ - **"ਚੋਰ ਕੀ ਹਾਮਾ ਭਰੇ ਨਾ ਕੋਇ॥"**

ਹਾਮੀ ਛੱਡਿਆਂ ਇਹਨਾਂ ਤਾਂ ਮੁਰਦਾ ਹੀ ਜ਼ਿੰਦਾ ਕਰ ਦਿੱਤਾ ਹੈ। ਕਿਉਂਕਿ ਸਿੱਖ ਚੋਰੀ ਕਰਦਾ ਹੀ ਨਹੀਂ। ਸੋ ਇਸ ਕਰਕੇ ਇਕ ਨਹੀਂ ਬੜੇ ਦ੍ਰਿਸ਼ਟਾਂਤ ਨੇ।

ਬਾਬਾ ਸ੍ਰੀ ਚੰਦ ਜੀ ਕੋਲ ਲਾਹੌਰ ਤੋਂ ਹਾਕਮ ਦੇ ਭੇਜੇ ਹੋਏ ਬੰਦੇ ਆਏ ਨਾਨਕ ਚੱਕ-ਜ਼ਿਲ੍ਹਾ ਗੁਰਦਾਸਪੁਰ ਵਿਚ ਹੈ। ਕਹਿਣ ਲੱਗੇ ਮਹਾਰਾਜ। ਇਕ ਲੜਕਾ ਪਤੰਗ ਉਡਾਉਂਦਾ ਮਰ ਗਿਆ ਲਾਹੌਰ ਵਿਚ, ਇਕੋ ਇਕ ਹੈ।

ਇਕਨਾਂ ਦੇ ਘਰ ਪੁੱਤਰ ਪੋਤਰੇ, ਧੀਆਂ ਦੇ ਘਰ ਦੋਹਤਰੇ।

ਇਕਨਾਂ ਦੇ ਘਰ ਇਕ ਉਹ ਵੀ ਜਾਏ ਮਰ।

ਵਜੀਦਾ ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਤੇ ਇੰਜ ਕਰ।

ਸੋ ਇਸ ਕਰਕੇ ਕਿਰਪਾ ਕਰੋ, ਆਪ ਉਥੇ ਦਰਸ਼ਨ ਦਿਉ ਅਤੇ ਜ਼ਿੰਦਾ ਹੋ ਜਾਏ। ਮੇਹਰ ਕਰੋ।

ਕਹਿਣ ਲੱਗੇ ਤੁਸੀਂ ਚਲੋ, ਅਸੀਂ ਆਪੇ ਹੀ ਆ ਜਾਵਾਂਗੇ। ਨਹੀਂ ਮਹਾਰਾਜ, ਹਾਥੀ ਤੇ ਬੈਠੋ।

ਕਹਿੰਦੇ ਹਾਥੀ ਨੇ ਸਾਡਾ ਭਾਰ ਨਹੀਂ ਚੁੱਕਣਾ।

ਨਹੀਂ .... ਨਹੀਂ .... ਜੀ... ਬੜਾ ਵਜ਼ਨ ਚੁੱਕ ਲੈਂਦਾ ਹੈ।

ਜਦੋਂ, ਕੰਬਲੀ ਕਹੋ ਅੱਜ-ਕਲ੍ਹ ਲੋਈ ਕਹਿ ਦਿੰਦੇ ਨੇ ਚਾਦਰਾ.... ਉਹ ਹਾਥੀ ਤੇ ਰੱਖੀ, ਹਾਥੀ ਲਿਟੀ ਜਾਏ। ਕਹਿੰਦੇ ਆਹ ਚਾਦਰ ਸਾਡੀ ਨਹੀਂ ਚੁੱਕ ਸਕਦਾ ਸਾਨੂੰ ਲੈ ਜਾਏਗਾ। ਤੁਹਾਨੂੰ ਕਿਹਾ ਨਹੀਂ, ਤੁਸੀਂ ਜਾਉ ਅਸੀਂ ਆਪੇ ਹੀ ਆ ਜਾਵਾਂਗੇ।

ਉਹ ਜਦੋਂ ਚਲੇ ਗਏ, ਨਗਰ ਚੋਂ ..... ਦਿੱਸਣੋ ਹਟ ਗਏ। ਕਹਿਣ ਲੱਗੇ, ਕਮਲੀਆ ..... ਚੱਲ ਭਈ।

ਪੱਲ ਲੱਗਾ ਲਾਹੌਰ ਜਾ ਦਰਸ਼ਨ ਦਿੱਤੇ।

ਇਹ ਹੁਣ ਸ਼ਾਮ ਨੂੰ ਪੁਛਦੇ ਨੇ ਹਾਥੀ ਵਾਲੇ, ਕਿ ਮਹਾਰਾਜ ਕਦੋਂ ਦੇ ਆ ਗਏ ਨੇ, ਉਹ ਕਹਿੰਦੇ, ਸਵੇਰ ਦੇ ਹੀ ਆ ਗਏ ਨੇ।

ਉਹ ਲੜਕਾ ਜਿਹੜਾ ਪਤੰਗ ਉਡਾਉਂਦਾ ਮਰ ਗਿਆ ਸੀ। ਬਾਬਾ ਸ੍ਰੀ ਚੰਦ ਜੀ ਮਹਾਰਾਜ ਜੀ ਨੇ ਜਿਊਂਦਾ ਕਰ ਦਿੱਤਾ।

– ਬਿਹਾਰ ਵਿਚ ਜਗ੍ਹਾ ਬਣੀ ਹੋਈ ਹੈ। ਜਿਥੇ ਬਾਬਾ ਸ੍ਰੀ ਚੰਦ ਜੀ ਨੇ ਮਰਿਆ ਹਾਥੀ ਜਿਊਂਦਾ ਕੀਤਾ। ਔਰ ਇਹ ਕਿਤਨੇ ਜ਼ਿੰਦੇ ਹੋ ਗਏ। ਬੜੇ, ਇਕ ਨਹੀਂ ਪਤਾ ਨਹੀਂ ਕਿੰਨੀਆਂ ਕੁ ਸਾਖੀਆਂ ਹਨ।

– ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ, ਬੱਕਰੀ ਮਰ ਗਈ, ਕੋਈ ਗੱਲ ਏਹੋ ਜਿਹੀ ਚੱਲ ਪਈ। ਲੰਮੀ ਕਹਾਣੀ ਹੈ। ਕਿਰਪਾ ਕਰੋ ਜਿਊਂਦੀ ਕਰੋ। ਉਹਨਾਂ ਕੰਨ ਫੜ ਕੇ ਹਿਲਾਇਆ ਕਹਿੰਦੇ ਚੱਲ, ਝੱਟ ਜੀਊਂਦੀ ਹੋ ਗਈ।

ਸੋ ਇਧਰ ਸਤਵੀਂ ਪਾਤਸ਼ਾਹੀ ਗੁਰੂ ਹਰਿ ਰਾਏ ਸਾਹਿਬ ਮਹਾਰਾਜ ਦੇ ਚਰਨਾਂ ਵਿਚ ਕੀਰਤਪੁਰ ਸਾਹਿਬ ਇਕ ਪੰਡਤ ਆਇਆ।

ਉਹਦਾ ਇਕੋ ਇਕ ਲੜਕਾ ਸੀ, ਮਰ ਚੁਕਿਆ ਸੀ। ਬੇਨਤੀਆਂ ਕਰਦਾ ਹੈ ਮਹਾਰਾਜ ਕਿਰਪਾ ਕਰੋ, ਜਿਊਂਦਾ ਹੋ ਜਾਏ। ਗੁਰੂ ਜੀ ਕਹਿੰਦੇ ਭਾਈ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ।

ਉਸ ਵੇਲੇ ਸੰਗਤ ਨੇ ਜ਼ਿਆਦਾ ਹੀ ਕਿਹਾ। ਕਹਿੰਦੇ ਫਿਰ ਕੋਈ ਉਹਦੇ ਬਦਲੇ 'ਚ ਆਪਣੇ ਸਵਾਸ ਦਾਨ ਕਰ ਦੇਵੇ। ਇਸੇ ਤਰ੍ਹਾਂ ਹੀ ਹੋਇਆ।

ਭਾਈ ਜੀਵਾ ਭਾਈ ਗੋਰਾ, ਭਾਈ ਭਗਤੂ ਦੀ ਅੰਸਾਂ ਵਿਚੋਂ ਸਨ। ਭਾਈ ਜੀਵਾ ਜੀ ਉਹਨਾਂ ਦੇ ਬਦਲੇ 'ਚ ਆਪਣਾ ਸਰੀਰ ਛੱਡ ਜਾਂਦੇ ਹਨ।

ਉਹਨਾਂ ਦਾ ਲੜਕਾ ਛੋਟਾ ਜਿਹਾ ਸੀ, ਉਸ ਨੂੰ ਗੁਰੂ ਮਹਾਰਾਜ ਜੀ ਨੇ ਬਹੁਤ ਬਚਨ ਵੀ ਦਿੱਤੇ, ਭਾਈ ਤੁਸੀਂ ਪਰਉਪਕਾਰ ਦਾ ਕੰਮ ਕੀਤਾ ਹੈ ਇਸ ਕਰਕੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੌਂ ਸਾਲ ਦੀ ਉਮਰ ਹੈ ਸਰੀਰ ਕਰ ਕੇ, ਇਕ ਮਾਈ ਦੀ ਝੋਲੀ ਵਿਚ ਬੱਚਾ ਹੈ। ਪੰਜ-ਚਾਰ ਮਹੀਨੇ ਦਾ ਉਹ ਰੋ ਰਹੀ ਹੈ। ਮਹਾਰਾਜ ਅਜੇ ਗੁਰਗੱਦੀ ਤੇ ਬਿਰਾਜੇ ਹੀ ਸਨ। ਥੋੜ੍ਹੇ ਦਿਨ ਹੋਏ ਸਨ, ਕਿਰਪਾ ਕਰੋ, ਗੁਰੂ ਜੀ ਨੇ ਕਿਹਾ, ਸਾਹ ਚਲਦੈ, ਬੀਬੀ ਬੱਚਾ ਤਾਂ ਤੇਰਾ ਜੀਊਂਦਾ ਹੈ, ਵੇਖ ਸਾਹ ਚਲਦਾ ਹੈ।

ਸਾਹ ਚਲਦਾ ਹੈ ਤੇ ਜ਼ਿੰਦਾ। ਬੀਬੀ ਕਹਿਣ ਲੱਗੀ ਮਹਾਰਾਜ ਹੁਣੇ ਹੀ ਸਾਹ ਚਲਿਆ ਹੈ। ਪਹਿਲਾਂ ਤੇ ਨਹੀਂ ਸੀ ਚਲਦਾ। ਇਹ ਸਭ ਤੁਹਾਡੀ ਹੀ ਕਿਰਪਾ ਹੈ। ਇਉਂ ਦਸਿਆ ਹੈ।

**ਧਾਰਨਾ – ਸਤਿਗੁਰੂ ਮੇਰਾ ਜੀ,**

**ਮਾਰ ਜਿਵਾਲੇ ਮਾਰ ਜਿਵਾਲੇ।......2......**

ਬਾਬਾ ਅਟੱਲ ਰਾਏ – ਗੁਰੂ ਹਰਿਗੋਬਿੰਦ ਮਹਾਰਾਜ ਜੀ ਦੇ ਪੰਜ ਸਾਹਿਬਜ਼ਾਦੇ ਸਨ। ਸੂਰਜ ਮੱਲ, ਅਣੀ ਰਾਏ, ਬਾਬਾ ਗੁਰਦਿੱਤਾ ਜੀ, ਤਾਂ ਸਾਰਿਆਂ ਤੋਂ ਵੱਡੇ ਹੀ ਸਨ ਔਰ ਗੁਰੂ ਤੇਗ਼ ਬਹਾਦਰ ਔਰ ਬਾਬਾ ਅਟੱਲ ਜੀ।

ਸੁਨਿਆਰਿਆਂ ਦਾ ਮੁੰਡਾ ਮੋਹਣ ਖਿਦੋ-ਖੂੰਡੀ ਖੇਡਦੇ ਹਨ, ਮੀਟੀ ਰਹਿ ਗਈ। ਮੋਹਨ ਦੇ ਸਿਰ।

ਅਗਲੇ ਦਿਨ ਜਦੋਂ ਖੇਡਣ ਇਥੇ ਆਏ – ਕੀ ਦੇਖਿਆ ਮੋਹਣ ਆਇਆ ਹੀ ਨਹੀਂ। ਕਹਿੰਦੇ ਚਲੋ ਉਹਨਾਂ ਦੇ ਘਰ ਗਏ। ਉਸ ਦਾ ਮਾਤਾ-ਪਿਤਾ ਸਾਰਾ ਟੱਬਰ ਰੋ ਰਹੇ ਨੇ। ਬਾਬਾ ਜੀ ਇਹਨੂੰ ਸੱਪ ਡੱਸ ਗਿਆ। ਇਹ ਰਾਤ ਦਾ ਹੀ ਚੜ੍ਹਾਈ ਕਰ ਗਿਆ ਹੈ। ਗੱਲ ਵਿਚ ਖੂੰਡੀ ਪਾ ਉਠਾ ਦਿੱਤਾ। ਉਹਨੂੰ ਜਿਉਂਦਾ ਕਰ ਦਿੱਤਾ ਕਹਿੰਦੇ, ਨਹੀਂ ਅੱਜ ਇਹਨੇ ਮੋਢਿਆਂ ਤੇ ਚੁਕ ਕੇ ਹੂਟੇ ਦੇਣੇ ਨੇ, ਬਹਾਨੇ ਲਾਉਂਦਾ ਹੈ ਬਹਾਨੇ-ਮਰਿਆ ਥੋੜੀ ਹੈ। ਉਹ ਜ਼ਿੰਦਾ ਹੋ ਗਿਆ। ਇਸ ਗੱਲ ਦਾ ਪਤਾ ਲੱਗਾ ਪਿਤਾ ਹਰਿਗੋਬਿੰਦ ਮਹਾਰਾਜ ਨੂੰ, ਕਹਿਣ ਲੱਗੇ ਬੇਟਾ, ਰੱਬ ਦੇ ਸ਼ਰੀਕ ਬਣ ਜਾਉ, ਮੁਰਦੇ ਲੋਕਾਂ ਨੇ ਲਿਆ, ਲਿਆ ਕੇ ਦਰਵਾਜ਼ਿਆਂ ਤੇ ਲਾ ਦੇਣੇ ਹਜ਼ਾਰਾਂ ਹੀ ਢੇਰ।

ਇਹ ਹੁਕਮ ਹੈ ਮਹਾਰਾਜ ਜੀ ਦਾ।

***"ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥"***

**(ਅੰਗ ੪੭੨)**

ਇਸ ਕਰਕੇ ਇਸ ਤਰ੍ਹਾਂ ਨਹੀਂ ਕਰੀਦਾ ਹੁੰਦਾ, ਇਹ ਗੱਲ ਚੰਗੀ ਨਹੀਂ। ਬੇਨਤੀ ਕੀਤੀ ਪਿਤਾ ਜੀ ਭੁੱਲ ਹੋ ਗਈ।

ਖੂੰਡੀ ਰੱਖੀ ਸਿਰ ਦੇ ਥੱਲੇ, ਉਪਰ ਲਈ ਚਾਦਰ ਸਰੀਰ ਛੱਡ ਗਏ, ਜਿਥੇ ਅੱਜ-ਕੱਲ੍ਹ ਅਟੱਲ ਸਾਹਿਬ ਗੁਰਦੁਆਰਾ ਹੈ, ਸ੍ਰੀ ਅੰਮ੍ਰਿਤਸਰ।

ਗੁਰੂ ਹਰਿਗੋਬਿੰਦ ਮਹਾਰਾਜ ਜੀ ਨੇ ਚਾਰ ਯੁੱਧ ਕੀਤੇ ਨੇ ਚਾਰ, ਚੌਥਾ ਪੈਂਦੇ ਖਾਂ

ਨਾਲ ਕਰਤਾਰਪੁਰ ਸਾਹਿਬ ਤੇ ਫਿਰ ਆਪ ਜੀ ਇਥੇ ਆਏ ਅਨੰਦਪੁਰ ਸਾਹਿਬ ਦੇ ਪਰਲੇ ਪਾਸੇ ਉਹ ਜਗ੍ਹਾ ਬਣੀ ਹੋਈ ਹੈ। ਘੋੜੇ ਨੇ ਅੰਦਰੇ-ਅੰਦਰ ਅਰਦਾਸ ਕੀਤੀ ਕਿ ਮਹਾਰਾਜ, ਹੁਣ ਸਰੀਰ ਸਾਥ ਨਹੀਂ ਦੇ ਰਿਹਾ। ਹੁਣ ਛੁੱਟੀਆਂ ਬਖਸ਼ੋ। ਗੁਰੂ ਜੀ ਨੇ ਸਿਰ ਤੇ ਹੱਥ ਰਖਿਆ ਪਿਆਰ ਦਿੱਤਾ। ਅੱਛਾ ਕਹਿੰਦੇ ਚੱਲੋ।

ਘੋੜਾ ਚੜ੍ਹਾਈ ਕਰ ਗਿਆ। ਗੁਰੂ ਜੀ ਕਹਿਣ ਲੱਗੇ ਇਸ ਦਾ ਸਸਕਾਰ ਕਰੋ। ਸਸਕਾਰ ਕੀਤਾ ਉਹਦੇ ਨੇੜੇ ਹੀ ਨਦੀ ਹੈ। ਉਹਦੇ ਵਿਚ ਸਾਰੇ ਹੀ ਫੁੱਲ ਘੋੜੇ ਦੇ ਸੁੱਟਣੇ ਸੀ, ਪਾਉਣੇ ਸੀ। ਉਹਨੂੰ ਖੀਰ ਗੰਗਾ ਕਹਿੰਦੇ ਨੇ।

ਸਵਾ ਮਣ ਲੋਹਾ ਘੋੜੇ ਦੇ, ਸਸਕਾਰ ਹੋਇਆ, ਸਰੀਰ ਵਿਚੋਂ ਨਿਕਲਿਆ, ਕਿਉਂ ਜਿਹੜਾ ਤੀਰ, ਜਿਹੜੀ ਗੋਲੀ ਆਉਂਦੀ ਸੀ, ਗੁਰੂ ਜੀ ਵੱਲ ਇਹ ਅਰਦਾਸ ਕਰਦਾ ਸੀ, ਹੇ ਗੁਰੂ ਨਾਨਕ ਜੋਤ, ਇਹ ਮੇਰੇ ਸਰੀਰ ਨੂੰ ਵੱਜੇ, ਮੇਰੇ ਮਹਾਰਾਜ ਨੂੰ ਨਾ ਵਜੇ। ਘੋੜੇ ਨੂੰ ਬੜੀ ਸੋਝੀ ਸੀ। ਕਿਉਂਕਿ ਇਹ ਪਿਛਲੇ ਜਨਮ ਵਿਚ ਰਾਜੇ ਜਨਕ ਦਾ ਰਸੋਈਆ ਹੋਣ ਕਰਕੇ ਬੜੀ ਬੰਦਗੀ ਵਾਲਾ ਸੀ। ਸੰਤ ਸੇਵੀ ਸੀ।

ਗੱਲ ਏਨੀ ਸੀ ਕਿ ਇਹ ਛਕਦਾ ਜਾਂਦਾ ਰਹਿੰਦਾ। ਕੁਝ-ਨਾ-ਕੁਝ ਖਾਂਦੇ ਰਹਿਣਾ, ਸ਼ਿਕਾਇਤ ਹੋਈ, ਰਾਜਾ ਜਨਕ ਬ੍ਰਹਮ-ਗਿਆਨੀ ਸੀ। ਕਹਿੰਦੇ ਕੀ ਘੋੜੇ ਵਾਂਗੂੰ ਮੂੰਹ ਹਿਲਾਈ ਜਾਨੈ। ਰਾਜੇ ਜਨਕ ਦੀ ਛੋਟੀ ਭੈਣ, ਉਹ ਕਹਿਣ ਲੱਗੀ ਵੀਰ ਜੀ ਤੁਹਾਡਾ ਬਚਨ ਖਾਲੀ ਨਹੀਂ ਜਾਣਾ।

ਇਸ ਕਰਕੇ ਮੈਂ ਬੇਨਤੀ ਕਰਦੀ ਹਾਂ। ਜੇ ਘੋੜਾ ਇਹਨੇ ਬਣਨਾ ਹੀ ਹੈ ਸਮਰੱਥ ਪੁਰਖ ਦਾ ਬਣੇ।

***"ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥"***

**(ਅੰਗ ੭੮੩)**

ਹਾਂ ਕਹਿੰਦੇ ਗੁਰੂ ਨਾਨਕ ਦੇਵ ਜੀ ਛੇਵੇਂ ਜਾਮੇਂ ਵਿਚ ਆਉਣਗੇ, ਤੂੰ ਉਹਨਾਂ ਦਾ ਘੋੜਾ ਬਣੇਂਗਾ।

ਇਧਰ ਮਾਈ ਸੁਲਖੱਣੀ ਆਈ, ਮਹਾਰਾਜ ਸਾਡੇ ਔਲਾਦ ਨਹੀਂ ਹੈ। ਕਿਰਪਾ ਕਰੋ। ਕਹਿੰਦੇ ਬੇਟਾ ਤੇਰੇ ਭਾਗਾਂ ਵਿਚ ਹੀ ਨਹੀਂ ਲਿਖਿਆ। ਮੱਥੇ ਦੇ ਲੇਖ ਹੀ ਹੈ ਨਹੀਂ। ਵਿਚਾਰੀ ਵਾਪਸ ਜਾ ਰਹੀ ਸੀ। ਭਾਈ ਗੁਰਦਾਸ ਜੀ ਨੂੰ ਕਹਿੰਦੀ, ਤੁਸੀਂ ਮਹਾਰਾਜ ਜੀ ਨੂੰ ਕਹੋ ਮੇਹਰ ਕਰ ਦੇਣ। ਭਾਈ ਗੁਰਦਾਸ ਜੀ ਨੇ ਕਿਹਾ, ਬੇਟਾ ਮੈਂ ਜੁਗਤੀ ਦੱਸ ਦੇਂਦਾ ਹਾਂ। ਕਿਉਂਕਿ ਭਾਈ ਗੁਰਦਾਸ ਜੀ ਉਦੋਂ ਸਿਆਣੀ ਉਮਰ ਦੇ ਹੋ ਚੁੱਕੇ ਸਨ। **"ਮੁਕਤਿ ਜੁਗਤਿ**

**ਨਾਵੈ ਦੀ ਦਾਸੀ**'' ਕੱਲ੍ਹ ਕਲਮ ਦਵਾਤ ਲੈ ਕੇ ਆਈਂ। ਬੇਨਤੀ ਕਰੀਂ ਮਹਾਰਾਜ ਉਥੇ ਵੀ ਤੁਸੀਂ ਲਿਖਣੀ ਸੀ, ਹੁਣ ਲਿਖ ਦਿਉ। ਹੁਣ ਘੋੜੇ ਤੇ ਸਵਾਰ ਹਨ, ਬੇਨਤੀ ਕੀਤੀ ਮਹਾਰਾਜ, ਉਥੇ ਵੀ ਤੁਸੀਂ ਲਿਖਣਾ ਸੀ, ਹੁਣ ਲਿਖ ਦਿਉ। ਗੁਰੂ ਜੀ ਕਲਮ ਲੈ ਕੇ ਮੱਥੇ ਉਤੇ ੧ ਲਿਖਣ ਲੱਗੇ, ਨਾ ਕਿ ਕਾਗਜ਼ 'ਤੇ - ਕਿਉਂਕਿ ਲੇਖ ਮੱਥੇ ਤੇ ਹੁੰਦਾ ਹੈ। ਜਦੋਂ ਉਹਨੇ ਰਕਾਬਾਂ ਤੋਂ, ਚਰਨਾਂ ਤੋਂ ਸਿਰ ਚੁਕਿਆ। ਤੇ ਮੱਥੇ 'ਤੇ ੧ ਲਿਖਣ ਲੱਗੇ, ਉਹ ਘੋੜੇ ਨੇ ਪੈਰ ਹਿਲਾਇਆ। ਗੁਰੂ ਜੀ ਕਹਿਣ ਲੱਗੇ ਲੈ ਸੱਤ ਬਣ ਗਿਆ ਈ। ਘੋੜਾ ਥੋੜ੍ਹਾ ਜਿਹਾ ਹਿਣਕਿਆ, ਖੁਸ਼ੀ ਵਿਚ ਇਹ ਜਤਲਾ ਰਿਹਾ ਹੈ, ਲੈ ਬੀਬੀ ਉਦੋਂ ਤੂੰ ਰਾਜੇ ਜਨਕ ਦੀ ਭੈਣ ਸੈਂ। ਤੂੰ ਮੇਰੀ ਫਰਮਾਇਸ਼ ਕੀਤੀ ਸੀ। ਮੈਂ ਤੇਰਾ ਉਧਾਰ ਲਾਹ ਦਿੱਤਾ ਹੈ।

ਸੋ ਜਨਮਾਂ ਜਨਮਾਂ ਦੀ ਕਮਾਈ ਹੋਣ ਕਰਕੇ ਇਸ ਘੋੜੇ ਨੂੰ ਸਾਧ ਸੰਗਤ ਜੀ, ਸੋਝੀ ਸੀ। ਸੋ ਗੁਰੂ ਜੀ ਨੇ ਸ਼ਸਤਰ ਲਾਹ ਦਿੱਤੇ।

ਕਹਿਣ ਲੱਗੇ ਏਨਾ ਹੀ ਹੁਕਮ ਸੀ। ਵਾਹਿਗੁਰੂ ਅੰਤਰਜਾਮੀ ਅਕਾਲ ਪੁਰਖ ਦਾ ਬੱਸ -ਹੁਣ ਨਹੀਂ ਜੁੱਧ ਕਰਨੇ।

ਸਤਵੀਂ ਪਾਤਸ਼ਾਹੀ ਗੁਰੂ ਸਾਹਿਬ ਜੀਆਂ ਨੂੰ ਹਦਾਇਤਾਂ ਕੀਤੀਆਂ ਸਨ ਗੁਰਗੱਦੀ ਬਖਸ਼ਣ ਤੋਂ ਪਹਿਲਾਂ ਹੀ ਕਿ ਤੁਸੀਂ ਯੁੱਧ ਨਹੀਂ ਕਰਨਾ, ਇਹ ਕੰਮ ਦਸਵੇਂ ਜਾਮੇ ਵਿਚ ਕਰਾਂਗੇ।

ਕਹਿੰਦੇ ਠੀਕ। ਤੇ ਬਾਬਾ ਗੁਰਦਿੱਤਾ ਜੀ, ਉਹ ਪਹਾੜੀ ਇਲਾਕੇ ਵਿਚ ਫਿਰਦੇ ਨੇ, ਉਥੇ ਇਕ ਸ਼ੇਰ, ਉਹਨੇ ਰਾਹ ਬੰਦ ਕੀਤੇ ਹੋਏ ਲੋਕਾਂ ਦੇ, ਜਾਂ ਦੇਖਿਆ ਝਾੜੀਆਂ ਵਿਚ ਬਈ ਆਹ ਹੀ ਹੋਣਾ ਉਹ ਤੀਰ ਮਾਰਿਆ ਕੱਸ ਕੇ, ਉਹ ਗਾਈਂ ਦੇ ਜਾ ਲੱਗਾ, ਉਹ ਗਾਈਂ ਮਰ ਗਈ ਹੈ, ਉਹ ਪਹਾੜੀਏ ਹੋ ਗਏ ਇਕੱਠੇ ਕਹਿਣ ਲੱਗੇ ਬਾਬਾ ਜੀ, ਗਾਈਂ ਜੀਊਂਦੀ ਕਰੋ। ਕਹਿੰਦੇ ਏਸ ਤਰ੍ਹਾਂ ਹੈ, ਤੁਸੀਂ ਦੋ ਗਾਈਆਂ ਦਾ ਮੁੱਲ ਲੈ ਲਉ। ਕਹਿੰਦੇ ਨਹੀਂ ਇਹਨੂੰ ਹੀ ਜ਼ਿੰਦੀ ਕਰੋ। ਕਹਿੰਦੇ ਅੱਛਾ ਚੌਹ ਗਾਈਆਂ ਦਾ ਮੁੱਲ ਲੈ ਲਉ। ਬੜੀ ਜ਼ਿੱਦ ਫੜੀ ਉਹਨਾਂ ਨੇ ਨਹੀਂ, ਜਿਊਂਦੀ ਕਰੋ ਗਾਈਂ। ਸਾਰੇ ਇਕੱਠੇ ਹੋ ਕੇ ਜਾਨੇ ਆਂ ਸ਼ਾਹਜਹਾਨ ਕੋਲ। ਉਹਨਾਂ ਨਾਲ ਮਿਲ ਕੇ ਅਸੀਂ ਯੁਧ ਕਰਾਂਗੇ। ਗੁਰੂ ਜੀ ਨੇ ਸ਼ਸਤਰ ਲਾਹ ਦਿੱਤੇ ਸੀ। ਯੁੱਧ ਹੋਣਾ ਨਹੀਂ ਸੀ, ਬਚਨ ਹੋ ਗਿਆ ਹੁਣ ਨਹੀਂ ਬਸ ਏਨਾ ਹੀ ਸੀ ਹੁੱਕਮ। ਖਹਿੜਾ ਛੁਡਾਉਣ ਵਾਸਤੇ ਬਾਬਾ ਗੁਰਦਿੱਤਾ ਜੀ ਨੇ ਕੰਨ ਫੜ ਕੇ ਹਿਲਾਇਆ, ਗਾਈਂ ਜਿਊਂਦੀ ਕਰ ਦਿੱਤੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿਣ ਲੱਗੇ ਬੇਟਾ, ਅਟੱਲ ਰਾਏ - ਤੋਂ ਸਿੱਖਿਆ ਨਹੀਂ ਮਿਲੀ, ਮੁਰਦੇ ਜ਼ਿੰਦੇ ਕਰਦੇ ਓ।

ਪਿਤਾ ਜੀ ਭੁੱਲ ਮਾਫ ਕਰਨੀ।

ਚਾਦਰਾ ਲੈ ਕੇ ਪਹਾੜੀ ਤੇ ਪੈ ਗਏ, ਸਰੀਰ ਛੱਡ ਗਏ। ਸੋ ਕਿਤਨੇ ਕੁ ਦੱਸੇ ਜਾਣ ਕਿਵੇਂ ਜ਼ਿੰਦੇ ਕੀਤੇ।

- ਲਾਹੌਰ ਇਕ ਇਸਲਾਮ ਵਾਲਿਆਂ ਦਾ ਲੜਕਾ ਚੜ੍ਹਾਈ ਕਰ ਗਿਆ। ਏਥੋਂ ਦਾ ਜਿਹੜਾ ਲਾਹੌਰ ਦਾ ਮੁਖੀ ਸੀ, ਉਹ ਵੀ ਮੁਸਲਮਾਨ ਸੀ। ਉਹ ਕਹਿੰਦਾ ਮੇਰਾ ਮੁੰਡਾ ਗਿਆ ਮਰ, ਇਹ ਜਿਹੜੇ ਸਾਧੂ ਸੰਤ ਫਿਰਦੇ ਨੇ ਪੀਰ ਫਕੀਰ - ਇਹ ਗੱਲ ਗੁਰੂ ਨਾਨਕ ਜੀ ਦੇ ਸਮੇਂ ਦੀ ਹੈ। ਇਹ ਜਾਂ ਤਾਂ ਕੋਈ ਸ਼ਕਤੀ ਦਿਖਾਉਣ। ਉਹ ਫੜ-ਫੜ ਜੇਲ੍ਹਾਂ 'ਚ ਬੰਦ ਕਰਦਾ ਹੈ। ਜਾਂ ਮੇਰਾ ਲੜਕਾ ਜ਼ਿੰਦਾ ਕਰੋ। ਕਿਸੇ ਨੇ ਕਿਹਾ ਇਹ ਗੱਲ ਨਹੀਂ ਬਣਨੀ ਸ਼ਮਸ਼ ਤਬਰੇਜ਼ ਉਸ ਨੂੰ ਕਹੋ। ਇਹ ਪਿਛਲੇ ਜਨਮ ਵਿਚ ਮਨਸੂਰ ਦੀ ਰੂਹ ਸੀ। ਇਹ ਤਿੰਨ ਚਾਰ ਜਨਮ ਜਿਥੇ ਅੱਗੇ ਜਨਮ ਲੈਣਾ ਹੁੰਦਾ ਸੀ, ਉਸ ਘਰ ਪਹਿਲਾਂ ਹੀ ਕਿਤਾਬਾਂ ਰੱਖ ਆਉਂਦਾ ਸੀ। ਮੈਂ ਤੁਹਾਡੇ ਘਰ ਅੱਮਕੇ ਟਾਈਮ ਜਨਮ ਲਵਾਂਗਾ। ਮੇਰੀਆਂ ਕਿਤਾਬਾਂ ਸੰਭਾਲ ਕੇ ਰਖਿਉ। ਇਹਨੂੰ ਲਿਆਂਦਾ ਗਿਆ। ਕਹਿਣ ਲੱਗੇ ਹੱਥ ਜੋੜ ਕੇ, ਪੀਰ ਜੀ। ਜੇ ਤੁਸੀਂ ਆਹ ਮੁਰਦਾ ਜ਼ਿੰਦਾ ਕਰ ਦਿਉ, ਕਹਿੰਦੇ ਹੋ ਤਾਂ ਜਾਏਗਾ। ਪਰ ਤੁਸੀਂ, ਮੇਰੇ ਹੋ ਜਾਣਾ ਉਲਟ। ਕਹਿੰਦੇ ਨਹੀਂ। ਨਾਲੇ ਸਾਡਾ ਲੜਕਾ ਜ਼ਿੰਦਾ ਕਰੋ ਨਾਲੇ ਅਸੀਂ ਤੁਹਾਡੇ ਉਲਟ ਹੋ ਜਾਈਏ। ਇਹ ਹੋ ਹੀ ਨਹੀਂ ਸਕਦਾ, ਕਹਿੰਦਾ ਦੇਖ ਲਿਉ। ਅੱਛਾ ਲਿਆਉ, ਤਿੰਨ-ਚਾਰ ਦਿਨ ਦਾ ਮਰਿਆ ਸਾਹਮਣੇ ਲਿਆ ਰਖਿਆ।

ਸ਼ਮਸ਼ ਤਬਰੇਜ਼ ਜੀ ਕਹਿਣ ਲੱਗੇ - ਐ ਲੜਕੇ .....।

ਖੁਦਾ ਕੇ ਹੁਕਮ ਸੇ ਜ਼ਿੰਦਾ ਹੋ - ਉਹ ਨਹੀਂ ਹੋਇਆ।

ਖੁਦਾ ਕੇ ਹੁਕਮ ਸੇ ਜ਼ਿੰਦਾ ਹੋ, ਉਹ ਨਹੀਂ ਹੋਇਆ।

ਲੜਕੇ ਦੋ ਬਾਰ ਪਹਿਲੇ ਭੀ ਕਹਾ ਹੈ, ਖੁਦਾ ਕੇ ਹੁਕਮ ਸੇ ਜ਼ਿੰਦਾ ਹੋ। ਉਹ ਨਹੀਂ ਹੋਇਆ। ਜੇ ਖੁਦਾ ਨੇ ਜ਼ਿੰਦਾ ਕਰਨਾ ਸੀ ਤਾਂ ਖੁਦਾ ਨੇ ਮਾਰਿਆ ਹੀ ਕਿਉਂ ?

***ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ***
***ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ॥***

(ਅੰਗ ੫੯੪)

ਇਹ ਉਹਦੇ ਹੁਕਮ ਵਿਚ ਹੈ ਸਾਰਾ ਕੁਝ। ਉਸ ਵੇਲੇ ਕਹਿਣ ਲੱਗਾ - "ਦਰਵੇਸ਼ ਕੇ ਹੁਕਮ ਸੇ ਜ਼ਿੰਦਾ ਹੋ" ਉਹ ਝਟ ਜ਼ਿੰਦਾ ਹੋ ਗਿਆ।

ਹੁਣ ਇਹਨਾਂ ਗੱਲ ਤੇ ਸਮਝੀ ਨਾ, ਕਿ ਇਹਨਾਂ ਦੀ ਇਤਨੀ ਮੱਤ ਹੀ ਨਹੀਂ ਸੀ।

ਕਹਿੰਦੇ ਫੜੋ ਓਏ ਏਹਦੀ ਖੱਲ ਲਾਹੋ ਪੁੱਠੀ ਇਹਦੀ ਇਹ ਰੱਬ ਨਾਲੋਂ ਵੱਡਾ ਹੋ ਗਿਆ ਹੈ। ਸ਼ਰ੍ਹਾ ਦੇ ਉਲਟ ਚੱਲਦਾ ਹੈ।

ਉਹ ਕਹਿਣ ਲੱਗਾ ਕੀ ਖੱਲ ਮੇਰੀ ਤੁਸੀਂ ਲਾਹੋਗੇ। ਮੈਂ ਆਪੇ ਹੀ ਲਾਹ ਕੇ ਫੜਾ ਦੇਣਾਂ। ਸੱਜੇ ਪੈਰ ਦੇ ਅੰਗੂਠੇ ਤੋਂ ਜਿਵੇਂ ਆਲੂ ਛਿਲੀਦਾ ਹੈ। ਇਓਂ ਫੜ ਕੇ, ਸਾਰੀ ਲਾਹ ਕੇ ਵਗਾਹ ਮਾਰੀ। ਅੱਗੇ ਕਹਿੰਦਾ ਲੈ।

ਜਿਉਂ ਤੁਰਿਆ ਉਥੋਂ, ਮੱਖੀਆਂ ਭਿਣਕਣ, ਉਹ ਮੁਲਤਾਨ ਚਲਿਆ ਗਿਆ। ਇਸ ਨੂੰ ਪਤਾ ਲੱਗਾ ਅੱਜ ਇਥੇ ਗੁਰੂ ਨਾਨਕ ਜੀ ਆਏ ਹੋਏ ਨੇ। ਕਿਸੇ ਨੇ ਦਸਿਆ ਸ਼ਮਸ ਤਬਰੇਜ਼ ਗੁਰੂ ਨਾਨਕ ਜੀ ਆਏ ਹੋਏ ਨੇ। ਉਡਦੀ-ਉਡਦੀ ਗੱਲ ਤਾਂ ਸੁਣੀ ਹੈ ਭਈ ਰੱਬ ਪ੍ਰਗਟ ਹੋਇਆ। ਚਲੋ ਦਰਸ਼ਨ ਕਰਦੇ ਹਾਂ। ਲੰਮੇ ਪੈ ਕੇ ਗੁਰੂ ਨਾਨਕ ਜੀ ਨੂੰ ਇਹਨੇ ਮੱਥਾ ਟੇਕਿਆ। ਤੇ ਬੇਨਤੀ ਕੀਤੀ -

ਗਰੀਬ ਨਿਵਾਜ਼ ਮੈਂ ਆਪ ਜੀ ਬਾਰੇ ਕੁਝ ਸੋਭਾ ਸੁਣ ਕੇ ਆਇਆਂ ਬੜੇ ਲੋਕਾਂ ਕੋਲੋਂ, ਕਿ ਖੁਦ-ਖੁਦਾ ਨਾਨਕ ਨਾਮ ਰਖਾ ਕੇ ਸੰਸਾਰ 'ਤੇ ਪ੍ਰਗਟ ਹੋਇਆ।

ਆਹ ਦੇਖੋ ਮੈਨੂੰ ਮੱਖੀਆਂ ਕਿਵੇਂ ਖਾ ਰਹੀਆਂ ਨੇ ਕਿਰਪਾ ਕਰੋ ਮਹਾਰਾਜ ਬਖਸ਼ਿਸ਼ ਕਰੋ ਇਓਂ ਬੇਨਤੀ ਕਰਦਾ ਹੈ।

**ਧਾਰਨਾ - ਊਚਾ ਦਰ ਸਤਿਗੁਰ ਨਾਨਕ ਦਾ,**

**ਊਚਾ ਦਰ ਬਾਬੇ ਨਾਨਕ ਦਾ।**

**ਮੈਂ ਸੋਭਾ ਸੁਣਕੇ ਆਇਆ।......2......**

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥***
***ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥***
***ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੇ॥***
***ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੇ॥੪॥***

(ਅੰਗ ੮੦੨)

ਇਸ ਨੇ ਹੱਥ ਜੋੜ ਕੇ ਬੇਨਤੀ ਕੀਤੀ, ਗੁਰੂ ਨਾਨਕ ਦੇਵ ਜੀ ਨੇ ਸਮਝਾਇਆ। ਕਹਿਣ ਲੱਗੇ ਸ਼ਮਸ ਜੀ ! ਠੀਕ ਹੈ ਤੁਸੀਂ ਕਮਾਈ ਕੀਤੀ ਨਾਮ ਦੀ, ਉਹ ਜਿਹੜਾ ਤੁਸੀਂ ਲਾਹੌਰ ਮੁਰਦਾ ਜਿਊਂਦਾ ਕੀਤਾ ਹੈ, ਉਹ ਆਪਣੀ ਮੈਂ ਨੂੰ ਵਿਚ ਰੱਖ ਕੇ ਕੀਤਾ ਹੈ। ਮੁਰਦਾ ਜਿਊਂਦਾ ਕਰਨਾ ਪੀਰ ਜੀ ਕੋਈ ਗੁਨਾਹ ਨਹੀਂ ਹੈ। ਪਰ ਜਦੋਂ ਹੁਕਮ ਹੋ ਜਾਏ

ਵਾਹਿਗੁਰੂ ਜੀ ਦਾ। ਜੇ ਰੱਬ ਦਾ ਹੁਕਮ ਹੋ ਜਾਏ। ਫਿਰ ਇਕ ਨਹੀਂ ਦੋ ਕਰ ਦਿਉ, ਚਾਰ ਕਰ ਦਿਉ, ਪਰ ਰੱਬ ਦਾ ਹੁਕਮ ਤਾਂ ਖ਼ੁਦਾ ਦਾ ਸ਼ਮਸ ਜੀ ਹੋਇਆ ਨਹੀਂ। ਆਪਣੀ ਕਰਾਮਾਤ ਦਿਖਾਉਣ ਵਾਸਤੇ ਲਾਹੌਰ ਵਿਚ ਇਸ ਕਰਕੇ ਤੁਹਾਡੀ ਇਹ ਖੱਲ ਲੱਥੀ ਹੈ। ਗੱਲ ਹੋਰ ਕੁਝ ਨਹੀਂ। ਇਹ ਗਲਤੀ ਹੈ। ਮਾਫੀ ਮੰਗੀ ਮਹਾਰਾਜ ਅੱਗੋਂ ਤੋਂ ਲਾਏ ਕੰਨਾਂ ਨੂੰ ਹੱਥ, ਇਹੋ ਜਿਹੇ ਕੰਮ-ਮੈਂ ਨਾ ਕਰਾਂ ਭਾਵੇਂ ਸਾਰੇ ਮਰ ਜਾਣ। ਕਹਿੰਦੇ ਫਿਰ ਬਹੁਤ ਅੱਛਾ। ਹੁਣ ਤੂੰ ਰਾਜ਼ੀ ਹੋ ਜਾਏਂਗਾ। ਕਹਿਣ ਦੀ ਦੇਰ ਸੀ ਉਸੇ ਵੇਲੇ ਮੱਖੀਆਂ ਨੇ ਛੱਡ ਦਿੱਤਾ ਖਹਿੜਾ ਤੇ ਰਾਜ਼ੀ ਹੋ ਗਿਆ। ਠੀਕ ਹੋ ਗਿਆ।

ਗੁਰੂ ਨਾਨਕ ਜੀ ਜਿਹੜਾ ਬਚਨ ਕਰਦੇ ਹੁੰਦੇ ਤੱਤ-ਛਿਨ ਉਸੇ ਵੇਲੇ ਹੀ ਉਵੇਂ ਹੋ ਜਾਂਦਾ ਹੁੰਦਾ।

ਸੋ ਇਸ ਕਰਕੇ ਇਕ ਨਹੀਂ ਕਿਤਨੇ ਕੁ ਦੱਸੇ ਜਾਣ।

***'ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥***
***ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥***

(ਅੰਗ ੮੭੪)

ਉਹ ਹੁਣ ਲੜਕੇ ਦਾ ਲੱਥ ਗਿਆ ਸਿਰ, ਕਹਿਣ ਲੱਗੀ ਪਾਰਵਤੀ ਹੁਣ ਇਸ ਨੂੰ ਜ਼ਿੰਦਾ ਕਰੋ। ਇਹ ਤਾਂ ਬੜੀ ਔਖੀ ਗੱਲ। ਨਹੀਂ ਕਹਿੰਦੀ ਕਿਵੇਂ ਕਰੋ ਬੱਸ।

ਇਕ ਛੋਟਾ ਜਿਹਾ ਹਾਥੀ ਦਾ ਬੱਚਾ ਉਹ ਆਪਣੀ ਮਾਂ ਨਾਲ ਪਿਆ ਹਥਣੀ ਨਾਲ ਕੰਡ ਕਰਕੇ ਉਹਦਾ ਸਿਰ ਵੱਢ ਕੇ ਲਿਆ ਕੇ ਉਹਦੇ ਉਤੇ ਲਾ ਕੇ, ਗਣੇਸ਼ ਜੀ ਬਣਾ ਦਿੱਤਾ।

ਦੁਨੀਆਂ ਜਾਣਦੀ ਹੈ ਗਣੇਸ਼ ਜੀ ਨੂੰ ਕੌਣ ਨਹੀਂ ਜਾਣਦਾ। ਸਿਰ ਹਾਥੀ ਦਾ ਸਰੀਰ ਬੰਦੇ ਦਾ। ਲਾ ਦਿੱਤਾ ਨਾ ਗੁਰੂ ਅਰਜਨ ਦੇਵ ਜੀ ਵਾਂਗੂੰ। ਸੋ ਇਸ ਤਰ੍ਹਾਂ।

**"ਸਤਿਗੁਰ ਮੇਰਾ ਮਾਰ ਜਿਵਾਲੇ"**

ਇਕ ਸਾਖੀ ਆਉਂਦੀ ਹੈ ਪੁਰਾਤਨ ਗ੍ਰੰਥਾਂ ਵਿਚ ਇਕ ਕੋਈ ਰਾਜਾ ਉਹਦੇ ਸ਼ਹਿਰ ਵਿਚ ਇਕ ਕੋਈ ਏਹੋ ਜਿਹਾ ਸੀਗਾ। ਬਾਦਸ਼ਾਹ ਹੋਣੈ ਕੋਈ। ਧਰਮਸ਼ਾਲਾ ਬਣੀ ਹੋਈ ਯਾਨੀ ਰੱਬ ਦਾ ਕੋਈ ਮੰਦਰ ਬਣਿਆ ਹੋਇਆ, ਬਈ ਇਥੇ ਰੱਬ ਦਾ ਭਜਨ ਕਰੋ। ਸਤਿਸੰਗ ਕਰੋ, ਰੱਬ ਦਾ ਨਾਂ ਲਵੋ। ਉਥੇ ਕਥਾ ਵਿਚਾਰਾਂ ਕੋਲ ਹੁੰਦਿਆਂ ਉਹ ਕਹਿਣ ਲੱਗਾ ਮੈਂ ਇਹਨੂੰ ਘੱਲੂੰ ਜਲਾਦਾਂ ਨੂੰ ਕਹਿਣ ਲੱਗਾ ਇਹਨੂੰ ਮਾਰ ਦਿਉ।

ਜੇ ਇਹਨੂੰ ਛੱਡਿਆ ਤੁਹਾਨੂੰ ਨਹੀਂ ਛਡਾਂਗਾ। ਉਹ ਤਾਂ ਆਇਆ ਨਾ, ਏਧਰ-

ਉੱਧਰ ਚਲਿਆ ਗਿਆ ਰਾਜੇ ਨੇ ਘੱਲਿਆ, ਰਾਜਾ ਆਪ ਹੀ ਆ ਗਿਆ। ਕੀ ਦੇਖਦਾ ਮਰ ਗਿਆ ਕਿ ਜ਼ਿੰਦਾ।

ਜਾਂ ਪਹਿਲਾ ਕਦਮ ਅੱਗੇ ਰਖਿਆ ਸਿਰ ਲਾਹ ਕੇ ਪਰ੍ਹਾਂ ਮਾਰਿਆ ਜਲਾਦਾਂ ਨੇ, ਦੇਖਿਆ ਤਾਂ ਰਾਜਾ।

ਪਿਛੇ ਆਉਂਦਾ ਸੀ ਵਜ਼ੀਰ, ਵਜ਼ੀਰ ਆਪਣਾ ਸਿਰ ਆਪੇ ਹੀ ਲਾਹ ਕੇ ਤੇ ਮਰ ਗਿਆ ਕਿ ਮੇਰੇ ਜ਼ੁੰਮੇ ਪਊ ਬਈ ਇਹਨੇ ਰਾਜ ਗੱਦੀ ਲੈਣੀ ਹੋਣੀ ਹੈ।

ਉਹ ਜਿਹੜੀ ਰਾਜੇ ਦੀ ਰਾਣੀ ਸੀ, ਉਹਨੇ ਉਹ ਦੋਵੇਂ ਸਿਰ ਤੇ ਧੜ ਇਕੱਠੇ ਕੀਤੇ, ਪਰ ਛੇਤੀ-ਛੇਤੀ ਨਾਲ ਵਜ਼ੀਰ ਦਾ ਸਿਰ ਰਾਜੇ ਦੇ ਧੜ ਤੇ ਲਾ ਦਿੱਤਾ ਅਤੇ ਰਾਜੇ ਦਾ ਸਿਰ ਵਜ਼ੀਰ ਦੇ ਧੜ ਤੇ ਲਾ ਦਿੱਤਾ।

ਅਰਦਾਸ ਕੀਤੀ, ਹੇ ਪ੍ਰਭੂ ਹੇ ਸ਼ਕਤੀਮਾਨ, ਹੇ ਈਸ਼ਵਰ ਹੇ ਕਰੁਣਾ ਨਿਧਾਨ, ਮੇਰੀ ਅਰਦਾਸ ਹੈ। ਆਪ ਕਿਰਪਾ ਕਰੋ ਇਹ ਜ਼ਿੰਦੇ ਹੋ ਜਾਣ। ਉਹ ਜ਼ਿੰਦੇ ਹੋ ਗਏ।

ਇਕ ਰਾਜਾ ਉਹਨੂੰ ਚਿੱਠੀਆਂ ਬੜੀਆਂ ਆਉਂਦੀਆਂ ਸੀ।

ਉਹਦੀ ਘਰ ਵਾਲੀ ਉਹ ਕਹਿੰਦੀ ਜੀ ਬਈ ਚਿੱਠੀ ਆਈ ਹੈ, ਕਲ੍ਹ ਵੀ ਪਰਸੋਂ ਵੀ, ਪਿਛਲੇ ਹਫਤੇ ਵੀ, ਮੇਰੇ ਵੀਰ ਨੇ ਸਾਧੂ ਬਣ ਜਾਣੈ। ਸੰਤ ਬਣ ਜਾਣੈ, ਜੰਗਲਾਂ ਨੂੰ ਚਲੇ ਜਾਣੈ। ਉਹ ਕਹਿੰਦਾ ਮੈਨੂੰ ਛੇਤੀ-ਛੇਤੀ ਮਿਲ ਜਾ, ਰਾਜਾ ਕਹਿਣ ਲੱਗਾ ਠੀਕ ਹੈ ਜਿਹੜੇ ਰਿਸ਼ਤੇਦਾਰਾਂ ਨੂੰ ਚਿੱਠੀਆਂ ਪਾਉਂਦੇ ਹੁੰਦੇ ਨੇ ਉਹ ਸੰਤ ਨਹੀਂ ਬਣਦੇ ਹੁੰਦੇ, ਐਵੇਂ ਹੁੰਦੇ ਨੇ, ਪਖੰਡੀ ਜਿਹੇ ਉਹ ਤਾਂ ਮੋਹ ਵਿਚ ਫਸੇ ਹੁੰਦੇ ਨੇ।

ਉਹ ਕਹਿਣ ਲੱਗੀ, ਕਿਹੋ ਜਿਹਾ ਹੁੰਦਾ ਹੈ।

ਉਹ ਕਹਿੰਦਾ ਮੈਂ ਦੱਸਦਾ ਹਾਂ। ਸਤਿ ਸ੍ਰੀ ਅਕਾਲ ਕਹਿ ਕੇ ਜੰਗਲਾਂ ਨੂੰ ਚਲਾ ਗਿਆ।

ਇਹ ਸਵਾਲ ਉਸ ਰਾਣੀ ਨੇ ਰਖਿਆ ਦਸੋ ਉਹਨਾਂ ਦੋਹਾਂ ਵਿਚੋਂ ਧੜ ਵਜ਼ੀਰ ਦਾ ਸਿਰ ਰਾਜੇ ਦਾ, ਉਹ ਰਾਣੀ ਦਾ ਪਤੀ ਜਿਹੜਾ ਜ਼ਿੰਦਾ ਹੋਇਆ ਜਾਂ ਰਾਜੇ ਦਾ ਸਿਰ ਵਜ਼ੀਰ ਦਾ ਧੜ ਜਾਂ ਵਜ਼ੀਰ ਦਾ ਸਿਰ ਰਾਜੇ ਦਾ ਧੜ। ਉਹਦੇ ਵਿਚ ਪਤੀ ਉਹ ਕਿਹਨੂੰ ਮੰਨਦੀ ਹੈ। ਇਹ ਫੈਸਲਾ ਹੋਇਆ ਕਿ ਰਾਣੀ ਨੇ ਉਹ ਪਤੀ ਮੰਨਿਆ, ਵਜ਼ੀਰ ਦਾ ਧੜ ਅਤੇ ਰਾਜੇ ਦਾ ਸਿਰ, ਉਹ ਰਾਣੀ ਦਾ ਪਤੀ ਹੋਇਆ।

ਸੋ ਸਿਰ ਕਰਕੇ ਹੀ ਹੁੰਦੈ, ਫੋਟੋ ਵੀ ਸਿਰਾਂ ਦੀ ਆਹ- ਬੜੀਆਂ-ਬੜੀਆਂ ਬਖਸ਼ਿਸ਼ਾਂ ਸਿਰ ਵਿਚ ਹੀ ਹੁੰਦੀਆਂ ਨੇ। ਸੋ ਇਸ ਕਰਕੇ ਮੁੱਲ ਸਿਰਾਂ ਦੇ ਹੀ ਪੈਂਦੇ ਹੁੰਦੇ ਨੇ।

ਸੋ ਵਿਚਾਰ ਹੋ ਰਹੀ ਸੀ ਇਉਂ ਨਹੀਂ, ਕਿਤਨੇ ਕੁ ਦੱਸੇ ਜਾਣ ਕਿ ਕਿਵੇਂ ਜ਼ਿੰਦੇ ਹੁੰਦੇ ਨੇ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਬਚਨ ਆਉਂਦੇ ਨੇ। ਭਗਤ ਨਾਮਦੇਵ ਜੀ ਦੇ ਸਮੇਂ। ਉਥੇ ਦਿੱਲੀ, ਆਹ ਜਿਥੋਂ ਮੁਰਦੇ ਰਾਹ ਵਿਚ ਰੱਖਣ ਦੀ ਬਿਮਾਰੀ ਸਾਡੇ ਦੇਸ਼ ਵਿਚ ਫੈਲੀ। ਕੋਈ ਚੜ੍ਹਾਈ ਕਰ ਜਾਏ, ਉਹਨੂੰ ਰਾਹ ਵਿਚ ਰਖਦੇ ਨੇ ਸੱਤ ਸੌ ਸਾਲ ਹੋ ਗਿਆ ਗੱਲ ਚਲੀ ਨੂੰ, ਪਹਿਲਾਂ ਸਾਡੇ ਦੇਸ਼ ਵਿਚ ਕੋਈ ਚੜ੍ਹਾਈ ਕਰ ਜਾਏ, ਕਿਸੇ ਨੂੰ ਸਾਧ ਸੰਗਤ ਕੋਈ ਰਾਹ ਵਿਚ ਰਖਦਾ ਹੀ ਨਹੀਂ ਸੀ।

ਇਹ ਜਮਨਾ ਦੇ ਕੰਢੇ ਭਗਤ ਨਾਮਦੇਵ ਜੀ ਬੰਦਗੀ ਕਰਦੇ ਬ੍ਰਾਹਮਣ ਮਰ ਗਿਆ। ਉਦੋਂ ਸਤੀਆਂ ਦਾ ਰਿਵਾਜ ਹੁੰਦਾ ਸੀ। ਇਹ ਗੱਲ ਗੁਰੂ ਨਾਨਕ ਜੀ ਨਾਲੋਂ ਦੋ ਸੌ ਸਾਲ ਪਹਿਲਾਂ ਦੀ ਹੈ। ਉਹ ਨਾਲ ਜਾ ਰਹੀ ਹੈ, ਉਹਨਾਂ ਦੇਖਿਆ ਚਲੋ ਮਹਾਂਪੁਰਖ ਨੇ, ਭਗਤ ਜੀ ਨੇ, ਮੱਥਾ ਟੇਕ ਚਲਦੇ ਹਾਂ।

ਨਮਸਕਾਰ ਕੀਤੀ ਤੇ ਸਹਿ-ਸੁਭਾਏ ਕਹਿਣ ਲੱਗੇ, ਬੇਟਾ ਸੁਹਾਗਵੰਤੀ ਕਿਧਰ ਚੱਲੇ ਸਵੇਰੇ-ਸਵੇਰੇ। ਉਹ ਕਹਿਣ ਲੱਗੀ ਤੁਹਾਡਾ ਬਚਨ ਸੱਤ ਹੋਏ। ਕਹਿੰਦੇ ਲਿਆਉ-ਲਿਆਉ ਉਹ ਮੁਰਦਾ ਲਿਆ ਰਖਿਆ ਭਗਤ ਜੀ ਦੇ ਚਰਨਾਂ ਵਿਚ, ਇਹਨੂੰ ਜ਼ਿੰਦਾ ਕਰੋ, ਮੇਰਾ ਸੁਹਾਗ ਮਰਿਆ ਪਿਆ ਹੈ। ਤੁਸੀਂ ਕਿਹਾ ਸੀ ਸੁਹਾਗਵੰਤੀ ਕਿਧਰ ਚੱਲੇ। ਹੁਣ ਚੁਪ ਨੇ ਭਈ ਹੁਣ ਕੀ ਕੀਤਾ ਜਾਏ ?

ਅੰਤਰ ਆਤਮੇ ਅਕਾਸ਼-ਬਾਣੀ ਹੋਈ, ਅਕਾਸ਼ ਬਾਣੀ ਐਂ, ਨਹੀਂ ਹੁੰਦੀ ਬਈ ਬਾਹਰੋਂ ਕੰਨਾਂ ਵਿਚ ਕੋਈ ਅਵਾਜ਼ਾਂ ਆਉਂਦੀਆਂ ਅੰਤਰ-ਆਤਮੇ ਅਕਾਸ਼ ਬਾਣੀ ਹੋਈ। ਵਸ਼ਿਸ਼ਟ ਜੀ ਨੂੰ ਹੋਈ।

ਗੁਰੂ ਨਾਨਕ ਜੀ ਕਹਿਣ ਲੱਗੇ ਉਹ ਹੁਕਮ ਹੈ। ਯੋਗੀ ਰਾਜ ਉਹਨੂੰ ਸਮਝੋ। ਮਹਾਰਾਜ ਉਹ ਹੁਕਮ ਕਿਥੇ ਬੋਲਦੈ, **"ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ"** ਤੁਹਾਡੀ ਆਤਮਾ 'ਚ ਬੋਲਦਾ, ਉਥੋਂ ਤੱਕ ਤੁਸੀਂ ਅਜੇ ਪਹੁੰਚੇ ਹੀ ਨਹੀਂ। ਇਹ ਗੱਲ ਲੰਮੀ ਹੈ ਆਪਾਂ ਅੱਗੇ ਚਲਣਾ ਹੈ। ਵਿਚਾਰ ਹੋ ਰਹੀ ਸੀ ਉਸ ਵੇਲੇ ਅਕਾਸ਼ ਬਾਣੀ ਹੋਈ। ਸਾਰੇ ਇਉਂ ਬੋਲੇ -

**ਧਾਰਨਾ - ਸਤਿਗੁਰੂ ਮੇਰਾ ਜੀ,**

**ਮਾਰ ਜਿਵਾਲੇ-ਮਾਰ ਜਿਵਾਲੇ......2......।**

ਭਗਤ ਨਾਮਦੇਵ ਜੀ ਦੇ ਅੰਤਰ-ਆਤਮੇ ਅਕਾਸ਼ ਬਾਣੀ ਹੋਈ। ਬ੍ਰਾਹਮਣ ਦਾ ਫੜ ਕੰਨ ਹਿਲਾ। ਉਹ ਜ਼ਿੰਦਾ ਹੋ ਗਿਆ। ਇਹ ਖਬਰ ਮੱਲੋ-ਮੱਲੀ ਸਾਰੇ ਦਿੱਲੀ ਸ਼ਹਿਰ ਵਿਚ ਫੈਲ ਗਈ। ਸਲੇਮ ਬਾਦਸ਼ਾਹ ਸੀ। ਹਿੰਦੁਸਤਾਨ ਦਾ ਇਹਨੇ ਵੀ ਸੁਣ ਲਿਆ, ਕਾਜ਼ੀ ਮੁੱਲਾਂ ਮੁਲਾਣਿਆਂ ਨੇ ਚੁਕਿਆ। ਕੁਦਰਤੀ ਇਹਦੀ ਮਰ ਗਈ ਕਪਲਾ ਗਾਈਂ। ਸ਼ਹਿਜ਼ਾਦੇ ਨੂੰ ਇਹਦਾ ਦੁੱਧ ਮਾਫਿਕ ਆਉਂਦਾ, ਇਹ ਕਹਿਣ ਲੱਗੇ ਦੇਖੋ ਹਿੰਦੂਆਂ ਦਾ ਮੁੰਡਾ, ਨਾਮਦੇਵ ਹੈ ਭਗਤ ਜੀ ਕਹਿੰਦੇ। ਔਰ ਨਦੀ ਦੇ ਕੰਢੇ ਰਹਿੰਦਾ ਜਮਨਾ ਦੇ।

ਉਹ ਮੁਰਦੇ ਜ਼ਿੰਦੇ ਕਰਦਾ ਹੈ। ਤੁਸੀਂ ਗਾਈਂ ਕਰਵਾ ਲੈਣਾ ਕਹਿੰਦੇ ਜੇ ਨਾ ਕੀਤੀ ਤੇ ? ਕਹਿੰਦੇ ਫਿਰ ਆਪਣੇ ਧਰਮ 'ਚ ਲਿਆਉ।

ਇਹਨਾਂ ਨੇ, ਰਾਜੇ ਨੇ ਨਾਮਦੇਵ ਨੂੰ ਸੁਨੇਹਾ ਘੱਲਿਆ ਤੇ ਕੋਲ ਸੱਦ ਲਿਆ। ਇਹ ਉਰਦੂ ਜ਼ਿਆਦਾ ਪੜ੍ਹਿਆ ਹੋਇਆ ਸੀ ਸਲੇਮ ਬਾਦਸ਼ਾਹ। ਜਿਵੇਂ ਪੰਜਾਬੀ ਕਈ ਕਹਿੰਦੇ ਓਏ। ਇਹ ਕਹਿੰਦੇ ਬੇ...। ਬੇ.. ਨਾਮਦੇਵ।

ਕਹਿੰਦਾ ਹਾਂ ਦਸੋ ਕੀ ਗੱਲ ਹੈ। ਕਹਿੰਦਾ ਗੱਲ ਇਹ ਹੈ, ਆਹ ਗਾਈਂ ਜ਼ਿੰਦੀ ਕਰ। ਕਹਿੰਦੇ ਰਾਜਨ ਇਹ ਨਹੀਂ ਹੋ ਸਕਦੀ। ਫਿਰ ਉਹ ਬ੍ਰਾਹਮਣ ਕਿਵੇਂ ਜ਼ਿੰਦਾ ਹੋ ਗਿਆ ਸੀ ?

ਉਹ ਤਾਂ ਮੇਰੇ ਮਹਾਰਾਜ ਨੇ ਕਰ ਦਿੱਤਾ ਸੀ।

ਜਿਹੜਾ ਤੇਰਾ ਮਹਾਰਾਜ ਹੈ ਉਹਦੇ ਕੋਲੋਂ ਕਰਾ ਦੇ।

ਕਿੰਨੇ ਸਵਾਲ ਜਵਾਬ ਹੋਏ, ਉਹ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੇ ਹੋਏ ਨੇ।

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਾਰੇ ਕਾਮਾ॥ ੧॥*
*ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥ ੧॥ ਰਹਾਉ॥*
*ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥੨ ॥*
*ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ॥ ੩॥*
*ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥ ੪॥*
*ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥ ੫ ॥*
*ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥*

(ਅੰਗ ੧੧੬੫)

ਉਹ ਕਹਿੰਦਾ ਹਾਥੀ ਥੱਲੇ ਦੇ ਕੇ ਇਹਨੂੰ ਮਾਰੋ, ਜੇ ਇਹ ਨਹੀਂ ਜ਼ਿੰਦਾ ਕਰਦਾ।

ਮਾਂ ਕਹਿਣ ਲੱਗੀ, ਵੇ ਬੇਟਾ ਖੁਦਾ-ਖੁਦਾ ਕਰੀ ਜਾਨੈਂ। ਛੱਡ ਦੇ ਧਰਮ, ਇਹਨੇ ਤੈਨੂੰ ਮਾਰ ਦੇਣਾ ਈਂ। ਮਾਤਾ ਜੀ ਮੈਂ ਖੁਦਾ ਦੇ ਉਲਟ ਨਹੀਂ।

*ਕਰੀਮਾਂ ਰਹੀਮਾਂ ਅਲਾਹ ਤੂ ਗਨੀ॥*
*ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥ ੧ ॥*
*ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥*
*ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥ ੨ ॥*
*ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥*
*ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥ ੩ ॥*

(ਅੰਗ ੭੨੭)

ਮੈਂ ਮਾਤਾ ਜੀ ਅੱਲਾ ਦੇ ਉਲਟ ਨਹੀਂ, ਪਰ ਇਥੇ ਹੈ। ਰਾਜ ਸ਼ਕਤੀ ਨਾਲ, ਮੈਨੂੰ ਧੱਕੇ ਨਾਲ, ਇਸਲਾਮ ਵਿਚ ਲਿਆਂਦਾ ਜਾ ਰਿਹੈ। ਇਸ ਨੇ ਕੀ ਉੱਤਰ ਦਿੱਤਾ।

*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥*
*ਪਿੰਡੁ ਪੜੈ ਤਉ ਹਰਿ ਗੁਨ ਗਾਇ॥*

(ਅੰਗ ੧੧੬੫)

ਧਾਰਨਾ - ਨਾ ਮੈਂ ਤੇਰਾ ਪੂੰਗੜਾ, ਤੇ ਨਾ ਤੂੰ ਮੇਰੀ ਮਾਂ।
ਪਿੰਡ ਪਰੈ ਤੋ ਹਰਿ ਗੁਨ ਗਾਉ......2......

ਕੱਲ੍ਹ ਤੁਸੀਂ ਸੁਣ ਰਹੇ ਸੀ ਢਾਡੀ ਸਿੰਘ ਕੋਲੋਂ, ਖੜਕ ਸਿੰਘ ਜੀ ਦੱਸ ਰਹੇ ਸੀ ਬਈ ਸੌ-ਸੌ ਸਿੱਖ ਜਿਹੜੇ ਨੇ ਉਹਨਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ ਦਿੱਲੀ।

ਉਹਨਾਂ ਵਿਚ ਇਕ ਬੱਚਾ ਆ ਗਿਆ। ਫਰੁਖਸ਼ੀਅਰ ਦੇ ਉਹਦੀ ਮਾਂ ਜਾ ਕੇ ਰੋਈ ਪਿੱਟੀ, ਲਿਖਾ ਲਿਆ, ਕਿ ਇਹਨੂੰ ਛੱਡ ਦਿਓ ਵਿਚਾਰੇ ਨੂੰ ਜ਼ਿੰਦੇ ਨੂੰ। ਉਹਦੀ ਵਾਰੀ ਵੀ ਆਈ ਹੋਈ ਸੀ।

ਉਹ ਕਹਿਣ ਲੱਗਾ ਇਹ ਮੇਰੀ ਮਾਂ ਹੀ ਨਹੀਂ, ਮਾਈ ਤੈਨੂੰ ਭੁਲੇਖਾ ਲਗਦਾ ਹੈ ਤੇਰਾ ਮੁੰਡਾ ਕੋਈ ਹੋਰ ਹੋਣੈ।

ਉਹ ਕਹਿਣ ਲੱਗੀ ਜੇ ਮੈਂ ਤੇਰੀ ਮਾਂ ਨਹੀਂ ਤੇ ਫੇਰ ਦੱਸ ਤੇਰੀ ਮਾਂ ਕੌਣ ਹੈ ? ਹੋਰ

ਕਿਸ ਨੂੰ ਬਣਾ ਲਿਆ ਕੋਈ ਹੋਣਾ ਈ ਏ ਤੇਰਾ ?

ਰੱਬ ਦੀ ਸਹੁੰ ਖਾ ਕੇ ਦੱਸ ਤੇਰੀ ਮਾਂ ਕੌਣ ਹੈ ?

ਉਹਦਾ ਮਤਲਬ ਸੀ, ਰੱਬ ਦੀ ਸਹੁੰ ਖਾਊ, ਇਹ ਝੱਟ ਕਹਿ ਦੇਵੇਗਾ ਤੂੰ ਮੇਰੀ ਮਾਂ ਹੈਂ। ਤੇ ਛੁਡਾ ਕੇ, ਤੇ ਲੈ ਕੇ ਇਹਨੂੰ ਚੱਲੀਏ। ਉਹ ਕਹਿਣ ਲੱਗਾ ਹਾਂ ਸਰਬ ਸ਼ਕਤੀਮਾਨ ਅੰਤਰਜਾਮੀ ਜੇ ਕੋਈ ਸ਼ਕਤੀ ਹੈ। ਵਾਹਿਗੁਰੂ ਰੱਬ, ਮੈਂ ਉਸ ਨੂੰ ਜਾਮਨ ਲੈ ਕੇ ਕਹਿੰਦਾ,

**ਮਾਤਾ- ਮੇਰੀ ਮਾਤਾ ਸਾਹਿਬ ਕੌਰ।**

**ਪਿਤਾ- ਗੁਰੂ ਗੋਬਿੰਦ ਸਿੰਘ ਜੀ।**

**ਵਾਸੀ-ਅਨੰਦਪੁਰ ਸਾਹਿਬ ਦਾ ਹਾਂ।**

ਮਾਈ ਮੈਂ ਨਹੀਂ ਤੈਨੂੰ ਜਾਣਦਾ। ਤਦੇ ਹੀ ਬਾਣੀ ਵਿਚ ਇਉਂ ਦਸਿਆ ਹੈ -

**ਧਾਰਨਾ - ਨਾ ਮੈਂ ਤੇਰਾ ਪੂੰਗੜਾ ਤੇ,**

**ਨਾ ਤੂੰ ਮੇਰੀ ਮਾਂ ......2......**

***ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥***
***ਪਿੰਡੁ ਪੜੈ ਤਉ ਹਰਿ ਗੁਨ ਗਾਇ॥***
***ਕਰੈ ਗਜਿੰਦੁ ਸੁੰਡ ਕੀ ਚੋਟ॥***
***ਨਾਮਾ ਉਬਰੈ ਹਰਿ ਕੀ ਓਟ॥***

(ਅੰਗ ੧੧੬੫)

ਭਾਵੇਂ ਹਾਥੀ ਚੜ੍ਹਾਇਆ ਗਿਆ, ਨਾਮਦੇਵ ਜੀ ਦਾ ਕੁਝ ਵੀ ਨਹੀਂ ਵਿਗੜਿਆ।

ਰਾਜਾ ਹੰਕਾਰੀ ਹੈ। ਕਹਿੰਦਾ ਬੰਦ ਕਰੋ।

ਇਹਨੂੰ ਕੋਠੇ ਦੇ ਵਿਚ।

ਕੱਲ੍ਹ ਸਾਢੇ ਸੱਤ ਘੜੀਆਂ ਸੂਰਜ ਜਦੋਂ ਚੜ੍ਹੇਗਾ, ਸਾਢੇ ਚੌਵੀ ਮਿੰਟ ਦੀ ਇਕ ਘੜੀ ਹੁੰਦੀ ਹੈ।

ਇਹਦਾ ਸਿਰ ਮੈਂ ਕਰੂੰ ਧੜ ਤੋਂ ਅਲਹਿਦਾ।

ਕਹਿੰਦੇ ਨਾਮਦੇਵ ਗੱਲਾਂ ਨੇ ਭਾਈ ਤਿੰਨ।

ਪਹਿਲੀ ਗੱਲ ਹੈ - ਗਾਈਂ ਜਿੰਦੀ ਕਰ।

ਐਸਾ ਨਾ ਕੀਤਾ ਤਾਂ ਇਸਲਾਮ ਵਿਚ ਆ ਜਾ ਆਪਣਾ ਧਰਮ ਛੱਡ ਦੇ।

ਇਹ ਵੀ ਨਹੀਂ ਮੰਨਦਾ। ਆਹ ਵੇਖ ਲੈ ਬਾਹਰਲੇ ਮੁਲਕੋਂ ਵਲੈਤੋਂ ਮੰਗਾਈ ਆ ਕਿਰਪਾਨ ਬੜੀ ਤਿੱਖੀ।

ਲੰਘ ਜਾਣੀਆਂ ਵਿਚੋਂ ਦੀ, ਸਿਰ ਬਾਦ ਵਿਚ ਡਿਗਣਾ, ਇਹ ਤੈਨੂੰ ਮੈਂ ਦੱਸ ਦਿੰਦਾਂ। ਉਹ ਕਹਿਣ ਲੱਗਾ ਜਿਵੇਂ ਤੈਨੂੰ ਠੀਕ ਲੱਗਦਾ, ਤੂੰ ਉਵੇਂ ਹੀ ਕਰ ਲਈਂ।

ਅਗਲਾ ਦਿਨ ਰਾਤ-ਰਾਤ ਦਿੱਲੀ ਦੇ ਲੋਕਾਂ ਨੇ ਸਲਾਹ ਕੀਤੀ। ਕੱਠੇ ਹੋ ਕੇ ਬਾਦਸ਼ਾਹ ਦੇ ਕੋਲ ਗਏ।

ਚੱਲੋ ਖਾਂ, ਗੱਲ ਕਰਦੇ ਆਂ, ਸਾਰੇ ਬਈ..ਦਸੋ ਇਸ ਵਿਚਾਰੇ ਨੇ ਕੀ ਵਿਗਾੜਿਆ?

ਰੱਬ ਦਾ ਨਾਂ ਲੈਂਦਾ ਹੈ। ਭਜਨ ਕਰਦਾ ਹੈ। ਸਿਮਰਨ ਕਰਦਾ ਹੈ। ਸੰਗਤਾਂ 'ਚ ਸਤਿਸੰਗ ਕਰਦਾ ਹੈ।

ਏਨੀ ਅਤਿ ਚੁੱਕ ਲਈ ਤੁਸੀਂ ਰਾਜੇ ਹੁੰਦੇ ਹੋਏ। ਲੋਕਾਂ ਨੂੰ ਦੁਖੀ ਕਰਦੇ ਹੋ।

ਇਸ ਕਰਕੇ ਉਹ ਸਾਰੇ ਇਕੱਠੇ ਹੋ ਕੇ ਜਦੋਂ ਆਏ, ਉਹ ਸਵਾਲ ਜਵਾਬ ਚੱਲ ਪਏ।

*ਕਰੈ ਗਜਿੰਦੁ ਸੁੰਡ ਕੀ ਚੋਟ॥*
*ਨਾਮਾ ਉਬਰੈ ਹਰਿ ਕੀ ਓਟ॥*

ਸਾਰੇ ਕਹਿਣ ਲੱਗੇ ਦੇਖੋ ਅਸੀਂ ਬੇਨਤੀ ਕਰਦੇ ਹਾਂ।

*ਕਾਜੀ ਮੁਲਾਂ ਕਰਹਿ ਸਲਾਮੁ॥ ਇਨਿ ਹਿੰਦੂ ਮੇਰਾ ਮਲਿਆ ਮਾਨੁ॥*

(ਅੰਗ ੧੧੬੫)

ਉਹ-ਕਾਜ਼ੀ ਮੁਲਾਣੇ ਸੱਤ-ਸੱਤ ਸਲਾਮਾਂ ਕਰਦੇ ਨੇ।

ਲੱਕ ਝੁਕਾ-ਝੁਕਾ ਕੇ, ਇਹ ਹਿੰਦੂਆਂ ਦਾ ਮੁੰਡਾ।

ਔਰ ਏਨੀ ਮੇਰੇ ਵਿਚ ਸ਼ਕਤੀ, ਹਿੰਦੋਸਤਾਨ ਦਾ ਮੈਂ ਰਾਜਾ।

ਇਹ ਮੇਰੀ ਪਰਵਾਹ ਨਾ ਕਰੇ, ਮੈਂ ਤੇ ਮਾਰੂੰ ਥਾਂ।

*ਬਾਦਿਸਾਹ ਬੇਨਤੀ ਸੁਨੇਹੁ॥ ਨਾਮੇ ਸਰ ਭਰਿ ਸੋਨਾ ਲੇਹੁ॥*

(ਅੰਗ ੧੧੬੫-੬੬)

ਸਾਡੇ ਵਲੋਂ ਬੇਨਤੀ ਹੈ।

"ਨਾਮੇ ਸਰਭਰਿ ਸੋਨਾ ਲੇਹੁ॥

ਸੋਨਾ ਲੈ ਲਉ ਛੱਡੋ ਇਹਨੂੰ, ਛੱਡੋ ਇਹਦੀ ਜਾਨ ਬਖਸ਼ੋ।

ਉਹ ਕਹਿਣ ਲੱਗਾ ਗੱਲ ਸੁਣੋ ਮੇਰੀ, ਸੋਨਾ ਲੈ ਕੇ ਇਹਨੂੰ ਮੈਂ ਛੱਡ ਦਿਆਂ। ਇਹ ਨਹੀਂ ਛੱਡਣਾ,

*ਮਾਲੁ ਲੇਉ ਤਉ ਦੋਜਕਿ ਪਰਉ॥*
*ਦੀਨੁ ਛੋਡਿ ਦੁਨੀਆ ਕਉ ਭਰਉ॥ ੧੧ ॥*
*ਪਾਵਹੁ ਬੇੜੀ ਹਾਥਹੁ ਤਾਲ॥*
*ਨਾਮਾ ਗਾਵੈ ਗੁਨ ਗੋਪਾਲ॥ ੧੨ ॥*
*ਗੰਗ ਜਮੁਨ ਜਉ ਉਲਟੀ ਬਹੈ॥*
*ਤਉ ਨਾਮਾ ਹਰਿ ਕਰਤਾ ਰਹੈ॥੧੩॥*
*ਸਾਤ ਘੜੀ ਜਬ ਬੀਤੀ ਸੁਣੀ॥*
*ਅਜਹੁ ਨ ਆਇਓ ਤ੍ਰਿਭਵਣ ਧਣੀ॥ ੧੪॥*

(ਅੰਗ ੧੧੬੬)

ਅੱਧੀ ਰਹਿ ਗਈ ਬਾਕੀ। ਤਮਾਮ ਹਜ਼ਾਰਾਂ ਲੋਕ, ਨਾਮਦੇਵ ਜੀ ਦੇ ਚਾਰ-ਚੁਫੇਰੇ, ਬੜੀ ਭੀੜ।

ਕਹਿਣ ਲੱਗੇ ਮਹਾਰਾਜ, ਬੜੀ ਕੋਸ਼ਿਸ਼ ਕੀਤੀ ਹੈ, ਪਰ ਨਹੀਂ ਮੰਨਦਾ। ਨਾਮਦੇਵ ਜੀ ਕਹਿੰਦੇ ਮੈਂ ਤੁਹਾਨੂੰ ਕਿਹਾ ਸੀ ਰਾਜੇ ਨੂੰ ਕਹੋ। ਉਹ ਤਾਂ ਹੱਥਘੜੀਆਂ ਨੂੰ ਹੀ ਛੈਣੇ ਬਣਾਏ ਹੋਏ ਨੇ। ਅੱਧੀ ਘੜੀ ਬਾਕੀ ਰਹਿ ਗਈ, ਕਿਉਂਕਿ ਸਾਢੇ ਸੱਤ ਘੜੀਆਂ ਦਾ ਟਾਇਮ ਸੀ। ਜੋ ਗੁਰੂ ਗ੍ਰੰਥ ਸਾਹਿਬ ਜੀ ਨੇ ਦਸਿਆ ਹੈ—

*"ਸਾਤ ਘੜੀ ਜਬ ਬੀਤੀ ਸੁਣੀ॥*
*ਅਜਹੁ ਨਾ ਆਇਓ ਤ੍ਰਿਭਵਣ ਧਣੀ॥*

(ਅੰਗ ੧੧੬੬)

ਹੋਇਆ ਕੀ।

*"ਪਾਖੰਤਣ ਬਾਜ ਬਜਾਇਲਾ॥*
*ਗਰੁੜ ਚੜ੍ਹੇ ਗੋਬਿੰਦ ਆਇਲਾ॥*

(ਅੰਗ ੧੧੬੬)

ਕੀ ਕਹਿੰਦੇ ਨੇ ਮਹਾਰਾਜ ਨਾਮਦੇਵ ਨੂੰ ਕਹਿੰਦੇ ਨੇ,

ਉਹਨੂੰ ਦਰਸ਼ਨ ਹੋ ਰਹੇ ਨੇ, ਉਹਦੇ ਨਾਲ ਗੱਲ ਹੋ ਰਹੀ ਹੈ। ਹੋਰ ਕਿਸੇ ਨੂੰ ਦਿਸਦਾ ਕੁਝ ਨਹੀਂ।

ਰੱਬ ਸਾਰੇ ਹੀ ਹੈ। ਪਰ ਨਹੀਂ ਨਾ ਨਾਮ ਦੀ ਕਮਾਈ ਤਾਂ ਨਹੀਂ ਦਿਸਦਾ ਸਾਰਿਆਂ ਨੂੰ।

*ਘਟਿ ਘਟਿ ਮੈਂ ਹਰ ਜੂ ਬਸਹਿ ਸੰਤਨ ਕਿਹੋ ਪੁਕਾਰ॥*

ਕਹਿਣ ਲਗੇ ਨਾਮਦੇਵ ਗੱਲ ਸੁਣ, ਜੇ ਤੂੰ ਇਕ ਵਾਰੀ ਕਹਿ ਦੇਵੇਂ। ਮੈਂ ਧਰਤੀ ਟੇਢੀ ਕਰ ਦਿਆਂ। ਰਿੜ੍ਹ ਕੇ ਮਰ ਜਾਣ ਸਾਰੇ। ਸਾਰੀ ਦੁਨੀਆਂ,

*ਕਹਹਿ ਤ ਧਰਣਿ ਇਕੋਡੀ ਕਰਉ॥*
*ਕਹਹਿ ਤ ਲੇਕਰਿ ਊਪਰਿ ਧਰਉ॥*

(ਅੰਗ ੧੧੬੬)

ਦਸ ਧਰਤੀ ਪੁੱਠੀ ਕਰ ਦਿਆਂ। ਬਚੇ ਹੀ ਕੋਈ ਨਾ, ਇਉਂ ਰੱਬ ਪੁਛਦਾ ਹੈ ਨਾਮਦੇਵ ਨੂੰ।

ਧਾਰਨਾ -ਧਰਤੀ ਪਲਟਾ ਦਿਆਂ,

ਕਹਿ ਦੇ ਜੇਂ ਨਾਮਿਆਂ ਮੈਨੂੰ......2......।

*ਕਹਹਿ ਤ ਧਰਣਿ ਇਕੋਡੀ ਕਰਉ॥ ਕਹਹਿ ਤ ਲੇਕਰਿ ਊਪਰਿ ਧਰਉ॥*

ਆਹ ਅੱਠ ਕੁ ਦਿਨ ਹੋਏ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਮੈਂ ਕੈਸਟ ਸੁਣ ਰਿਹਾ ਸੀ।

ਉਹਦੇ ਵਿਚ ਆਪ ਜੀ ਦੇ ਬਚਨ ਹਨ। ਕਿਵੇਂ ਹਨ। ਸਾਧ ਸੰਗਤ ਮਹਾਂਪੁਰਖ ਜਿਹੜੇ ਹੁੰਦੇ ਨੇ, ਬੰਦਗੀ ਵਾਲੇ ਜਿਹੜੇ ਹੁੰਦੇ ਨੇ, ਕਰਨੀਆਂ ਕਮਾਈਆਂ ਵਾਲੇ ਜਿਹੜੇ ਹੁੰਦੇ ਨੇ, ਉਹਨਾਂ ਦਾ ਰੱਬ ਨਾਲ ਸਿੱਧਾ ਸੰਬੰਧ ਹੁੰਦਾ ਹੈ।

ਇਸ ਕਰਕੇ ਕਿਸੇ ਰੜੇ ਰਾਜੇ ਦੀ ਪਰਵਾਹ ਨਹੀਂ ਕਰਦੇ। ਜੇ ਕੋਈ ਉਹਨਾਂ ਦੀ ਨਿੰਦਿਆ ਕਰੇ, ਜਿੰਨਾ ਮਰਜ਼ੀ ਰੌਲਾ ਪਾਵੇ।

ਉਹ ਨਿੰਦਿਆ ਕਰਨ ਵਾਲੇ ਨੂੰ ਕੁੱਤਿਆਂ ਤੋਂ ਵੱਧ ਦਰਜਾ ਨਹੀਂ ਦਿੰਦੇ। ਕੁੱਤੇ ਭੌਂਕਦੇ ਨੇ, ਭੌਂਕ ਕੇ ਚੁਪ ਕਰ ਜਾਂਦੇ ਨੇ। ਹਾਥੀ ਤੁਰਿਆ ਜਾ ਰਿਹਾ ਹੈ। ਇਹ ਬਚਨ ਸਨ

ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ। ਕਿਤਨੀ ਤਾਕਤ ਹੈ ਤੇ ਕਿਤਨੀ ਨਿੰਮਰਤਾ ਹੈ।

*ਕਹਿਹ ਤ ਧਰਣਿ ਇਕੋਡੀ ਕਰਉ॥*
*ਕਹਹਿ ਤ ਲੇ ਕਰਿ ਊਪਰਿ ਧਰਉ॥*
*ਕਹਹਿ ਤ ਮੁਈ ਗਊ ਦੇਉ ਜੀਆਇ॥*
*ਸਭੁ ਕੋਈ ਦੇਖੈ ਪਤੀਆਇ॥* (ਅੰਗ ੧੧੬੬)

ਭਗਤ ਜੀ ਕਹਿਣ ਲੱਗੇ ਮਹਾਰਾਜ, ਰਾਜੇ ਦੀ ਮੱਤ ਮਾਰੀ ਹੈ।

ਕਾਜੀ ਮੁੱਲਾਂ-ਮੁਲਾਣਿਆਂ ਨੇ। ਗਾਈਂ ਜਿੰਦੀ ਕਰੋ ਖਹਿੜਾ ਛੱਡੋ ਚਲੀਏ। ਕਹਿੰਦੇ ਫਿਰ ਚੱਲ।

ਕੰਨੋਂ ਫੜ ਕੇ ਹਿਲਾ "**ਨਾਮੇ ਪ੍ਰਣਵੇ ਸੇਲਮ ਸੇਲ**" ਗੁਪਤ ਗੱਲ ਹੋ ਰਹੀ ਸੀ। ਕਿਧਰੇ ਗਈਆਂ ਹੱਥ ਘੜੀਆਂ ਕਿਧਰੇ ਗਈਆਂ।

ਜਾ ਕੇ ਕੰਨੋ ਹਿਲਾਇਆ। ਗਾਈਂ ਜ਼ਿੰਦੀ ਹੋ ਗਈ।

*"ਗਾਇ ਮੁਈ ਜੀਵਾਲਿਓਨ ਨਾਮਦੇਉ ਦਾ ਛੱਪਰ ਛਾਇਆ॥"*

ਭਾਈ ਗੁਰਦਾਸ ਜੀ ਨੇ ਲਿਖਿਆ ਹੈ।

ਉਧਰ ਸਲੇਮ ਬਾਦਸ਼ਾਹ ਦੇ ਢਿੱਡ ਵਿਚ ਸੂਲ ਉਠਿਆ, ਹਕੀਮ ਬੁਲਾਏ ਪਰ ਕੋਈ ਆਰਾਮ ਨਹੀਂ ਆ ਰਿਹਾ।

**ਧਾਰਨਾ- ਸੁੱਖ ਕਦੇ ਨਾ ਪਾਉਂਦੇ ਜੀ**
**ਮੁਘਦ ਨਰ ਸੰਤਾਂ ਨਾਲ ਖਹੰਦੇ......2......।**

*ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥*
*ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥*
*ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥*
*ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥*
*ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥*

(ਅੰਗ ੬੪੯)

ਆਹ ਹਾਲ ਹੁੰਦਾ ਹੈ ਬੜਾ ਤੜਫਦਾ, ਬੜਾ ਦੁਖੀ ਫਿਰ ਕਾਜ਼ੀ, ਮੁੱਲਾਂ ਨੂੰ

ਕਹਿੰਦਾ, ਤੜਫਦਾ ਹੋਇਆ ਡਿਗ-ਡਿਗ ਪੈਂਦਾ ਹੈ ਮੰਜੀ ਦੇ ਥੱਲੇ।

*ਕਾਜੀ ਮੁਲਾਂ ਬਿਨਤੀ ਫੁਰਮਾਇ॥*
*ਬਖਸੀ ਹਿੰਦੂ ਮੈ ਤੇਰੀ ਗਾਇ॥* (ਅੰਗ ੧੧੬੬)

ਜਾਉ ਮੇਰੇ ਵਲੋਂ ਨਾਮਦੇਵ ਜੀ ਦੇ ਚਰਨਾਂ ਤੇ ਢਹਿ ਕੇ ਆਖਿਉ ਇਕ ਵਾਰੀ ਰੱਬ ਦਾ ਵਾਸਤਾ ਮਾਫ ਕਰ ਦੇ ਮੈਨੂੰ ਗਾਈਂ ਜਾਣਕੇ,

*ਕਾਜੀ ਮੁਲਾਂ ਬਿਨਤੀ ਫੁਰਮਾਇ॥*
*ਬਖਸੀ ਹਿੰਦੂ ਮੈ ਤੇਰੀ ਗਾਇ॥*

ਨਾਮਦੇਵ ਜੀ ਆਏ, ਪੌੜੀਆਂ ਚੜ੍ਹੇ, ਦਰਦ ਕੁਝ ਘਟੀ, ਰਾਜੇ ਦੇ ਮੱਥੇ ਤੇ ਖੂੰਡੀ ਲਾਈ, ਤੇ ਦਰਦ ਹੱਟ ਗਈ ਰਾਜ਼ੀ ਹੋ ਗਿਆ।

*ਨਾਮਾ ਕਹੈ ਸੁਨਹੁ ਬਾਦਿਸਾਹ॥ ਇਹੁ ਕਿਛੁ ਪਤੀਆ ਮੁਝੈ ਦਿਖਾਇ॥*
*ਇਸ ਪਤੀਆ ਕਾ ਇਹੈ ਪਰਵਾਨੁ॥ ਸਾਚਿ ਸੀਲਿ ਚਾਲਹੁ ਸੁਲਿਤਾਨ॥੨੪॥*
(ਅੰਗ ੧੧੬੬)

*ਨਾਮਦੇਉ ਸਭ ਰਹਿਆ ਸਮਾਇ॥*
*ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ॥੨੫॥*
*ਜਉ ਅਬ ਕੀ ਬਾਰ ਨ ਜੀਵੈ ਗਾਇ॥*
*ਤ ਨਾਮਦੇਵ ਕਾ ਪਤੀਆ ਜਾਇ॥ ੨੬॥*
*ਨਾਮੇ ਕੀ ਕੀਰਤਿ ਰਹੀ ਸੰਸਾਰਿ॥*
*ਭਗਤ ਜਨਾਂ ਲੇ ਉਧਰਿਆ ਪਾਰਿ॥ ੨੭॥*
*ਸਗਲ ਕਲੇਸ ਨਿੰਦਕ ਭਇਆ ਖੇਦੁ॥*
*ਨਾਮੇ ਨਾਰਾਇਨ ਨਾਹੀ ਭੇਦੁ॥੨੮॥*
(ਅੰਗ ੧੧੬੬)

ਸੋ ਇਸ ਤਰ੍ਹਾਂ ਕਿਤਨੇ ਕੁ ਦੱਸੇ ਜਾਣ, ਕਿੰਨੇ ਕੁ ਜ਼ਿੰਦੇ ਹੋਏ ਮਰ-ਮਰ ਕੇ।

— ਦੁਆਪਰ ਵਿਚ ਇਕ ਰਾਜਾ ਸਵਾਂਕ ਹੋਇਆ ਹੈ।

ਮਹਾਂਭਾਰਤ ਦੇ ਯੁੱਧ ਦੀ ਤਿਆਰੀ ਹੋ ਰਹੀ ਹੈ। ਉਹ ਵੀ ਆ ਗਿਆ, ਬੜੀ ਦੂਰੋਂ ਆਇਆ ਸੀ।

ਕ੍ਰਿਸ਼ਨ ਮਹਾਰਾਜ ਜੀ ਨੂੰ ਕਹਿਣ ਲੱਗਿਆ ਸੁਣਿਐ, ਯੁਧ ਲਗਣਾ ਹੈ, ਕਹਿੰਦਾ, ਹਾਂ ਭਾਈ ਰਾਜਾ ਲਗਣਾ ਹੈ। ਤਿਆਰੀ ਹੋ ਰਹੀ ਹੈ। ਕਹਿੰਦੇ ਮੈਂ ਦੇਖਣੈ। ਅੱਛਾ ਤੇਰੇ ਵਿਚ ਵੀ ਹੈ ਕੋਈ ਸ਼ਕਤੀ ਕੋਈ ਤਾਕਤ, ਹਾਂ ਮਹਾਰਾਜ ਹੈ ਬੜੀ ਕਿਰਪਾ ਹੈ। ਰੱਬ ਦੀ ਕੀ ਕਹਿੰਦੇ ਜਿਹੜਾ ਹਾਰਦਾ ਦਿਸਿਆ।

ਇਕ ਤੀਰ ਮਾਰੂੰ ਹਾਰਦੇ ਦੀ ਕਰੂੰ ਮਦਦ, ਤੇ ਉਹਦੀ ਇਕ ਤੀਰ ਜਿਹੜਾ ਜਿੱਤਦਾ ਹੋਇਆ। ਉਹਦੇ ਵਲ ਛੱਡੂੰ। ਯਾਨੀ ਮਾੜੇ ਦੀ ਕਰੂੰ ਮਦਦ। ਜਿਤਨੇ ਉਹਦੇ ਨਾਲ ਦੇ ਅੰਗੀ-ਸੰਗੀ ਸਾਰੇ ਹੀ ਇਕ ਤੀਰ ਨਾਲ ਹੀ ਮਰ ਜਾਣਗੇ।

ਉਹ ਕਹਿੰਦੇ ਫਿਰ ਆਪਾਂ ਪਹਿਲਾਂ ਦੇਖ ਲੈਂਦੇ ਹਾਂ। ਦਰੱਖਤ ਦੇ ਤੋੜੇ ਪੱਤੇ, ਇਕ ਜ਼ਬਾਨ ਹੇਠਾਂ ਰਖਿਆ, ਇਕ ਪੈਰ ਹੇਠਾਂ ਰਖਿਆ, ਇਕ ਪੱਤਾ ਹੱਥ ਵਿਚ ਮੁੱਠੀ ਵਿਚ ਰਖਿਆ। ਲੈ ਕਹਿੰਦੇ ਇਹਨਾਂ ਦਾ ਦੇਖ, ਉਹ ਰਾਜੇ ਨੇ ਦਰੱਖਤ ਨੂੰ ਤੀਰ ਮਾਰਿਆ। ਸਾਰੇ ਪਤਿਆਂ 'ਚ ਛੇਕ ਹੋ ਗਏ ਜ਼ਬਾਨ ਵਾਲੇ 'ਚ, ਪੈਰ ਵਾਲੇ 'ਚ, ਹੱਥ ਵਾਲੇ ਚ। ਵਾਕਿਆ ਹੀ ਬਈ ਇਹ ਤਾਂ ਕੋਈ ਵੱਡੀ ਸ਼ਕਤੀ ਹੈ। ਅਸੀਂ ਪਾਂਡਵਾਂ ਦੀ ਜਿੱਤ ਕਰਾਉਣੀ ਹੈ। ਸਾਰਿਆਂ ਪਾਂਡਵਾਂ ਵਾਸਤੇ ਇਹਦਾ ਇਕੋ ਹੀ ਤੀਰ ਬਹੁਤ ਹੈ। ਦੇਖ ਰਾਜਾ ਸਵਾਂਕ ਜਿਹੜੇ ਸੂਰਮੇ ਹੁੰਦੇ ਨੇ ਉਹਨਾਂ ਵਿਚ ਨਿਰਾ ਆਹੀ ਗੁਣ ਤਾਂ ਨਹੀਂ ਹੁੰਦਾ, ਉਹਨਾਂ ਵਿਚ ਬੜਾ ਦਾਨ, ਦਇਆ, ਪਰਉਪਕਾਰ। ਕਹਿੰਦਾ ਹਾਂ ਮੈਂ ਦਾਨੀ ਵੀ ਹਾਂ।

ਕ੍ਰਿਸ਼ਨ ਮਹਾਰਾਜ ਜੀ ਕਹਿੰਦੇ ਇਕ ਬਚਨ ਦੇਹ, ਜੋ ਚਾਹਾਂਗਾ ਮੈਂ ਮੰਗ ਲਵਾਂਗਾ। ਕਹਿੰਦਾ ਸ਼ੁਕਰ ਹੈ ਮਹਾਰਾਜ ਤੁਸਾਂ ਵੀ ਮੇਰੇ ਕੋਲੋਂ ਕੁਝ ਮੰਗਿਆ ਜੋ ਮੰਗੋਗੇ ਮੈਂ ਦੇਵਾਂਗਾ।

ਕਹਿੰਦੇ ਆਪਣਾ ਸਿਰ ਵੱਢ ਕੇ ਦੇ ਦੇ, ਕਹਿੰਦਾ ਮੈਂ ਦੇਣ ਨੂੰ ਤਿਆਰ ਹਾਂ। ਪਰ ਇਸ ਕਰਕੇ ਮੈਂ ਯੁਧ ਦੇਖਣਾ, ਕਹਿੰਦੇ ਉਹ ਤੈਨੂੰ ਵਿਖਾ ਦੇਵਾਂਗੇ।

ਉਹਨੇ ਕਿਰਪਾਨ ਨਾਲ ਸਿਰ ਲਾਹਿਆ। ਤੇ ਉਹ ਸਿਰ ਕ੍ਰਿਸ਼ਨ ਜੀ ਨੇ ਫੜ ਕੇ ਅਕਾਸ਼ ਵਿਚ ਸੁਟਿਆ। ਅੱਖਾਂ ਹੇਠਾਂ ਨੂੰ ਤੇ ਜੀਵ ਕਲਾ ਜਿਹਦੇ ਨਾਲ ਬੰਦਾ ਰੂਹ ਜਿਹੜੀ ਹੈ ਉਹ ਸਿਰ ਵਿਚ ਰੱਖ ਛੱਡੀ ਅਠਾਰਾਂ ਦਿਨ ਮਹਾਂਭਾਰਤ ਦਾ ਯੁੱਧ ਹੋਇਆ।

ਅਠਾਰਾਂ ਖੂਹਣੀਆਂ ਗਰਕ ਹੋਈਆਂ। ਹਾਥੀ, ਘੋੜੇ ਸਮੇਤ ਪੰਜਤਾਲੀ ਲੱਖ ਬੰਦਾ ਮਰਿਆ।

ਸਾਰਾ ਉਹਨੂੰ ਦਿਖਾਇਆ, ਲੈ ਦੇਖੀ ਜਾ ਉਤੋਂ ਅੱਖਾਂ ਖੋਲ੍ਹ ਕੇ, ਕਿਥੇ ਸਿਰ, ਕਿਥੇ ਧੜ।

ਰਾੜਾ ਸਾਹਿਬ ਦੇ ਉਰਲੇ ਪਾਸੇ ਇਕ ਜਰਗ ਨਾਮ ਕਰਕੇ ਪਿੰਡ ਹੈ। ਕੁਝ ਸਮਾਂ

ਪਹਿਲਾਂ ਇਕ ਕਾਲੀ ਭੱਟਨੀ ਹੋਈ ਹੈ। ਇਥੋਂ ਦਾ ਰਾਜਾ ਜੈ ਸਿੰਘ ਹੁੰਦਾ। ਔਰ ਜਗਦੇਵ ਪੰਵਾਰ ਜੀ ਹੁੰਦੇ। ਉਹ ਜੇਹੜੀ ਬੀਬੀ ਸੀ ਉਹ ਬੜੀ ਬੰਦਗੀ ਵਾਲੀ ਕਿਸੇ ਫਕੀਰ ਕੋਲ ਰਹਿੰਦੀ ਸੀ। ਬਹੁਤ ਬੰਦਗੀ ਵਾਲੀ। ਉਹ ਬੰਦਗੀ ਦੀਆਂ ਹੀ ਕਵਿਤਾ ਪੜ੍ਹੇ। ਪੜ੍ਹਦੀ ਪੜ੍ਹਦੀ ਜਦੋਂ ਜਗਦੇਵ ਪੰਵਾਰ ਵਲ ਆਵੇ, ਤਾਂ ਉਹ ਉਹਨੂੰ ਮੱਥਾ ਟੇਕ ਕੇ ਜਾਵੇ। ਇਹ ਦੇਖ ਕੇ ਰਾਜਾ ਕਹਿਣ ਲੱਗਾ, ਹੈਂ ਮੈਂ ਬਾਦਸ਼ਾਹ ਹਾਂ ਇਥੋਂ ਦਾ।

ਉਹ ਕਹਿਣ ਲੱਗੀ ਠੀਕ ਹੈ। ਪਰ ਗੱਲ ਇਹ ਹੈ ਜਿਤਨੇ ਇਹ ਦਾਨੀ ਹਨ, ਤਿਆਗੀ ਹਨ, ਸੂਰਮੇ ਹਨ, ਬਹਾਦਰ ਹਨ, ਤੁਸੀਂ ਨਹੀਂ ਹੋ।

ਕਹਿੰਦਾ ਮੈਂ ਰੱਬ ਨੂੰ ਜਾਮਨ ਲੈ ਕੇ ਵਾਇਦਾ ਕਰਨਾਂ। ਜਿੰਨਾ ਇਹ ਪੰਵਾਰ ਜੀ ਦਾਨ ਦੇਣਗੇ ਮੈਂ ਦੂਣਾ ਦਿਆਂਗਾ- ਕਹਿੰਦੀ ਅੱਛਾ। ਠੀਕ ਹੈ।

ਕਹਿਣ ਲੱਗੀ ਮਹਾਰਾਜ ਆਪ ਮਹਾਂਪੁਰਖ ਹੋ। ਜੋ ਦਾਨ ਕਰ ਸਕਦੇ ਹੋ। ਜ਼ਿਆਦਾ ਤੋਂ ਜ਼ਿਆਦਾ ਕਿਰਪਾ ਕਰੋ। ਉਹਨੇ ਝੋਲੀ ਅੱਡ ਦਿੱਤੀ ਕਾਲੀ ਭੱਟਨੀ ਨੇ। ਉਹਨਾਂ ਕਿਰਪਾਨ ਲਈ ਸੱਜੇ ਹੱਥ ਨਾਲ ਸਿਰ ਲਾਹ ਕੇ ਖੱਬੇ ਹੱਥ 'ਤੇ ਰੱਖ ਕੇ ਕਹਿੰਦੇ ਲੈ। ਰਾਜੇ ਨੂੰ ਕਹਿੰਦੀ ਹੁਣ ਦਿਉ ਫਿਰ ਦੂਣਾ। ਰਾਜਾ ਕੰਬੀ ਜਾਏ, ਕਹਿੰਦੀ ਦਿਉ ਫਿਰ ਦੂਣਾ .........।

ਬੜੀ ਗਲਤੀ ਹੋਈ ............।

ਸਿਰ ਨਾਲ ਰੱਖ ਕੇ ਅਰਦਾਸ ਕੀਤੀ।

ਸਿਰ ਵਿਚੋਂ ਅਵਾਜ਼ ਆਈ, ਅਤੇ ਦੋ ਹੱਥ ਸਿਰ ਪਿਛੇ ਹਟ ਗਿਆ। ਸੂਰਮੇ ਦਾਨ ਦੇ ਕੇ ਬੇਟਾ ਵਾਪਿਸ ਨਹੀਂ ਲੈਂਦੇ। ਕਹਿਣ ਲੱਗੀ ਹੁਣ ਕੀ ਕਰੀਏ।

ਫਿਰ ਕਪੜਾ ਪਾਇਆ ਧੜ ਦੇ ਉਤੇ, ਸਾਰੇ, ਰਾਜਾ ਵੀ ਰੋ ਰਿਹਾ ਹੈ। ਕਾਲੀ ਭੱਟਨੀ ਨੇ ਅਰਦਾਸ ਕੀਤੀ ਹੇ ਪ੍ਰਭੂ, ਹੇ ਸਰਬ ਸ਼ਕਤੀਮਾਨ, ਕਿਰਪਾ ਕਰ ਜਿਵੇਂ ਵੀ ਹੈ।

ਇਹ ਉਸੇ ਤਰ੍ਹਾਂ ਹੋ ਜਾਣ, ਉਹਦੇ ਵਿਚੋਂ ਇਕ ਨਵਾਂ ਸਿਰ ਨਿਕਲਿਆ, ਉਠ ਕੇ ਬੈਠ ਗਏ।

ਤੇ ਉਸ ਸਿਰ ਦਾ ਦੋਹਾਂ ਜਣਿਆਂ ਨੇ ਸਸਕਾਰ ਰਲ ਮਿਲ ਕੇ ਕੀਤਾ।

ਉਸ ਪੰਵਾਰ ਗੋਤ ਵਿਚੋਂ ਅੱਗੇ ਗੁਰਨੇ ਗੋਤ ਚੱਲੀ ਜੋ ਰਾੜਾ ਸਾਹਿਬ ਵਾਲੇ ਮਹਾਰਾਜ ਜੀ ਹਨ।

ਅੱਜ ਤੱਕ ਉਹਨਾਂ ਦੀ ਅੰਸਾ ਵਿਚ ਜਿਹੜਾ ਉਸ ਪਰਵਾਰ ਵਿਚ ਹੁੰਦਾ ਹੈ,

ਕਹਿਣ ਲੱਗੇ, ਸਦਾ ਨਿਸ਼ਾਨ ਰਹੇਗਾ।

ਗਰਦਨ ਦੇ ਦਵਾਲੇ ਐਂ ਲੀਕ ਜਿਹੀ ਖਿੱਚੀ ਜਿਵੇਂ ਵੱਢ ਕੇ ਲਾਇਆ ਹੁੰਦਾ ਹੈ।

ਜਦੋਂ ਵੱਡੇ ਮਹਾਰਾਜ ਜੀ ਇਥੇ ਆਏ ਸੀ। ਜਿਨ੍ਹਾਂ ਨੇ ਦਰਸ਼ਨ ਕੀਤੇ ਨੇ ਆਪ ਜੀ ਦੇ ਪਵਿੱਤਰ ਗਲੇ ਦੇ। ਚਾਰ-ਚੁਫੇਰੇ ਇਉਂ ਪਵਿੱਤਰ ਲੀਕ ਸੀ ਜਿਵੇਂ ਸਿਰ ਵੱਢ ਕੇ ਲਾਇਆ ਹੁੰਦਾ ਹੈ।

ਇਹ ਉਸੇ ਅੰਸਾ ਵਿਚੋਂ ਉਹਨਾਂ ਬਚਨਾਂ ਦੀ ਨਿਸ਼ਾਨੀ ਚਲੀ ਆ ਰਹੀ ਹੈ। ਕਿੰਨੇ ਕੁ ਦੱਸੇ ਜਾਣ।

ਇਧਰ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਪਾਤਸ਼ਾਹੀ ਗੁਰੂ ਨਾਨਕ ਸਰੂਪ।

**ਧਾਰਨਾ-ਸਤਿਗੁਰੂ ਮੇਰਾ ਜੀ,**

**ਮਾਰ ਜਿਵਾਲੇ-ਮਾਰ ਜਿਵਾਲੇ....2....।**

ਸਾਧ ਸੰਗਤ ਜਿਤਨੇ ਵੀ ਚੋਰਾਸੀ ਸਿਧ ਹੋਏ -

ਇਹਨਾਂ ਦੇ ਮੁਖੀ ਗੋਰਖ ਜੀ, ਇਧਰ ਯੂ.ਪੀ. ਵਿਚ ਜਦੋਂ ਗੁਰੂ ਨਾਨਕ ਜੀ ਆਏ ਸਨ। ੨੨੦੦ ਕੰਨ ਪਾਟੇ ਜੋਗੀ ਇਹਨਾਂ ਯੂ.ਪੀ. (ਹੁਣ ਉਤਰਾ ਖੰਡ) ਵਿਚ ਪ੍ਰਚਾਰ ਕਰ ਰਹੇ ਸਨ ਜੋਗੀਆਂ ਦਾ। ਇਹਨਾਂ ਦਾ ਮੁਖੀ ਗੋਰਖ ਜੀ।

ਇਹਨਾਂ ਦਾ ਜਨਮ ਪਿਛਲੇ ਜੁਗਾਂ ਵਿਚ ਹੋਇਆ।

***"ਸ੍ਰੀ ਸੁਖਦੇਵ ਕੇ ਜਨਮ ਸਮੇਂ, ਜਾਕੋ ਜਨਮ ਭਇਓ ਸੋਈ ਸਿਧ ਮਾਨੀਏ॥***

ਦੋ ਘੜੀਆਂ ਵਾਸਤੇ ਮਹਾਰਾਜ ਜੀ ਨੇ ਮਾਇਆ ਸੰਕੋਚੀ ੧੨ ਸਾਲ, ਵਿਆਸ ਜੀ ਦੇ ਘਰੋਂ ਜੋ ਮਾਤਾ ਜੀ ਸਨ, ਉਹਨਾਂ ਦੇ ਉਦਰ ਵਿਚ, ਇਹ ਸੁਕਦੇਵ ਜੀ ਰਹੇ।

***"ਬਾਰਹ ਵਰ੍ਹੇ ਗਰਭਾਸ ਵੱਸ ਜੰਮਦੇ ਹੀ ਸੁਕ ਲਈ ਉਦਾਸੀ।***

**(ਭਾਈ ਗੁਰਦਾਸ ਜੀ ਵਾਰ ੨੫/੧੦)**

ਕਈ ਕਹਿੰਦੇ ਇਵੇਂ ਹੋ ਗਿਆ ਹੋਵੇਗਾ।

ਆਹ ਸੰਗਤ ਵਿਚ ਬੈਠਾ ਸਾਹਮਣੇ ਗੁਰਿੰਦਰ ਸਿੰਘ ਆਹ ਪਿੰਡ ਖੈਹਰੇ ਦਾ। ਇਹਦੇ ਘਰੋਂ ਬੀਬੀ ਹਰਦੀਪ ਕੌਰ।

ਸ਼ਾਇਦ ਉਹ ਵੀ ਇਥੇ ਹੀ ਆਈ ਹੋਈ ਹੋਵੇ।

ਇਹਦਾ ਜਨਮ ਢਾਈ ਸਾਲ ਬਾਦ ਹੋਇਆ ਅਤੇ ਰਾੜਾ ਸਾਹਿਬ ਵਾਲੇ ਮਹਾਰਾਜ

ਜੀ ਨੇ ਰਖਿਆ ਜੇ ਇਹਨਾਂ ਦਾ ਨਾਮ। ਜੇ ਹੁਣ ਢਾਈ ਸਾਲ ਬਾਦ ਜਨਮ ਹੋ ਸਕਦਾ ਹੈ।

ਇਹ ਡਾਕਟਰ ਤਾਂ ਥੋੜ੍ਹੇ ਮਹੀਨਿਆਂ ਬਾਦ ਕਹਿੰਦੇ ਮਰ ਹੀ ਜਾਣਾ। ਨਾ ਕੋਈ ਦੁਖ ਨਾ ਕੋਈ ਤਕਲੀਫ। ਤੇ ਪਿਛਲੇ ਜੁਗਾਂ ਵਿਚ ਬਾਰ੍ਹਾਂ ਸਾਲ ਨਹੀਂ ਰਹਿ ਸਕਦਾ। ਪ੍ਰਤੱਖ ਨੂੰ ਕੀ ਪ੍ਰਮਾਣ।

ਸੋ ਉਹ ਇਤਨੇ ਇਤਨੇ ਲੱਖਾਂ ਵਰ੍ਹੇ ਬੰਦਗੀ ਕਰਨ ਵਾਲੇ ਜਦੋਂ ਗੋਰਖ ਜੀ ਇੱਧਰ ਗਏ। ਉਜੈਨ ਨਗਰੀ ਉਥੇ ਰਾਜਾ ਭਰਥਰੀ ਸ਼ਿਕਾਰ ਖੇਲਦਾ ਸੀ।

ਉਹਨੇ ਹਰਨ ਮਾਰ ਦਿੱਤਾ, ਗੋਰਖ ਜੀ ਨੇ ਜਿਊਂਦਾ ਕਰ ਦਿੱਤਾ। ਉਹਦੀ ਘਰ ਵਾਲੀ ਵੀ ਤੇ ਜਿੰਦੀ ਕੀਤੀ ਸੀ।

ਬੜੀਆਂ ਲੰਮੀਆਂ ਕਥਾਵਾਂ ਹਨ, ਕਿੰਨੇ ਕੁ ਜਿੰਦੇ ਹੋਏ ਹਨ। ਇਹ ਗੱਲ ਮੁਕਣੀ ਨਹੀਂ ਭਾਵੇਂ ਅੱਠ ਦਿਨ ਲਗੇ ਰਹੀਏ। ਆਪਾਂ ਅੱਗੇ ਚਲਣਾ ਹੈ।

ਉਹ ਹਿਰਨ ਜ਼ਿੰਦਾ ਕਰ ਦਿਤਾ ਤੇ ਇਹ ਭਰਥਰੀ ਜਿਹੜਾ ਸੀ ਇਹ ਗੋਰਖ ਜੀ ਦਾ ਚੇਲਾ ਬਣ ਗਿਆ।

ਪ੍ਰਤੱਖ ਕਰਾਮਾਤ ਦੇਖ ਕੇ, ਹਰਨ ਜਿੰਦਾ ਹੋਇਆ ਵੇਖ ਕੇ। .....। ਸਮਾਂ ਆਉਣ ਤੇ ਹਰਨ ਮਰਿਆ। ਉਸ ਮਰੇ ਹੋਏ ਹਰਨ ਦਾ ਸਿਰ ਵੱਢ ਕੇ ਅੱਜ ਤੱਕ ਉਥੇ ਰਖਿਆ ਹੋਇਆ ਹੈ। ਭਰਥਰੀ ਦੀ ਗੁਫਾ ਵਿਚ, ਉਜੈਨ ਵਿਚ।

ਲੋਕਾਂ ਨੂੰ ਦਿਖਾਇਆ ਜਾਂਦਾ ਆਹ ਉਹ ਹਰਨ ਦਾ ਸਿਰ ਹੈ, ਜਿਹੜਾ ਗੋਰਖ ਜੀ ਨੇ ਮਰਿਆ ਹਰਨ ਜਿੰਦਾ ਕੀਤਾ ਸੀ।

ਭਗਤ ਬਾਬਾ ਫਰੀਦ ਜੀ ੧੨ ਸਾਲ ਤਪੱਸਿਆ ਕਰ ਕੇ ਘਰ ਆਉਣ ਲਗੇ। ਸਾਧ ਸੰਗਤ ਜੀ, ਜਿਹੜਾ ਗੁਰੂ ਨਾਨਕ ਜੀ ਨੂੰ ਫਰੀਦ ਮਿਲਿਆ ਸੀ। ਉਹ ਫਰੀਦ ਦੀ ਗੱਦੀ ਤੇ ਗਿਆਰ੍ਹਵਾਂ ਫਰੀਦ ਸੀ। ਉਹ ਜਗ੍ਹਾ ਜਿਹੜੀ ਹੈ ਮੱਧ ਪ੍ਰਦੇਸ਼ ਵਿਚ ਨਾਗਪੁਰ ਤੇ ਉਰਲੇ ਪਾਸੇ ਹੈ।

ਜਿਹੜਾ ਫਰੀਦ ਗੁਰੂ ਨਾਨਕ ਜੀ ਨੂੰ ਉਥੇ ਮਿਲਿਆ ਸੀ। ਇਹ ਗੱਲ ਪਹਿਲੇ ਫਰੀਦ ਦੀ ਹੈ। ਸੋ ਘਰ ਜਾਕੇ ਮਾਂ ਨੂੰ ਦਸਦੇ ਹਾਂ, ਬਹੁਤ ਸਾਰੀਆਂ ਚਿੜੀਆਂ ਨੇ ਰੌਲਾ ਪਾਇਆ ਹੋਇਆ ਹੈ। ਬਚਨ ਕੀਤਾ "ਮਰ ਵੰਞੋ" ਗਲਿਆਂ ਵਾਂਗੂੰ ਮਰ ਕੇ ਡਿਗ ਪਈਆਂ। "ਉਡ ਵੰਞੋ" ਉਡ ਗਈਆਂ.....।

ਗੁਰੂ ਨਾਨਕ ਜੋਤ ਗੁਰੂ ਗੋਬਿੰਦ ਸਿੰਘ ਮਹਾਰਾਜ 'ਤੇ ਸ਼ੰਕੇ ਕਰਨੇ। ਇਹ ਤਾਂ ਹੋ ਹੀ ਨਹੀਂ ਸਕਦਾ।

ਧਾਰਨਾ-ਸਤਿਗੁਰ ਮੇਰਾ ਜੀ,

ਮਾਰ ਜਿਵਾਲੇ ਮਾਰ ਜਿਵਾਲੇ.....2....।

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਸਵੀਂ ਪਾਤਸ਼ਾਹੀ ਅੰਮ੍ਰਿਤ ਤਿਆਰ ਕਰਨ ਲੱਗੇ ਨੇ।

ਸਰਬ ਲੋਹ ਦਾ ਬਾਟਾ, ਖੰਡਾ, ਸਤਿਲੁਜ ਦਾ ਜਲ, ਗੁਰੂ ਜੀਆਂ ਨੇ ਅਰਦਾਸ ਕੀਤੀ। ਇਓਂ ਉਹ ਜੋ ਮੁਰਦੇ ਜਿੰਦੇ ਪੰਜ ਪਿਆਰੇ ਜਿਨ੍ਹਾਂ ਬਾਰੇ ਕੱਲ੍ਹ ਵਿਚਾਰ ਹੋ ਚੁਕੀ ਹੈ।

ਇਹ ਪ੍ਰਮਾਣ ਇਸ ਕਰਕੇ ਦਿਤੇ ਗਏ ਹਨ, ਤਾਂਕਿ ਕਿਸੇ ਦੇ ਮਨ ਵਿਚ ਕੋਈ ਇਹੋ ਜਿਹੀ ਗਲ ਨਾ ਆਵੇ। ਗੁਰੂ ਤੇ ਸ਼ੰਕਾ ਨਹੀਂ ਕਰਨਾ ਚਾਹੀਦਾ। ਐਸਾ ਨਹੀਂ। ਜੋ ਚਾਹੁਣ ਗੁਰੂ ਜੀ ਕਰ ਸਕਦੇ ਹਨ।

ਜਦੋਂ ਅੰਮ੍ਰਿਤ ਤਿਆਰ ਹੋ ਰਿਹਾ ਹੈ। ਗੁਰੂ ਜੀ ਬਾਣੀਆਂ ਪੜ੍ਹ ਰਹੇ ਨੇ, ਉਸ ਵੇਲੇ ਕੋਈ ਸਵਰਗ ਮੰਡਲਾਂ ਦੇ ਵੱਡੇ-ਵੱਡੇ ਹੀ ਭਾਗਾਂ ਵਾਲੇ, ਦੋ ਦੇਵਤੇ ਉਹ ਚਿੜੀਆਂ ਦਾ ਰੂਪ ਧਾਰ ਦੇ ਕੋਲ ਆਏ। ਉਹ ਮਨ ਵਿਚ ਅਰਦਾਸਾਂ ਕਰਦੇ ਨੇ, ਮਹਾਰਾਜ, ਸਾਨੂੰ ਵੀ ਅੰਮ੍ਰਿਤ ਮਿਲ ਜਾਏ।

ਇਕ ਬੂੰਦ ਬਾਹਰ ਡਿੱਗੀ, ਦੋਹਾਂ ਨੇ ਲਾਈ ਚੁੰਝ ਆਪਸ ਵਿਚ ਇਕ ਦੂਜੇ ਨਾਲ ਇਓਂ ਯੁੱਧ ਕਰਦੇ ਨੇ ਲਹੂ-ਲੁਹਾਨ। ਬ੍ਰਹਮ ਗਿਆਨੀ ਬਾਬਾ ਰਾਮ ਕੁਇਰ ਜੀ ਕੋਲ ਬੈਠੇ ਨੇ,

*ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥*

ਇਕ ਸਿੱਖ ਨੂੰ ਇਸ਼ਾਰਾ ਕੀਤਾ, ਉਹਦੇ ਕੰਨ ਵਿਚ ਹੌਲੀ ਜਿਹੀ ਕਹਿੰਦੇ, ਮਾਤਾ ਜੀ ਨੂੰ ਮਾਤਾ ਅਜੀਤ ਕੌਰ ਕਹੋ, ਪੁਰਾਣਾ ਨਾਮ ਮਾਤਾ ਜੀਤੋ ਜੀ ਹੈ। ਅੰਮ੍ਰਿਤ ਤੋਂ ਪਹਿਲਾਂ।

ਜਾਉ ਉਹਨਾਂ ਨੂੰ ਕਹੋ ਮਿਠਾਸ ਪਾ ਦੇਣ, ਗੁਰਦੇਵ ਗੁਰੂ ਜੀ ਅੰਮ੍ਰਿਤ ਤਿਆਰ ਕਰ ਰਹੇ ਨੇ।

ਔਰ ਕੈਸਾ ਅੰਮ੍ਰਿਤ ਤਿਆਰ ਹੋ ਚੁਕਾ ਹੈ, ਜੇ ਇਹ ਸਿੱਖਾਂ ਨੂੰ ਛੱਕਾ ਦਿੱਤਾ, ਆਹ ਚਿੜੀਆਂ ਵਾਲਾ ਹੀ ਕੰਮ ਹੋਣਾ ਹੈ।

ਸਿੱਖ ਗਿਆ ਹੱਥ ਜੋੜੇ ਅਰਜ਼ ਕੀਤੀ। ਮਾਤਾ ਜੀ, ਮੈਨੂੰ ਰਾਮ ਕੁਇਰ ਜੀ ਨੇ ਦਸਿਆ ਬਈ ਗੁਰ ਪਿਤਾ ਗੁਰੂ ਜੀ ਅੰਮ੍ਰਿਤ ਤਿਆਰ ਕਰ ਰਹੇ ਨੇ।

ਕਿਉਂਕਿ ਪਹਿਲੀ ਵਾਰੀ ਨਵਾਂ-ਨਵਾਂ ਕੰਮ ਸੀ, ਬ੍ਰਹਮ-ਗਿਆਨੀ ਨੂੰ ਹੀ ਪਤਾ ਸੀ ਜਾਂ ਗੁਰੂ ਜੀ ਨੂੰ, ਬਈ ਕੀ ਹੋ ਰਿਹਾ ਹੋਰ ਨਹੀਂ ਸੀ ਕਿਸੇ ਨੂੰ ਪਤਾ।

**"ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ॥"** (ਅੰਗ ੯੩੦)

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥** (ਅੰਗ ੨੭੩)

**ਕਹੁ ਨਾਨਕ ਜਿਨਿ ਹੁਕਮੁ ਪਛਾਤਾ॥**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥** (ਅੰਗ ੮੮੫)

ਮਾਤਾ ਜੀ ਨੇ ਇਕ ਸੁੰਦਰ ਕਪੜੇ ਵਿਚ ਪਤਾਸੇ ਪਾਏ ਲੈ ਕੇ ਆ ਗਏ। ਕਈ ਕਹਿੰਦੇ ਨੇ ਮਾਤਾ ਜੀ ਨੇ ਝੋਲੀ 'ਚ ਪਾਏ, ਨਾ-ਨਾ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ। ਝੋਲੀ ਹੁੰਦੀ ਆਹ ਜਿਹੜਾ ਕਪੜਾ ਪਾਇਆ ਹੁੰਦਾ ਗੱਲ। ਇਹਦੀ ਜੇ ਐਂ ਝੋਲੀ 'ਚ ਪਾਈਏ, ਨਿਆਣੇ ਵੀ ਜੇ ਝੋਲੀ 'ਚ ਪਾਉਣ ਤਾਂ ਮਾਵਾਂ ਕਹਿੰਦੀਆਂ ਢਿੱਡ ਨੰਗਾ ਹੋ ਰਿਹਾ ਕਪੜਾ ਹੇਠਾਂ ਕਰ।

ਉਹ ਤੇ ਗੁਰੂ ਕੇ ਮਹਿਲ ਹਨ। ਉਹ ਤਾਂ ਸਮਰੱਥ ਹਨ। ਉਹ ਤਾਂ ਬੜੇ ਸਿਆਣੇ ਹਨ। ਉਹ ਪਤਾਸੇ ਲਈ ਆਉਂਦੇ ਨੇ। ਆ ਕੇ ਕੋਲ ਖੜੇ ਹਨ। ਬਈ ਮਹਾਰਾਜ ਇਸ਼ਾਰਾ ਕਰਨ ਤੇ ਪਾਵਾਂ। ਲੈ ਤੇ ਆਂਦੇ। ਤਦੇ ਹੀ ਤੇ ਲਿਖਿਆ ਹੈਨਾਂ।

**"ਭਲਾ ਹੂਆ ਤੂੰ ਚਲ ਕਰ ਆਈ"**

ਗੁਰੂ ਕਿਆਂ ਨੇ ਗੁਰਬਾਣੀ ਪੜ੍ਹਦੇ ਪੜ੍ਹਦਿਆਂ ਸੱਜੇ ਹੱਥ ਨਾਲ ਖੰਡਾ ਚਲਾ ਰਹੇ ਨੇ। ਖੱਬਾ ਹੱਥ ਬਾਟੇ ਦੇ ਉਤੇ ਰਖਿਆ ਹੋਇਆ ਸੀ। ਇਸ਼ਾਰਾ ਹੱਥ ਨਾਲ ਕਰ ਦਿੱਤਾ। ਮਾਤਾ ਜੀ ਨੇ ਪਤਾਸੇ ਪਾ ਦਿੱਤੇ! ਨਾਲੇ ਖਾਲਸੇ ਦੇ ਜਨਮ ਸਮੇਂ ਦੋਹਾਂ ਦਾ ਇਕੱਤਰ ਹੋਣਾ। ਨੇੜੇ ਹੋਣਾ ਚਾਹੀਦਾ ਹੀ ਸੀ।

ਅੰਮ੍ਰਿਤ ਤਿਆਰ ਹੋ ਗਿਆ, ਫਿਰ ਅਰਦਾਸ ਕੀਤੀ ਗਈ। ਪੰਜ ਬਾਣੀਆਂ ਪੜ੍ਹੀਆਂ ਗਈਆਂ।

ਜਿਹੜੀਆਂ ਅੱਜ ਕੱਲ ਪੰਜ ਬਾਣੀਆਂ **ਜਪੁਜੀ ਸਾਹਿਬ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੱਯੇ, ਚੌਪਈ ਸਾਹਿਬ** ਅਤੇ **ਅਨੰਦੁ ਸਾਹਿਬ** (ਚਾਲੀ ਪਉੜੀਆਂ), ਪੰਜ ਪਿਆਰੇ ਪੜ੍ਹ ਕੇ ਅੰਮ੍ਰਿਤ ਤਿਆਰ ਕਰਦੇ ਨੇ।

ਹੁਣ ਜਦੋਂ ਉਹਨਾਂ ਨੂੰ ਛਕਾਇਆ, ਨਾਲ ਕਹਿਦੇ ਫਤਹਿ ਬੋਲੋ, ਪੰਜ-ਪੰਜ ਚੂਲੇ ਮੁੱਖ ਵਿਚ, ਪੰਜ-ਪੰਜ ਨੇਤਰਾਂ ਵਿਚ, ਪੰਜ-ਪੰਜ ਸੀਸ ਵਿਚ, ਨਾਲ ਦੇ ਨਾਲ ਫਤਹਿ ਬੁਲਾਈ ਜਾ ਰਹੀ ਹੈ। ਬੋਲ

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਛੱਕਣ ਵਾਲਾ ਨਹੀਂ ਕਹਿੰਦਾ ਬੋਲ, ਉਹ ਕਹਿੰਦਾ ਹੈ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਉਹ ਇਕੱਲੀ ਫਤਹਿ ਹੀ ਬੁਲਾਉਂਦਾ ਹੈ।

ਇਸ ਤਰ੍ਹਾਂ ਇਹਨਾਂ ਪੰਜਾਂ ਨੂੰ, ਇਹਨਾਂ ਦੇ ਨਾਂ ਵੀ ਬਦਲੇ ਗਏ। ਜਨੇ ਸਿੰਘ ਅੱਖਰ ਲੱਗ ਗਿਆ।

| | | |
|---|---|---|
| **ਜਿਥੇ ਦਇਆ ਰਾਮ** | - | **ਭਾਈ ਦਇਆ ਸਿੰਘ ਜੀ** |
| **" ਧਰਮ ਚੰਦ** | - | **ਭਾਈ ਧਰਮ ਸਿੰਘ ਜੀ** |
| **" ਹਿੰਮਤ ਰਾਏ** | - | **ਭਾਈ ਹਿੰਮਤ ਸਿੰਘ ਜੀ** |
| **" ਮੋਹਕਮ ਚੰਦ** | - | **ਭਾਈ ਮੋਹਕਮ ਸਿੰਘ ਜੀ** |
| **" ਸਾਹਿਬ ਚੰਦ** | - | **ਭਾਈ ਸਾਹਿਬ ਸਿੰਘ ਜੀ** |

ਮਰਿਆਦਾ ਦੱਸੀ ਗਈ, ਗੁਰਬਾਣੀ ਨਾਲ ਪਿਆਰ, ਸੇਵਾ, ਸਿਮਰਨ, ਬਹੁਤ ਬਚਨ ਗੁਰੂ ਜੀ ਨੇ ਦੱਸੇ। ਅਤੇ ਇਹ ਕਕਾਰ ਜਿਹੜੇ ਅਸੀਂ ਪਾਏ ਹਨ, ਸਾਧ ਸੰਗਤ ਯਾਦ ਰਹੇ ਪਿਛੇ ਚਲੀਏ। ਸਿੱਖਾਂ ਨੂੰ ਸ਼ਸਤਰਧਾਰੀ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੇ ਕਰ ਦਿੱਤਾ ਸੀ- ਕਿਰਪਾਨਾਂ ਰਖੋ।

ਬਾਬਾ ਬੁੱਢਾ ਸਾਹਿਬ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੋ ਸ੍ਰੀ ਸਾਹਿਬਾਂ ਪਾਈਆਂ, ਇਕ ਮੀਰੀ ਦੀ ਤੇ ਇਕ ਪੀਰੀ ਦੀ। ਜਦੋਂ ਗੁਰੂ ਸ਼ਸਤਰਧਾਰੀ ਹੋ ਗਿਆ ਤੇ ਸਾਰੇ ਸਿੱਖਾਂ ਨੂੰ ਹੁਕਮ ਹੋ ਗਿਆ ਕਿ ਤੁਸੀਂ ਵੀ ਸ਼ਸਤਰਧਾਰੀ ਹੋ ਜਾਓ। ਚੰਗੇ-ਚੰਗੇ ਘੋੜੇ ਭੇਟਾ ਕਰੋ, ਕਿਰਪਾਨਾਂ ਗਾਤਰੇ ਪਾਉ।

ਤੱਦੇ ਹੀ ਚਾਰ ਯੁਧ ਲੜੇ ਨੇ।

ਜੇ ਕੋਈ ਕਹੇ ਕਿ ਕਿਰਪਾਨ ਪਾਈ ਗੁਰੂ ਗੋਬਿੰਦ ਸਿੰਘ ਜੀ ਨੇ, ਇਹ ਤਾਂ ਗੁਰੂ

ਹਰਿਗੋਬਿੰਦ ਸਾਹਿਬ ਜੀ ਨੇ ਹੀ ਪਾ ਦਿਤੀਆਂ ਸਨ। ਸ਼ਸਤਰਧਾਰੀ ਸਿੱਖ ਕੱਲ੍ਹ ਵੀ ਅਰਜ਼ ਹੋਈ ਸੀ। ਗੁਰੂ ਚਰਨਾਂ ਵਿਚ ਬੇ-ਅੰਤ ਬੈਠੇ ਸਨ। ਸੋ ਇਹ ਸ੍ਰੀ ਸਾਹਿਬ ਪਾਉਣੀ, ਜਿਵੇਂ ਗਾਤਰੇ ਇਹ ਕਿਰਪਾਨ, ਕੇਸ, ਕੰਘਾ, ਕੜਾ, ਕਛਹਿਰਾ ਜ਼ਰੂਰੀ ਕਰ ਦਿੱਤੇ। ਹਰ ਵੇਲੇ ਅੰਗਾਂ ਨਾਲ। ਹੁਣ ਜੇ ਤਾਂ ਇਹਨੂੰ ਲਾਉ ਗਿਆਨ ਘੋਟਿਆਂ ਵੱਲ ਕਿ ਕੜਾ, ਚੋਰੀ ਕਰੇਗਾ ਤੇ ਤੂੰ ਚੋਰੀ ਨਾ ਕਰੀਂ। ਚੋਰੀ ਤੇ ਸਾਧ ਸੰਗਤ ਪੈਰ ਨਾਲ ਵੀ ਹੋ ਸਕਦੀ ਹੈ। ਚੋਰੀ ਤਾਂ ਲਿਖ ਕੇ ਦੇ ਦਿਉ ਚਿੱਠੀ 'ਚ ਐ ਨਹੀਂ ਐ ਕਰ ਲਈਂ। ਕਲਮ ਨਾਲ ਵੀ ਹੋ ਜਾਂਦੀ ਹੈ। ਇਹ ਤਾਂ ਹੁੰਦੀਆਂ ਗਿਆਨ ਦੀਆਂ ਗੱਲਾਂ।

ਮੁਕਦੀ ਗੱਲ ਇਹ ਹੈ। ਜਿਹੜੀ ਆਪਣੀ ਸੰਸਥਾ ਵਿਚ ਚਲੀ ਆ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਆਪਣੀਆਂ ਨਿਸ਼ਾਨੀਆਂ ਆਪਣੇ ਬੱਚੇ, ਸਿੱਖਾਂ ਨੂੰ ਦਿੱਤੀਆਂ। ਇਹ ਸੰਭਾਲ ਕੇ ਰੱਖੀਂ ਬਈ। ਜਿਵੇਂ ਆਉਂਦਾ ਹੈ ਨਾ।

***ਦਾਧੀਲੇ ਲੰਕਾ ਗੜੁ ਉਪਾੜੀਲੇ***
***ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥***
***ਕਰਮ ਕਰਿ ਕਛਉਟੀ ਮਫੀਟਸਿ ਰੀ॥***

**(ਅੰਗ ੬੯੫)**

ਰਾਮ ਜੀ ਕਹਿਣ ਲੱਗੇ ਇਹ ਗੁਰੂ ਗ੍ਰੰਥ ਸਾਹਿਬ ਵਿਚ ਦਸਿਆ ਹੈ ਐ ਹਨੂੰਮਾਨ ਜਦੋਂ ਤੂੰ ਮੇਰੇ ਕੋਲ ਆਵੇਂਗਾ, ਜੋ ਕੁਝ ਮੇਰੇ ਕੋਲ ਹੋਵੇਗਾ ਮੈਂ ਤੈਨੂੰ ਦੇ ਦੇਵਾਂਗਾ। ਹਨੂੰਮਾਨ ਜੀ ਗਏ।

ਰਾਮ ਜੀ ਇਸ਼ਨਾਨ ਕਰਕੇ ਬਸਤਰ ਬਦਲਣ ਲੱਗੇ ਸੀ।

**"ਕਰਮ ਕਰਿ ਕਛਉਟੀ ਮਫੀਟਸਿ ਰੀ॥"**

ਕਹਿੰਦੇ ਆਹ ਲੈ ਬੇਟਾ ਕਛਹਿਰਾ, ਆਹ ਹੀ ਤੇਰੇ ਭਾਗਾਂ ਵਿਚ ਹੈ। ਐਨੀਆਂ ਬਹਾਦਰੀਆਂ ਹਨੂੰਮਾਨ ਜੀ ਨੇ ਕੀਤੀਆਂ ਸਿਰ ਧੜ ਦੀ ਬਾਜ਼ੀ ਲਾਈ, ਤਾਂ

**"ਕਰਮ ਕਰਿ ਕਛਉਟੀ ਮਫੀਟਸਿ ਰੀ॥"**

ਸਾਡੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ ਬਹੁਤੇ ਹੀ ਦਿਆਲ ਨੇ, ਉਝ ਹੀ ਦੇਈ ਜਾਂਦੇ ਨੇ ਅੰਮ੍ਰਿਤ ਛਕੋ। ਸ਼ਿਵਜੀਆਂ ਨੇ ਜਿਹੜਾ ਤਪੱਸਿਆ ਕਰੇ, ਖੁਸ਼ ਹੋ ਕੇ ਉਹਨੂੰ ਦੇਂਦੇ ਤ੍ਰਿਸ਼ੂਲ ਲੈ ਬਈ ਇਹਨੂੰ ਰੱਖੀ ਸੰਭਾਲ ਕੇ, ਮੇਰੀ ਨਿਸ਼ਾਨੀ ਰੱਖੀਂ ਕੋਲ, ਜਦੋਂ ਕੋਈ ਜਮ ਵੀ ਦਿਖੇ ਨਾ, ਤੇ ਬੱਸ ਮੇਰਾ ਤ੍ਰਿਸ਼ੂਲ ਦੇਖ ਕੇ ਨੱਸ ਜਾਊ।

ਇਸ ਕਰਕੇ ਸਾਹਿਬ ਦੀਆਂ ਨਿਸ਼ਾਨੀਆਂ ਇਹ ਸਾਧ ਸੰਗਤ ਜੀ ਸੰਭਾਲ ਕੇ ਹਰ

*ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥*
*ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥*

(ਅੰਗ ੫੫੪)

ਹੁਣ ਇਹ ਰਹਿਤਾਂ ਅਤੇ ਕੁਰਹਿਤਾਂ ਦੱਸੀਆਂ, ਮਰਿਆਦਾ ਕਾਇਮ ਹੋ ਗਈ।

*"ਪਰਗਟਿਉ ਖਾਲਸਾ ਪਰਮਾਤਮ ਕੀ ਮੌਜ"*
*ਖਾਲਸਾ ਅਕਾਲ ਪੁਰਖ ਕੀ ਫੌਜ॥*

ਇਹ ਖਾਲਸਾ ਵਾਹਿਗੁਰੂ ਦੀ ਮੌਜ ਵਿਚ ਪ੍ਰਗਟ ਹੋਇਆ ਹੈ।

ਅੱਜ ਤੋਂ ਕਈ ਸਾਲ ਪਹਿਲਾਂ ਮਾਟਖੇੜੇ ਦੀਵਾਨ ਸੀ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਤੋਂ ਪਹਿਲਾਂ ਇਕ ਪ੍ਰੇਮੀ ਨੇ ਕਥਾ ਕੀਤੀ ਇਹ ਸੰਨ ੧੯੭੦ ਦੀ ਗੱਲ ਹੈ।

ਉਹਨੇ ਸਾਖੀ ਸੁਣਾਈ ਕਿ ਸਾਧ ਸੰਗਤ ਜੀ ਖਾਲਸਾ ਜਿਹੜਾ ਹੈ ਇਹ ਬਈ ਫਲਾਣਾ ਰਿਖੀ ਸੀ, ਅਮਕਾ ਰਿਖੀ ਸੀ। ਉਹਨੇ ਫਿਰ ਝਾੜੇ ਰੋਮ ਜਿਹੇ ਤੇ ਉਹ ਸ਼ੇਰ ਦੀ ਖੱਲ ਸੀ ਤੇ ਸ਼ੇਰਾਂ ਦੇ ਰੋਮਾਂ ਤੋਂ ਖੱਲਾਂ ਤੋਂ ਚਲਿਆ ਹੈ। ਬਾਦ ਵਿਚ ਸੰਤ ਮਹਾਰਾਜ ਸੰਤ ਵਰਿਆਮ ਸਿੰਘ ਜੀ ਆਪ ਜੀ ਦਾ ਟਾਈਮ ਸੀ। ਆਪ ਜੀ ਦੇ ਬਚਨ ਮੈਂ ਕੋਸ਼ਿਸ਼ ਕਰਾਂਗਾ, ਹੂ-ਬਹੂ ਸੰਨ ੧੯੭੦ ਮਾਟਖੇੜੇ ਵਿਚ ਕੀਤੇ ਹੋਏ ਉਸੇ ਤਰ੍ਹਾਂ ਸੁਣਾਏ ਜਾਣ ਪਰ ਫਿਰ ਵੀ ਅੱਖਰ ਵੱਧ ਘੱਟ ਹੋ ਜਾਂਦਾ ਹੈ।

ਮਹਾਰਾਜ ਜੀ ਕਹਿਣ ਲੱਗੇ -

ਸਾਧ ਸੰਗਤ ਜੀ, ਮੇਰੇ ਤੋਂ ਪਹਿਲਾਂ ਆਪ ਜੀ ਨੇ ਜੋ ਇਕ ਘੰਟਾ ਕਥਾ ਸੁਣੀ ਹੈ। ਐਸੀਆਂ ਕਹਾਣੀਆਂ ਇਹ ਲਿਖ ਦੇਂਦੇ ਨੇ ਕਿਤਾਬਾਂ ਵਾਲੇ। ਤਦੇ ਹੀ ਤਾਂ ਅਨੁਭਵੀ ਮਹਾਂਪੁਰਖਾਂ ਦੀ ਲੋੜ ਹੈ। ਉਹ ਵੇਖ ਲੈਣ ਆਹ ਗੱਲ ਝੂਠੀ ਹੈ ਕਿ ਸੱਚੀ।

ਖਾਲਸਾ ਸ਼ੇਰਾਂ ਦੀਆਂ ਖੱਲਾਂ ਚੋਂ ਪੈਦਾ ਨਹੀਂ ਹੋਇਆ। ਉਹਨਾਂ ਦੇ ਰੋਮਾਂ ਚੋਂ ਨਹੀਂ ਹੋਇਆ, ਇਹ ਲਿਖਾਰੀ ਵੱਧ ਘੱਟ ਲਿਖ ਦੇਂਦੇ ਨੇ।

*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*

ਦਸਵੇਂ ਮਹਾਰਾਜ ਦੀ ਬਾਣੀ ਹੈ।

*ਖਾਲਸਾ ਅਕਾਲ ਪੁਰਖ ਕੀ ਫੌਜ॥*

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*

ਫਿਰ ਆਪ ਜੀ ਨੇ ਇਉਂ ਧਾਰਨਾ ਲਾਈ -

**ਧਾਰਨਾ- ਦਿਤਾ ਖਾਲਸਾ ਤੇਜ ਆਪਣਾ ਮੈਂ ਤੈਨੂੰ,**

**ਤੇਜ ਆਪਣਾ ਮੈਂ ਤੈਨੂੰ ਤੇਜ ਆਪਣਾ।**

**ਦਿਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ ਤੈਨੂੰ,**

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਨ ਕੀ ਰੀਤ।*
*ਮੈਂ ਨਾ ਕਰੌਂ ਇਨ ਕੀ ਪ੍ਰਤੀਤ॥*

ਸੋ ਇਹ ਰਹਿਤਾਂ-ਕੁਰਹਿਤਾਂ ਦਸੀਆਂ - ਗੁਰੂ ਜੀ ਨੇ ਆਪ ਅੰਮ੍ਰਿਤ ਛੱਕਣ ਦੀ ਇਛਾ ਜ਼ਾਹਿਰ ਕੀਤੀ।

ਕਹਿੰਦੇ ਹੁਣ ਮੈਨੂੰ ਵੀ ਛਕਾਉ। ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਛੱਕਿਆ, ਦਇਆ ਸਿੰਘ ਜੀ ਕਹਿ ਰਹੇ ਨੇ ਗਰੀਬ ਨਿਵਾਜ਼ ਸੱਚੇ ਪਾਤਸ਼ਾਹ ! ਆਪ ਜੀ ਦੇ ਨਾਂ ਦੇ ਨਾਲ ਹੁਣ ਸਿੰਘ ਅੱਖਰ ਲੱਗ ਗਿਆ ਹੈ। ਕਿਉਂਕਿ ਸਾਡੇ ਨਾਵਾਂ ਦੇ ਨਾਲ ਲੱਗਾ ਸੀ। ਪਹਿਲਾਂ ਗੋਬਿੰਦ ਰਾਏ ਫਿਰ ਗੁਰੂ ਗੋਬਿੰਦ ਰਾਏ ਹੁਣ ਗੁਰੂ ਗੋਬਿੰਦ ਸਿੰਘ (ਸਿੰਘ) ਪਦ ਹੁਣ ਲਗ ਗਿਆ ਹੈ।

*"ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

(ਭਾਈ ਗੁਰਦਾਸ ਜੀ)

ਸਿੰਘ ਪੱਦ ਲਗ ਗਿਆ, ਜੇ ਪਿਛੇ ਨਿਗਾਹ ਮਾਰ ਕੇ ਦੇਖੀਏ ਸਿੰਘ ਅੱਖਰ ਸਤਿਯੁਗ ਦੇ ਵਿਚ ਵੀ ਹੈ ਸੀ।

*"ਨਰਸਿੰਘ ਹੋਇ ਰੂਪ ਦੇਹ ਧਰਿਉ॥*

ਬਾਣੀ ਵਿਚ ਆਉਂਦੇ ਸਿੰਘ ਅੱਖਰ ਤ੍ਰੇਤੇ ਯੁਗ ਵਿਚ ਵੀ ਹੈ ਸੀ।

ਰਾਜਾ ਜੈ ਸਿੰਘ ਦੁਆਪਰ ਵਿਚ ਹੋਇਆ ਹੈ। ਉਦੋਂ ਵੀ ਸਿੰਘ ਅੱਖਰ ਹੈ ਸੀ। ਗੁਰੂ ਨਾਨਕ ਜੀ ਦੇ ਸਮੇਂ ਝਾਂਸੀ ਦੇ ਉਰਲੇ ਪਾਸੇ ਇਕ ਰਾਜਾ ਬੀਰ ਸਿੰਘ ਹੋਇਆ ਹੈ। ਔਰ ਰਾਜਾ ਰਾਮ ਸਿੰਘ ਬਨਾਰਸ ਦਾ ਬਾਦਸ਼ਾਹ, ਰਾਜਾ ਬੀਰ ਸਿੰਘ ਬਘੇਲ ਬਨਾਰਸ ਦਾ ਬਾਦਸ਼ਾਹ, ਔਰ ਅਠਵੇਂ ਮਹਾਰਾਜ ਜੀ ਦੇ ਸਮੇਂ ਰਾਜਾ ਜੈ ਸਿੰਘ। ਜਿਹੜਾ ਗੁਰੂ ਜੀ ਨੂੰ

ਲੈ ਕੇ ਆਇਆ ਸੀ। ਦਿੱਲੀ, ਫਿਰ ਮਹਾਰਾਜ ਦਰਸ਼ਨ ਦੇ ਦਿਉ। ਗੁਰੂ ਜੀ ਨੇ ਕੋਈ ਏਹੋ ਜਿਹਾ ਬਚਨ ਕਰ ਦਿੱਤਾ।

ਜਦੋਂ ਹਜ਼ੂਰ ਸਾਹਿਬ ਨੂੰ ਜਾਈਏ ਰਸਤੇ ਵਿਚ ਬਹਿਰਾਮਪੁਰ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੁਨਹਿਰੀ ਅੱਖਰਾਂ ਵਿਚ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਲਿਖਿਆ ਬਹਿਰਾਮਪੁਰ, ਉਥੇ ਰਾਜਾ ਜੈ ਸਿੰਘ ਮਰਨ ਲੱਗਾ, ਇਕ ਚਿੱਠੀ ਲਿਖਦਾ ਹੈ।

ਐ ਸੰਸਾਰ ਦੇ ਲੋਕੋ ! ਜਿੰਨੀ ਮੈਂ ਆਉ-ਭਾਉ, ਨੱਠ-ਭੱਜ ਮੈਂ ਖੁਸ਼ਾਮਦ ਰਾਜਿਆਂ ਦੀ ਕੀਤੀ ਹੈ, ਕਿਤੇ ਗੁਰੂ ਘਰ ਦੀ ਕਰਦਾ ਤਾਂ ਅੱਜ ਮੈਨੂੰ ਜਮ ਨਾ ਲੈਣ ਆਉਂਦੇ। ਮੈਨੂੰ ਜਮ ਲੈਣ ਆਏ ਨੇ, ਪਤਾ ਨਹੀਂ ਇਹਨਾਂ ਮੈਨੂੰ ਕਿਹੜੇ ਨਰਕ ਵਿਚ ਸੁਟਣਾ ਹੈ। ਕੀ ਮੇਰਾ ਹਸ਼ਰ ਹੋਣੈ, ਮੇਰੀ ਚਿੱਠੀ ਤੋਂ ਕੋਈ ਸਿਖਿਆ ਲੈ ਲਿਉ। ਸੇਵਾ ਕਰਿਉ ਗੁਰੂ ਘਰ ਦੀ, ਮੈਂ ਗੁਰੂ ਜੀ ਨੂੰ ਲੈ ਆਇਆ ਸੀ ਫਿਰ ਆਖੇ ਨਾ ਲਗਿਆ। ਰਾਜੇ ਵਲ ਦੀ ਗੱਲ ਕੀਤੀ। ਮੈਂ ਗੁਰੂ ਘਰ ਦਾ ਸਰਾਪਿਆ। ਸੰਸਾਰ ਤੋਂ ਬੇ-ਮੁਖ ਹੋ ਕੇ ਜਾ ਰਿਹਾ ਹਾਂ।

ਇਹ ਗੱਲ ਯਾਦ ਰਹੇ ਪਿੱਛਲੇ ਜੁੱਗਾਂ ਤੋਂ ਲੈ ਕੇ ਸਿੰਘ ਪਦ ਜਾਂ ਕਿਸੇ ਅਵਤਾਰ ਜਾਂ ਰਾਜੇ ਦੇ ਨਾਮ ਨੂੰ ਲਗਦਾ ਸੀ ਪਰ ਆਮ ਜੰਤਾਂ ਵਿਚ ਆਪਣੇ ਨਾਮ ਨਾਲ ਕੋਈ ਸਿੰਘ ਪਦ ਨਹੀਂ ਸੀ ਲਿਖ ਸਕਦਾ। ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦੇਣ ਹੈ। ਗੁਰੂ ਜੀ ਨੇ ਕਿਹਾ ਮੇਰਾ ਬੱਚਾ-ਬੱਚਾ ਸਿੰਘ ਅਖਵਾਏਗਾ।

ਉਹ ਰਾਜਾ ਇਹ ਚਿੱਠੀ ਲਿਖਦਾ ਲਿਖਦਾ ਮਰ ਗਿਆ। ਸੋ ਵਿਚਾਰ ਹੋ ਰਹੀ ਸੀ। ਕਿ-

***ਅੰਮ੍ਰਿਤੁ ਪੀਆ ਸਤਿਗੁਰਿ ਦੀਆ॥ ਅਵਰੁ ਨ ਜਾਣਾ ਦੂਆ ਤੀਆ॥***

**(ਅੰਗ ੧੦੩੪)**

***ਸੁਰ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੋ ਅੰਮ੍ਰਿਤ ਗੁਰ ਤੇ ਪਾਇਆ॥***

ਕਈ ਵਾਰੀ ਕਿਸੇ ਨੂੰ ਕਹੋ ਭਾਈ ਅੰਮ੍ਰਿਤ ਛੱਕ ਲੈ।

ਕਈ ਕਹਿੰਦੇ ਹਨ ਮਨ ਸਾਫ ਹੋਣਾ ਚਾਹੀਦਾ, ਅੰਮ੍ਰਿਤ ਹੀ ਅੰਮ੍ਰਿਤ ਹੈ। ਗੁਰੂ ਨਾਨਕ ਸਰੂਪ, ਉਹਨਾਂ ਨੇ ਛਕਿਆ ਭਾਈ ਤੂੰ ਕਿਹਦਾ ਵਿਚਾਰਾ ਹੈਂ। ਫਿਰ ਜਿਹੜੇ ਕੁਝ ਪੜ੍ਹੇ ਨੇ ਨਾ ਚਾਰ ਅੱਖਰ ਉਹ ਪਤਾ ਕੀ ਕਹਿੰਦੇ ਅੰਮ੍ਰਿਤ ਅੰਦਰੇ ਹੀ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥ ਕਹਨੁ ਨ ਜਾਈ ਅਚਰਜ ਬਿਸਮਾਦ॥***

**(ਅੰਗ ੨੯੩)**

ਬਈ ਅੰਮ੍ਰਿਤ ਤਾਂ ਗੁਰਮੁਖਾ ਅੰਦਰ ਹੀ ਹੈ। ਸਾਨੂੰ ਤਾਂ ਲੋੜ ਨਹੀਂ ਹੈ ਛਕਣ ਦੀ।

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਇਸੇ ਕਰਕੇ ਛਕਿਆ ਕਿ ਸੰਸਾਰ ਵਿਚ ਕੋਈ ਢੁੱਚਰ ਡਾਹੁਣ ਜੋਗਾ ਹੀ ਨਾ ਰਹੇ ਸਾਰੇ ਅੰਮ੍ਰਿਤ ਛਕਣ।

ਜਿਨ੍ਹਾਂ ਨੇ ਪੰਜ ਸਿੰਘ ਭੇਜੇ, ਤੇ ਧੀਰਮਲ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਹੀਂ ਦਿੱਤਾ ਤੇ ਕਹਿੰਦਾ ਹੈ ਕਿ ਜਦੋਂ ਆਪੇ ਹੀ ਸਰਬ ਕਲਾ ਸਮਰੱਥ ਹਨ ਤਾਂ ਆਪੇ ਹੀ ਲਿਖ ਲੈਣ। ਭਾਈ ਮਨੀ ਸਿੰਘ ਜੀ ਲਿਖਾਰੀ ਚੋਦਾਂ ਸੌ ਤੀਹ ਅੰਗ ਗੁਰ ਕੀ ਕਾਂਸ਼ੀ ਦਮਦਮਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਾਰੀ ਬਾਣੀ ਉਚਾਰ ਕੇ ਲਿਖਵਾਇਆ ਹੈ।

ਤੁਸੀਂ ਸੁਣਿਆ ਹੋਣੈ ਕਈ ਵਾਰੀ ਸਟੇਜਾਂ ਤੇ ਕਹਿੰਦੇ ਨੇ ਮਹਾਰਾਜ ਨੇ ਕੰਨਾ ਬਦਲਿਆ। "**ਕਹੁ ਕਬੀਰ ਜਨ ਭਏ ਖਾਲਸੇ**" ਨਹੀਂ ਬਦਲਿਆ, ਕਰਤਾਰਪੁਰ ਸਾਹਿਬ ਜਲੰਧਰ ਦੇ ਨੇੜੇ ਹੈ ਮੈਂ ਉਥੇ ਗਿਆ। ਤੁਸੀਂ ਜਾ ਕੇ ਦੇਖ ਲਿਓ, ਪੜ੍ਹ ਕੇ ਦੇਖ ਲਿਓ। ਉਥੇ ਲਿਖਿਆ ਪਹਿਲੇ ਸਰੂਪ ਵਿਚ—

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥*

(ਅੰਗ ੬੫੫)

ਖਾਲਸਾ ਅੱਖਰ ਜਿਹੜਾ ਅਕਬਰ ਨੇ ਚਲਾਇਆ, ਜਿਸ ਦੇ ਨਾਮ ਦਾ ਇਹ ਪਟਾ ਕੱਟ ਦਿੰਦੇ ਸੀ ਨਾ ਜਿਵੇਂ ਹੁਣ ਕਹਿੰਦੇ ਹਰੀ ਦਾ ਜਨ, ਹਰੀ ਦਾ ਜਨ ਬਹੁਤ ਉਚੀ ਚੀਜ਼ ਹੈ। ਰੱਬ ਦਾ ਭਗਤ ਕਹੋ, ਪੂਜਨੀਕ ਜਿਵੇਂ ਹਰੀ ਜਨ ਦੇ ਨਾਮ ਹੁਣ ਪਟਾ ਕੱਟਿਆ ਜਾਂਦਾ ਹੈ। ਤੇ ਉਹਨੂੰ ਬੜੀਆਂ ਸਹੂਲਤਾਂ ਨੇ, ਅਕਬਰ ਨੇ ਖਾਲਸੇ ਦੇ ਨਾਂ ਦੇ ਹਜ਼ਾਰਾਂ ਹੀ ਪਟੇ ਕੱਟੇ।

ਵਾਸਤਵ ਵਿਚ ਖਾਲਸਾ ਅਕਾਲ ਪੁਰਖ ਦੀ ਮੌਜ ਨਾਲ ਪ੍ਰਗਟ ਹੋਇਆ ਹੈ ਤੇ ਇਹ ਗੱਲ ਸਾਹਮਣੇ ਲਿਆਂਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹਨਾਂ ਨੇ ਇਹ ਖਾਲਸਾ ਜਿਹੜਾ ਹੈ। ਖਾਲਸਾ ਪੰਥ ਤਿਆਰ ਕੀਤਾ।

ਪੰਥ ਤਾਂ ਪਹਿਲਾਂ ਵੀ ਸੀ।

*"ਸਬਦਿ ਜਿਤੀ ਸਿਧਿ ਮੰਡਲੀ*
*ਕੀਤੋਸੁ ਅਪਣਾ ਪੰਥੁ ਨਿਰਾਲਾ।*
*ਕਲਿਜੁਗਿ ਨਾਨਕ ਨਾਮੁ ਸੁਖਾਲਾ॥*

(ਭਾਈ ਗੁਰਦਾਸ ਜੀ ਵਾਰ ੧/੩੧)

ਗੁਰੂ ਨਾਨਕ ਨਾਮ ਲੇਵਾ ਪੰਥ ਪਹਿਲਾਂ ਤੋਂ ਹੀ ਤਾਂ ਚਲ ਹੀ ਰਿਹੈ। ਸਿਰਫ ਥੋੜੇ ਜਿਹੇ ਅੱਖਰ ਨਾਲ ਲਗੇ ਇਹਦੇ। **"ਖਾਲਸਾ ਪੰਥ"**

ਇਹ ਹੁਣ ਖਾਲਸਾ ਹੋ ਗਿਆ।

***"ਆਤਮ ਰਸ ਜੋ ਜਾਨਹੀ, ਸੋ ਹੈ ਖਾਲਸਾ ਦੇਵ॥***
***ਪ੍ਰਭ ਮਹਿ ਮੋ ਮਹਿੰ ਤਾਸ ਮਹਿੰ ਰੰਚਕ ਨਾਹਿਨ ਭੇਵ॥***

(ਸਰਬ ਲੋਹ ਗ੍ਰੰਥ)

ਕਹਿਦੇ ਖਾਲਸਾ। ਤਦੇ ਹੀ ਭਗਤ ਕਬੀਰ ਜੀ ਨੇ ਦਸਿਆ ਹੈ।

***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥***

(ਅੰਗ ੧੧੬੧)

ਜਦੋਂ ਉਹਨਾਂ ਨੇ ਮਨ ਜਿੱਤ ਲਿਆ ਬੰਦਗੀ ਕਰਦੇ-ਕਰਦੇ, ਕਰਦੇ-ਕਰਦੇ ਅੱਗੇ ਚਲੇ ਗਏ। ਕਿਹਾ *"ਰਾਜ ਅਬਿਨਾਸ਼ੀ"* ਅਬਿਨਾਸ਼ੀ ਰਾਜ ਉਹ ਭਗਤਾਂ ਦਾ ਹੈ। ਖਾਲਸੇ ਦਾ ਹੈ। ਸਦਾ ਹੀ ਹੈ। ਖਾਲਸੇ ਦੇ ਨਾਂ ਦੇ ਗੁਰੂ ਘਰ ਦੇ ਆਹ ਜਿਹੜੇ ਨਿਸ਼ਾਨ ਸਾਹਿਬ ਨੇ ਸਾਰੀ ਹੀ ਧਰਤੀ ਤੇ ਝੂਲ ਰਹੇ ਨੇ। ਕਿਹੜਾ ਦੇਸ਼ ਹੈ। ਜਿਥੇ ਨਿਸ਼ਾਨ ਸਾਹਿਬ ਹੈ ਨਹੀਂ। ਝੂਲ ਰਹੇ ਨੇ, ਇਹ ਖਾਲਸੇ ਦਾ ਰਾਜ ਹੀ ਹੈ ਨਾ ਸਾਰੇ ਸੰਸਾਰ ਤੇ, ਨਹੀਂ ਤੇ ਇਕ ਦੇਸ਼ ਦਾ ਝੰਡਾ ਦੂਜੇ ਦੇਸ਼ ਵਿਚ ਲੈ ਜਾਉ ਵੇਖੋ ਕਿਵੇਂ। ਲੜਾਈ ਪੈਂਦੀ ਹੈ।

ਗੁਰੂ ਨਾਨਕ ਦੀ ਕਿਰਪਾ ਹੈ ਨਾ ਸਾਰੇ ਹੀ ਸੰਸਾਰ ਤੇ। ਤਦੇ ਹੀ ਪੁਰਾਣੇ ਸਮੇਂ ਵਿਚ ਮੈਂ ਸੰਨ ੧੯੬੦, ੬੧, ੬੨ ਇਹਨਾਂ ਤਿੰਨਾਂ ਚੌਹਾਂ ਸਾਲਾਂ ਦੀ ਗੱਲ ਕਰਦਾ ਹਾਂ ਜਦੋਂ ਪੰਜਾਬ ਵਿਚ ਪੰਜਾਬੀ ਸੂਬੇ ਦਾ ਰੌਲਾ ਪਿਆ ਸੀ। ਸਾਡੇ ਤਾਇਆ ਜੀ ਹੁੰਦੇ ਉਹਨਾਂ ਅੱਗੇ ਲਾ ਦੇਣਾ ਮੈਨੂੰ ਸਵੇਰੇ-ਸਵੇਰੇ ਪਿੰਡ ਦੇ ਦੁਆਲੇ ਪ੍ਰਭਾਤ ਫੇਰੀਂ। ਉਹਨਾਂ ਕਹਿਣਾ ਬੇਟਾ ਅੱਗੇ-ਅੱਗੇ ਬੋਲੀ ਜਾਹ, ਮੈਂ ਕਿਹਾ ਚੰਗਾ ਤਾਇਆ ਜੀ ਬੋਲੀ ਜਾਨਾਂ, ਉਹ ਅੱਜ-ਕਲ੍ਹ ਚੜ੍ਹਾਈ ਕਰ ਗਏ ਨੇ। ਤੇ ਇਉਂ ਬੋਲਦਾ ਸੀ, ਅੱਧੋ-ਅੱਧ ਬੋਲਿਉ ਭਾਈ।

***"ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਦੇ***
***ਪੰਥ ਮਹਾਰਾਜ ਦੇ, ਪੰਥ ਮਹਾਰਾਜ ਦੇ***
***ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਦੇ***

ਇਸ ਤਰ੍ਹਾਂ ਪੜ੍ਹਦੇ ਹੁੰਦੇ, ਨਿਸ਼ਾਨ ਸਾਹਿਬ ਬਾਰੇ ਬਹੁਤ ਲੰਮੀ ਵਿਆਖਿਆ ਹੈ, ਮੈਂ ਥੋੜੇ ਅੱਖਰਾਂ ਵਿਚ ਅਰਜ਼ ਕਰਾਂ।

ਜਦੋਂ ਵੀਹ ਸਾਲ ਦੀ ਉਮਰ ਸਰੀਰ ਕਰਕੇ ਗੁਰੂ ਨਾਨਕ ਮਹਾਰਾਜ ਜੀ ਦੀ ਹੋਈ।

ਆਪ ਜੀ ਸੁਲਤਾਨਪੁਰ ਸਨ। ਜੋਦੜੀਆਂ, ਅਰਜੋਈਆਂ, ਅਰਦਾਸਾਂ, ਬੇਨਤੀਆਂ ਕਰਕੇ ਰਾਏ ਬੁਲਾਰ ਜੀ, ਲੈ ਕੇ ਆਏ ਤਲਵੰਡੀ।

ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਆਪ ਜੀ ਦੀ ਯਾਦਗਾਰ ਬਨਾਉਣੀ ਹੈ ਤੇ ਆਪਣੇ ਹੱਥੀਂ ਇੱਟ ਰੱਖੋ। ਗੁਰੂ ਨਾਨਕ ਜੀ ਨੇ ਇੱਟ ਰੱਖੀ, ਇਹਦਾ ਨਾਂ "ਨਨਕਾਣਾ ਸਾਹਿਬ" ਰੱਖ ਦਿੱਤਾ। ਗੁਰੂ ਜੀ ਕਹਿੰਦੇ-ਰਾਏ ਬੁਲਾਰ ਜੀ ! ਹੁਣ ਨਿਸ਼ਾਨ ਸਾਹਿਬ ਵੀ ਲਾ ਦਿਉ।

ਮਹਾਰਾਜ ਖ਼ੁਦ-ਖ਼ੁਦਾ ਹੋ ਗਰੀਬ ਨਿਵਾਜ਼, ਮੈਨੂੰ ਦਸੋ ਕਿਵੇਂ ਦਾ ਲਾਵਾਂ। ਕਿਹੋ ਜਿਹਾ ਹੁੰਦਾ ਮੈਨੂੰ ਤੇ ਪਤਾ ਹੀ ਨਹੀਂ ਸੁਣਿਆ ਹੀ ਪਹਿਲੀ ਵਾਰੀ ਹੈ।

ਆਪ ਜੀ ਕਹਿਣ ਲੱਗੇ ਏਸ ਤਰ੍ਹਾਂ ਕੋਈ ਲੰਮੀ ਲੱਕੜ ਲਿਆ, ਉਹ ਬਣਵਾਇਆ, ਉਤੇ ਖੰਡਾ ਲਾਇਆ, ਖੰਡੇ ਦਾ ਚੌੜਾ ਪਾਸਾ ਸੂਰਜ ਵੱਲ ਨੂੰ ਕਰਵਾਇਆ, ਤਾਂਕਿ ਸਵੇਰ ਤੋਂ ਸ਼ਾਮ ਤੱਕ ਚਮਕੇ, ਬਈ ਹਾਂ .........। ਇਥੇ ਹੈ ਗੁਰਦੁਆਰਾ।

ਗੁਰੂ ਨਾਨਕ ਜੀ ਕਹਿਣ ਲੱਗੇ ਇਸ ਦੀਆਂ ਚਾਰ ਰੱਸੀਆਂ ਚਹੁੰ ਦਿਸ਼ਾ ਵਿਚ ਬੰਨ੍ਹ ਦਿਓ। ਇਹ ਮਰਿਆਦਾ ਹੈ।

ਕਈ ਦੋ ਤਿੰਨ ਨਾਲ ਹੀ ਸਾਰ ਲੈਂਦੇ ਨੇ।

ਕਹਿੰਦੇ ਕਿਹੜਾ ਡਿੱਗਣ ਲੱਗਾ ਹੈ। ਭਾਈ ਡਿੱਗਣ ਨਹੀਂ ਲੱਗਾ। ਗੱਲ ਮਰਿਆਦਾ ਦੀ ਹੈ।

ਰੱਸੀਆਂ ਚਾਰ ਹੋਣੀਆਂ ਚਾਹੀਦੀਆਂ ਨੇ, ਤਾਰਾਂ ਕਹੋ, ਅੱਜ-ਕਲ੍ਹ ਤਾਰਾਂ ਪਾ ਦਿਉ।

ਫਿਰ ਪੁੱਛਦਾ ਹੈ ਮਹਾਰਾਜ ਹੋਰ ਭੀ ਇਸ ਬਾਰੇ ਦਸੋ, ਕਹਿੰਦੇ ਇਸਦਾ ਜਦੋਂ ਫਰਲਾ ਸਾਹਿਬ ਹਿਲਦਾ ਹੈ। ਇਹ ਕਹਿੰਦਾ ਜਿਨੂੰ ਭੁੱਖ ਲੱਗੀ ਹੈ ਆ ਜਾਉ। ਇਥੇ ਮੇਰੀਆਂ ਜੜ੍ਹਾਂ ਵਿਚ, ਗੁਰੂ ਘਰ ਵਿਚ ਲੰਗਰ ਚਲਦਾ ਜੇ। ਬਾਬੇ ਨਾਨਕ ਦਾ ਆ ਜਾਉ-ਆ ਜਾਉ। ਆ-ਜਾਉ, ਇਹ ਇਸ਼ਾਰੇ ਕਰਦਾ ਹੈ ਬਈ ਇਥੇ ਅੱਠੇ ਪਹਿਰ ਲੰਗਰ ਚਲਦਾ ਹੈ। ਤਦੇ ਹੀ ਸਿਆਣੇ ਪੁਰਸ਼ ਕਹਿੰਦੇ ਨੇ ਨਿਸ਼ਾਨ ਸਾਹਿਬ ਲਾਉਣਾ ਹੈ ਤਾਂ ਸਿੱਖਾ ਸੋਚ ਸਮਝ ਕੇ ਲਾਈਂ।

ਲੰਗਰ ਵੀ ਗੁਰੂ ਕਾ ਚਲਣਾ ਚਾਹੀਦੈ।

ਦੂਸਰਾ ਨਿਸ਼ਾਨ ਸਾਹਿਬ ਗੁਰੂ ਨਾਨਕ ਜੀ ਨੇ ਤਲੰਭੇ ਸ਼ਹਿਰ ਸੱਜਣ ਠੱਗ ਨੂੰ ਸੰਤ

ਬਣਾ ਕੇ ਉਥੇ ਲਾਇਆ।

ਤੀਜਾ ਕਿਤੇ ਅਗਾਂਹ ਕਿਤੇ ਅਗਾਂਹ ਤੇ ਚੁੱਪ ਹੀ ਭਲੀ ਹੈ।

ਰਾਏ ਬੁਲਾਰ ਜੀ, ਪੁੱਛਦੇ ਨੇ ਮਹਾਰਾਜ ਇਹ ਕਦੇ ਨਕਸ਼ਾ ਪਹਿਲਾਂ ਨਹੀਂ ਦੇਖਿਆ।

ਗੁਰੂ ਜੀ ਕਹਿਣ ਲਗੇ, ਫਿਰ ਦੱਸ ਦਿੰਦੇ ਹਾਂ। ਤੂੰ ਪਿਆਰ ਵਾਲਾ ਹੈਂ ਦੱਸ ਦਿੰਦੇ ਹਾਂ, ਅਸੀਂ ਨਕਸ਼ਾ ਕਿਥੋਂ ਲਿਆਂਦਾ ਹੈ। ਹੈ ਤੇ ਗੁਝੀ ਗੱਲ।

ਰਾਏ ਬੁਲਾਰ ਜੀ, ਬਹੁਤ ਕੋਈ ਬੰਦਗੀ ਕਰੇ, ਸਿਮਰਨ ਕਰੇ ਜਦੋਂ ਉਹਦੀ ਆਤਮਾ ਸੱਚਖੰਡ ਵਿਚ ਜਾਏਗੀ।

***ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥***

**(ਅੰਗ ੮)**

**'ਸਚ ਖੰਡਿ ਵਸੈ ਨਿਰੰਕਾਰੁ'** ਤਾਂ ਰਾਏ ਬੁਲਾਰ ਜੀ, ਏਹੋ ਜਿਹੇ ਸਰੂਪ ਦੇ, ਪਰ ਉਥੇ ਕਪੜੇ ਨਹੀਂ। ਉਥੇ ਗੱਲ ਹੋਰ ਤਰ੍ਹਾਂ ਦੀ ਹੈ। ਕਪੜੇ ਦਾ ਨਹੀਂ ਹੈ। ਪਰ ਗੱਲ, ਸਮਝ ਉਥੇ ਏਸ ਤਰ੍ਹਾਂ ਦੇ ਸੈਂਕੜੇ ਨਿਸ਼ਾਨ ਸਾਹਿਬ ਦਰਸ਼ਨੀ ਡਿਉੜੀ ਸੱਚਖੰਡ ਅੱਗੇ ਲੱਗੇ ਹੋਏ ਹਨ। ਉਸ ਤੋਂ ਦੋ ਲੱਖ ਯੋਜਨ ਦੂਰ ਧ੍ਰੂ ਭਗਤ ਦੀ ਨਗਰੀ ਹੈ। ਰਾਏ ਬੁਲਾਰ ਨੇ ਚਰਨਾਂ 'ਤੇ ਮੱਥਾ ਟੇਕ ਦਿੱਤਾ। ਸੱਚੇ ਪਾਤਸ਼ਾਹ ਆਪ ਜੀ ਨੇ ਬੜੀ ਕਿਰਪਾ ਕੀਤੀ। ਅਰਸ਼ਾਂ ਦੀਆਂ ਵਸਤੂਆਂ ਫਰਸ਼ਾਂ ਤੇ ਲੈ ਆਂਦੀਆਂ। ਸਾਧ ਸੰਗਤ ਕਿਸੇ ਨੂੰ ਕੋਈ ਖੋਹੀ ਲੱਗੀ ਹੋਵੇ। ਤੜਫਦਾ ਹੋਵੇ। ਡਾਕਟਰ ਜਵਾਬ ਦੇ ਦੇਣ ਆਪ ਪ੍ਰੈਕਟੀਕਲ ਕਰਕੇ ਦੇਖੋ। ਕੱਚੀ ਲੱਸੀ ਦੇ ਨਾਲ ਨਿਸ਼ਾਨ ਸਾਹਿਬ ਤੇ ਥੜ੍ਹਾ ਤਿੰਨ ਚਾਰ ਦਿਨ ਧੋ ਦਿਉ, ਪਤਾ ਹੀ ਨਹੀਂ ਕਿ ਖੁਰਕ ਤੇ ਬਿਮਾਰੀਆਂ ਕਿਧਰ ਗਈਆਂ। ਐਸੇ-ਐਸੇ।

ਸਾਰੀਆਂ ਬਿਮਾਰੀਆਂ ਦਾ ਇਲਾਜ ਤਾਂ ਗੁਰੂ ਨਾਨਕ ਜੀ ਨੇ ਸਾਧ ਸੰਗਤ ਦੇ ਜੋੜੇ ਝਾੜਨ ਵਿਚ ਹੀ ਰੱਖ ਛਡਿਆ ਹੈ। ਬੜੀਆਂ-ਬੜੀਆਂ ਬਾਦਸ਼ਾਹੀਆਂ ਮਿਲਦੀਆਂ ਝਾੜੂ ਲਾ ਲਾ ਕੇ।

ਆਹ ਦੁਨਿਆਵੀ ਜਿਹੜੀਆਂ ਬਾਦਸ਼ਾਹੀਆਂ, ਇਹ ਤਾਂ ਗੁਰੂ ਨਾਨਕ ਜੀ ਨੇ ਸਾਧ ਸੰਗਤ ਦੇ ਜੋੜਿਆਂ ਵਿਚ ਰੱਖ ਦਿੱਤੀਆਂ। ਲੈਣੀਆਂ ਤਾਂ ਉਥੋਂ ਲੈ ਲੈ ਜੋੜੇ ਝਾੜ ਕੇ, ਏਨਾ ਉੱਚਾ ਗੁਰੂ ਨਾਨਕ ਜੀ ਦਾ ਘਰ।

***ਅਤਿ ਊਚਾ ਤਾ ਕਾ ਦਰਬਾਰਾ॥ ਅੰਤੁ ਨਾਹੀ ਕਿਛੁ ਪਾਰਾਵਾਰਾ॥***

**(ਅੰਗ ੫੬੨)**

ਸੋ ਵਿਚਾਰ ਹੋ ਰਹੀ ਸੀ ਅੰਮ੍ਰਿਤ ਛਕਣਾ ਚਾਹੀਦਾ ਹੈ। ਭਾਈ ਗੁਰਦਾਸ ਜੀ ਐਸੇ ਲਿਖਦੇ ਨੇ, ਕੋਈ ਰਸਨਾ ਖਾਲੀ ਨਾ ਰਹੇ।

**ਧਾਰਨਾ – ਪੀਓ ਪਾਹੁਲ ਖੰਡਧਾਰ**

**ਹੋਇ ਜਨਮ ਸੁਹੇਲਾ।......2......।**

***ਹਰਿ ਸਚੇ ਤਖ਼ਤ ਰਚਾਇਆ, ਸਤਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ, ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ, ਖੰਡੇ ਕੀ ਵੇਲਾ।***
***ਪੀਓ ਪਾਹੁਲ ਖੰਡਧਾਰ, ਹੋਇ ਜਨਮ ਸੁਹੇਲਾ।***
***ਗੁਰਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।***

**(ਭਾਈ ਗੁਰਦਾਸ ਜੀ ਵਾਰ ੪੧/੧)**

ਸੋ ਐਸੇ ਗੁਰੂ ਮਹਾਰਾਜ.........।

ਅੰਮ੍ਰਿਤ ਜ਼ਰੂਰ ਛੱਕ ਕੇ ਗੁਰੂ ਜੀ ਨੂੰ ਪਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਬਨਾਉਣਾ ਚਾਹੀਦਾ ਹੈ। ਜੇ ਕੋਈ ਕਹੇ, ਮੈਂ ਦਾਨ ਕਰਦਾਂ, ਮੈਂ ਪੁੰਨ ਕਰਦਾਂ, ਮੈਂ ਚੰਗਾ ਬੜਾ ਮੈਨੂੰ ਕੀ ਲੋੜ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਕਾਲੇ ਰੰਗ ਦੀ ਕੁੱਤੀ ਸਿੰਘਾਂ ਨੂੰ ਕਹਿ ਕੇ ਅਨੰਦਪੁਰ ਸਾਹਿਬ ਰੱਖ ਲਈ। ਕਹਿੰਦੇ ਧਿਆਨ ਨਾਲ ਸੇਵਾ ਵੀ ਕਰਿਆ ਕਰੋ ਇਸ ਦੀ। ਹੁਣ ਕੁੱਤੀ ਵਾਹਵਾ ਹੋ ਗਈ ਪੰਜਾਂ ਛਿਆਂ ਸਾਲਾਂ ਦੀ।

ਉਹ ਤਾਂ ਬੜਾ ਪਿਆਰ, ਜਦੋਂ ਮਹਾਰਾਜ ਕਿਤੋਂ ਆਉਣ, ਰਾਹ ਵਿਚ ਲੇਟੀ ਜਾਏ ਬਹੁਤ, ਇਹ ਜਾਨਵਰ ਸਿਆਣਾ ਬਹੁਤ ਹੁੰਦਾ ਹੈ। ਇਹਦੇ ਨਾਂ ਦੀਆਂ ਮਿਸਾਲਾਂ ਗੁਰਬਾਣੀ ਵਿਚ ਬਹੁਤ ਨੇ—

***ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥***
***ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥***

**(ਅੰਗ ੧੪੨੮)**

ਇਹਨੂੰ ਜੁੱਤੇ ਵੱਜਣ, ਮਾਲਕ ਝਿੜਕੇ ਫਿਰ ਪੈਰਾਂ ਤੇ ਪੈਂਦਾ ਬੰਦੇ, ਨੂੰ ਮਾੜਾ ਜਿਹਾ ਕਹੋ, ਓ ਤੂੰ ਏਥੇ ਕਿਉਂ ਰਹਿੰਦਾ। ਗੁਰਦੁਆਰੇ ਕਹਿੰਦਾ ਲਉ ਮੈਂ ਆਉਂਦਾ ਹੀ ਨਹੀਂ।

ਹੁਣ ਅੱਜ ਦੁਪਹਿਰ ਦਾ ਵਕਤ ਹੋਇਆ, ਗੁਰੂ ਜੀ ਦੂਰ ਕਿਤੇ ਇਲਾਕੇ ਵਿਚ ਗਏ ਹੋਏ ਨੇ। ਜਦੋਂ ਤਾਂਹ ਨੂੰ ਮੂੰਹ ਕਰਕੇ ਇਹਦੇ ਵੀ ਰੋਣ ਦੀ ਕੋਈ ਭਾਸ਼ਾ ਹੈ।

ਮਹਾਰਾਜ ਬਹੁਤ ਛੇਤੀ, ੧੫-੨੦ ਸਿੰਘ ਨਾਲ ਸੀ ਕਹਿੰਦੇ ਅਸੀਂ ਚਲੇ ਆਂ। ਤੁਸੀਂ ਆ ਜਾਇਉ।

ਘੋੜਾ ਤਾਂ ਹਵਾ ਨੇ ਕੀ ਆਉਣੈ, ਦੇਖਦੇ-ਦੇਖਦੇ ਸ੍ਰੀ ਅਨੰਦਪੁਰ ਸਾਹਿਬ। ਇਕ ਗੱਲ ਯਾਦ ਰਹੇ ਗੁਰੂ ਜੀ ਨੇ ਕਦੇ ਵੀ। ਕੋਈ ਜਾਂਦਾ ਤੇ ਜਾਏ ਕਦੇ ਕਿਸੇ ਦੇ ਪਿਛੇ ਨਹੀਂ ਘੋੜਾ ਦੌੜਾਇਆ। ਦੁਸ਼ਮਣ ਪਿਛੇ ਚੜ੍ਹਿਆ ਹੋਵੇ ਤੇ, ਡਰ ਕੇ ਕਦੇ ਅੱਗੇ ਵੀ ਨਹੀਂ ਤੇਜ਼ ਕੀਤਾ। ਖਿਦਰਾਣੇ ਦੀ ਢਾਬ ਵੱਲ ਗੁਰੂ ਜੀ ਜਾ ਰਹੇ ਨੇ ਤੇ ਘੋੜਾ ਹੌਲੀ-ਹੌਲੀ ਜਿਵੇਂ ਆਮ ਬੰਦਾ ਚਲਦਾ ਹੈ। ਮੌਜ ਵਿਚ ਜਾ ਰਹੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਤੇ ਰਾਮ ਸਿੰਘ ਨਾਲ ਹੈ, ਫਤਹਿ ਸਿੰਘ ਨਾਲ ਹੈ। ਹੋਰ ਕਈ ਘੋੜ ਸਵਾਰ ਨੇ, ਤੇ ਜਿਹੜਾ ਰਾਮ ਸਿੰਘ ਦਾ ਲੜਕਾ ਹੈ ਨਾ। ਕਹਿੰਦਾ ਮਹਾਰਾਜ ਸੱਚੇ ਪਾਤਸ਼ਾਹ ਸੂਬੇ ਦੀ ਫੌਜ ਮਾਰੋ-ਮਾਰ ਕਰਦੀ ਆ ਰਹੀ ਹੈ। ਘੋੜਾ ਤੇਜ਼ ਕਰੋ। ਗੁਰੂ ਜੀ ਨੇ ਸੁਣ ਲਿਐ ਉੱਤਰ ਨਹੀਂ ਦਿੱਤਾ। ਦੂਜੀ ਵਾਰੀ ਫੇਰ, ਤੀਜੀ ਵਾਰੀ ਫੇਰ, ਉਹਨੇ ਸੋਚਿਆ ਬਈ ਚਲੋ ਮੈਂ ਹੀ ਤੇਜ਼ ਕਰ ਦਿਆਂ।

ਉਹਨੇ ਆਪਣੇ ਘੋੜੇ ਵਾਲੀ ਸੋਟੀ ਗੁਰੂ ਮਹਾਰਾਜ ਜੀ ਦੇ ਘੋੜੇ ਦੀ ਕੰਡ ਤੇ ਲਾਈ।

ਗੁਰੂ ਜੀ ਨੇ ਘੋੜਾ ਰੋਕ ਲਿਆ, ਕਹਿੰਦੇ ਕਿਉਂ ਮਾਰਦੈਂ ਤੇਰਾ ਹੀ ਤਾਂ ਭਰਾ ਹੈ ਕਿਉਂ ਮਾਰਦਾ।

ਉਹ ਰਾਮ ਸਿੰਘ ਉਤਰਿਆ ਘੋੜੇ ਤੋਂ ਥੱਲੇ। ਤੇ ਬੇਨਤੀਆਂ ਕਰਦਾ ਹੈ। ਗੁਰੂ ਪਿਤਾ ਜੀ, ਇਸ ਲੜਕੇ ਨੂੰ ਤਾਂ ਅਕਲ ਨਹੀਂ ਹੈ। ਕਹਿੰਦੇ ਡਰਦਾ ਬੜਾ ਛੇਤੀ ਚਲੀਏ, ਇਹਨੂੰ ਬੜੀ ਕਾਹਲੀ, ਆਰਾਮ ਨਾਲ ਜਾ ਰਹੇ ਹਾਂ। ਜਦੋਂ ਅਰਜ਼ਾਂ, ਬੇਨਤੀਆਂ ਕੀਤੀਆਂ, ਸਾਹਿਬ ਕਹਿਣ ਲੱਗੇ - ਰਾਮ ਸਿੰਘ, ਪਿਉ ਦੀਆਂ ਗਾਲ੍ਹਾਂ ਨਹੀਂ ਲਗਦੀਆਂ, ਨਹੀਂ ਬਣਦਾ ਇਹ ਘੋੜਾ ਕੁਝ ਨਹੀਂ ਹੁੰਦਾ। ਕੋਈ ਗੱਲ ਨਹੀਂ। ਇਸ ਤੋਂ ਇਹ ਸਿੱਧ ਹੋਇਆ ਨਾ ਤਾਂ ਕਿਸੇ ਤੋਂ ਡਰ ਕੇ ਘੋੜਾ ਤੇਜ਼, ਤੇ ਨਾ ਕਿਸੇ ਦੇ ਪਿਛੇ ਲਾਇਆ ਹੈ। ਜਾਂਦਾ ਤੇ ਜਾਏ, ਪਰ ਇਕ ਜਾਨਵਰ ਨੇ ਯਾਦ ਕੀਤਾ ਹੈ ਤਾਂ ਤੱਤ-ਛਿਨ ਅਨੰਦਪੁਰ ਸਾਹਿਬ।

ਇਕ ਧੰਨਾ ਸਿੰਘ, ਇਕ ਭਾਈ ਭਗਤੂ ਜਿਸ ਦੀਆਂ, ਭਗਤੂ ਦੀਆਂ ਸ਼ਿਕਾਇਤਾਂ ਤਾਂ ਲਗੀਆਂ ਸੀ ਕਿ ਇਹ ਕਿਥੋਂ ਖਾਂਦਾ ਹੈ। ਲੰਗਰ ਤਾਂ ਬੰਦ ਕਰ ਦਿੱਤਾ ਸੀ ਗੁਰੂ ਜੀ ਨੇ, ਇਹ ਲਿੱਦ ਵਿਚੋਂ ਦਾਣੇ ਕੱਢ ਕੇ ਧੋ ਕੇ ਛੱਕਦਾ ਹੁੰਦਾ। ਬੜੀ ਲੰਮੀ ਵਾਰਤਾ ਹੈ

ਇਸ ਤੇ ਗੁਰੂ ਜੀ ਨੇ ਖੁਸ਼ ਹੋ ਕੇ। ਇਸ ਨੂੰ ਅੰਮ੍ਰਿਤ ਛਕਾ ਕੇ ਭਗਤ ਸਿੰਘ ਨਾਂ ਰੱਖ ਕੇ, ਇਸ ਨੂੰ ਕਾਬਲ ਕੰਧਾਰ ਉਹਨਾਂ ਇਲਾਕਿਆਂ ਵੱਲ, ਸਿੱਖੀ ਪ੍ਰਚਾਰ ਵਾਸਤੇ ਵੱਡੀਆਂ ਬਖਸ਼ਿਸ਼ਾਂ ਕਰਕੇ ਭੇਜਿਆ, ਇਹ ਧੰਨਾ, ਤੇ ਭਗਤੂ ਅੱਗੇ ਵਧੇ ਘੋੜੇ ਦੀ ਫੜੀ ਰੱਸੀ ਤੇ ਗੁਰੂ ਜੀ ਥੱਲੇ ਉਤਰ ਆਏ, ਸੰਗਤਾਂ ਨੇ ਨਮਸ਼ਕਾਰਾਂ ਕੀਤੀਆਂ।

ਕਹਿੰਦੇ ਭਾਈ ਇਹਨੂੰ ਅੱਜ ਤੁਸੀਂ ਲੰਗਰ ਨਹੀਂ ਪਾਇਆ, ਮਹਾਰਾਜ ਚੇਤਾ ਹੀ ਨਹੀਂ ਰਿਹਾ।

ਹੁਣ ਖੀਰ ਪ੍ਰਸ਼ਾਦੇ ਠੰਢੇ ਕਰਕੇ ਪਾਏ ਕੁੱਤੀ ਨੇ ਲਿਆ ਰੱਜ, ਉਹ ਤਾਂ ਜ਼ਬਾਨ ਫੇਰੇ ਬੁੱਲ੍ਹਾਂ ਤੇ, ਅੱਗੇ ਭੁੱਖ ਲੱਗੀ ਸੀ। ਉਸ ਵੇਲੇ ਭਾਈ ਜ਼ਾਲਮ ਸਿੰਘ ਅਰਜ਼ ਕਰਦਾ ਹੈ, ਮਹਾਰਾਜ ਇਸ ਵਿਚ ਕੀ ਭੇਦ ਹੈ ਬੜਾ ਧਿਆਨ ਰਖਦੇ ਓ। ਗੁਰੂ ਜੀ ਕਹਿੰਦੇ। ਇਹ ਗੁਰੂ ਨਾਨਕ ਜੀ ਦੇ ਸਮੇਂ ਰਾਣੀ ਹੁੰਦੀ ਸੀ। ਇਹਦਾ ਪਤੀ ਚੜ੍ਹਾਈ ਕਰ ਗਿਆ, ਇਹ ਰਾਜ ਭਾਗ ਆਪ ਕਰਨ ਲੱਗੀ। ਜਿਵੇਂ ਬਵੰਜਾ, ਉਥੇ ਗਵਾਲੀਅਰ ਛੋਟੇ-ਛੋਟੇ ਰਾਜੇ ਹੁੰਦੇ ਸੀ। ਜਿਵੇਂ ਪੱਟੀ ਦਾ ਦੁਨੀਚੰਦ ਰਾਜਾ ਸੀ।

ਇਉਂ ਛੋਟੇ-ਛੋਟੇ ਰਾਜੇ ਬਹੁਤ ਹੁੰਦੇ, ਗੁਰੂ ਜੀ ਕਹਿਣ ਲੱਗੇ ਇਹ ਰਾਣੀ ਸੀ। ਗੁਰੂ ਨਾਨਕ ਜੀ ਦੀ ਧਰਮਸ਼ਾਲਾ ਵਿਚ ਆਟਾ ਲੈ ਜਾਉ। ਦਾਲਾਂ ਲੈ ਜਾਉ। ਨੌਕਰਾਂ ਨੂੰ ਕਹੇ ਪੈਸੇ ਲੈ ਜਾਉ। ਜਾਉ ਜੇ ਕਿਸੇ ਨੇ ਕਿਹਾ ਬੀਬੀ ਜੀ, ਤੂੰ ਗੁਰੂ ਨਾਨਕ ਜੀ ਦੀ ਭਾਲ ਕਰਕੇ, ਚਰਨ ਪਾਹੁਲ ਲੈ ਕੇ ਕਿਉਂ ਨਹੀਂ ਗੁਰੂ ਵਾਲੀ ਬਣ ਜਾਂਦੀ। ਇਹ ਕਿਹਾ ਕਰੇ-ਕਿਹੜੇ ਮਰ ਚਲੇ ਆਂ ਅਜੇ।

ਲੈ ਪਤੀ ਕੋਲੋਂ ਚਲਿਆ ਗਿਆ, ਅਕਲ ਅਜੇ ਨਹੀਂ ਆਈ। ਨਹੀਂ ਆਖੇ ਲੱਗੀ। ਗੁਰੂ ਵਾਲੀ ਨਹੀਂ ਬਣੀ।

੩੨ ਸਾਲ ਦੀ ਉਮਰ ਵਿਚ ਇਹਨੇ ਸਰੀਰ ਛੱਡਿਆ। ਸਿੱਧੀ ਗਈ ਧਰਮ ਰਾਜ ਕੋਲ।

ਧਰਮ ਰਾਜ ਕਹਿੰਦਾ ਬੀਬੀ ਤੂੰ ਹੈਂ ਤਾਂ ਬੜੀ ਚੰਗੀ ਪਰ ਤੂ ਉਨੀ ਚੰਗੀ ਨਹੀਂ ਜਿੰਨੀ ਹੋਣੀ ਚਾਹੀਦੀ। ਇਸ ਕਰਕੇ ਦਾਨ ਬੜਾ ਦਿੱਤਾ ਹੈ। ਦਿੱਤਾ ਹੈ ਗੁਰੂ ਨਮਿਤ। ਮਰ ਗਈ ਨਿਗੁਰੀ, ਨਿਗੁਰੇ ਨੂੰ ਦਰਗਾਹ ਵਿਚ ਥਾਂ ਨਹੀਂ। ਇਸ ਕਰਕੇ ਤੈਨੂੰ ਕੁੱਤੀ ਦੀ ਜੂਨ ਵਿਚ ਪਾਇਆ ਜਾ ਰਿਹਾ। ਤੈਨੂੰ ਗੁਰੂ ਘਰੋਂ ਖੀਰਾਂ, ਕੜਾਹ ਪ੍ਰਸ਼ਾਦੇ ਬੜਾ ਕੁਝ ਮਿਲੇਗਾ। ਕਿਉਂਕਿ ਦਾਨ ਜੁ ਦਿੱਤਾ ਹੈ।

ਸਾਹਿਬ ਕਹਿਣ ਲੱਗੇ ਉਹ ਇਹਨੂੰ ਮਿਲਦੈ ਭਾਈ।

*"ਕਿਹਾ ਕਰਣਾ, ਦਿਤਾ ਲੈਣਾ, ਗਰੀਬਾਂ ਅਨਾਥਾਂ ਤੇਰਾ ਭਾਣਾ"*

ਸਾਹਿਬ ਕਹਿਣ ਲੱਗੇ ਸਾਧ ਸੰਗਤਾਂ ਜੀ ਖਾਲਸਾ ਜੀ ਇਹ ਨਵੀਂ ਗੱਲ ਨਹੀਂ, ਗੁਰੂ ਅਰਜਨ ਦੇਵ ਜੀ ਦੇ ਬਚਨ ਹਨ

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*
**(ਅੰਗ ੧੩੫੬)**

ਜਿੰਨੇ ਨਿਗੁਰੇ ਮਰ ਜਾਂਦੇ ਨੇ ਕੁੱਤਿਆਂ, ਬਿੱਲੀਆਂ ਦੀ ਜੂਨੇ ਪੈਂਦੇ ਨੇ ਹੋਰ ਇਹਨਾਂ ਵਿਚਾਰਿਆਂ ਕਿਥੇ ਜਾਣਾ।

ਕਈ ਵਾਰੀ ਤੁਸੀਂ ਦੇਖਿਆ ਹੋਣਾ ਗੁਰਦੁਆਰਿਆਂ ਦੇ ਲਾਗੇ-ਲਾਗੇ ੧੫-੧੫-੨੦-੨੦ ਕਾਲੇ, ਡੱਬੇ ਕੁੱਤੇ।

ਦਾਨ ਤਾਂ ਦਿਤਾ ਹੈ, ਪਰ ਅੰਮ੍ਰਿਤ ਨਹੀਂ ਛਕਿਆ ਲੰਗਰ ਮਿਲ ਜਾਂਦਾ ਹੈ। ਕਈ ਵਾਰੀ ਤੁਸੀਂ ਦੇਖਿਆ ਹੋਣਾ ਜਿਵੇਂ ਕਲਕੱਤਾ, ਬੰਬਈ, ਦਿੱਲੀ ਵੱਡੇ-ਵੱਡੇ ਸ਼ਹਿਰਾਂ ਵਿਚ। ਕਿੰਨੇ-ਕਿੰਨੇ ਲੱਖ ਦੀਆਂ ਕਾਰਾਂ ਤੇ ਲੋਕਾਂ ਨੇ ਕੁੱਤੇ ਰੱਖੇ ਹੋਏ ਨੇ ਨਾਲ, ਮਾੜਾ ਜਿਹਾ ਢਿੱਲਾ ਹੋ ਜਾਏ ਕੁੱਤਾ ਤਾਂ ਝੱਟ ਲੈ ਕੇ ਜਾਂਦੇ ਨੇ ਡਾਕਟਰ ਦੇ ਕੋਲ।

ਇਹ ਉਹ ਲੋਕ ਨੇ ਕੁੱਤਿਆਂ ਦੀ ਜੂਨ ਵਿਚ ਜਿੰਨਾ ਪਿਛਲੇ ਜਨਮ ਵਿਚ ਅੰਮ੍ਰਿਤ ਨਹੀਂ ਛਕਿਆ। ਗੁਰੂ ਵਾਲੇ ਨਹੀਂ ਬਣੇ। ਇਹ ਉਹਨਾਂ ਨੇ ਪੁੰਨ ਦਾਨ ਬੜਾ ਕੀਤਾ ਹੈ। ਤੁੱਛ ਜੂਨਾਂ ਵਿਚ ਵੱਡੇ-ਵੱਡੇ ਘਰਾਂ ਵਿਚ, ਏਹੋ ਜਿਹੇ ਪੱਖੇ, ਏਹੋ ਜਿਹੀਆਂ ਸਵਾਰੀਆਂ, ਇਹੋ ਜਿਹੇ ਬਿਸਕੁਟ ਜਿਹੜੇ ਮਾੜੇ ਬੰਦੇ ਨੂੰ ਵੇਖਣ ਨੂੰ ਨਹੀਂ ਮਿਲਦੇ। ਬੜੀ ਸੇਵਾ ਹੋ ਰਹੀ ਹੈ। ਤਦੇ ਬਾਣੀ ਵਿਚ ਇਉਂ ਦਸਿਆ ਹੈ—

ਧਾਰਨਾ - ਕਾਵਾਂ ਕੁਤੀਆਂ ਤੇ ਗੱਧਿਆ ਦੀ ਜੂਨੀ ਪੈਣਗੇ,
ਜਿੰਨਾ ਨੇ ਗੁਰੂ ਨਹੀਂ ਧਾਰਿਆ।......2......।

ਇਸ ਕਰਕੇ ਹਰ ਇਕ ਨਾਨਕ ਨਾਮ ਲੇਵਾ, ਗੁਰੂ ਵਾਲਾ ਬਣਨਾ ਚਾਹੀਦਾ ਹੈ। ਅੰਮ੍ਰਿਤ ਛਕਣਾ ਚਾਹੀਦਾ ਹੈ।

ਪਰਸੋਂ ਪਹਿਲੀ ਤਰੀਕ ਨੂੰ ੩੯੦ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ, ੩-੪ ਪ੍ਰਾਣੀ ਰਹਿ ਗਏ ਸਨ, ਕਿਉਂਕਿ ਉਹ ਲੇਟ ਆਏ ਸਨ। ਉਹਨਾਂ ਤਿੰਨਾਂ ਚਾਰਾਂ ਬਾਰੇ ਅੱਜ ਵਾਸਤੇ ਐਨਾਊਂਸਮੈਂਟ ਹੋਈ ਸੀ। ਹੋਰ ਵੀ ਕਈ ਪ੍ਰਾਣੀ ਆ ਗਏ। ਉਹ ਗੁਰੂ ਵਾਲੇ ਬਣ ਰਹੇ ਹਨ। ਜਿਹੜਾ ਕੋਈ ਰਹਿੰਦਾ ਭਾਈ ਉਹ ਗੁਰੂ ਵਾਲਾ ਬਣੇ।

ਹੁਣ ਸਾਰੇ ਮਾਈ ਭਾਈ ਅਨੰਦ ਸਾਹਿਬ, ਗੁਰ ਉਸਤੋਤਰ ਵਿਚ ਬੋਲੋ। ਅਰਦਾਸ ਵਿਚ ਜੁੜਨਾ।

ਗੁਰੂ ਜੀ ਦਾ ਹੁਕਮਨਾਮਾ ਸੁਣਨਾ, ਪ੍ਰਸ਼ਾਦ ਵਰਤੇਗਾ। ਆਉਣ ਵਾਲੇ ਦੀਵਾਨ ੧੦, ੧੧, ੧੨, ੧੩ ਅਪ੍ਰੈਲ ਨੂੰ ਗੰਗਾ ਦੇ ਪਰਲੇ ਬੰਨ੍ਹੇ ਮੁਜੱਫਰਨਗਰ ਨੇ: ਉਸ ਸਾਰੇ ਇਲਾਕੇ ਵਲੋਂ।

ਹੁਣ ਗੁਰੂ ਉਸਤੋਤਰ ਪੜੋ!

ਅਨੰਦੁ ਸਾਹਿਬ

****

ਗੁਰੂ ਉਸਤੋਤਰ

****

ਅਰਦਾਸ

****

**ਹੁਕਮਨਾਮਾ**

**ਸੋਰਠਿ ਮਹਲਾ ੫ ॥**

**ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥ ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥ ੧ ॥ ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥ ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥ ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥ ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥ ੨ ॥** (ਅੰਗ ੬੧੭)

*ਵਾਹਿਗੁਰੂ ਜੀ ਕਾ ਖਾਲਸਾ॥*

*ਵਾਹਿਗੁਰੂ ਜੀ ਕੀ ਫਤਹਿ॥*

★★★

# ਨਾਮ ਜਪਣ ਦੀਆਂ ਰਹਿਤਾਂ

ਸ਼ਾਨ- ........(ਸਾਜ਼ਾਂ ਦੀ ਬਹੁਤ ਸੁਰੀਲੀ ਧੁੰਨ)

ਸਤਿਨਾਮ ਸ੍ਰੀ ਵਾਹਿਗੁਰੂ ਜੀ,

ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

(ਅੰਗ ੨੮੯)

**ਧਾਰਨਾ :-ਆਪਣੀ ਭਗਤੀ ਲਾ ਲੈ ਵਾਹਿਗੁਰੂ ਆਪਣੀ ਭਗਤੀ ਲਾ ਲੈ....2**
**ਆਪਣੀ ਭਗਤੀ ਲਾ ਲੈ, ਆਪਣੀ ਭਗਤੀ ਲਾ ਲੈ.....2**

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

(ਅੰਗ ੨੮੯)

**ਧਾਰਨਾ:-ਆਪਣੀ ਭਗਤੀ ਲਾ ਲੈ ਵਾਹਿਗੁਰੂ, ਆਪਣੀ ਭਗਤੀ ਲਾ ਲੈ.....2....**

ਸਤਿਕਾਰ ਯੋਗ ਸਾਧ ਸੰਗਤ, ਆਪ ਸਭ ਮਾਈ-ਭਾਈ, .......

ਜੁਗੋ ਜੁਗ ਅਟਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ

ਜਿੰਨਾ ਦੀ ਕ੍ਰਿਪਾ ਦਾ ਸਦਕਾ, ਸੰਗਤ ਵਿਚ ਆਏ ਹਾਂ। ਗੁਰੂ ਘਰ ਵਿਚ ਇਕੱਤਰ ਹੋਏ ਹਾਂ। ਕਲਜੁੱਗ ਦਾ ਬੜਾ ਭਿਆਨਕ ਸਮਾਂ, ਕਲਜੁੱਗ ਕਹਿੰਦੇ ਨੇ। ਕਲਹ ਤੇ ਕਲੇਸ਼ ਨੂੰ, ਇਹੋ ਜਿਹੇ ਸਮੇਂ ਵਿਚ ਨਾਮ ਜਪਣਾ, ਸੇਵਾ ਕਰਨੀ ਇਹ ਸਤਜੁਗੀ ਕੰਮ ਹੈ। ਧਰਮ ਦਾ ਪੈਰ ਹੈ। ਸੋ ਕਲਜੁੱਗ ਵਿਚ ਧਰਮ ਰਖਣਾ ਔਖਾ ਤਾਂ ਹੁੰਦਾ ਹੀ ਹੈ, ਪਰ ਇਹਦਾ ਸੁੱਖ ਬੜਾ, ਸੋ ਬਾਕੀ ਜਿਹੜੀ ਹੈ ਨ ਭਗਤੀ ਮਹਾਰਾਜ ਦਸਦੇ ਨੇ "**ਭਗਤਿ ਨਵੈ ਪਰਕਾਰਾ॥**" ਨੌਂ ਕਿਸਮ ਦੀ '**ਪੰਡਿਤੁ ਵੇਦੁ ਪੁਕਾਰਾ॥**' (ਅੰਗ ੭੧) ਸਾਰਿਆਂ ਤੋਂ ਪਹਿਲੀ

ਭਗਤੀ ਹੈ ਕੰਨਾਂ ਦੇ ਨਾਲ ਬਾਣੀ ਸੁਣਨਾ, ਕਥਾ ਸੁਣਨੀ, ਨਾਮ ਦੀ ਗੱਲ ਸੁਣਨੀ, ਨਾਮ ਦੀ ਮਹਿਮਾਂ ਸਰਵਣ ਕਰਨੀ। ਦੂਸਰੀ ਹੈ ਕੀਰਤਨ ਭਗਤੀ। ਇਹ ਇਕ ਤਾਂ ਹੁੰਦਾ ਨਿਸ਼ਕਾਮ, ਆਪਣਾ ਕੋਈ ਰੋਜ਼ਗਾਰ ਨਹੀਂ ਹੁੰਦਾ। ਇਹਦੇ ਵਿਚ ਗੁਰੂ ਦੀ ਸੇਵਾ ਇਹ ਨਿਸ਼ਕਾਮ ਹੁੰਦੀ ਹੈ ਕੀਰਤਨ ਭਗਤੀ। ਦੂਸਰੀ ਸ਼ਹਕਾਮ ਉਹਦਾ ਹੁੰਦਾ ਬਈ ਆਹ ਆਪਾਂ ਨੂੰ ਕੁਝ ਚਾਹੀਦਾ। ਉਹ ਆਪਣੇ ਵਾਸਤੇ ਹੁੰਦਾ, ਜਾਂ ਆਪਣੇ ਪਰਿਵਾਰ ਵਾਸਤੇ ਗੁਰੂ ਵਾਸਤੇ ਨਹੀਂ। ਸੋ ਇਹ ਦੋ ਕਿਸਮ ਦੀ ਹੈ। ਇਕ ਤਾਂ ਸੇਵਾ ਹੈ। ਇਕ ਐਂ ਜਿਵੇਂ ਕੋਈ ਨੌਕਰ ਹੁੰਦਾ। ਤੀਸਰੀ ਹੈ ਸਿਮਰਨ ਭਗਤੀ

***"ਚਿੰਤਤ ਹੀ ਦੀਸੈ ਸਭ ਕੋਇ॥"*** **(ਅੰਗ ੯੩੨)**

ਸੰਸਾਰ ਵਿਚ ਹਰ ਬੰਦਾ ਕੁਝ ਨਾ ਕੁਝ ਸੋਚ ਰਿਹਾ। ਕੁਝ ਨ ਕੁਝ ਬੋਲੀ ਜਾ ਰਿਹਾ ਮਨ ਕਰਕੇ। ਉਹ ਸਿਮਰਨ ਕਰਨਾ ਵਾਹਿਗੁਰੂ ਦਾ। ਇਹਦਾ ਬੇਅੰਤ ਫਲ ਹੈ। ਇਸ ਤਰ੍ਹਾਂ ਦੀ ਹੈ। ਚੌਥੀ ਭਗਤੀ ਹੈ ਪਾਦਸੇਵਨ ਮਹਾਰਾਜ ਨੂੰ ਮੱਥਾ ਟੇਕਣਾ, ਹੋਰ ਕਿਸੇ ਨੂੰ ਨਹੀਂ ਟੇਕਣਾ, ਕੇਵਲ ਗੁਰੂ ਨਾਨਕ ਜੋਤ, ਦਸਾਂ ਪਾਤਸ਼ਾਹੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਨੂੰ ਨਮਸ਼ਕਾਰ ਕਰਨੀ ਉਹ ਵੀ ਸ਼ਰਧਾ ਨਾਲ, ਜੇ ਉਂਝ ਉਂਝ ਕਰੇ ਉਹਦਾ ਕੋਈ ਖ਼ਾਸ ਫਲ ਨਹੀਂ ਹੁੰਦਾ। ਇਸ ਤੋਂ ਅੱਗੇ ਹੈ ਪੰਜਵੀਂ ਅਰਚਨ ਭਾਵ ਭਗਤੀ। ਛੇਵੀਂ ਉਹ ਹੈ ਅਰਦਾਸ। ਸੱਚੇ ਦਿਲੋਂ ਅਰਦਾਸ ਕਰਨੀ, ਬੇਨਤੀ ਕਰਨੀ, ਇਹ ਵੀ ਇਕ ਭਗਤੀ ਹੈ। ਇਸ ਤੋਂ ਅੱਗੇ ਸਤਵੀਂ ਭਗਤੀ ਹੈ ਦਾਸਾ ਭਾਵ। ਇਸ ਤੋਂ ਅੱਗੇ ਅਠਵੀਂ ਭਗਤੀ ਹੈ ਮਿਤਰਤਾ। ਰੱਬ ਨਾਲ ਹਿਸਾਬ ਨਹੀਂ ਕਰਨਾ ਬਈ ਸੱਚੇ ਪਾਤਿਸ਼ਾਹ ਤੇਰੇ ਨਾਮ ਦੀਆਂ ਮੈਂ ਇੰਨੀਆਂ ਮਾਲਾ ਫੇਰਦਾ, ਇਨ੍ਹਾਂ ਭਜਨ ਕਰਦਾ, ਏਨ੍ਹੀ ਸੇਵਾ ਕਰਦਾ, ਏਨ੍ਹਾਂ ਦਾਨ ਕਰਦਾ। ਨੌਵੀਂ ਭਗਤੀ ਹੈ ਆਤਮ ਨਿਵੇਦਨ। ਉਹ ਆਪਣਾ ਜਦੋਂ ਇਥੇ ਹੈ ਹੀ ਕੁਝ ਨਹੀਂ, ਸਾਰਾ ਕੁਝ ਹੈ ਹੀ ਮਹਾਰਾਜ ਦਾ। ਮਹਾਰਾਜ ਜੀ ਦੇ ਆਪਣੇ ਬਚਨ ਨੇ, ਅਕਾਲ ਪੁਰਖ ਜੀ ਕਹਿਣ ਲੱਗੇ

***ਮੈਂ ਅਪਨਾ ਸੁਤ ਤੋਹਿ ਨਿਵਾਜਾ॥***
***ਪੰਥ ਪ੍ਰਚੁਰ ਕਰਬੇ ਕਹੁ ਸਾਜਾ॥***

**(ਬਚਿੱਤ੍ਰ ਨਾਟਕ ਪਾਃ ੧੦)**

ਸਾਰੇ ਬ੍ਰਹਿਮੰਡ ਅਕਾਲ ਪੁਰਖ ਦੇ ਨੇ, ਦਰਗਾਹ ਦੇ ਮਾਲਕ ਵਾਹਿਗੁਰੂ ਆਪ ਨੇ। ਜਿਹੜੀ ਜਾਇਦਾਦ ਪਿਤਾ ਦੀ ਹੋਵੇ ਉਹਦਾ ਮਾਲਕ ਪੁੱਤਰ ਹੁੰਦਾ। ਇਹ ਪੱਕੀ ਗੱਲ ਹੈ। ਵਾਹਿਗੁਰੂ ਜੀ ਨੇ ਅਪਰੰਪਰ ਪਾਰਬ੍ਰਹਮ ਪ੍ਰਮੇਸ਼ਰ ਨੇ, ਅਕਾਲ ਪੁਰਖ ਜੀ ਨੇ, ਜਿਤਨਾ ਵੀ ਕੁਝ ਹੈ ਨ, ਸਾਰੇ ਬ੍ਰਹਿਮੰਡ, ਦਰਗਾਹ, ਸਾਰਾ ਕੁਝ ਗੁਰੂ ਗੋਬਿੰਦ ਸਿੰਘ

ਜੀ ਨੂੰ ਦਿੱਤਾ ਬਈ ਤੁਸੀਂ ਜਾਣੋ, ਤੁਹਾਡਾ ਕੰਮ ਜਾਣੇ। ਦਰਗਾਹ ਦੇ ਮਾਲਕ ਨੇ ਗੁਰੂ ਗੋਬਿੰਦ ਸਿੰਘ ਜੀ। ਇਸ ਕਲਯੁੱਗ ਦੇ ਅੰਦਰ ਜਿਹੜਾ ਅੰਮ੍ਰਿਤ ਛਕੇਗਾ, ਰਹਿਤ ਰਖੇਗਾ, ਉਹਨੂੰ ਤਾਂ ਮਿਲ ਜਾਊ ਦਰਗਾਹ ਦੇ ਵਿਚ ਥਾਂ, ਬਾਕੀ ਨਹੀਂ ਜੇ ਕਿਸੇ ਨੂੰ ਮਿਲਣਾ। ਐਵੇਂ ਕੋਈ ਪਾਖੰਡ ਕਰੀ ਜਾਏ ਉਹ ਹੋ ਜੂ, ਜੀ ਆਹ ਹੋ ਜੂ। ਮਾਲਕ ਦੀ ਮਰਜ਼ੀ ਹੈ। ਮਾਲਕ ਨੇ ਹੀ ਮਰਯਾਦਾ ਬਣਾਈ ਹੋਈ ਹੈ। ਆਪਾਂ ਸਿੱਖ ਜਾਣਦੇ ਹੀ ਹਾਂ। ਸੋ ਆਪਾਂ ਮਹਾਰਾਜ ਜੀ ਨਾਲ ਹਿਸਾਬ ਨਹੀਂ ਕਰਨਾ, ਬਈ ਅਸੀਂ ਐਂ ਕਰਦੇ ਆਂ ਜੀ, ਐਂ ਕਰਦੇ ਹਾਂ। ਮਹਾਰਾਜ ਇਕ ਬਚਨ ਦਸਦੇ ਨੇ ਜਿਹੜੇ ਕਥਾ ਕਰਨ ਵਾਲੇ ਲੋਕ ਨੇ ਨਾ ਉਹਨਾਂ ਨੂੰ। ਮਹਾਰਾਜ ਕਹਿੰਦੇ ਮੈਂ ਆਪਣੀ ਜੋਤ ਪਿੱਛੇ ਖਿੱਚ ਲੈਣਾ।

***"ਜੇ ਤੂੰ ਜੋਤਿ ਖਿਚਹਿ ਆਪਣੀ ਕਿਆ ਕੋਈ ਕਰ ਦਿਖਾਵੇ ਵਖਿਆਨਾ"***

ਫੇਰ ਤੂੰ ਸੇਵਾ ਕਰ ਕੇ ਦਸ। ਬੰਦੇ ਦਾ ਤਾਂ ਹੈ ਹੀ ਕੱਖ ਨਹੀਂ। ਇਹ ਤਾਂ ਖਾਹ ਮਖਾਹ ਦਾ ਕਰੀ ਜਾਂਦਾ, ਮੈਂ ਉਠਦਾ, ਮੈਂ ਨਹਾਉਂਦਾ, ਮੈਂ ਪਾਠ ਕਰਦਾ, ਕੁਝ ਨਹੀਂ ਹੈ। ਮਹਾਰਾਜ ਕਰਾਉਂਦੇ ਨੇ। ਉਹ ਦਿਲੋਂ ਹੋਵੇ ਬਈ ਮਹਾਰਾਜ ਕਰਵਾ ਰਹੇ ਨੇ, ਧੰਨਵਾਦ ਸੱਚੇ ਪਾਤਿਸ਼ਾਹ ਦਾ, ਬੜੀ ਕ੍ਰਿਪਾ ਬਈ ਕਲਜੁਗ ਵਿਚ ਆਪਣੇ ਪਾਸੇ ਲਾ ਲਿਆ ਸਾਨੂੰ। ਆਹ ਥੋੜ੍ਹੀ ਮਿਹਰਬਾਨੀ ਹੈ ਮਹਾਰਾਜ ਦੀ। ਸੋ ਹਿਸਾਬ ਨਹੀਂ ਰੱਬ ਨਾਲ ਕਰੀਦਾ ਹੁੰਦਾ, ਗੁਰੂ ਮਹਾਰਾਜ ਨਾਲ। ਗੁਰੂ ਰੱਬ ਦਾ ਹੀ ਰੂਪ ਹੁੰਦਾ ਹੈ।

***ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥***

(ਅੰਗ ੮੬੪)

ਇਸ ਤੋਂ ਅਗਲੀ ਭਗਤੀ ਹੈ ਬਈ ਆਪਣਾ ਹੈ ਹੀ ਕੁਝ ਨਹੀਂ। ਤਨ ਵੀ, ਮਨ ਵੀ ਧਨ ਵੀ


***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***

(ਅੰਗ ੯੧੮)


"ਜਦੋਂ ਅਸੀਂ ਸਾਰਾ ਕੁਝ ਗੁਰੂ ਮਹਾਰਾਜ ਦਾ ਹੀ ਸਮਝਦੇ ਹਾਂ, ਫੇਰ ਸਾਡਾ ਹੱਕ ਨਹੀਂ ਨਾ ਰਹਿ ਗਿਆ, ਅਸੀਂ ਪੈਸਿਆਂ ਨਾਲ ਪਾਪ ਕਰੀਏ, ਨਸ਼ੇ ਖਰੀਦੀਏ, ਪੁਠੇ ਕੰਮ ਕਰੀਏ, ਤੇ ਖ਼ਤਮ ਹੋ ਗਈ ਨਾ ਕਹਾਣੀ ਚੰਗੇ ਕੰਮ ਕਰਨੇ ਨੇ। ਸਰੀਰ ਵੀ ਮਹਾਰਾਜ ਜੀ ਨੂੰ ਦੇ ਦਿੱਤਾ। ਜਦੋਂ ਅੰਮ੍ਰਿਤ ਛਕਾਉਂਦੇ ਨੇ, ਕਹਿੰਦੇ ਅੱਜ ਤੋਂ ਸਿਰ ਗੁਰੂ ਕਿਆਂ ਦਾ। ਕਹਿੰਦੇ ਆਹੋ। ਫਿਰ ਟੇਕ ਮੱਥਾ। ਉਹ ਟੇਕ ਦਿੰਦਾ। ਜਦੋਂ ਗੁਰੂ ਕਿਆਂ ਨੂੰ ਸਿਰ ਦੇ ਹੀ ਦਿੱਤਾ ਤਾਂ ਫੇਰ ਸਾਡਾ ਹੱਕ ਤਾਂ ਨਾ ਰਹਿ ਗਿਆ, ਨਾ ਨਸ਼ੇ ਖਾਣ ਦਾ, ਨਾ ਕੁਝ ਹੋਰ ਪੁੱਠੇ ਕੰਮ ਕਰਨ ਦਾ, ਜਦੋਂ ਆਪਾ ਮਹਾਰਾਜ ਦੇ ਹੋ ਗਏ। ਜਿਹਦੇ ਹੋ ਗਏ, ਉਹਦੇ




ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ



ਸ਼ਹੀਦ ਭਾਈ ਮਨੀ ਸਿੰਘ ਜੀ




ਭਾਈ ਘਨ੍ਹਈਆ ਜੀ



ਸੰਤ ਈਸ਼ਰ ਸਿੰਘ ਜੀ ਮਹਾਰਾਜ (ਰਾੜਾ ਸਾਹਿਬ)



ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਭਾਈ ਬਾਲਾ ਜੀ, ਭਾਈ ਮਰਦਾਨਾ ਜੀ



ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਲਾਲੋ ਅਤੇ ਮਲਕ ਭਾਗੋ ਦੀ ਪਰਖ ਕਰਦੇ ਹੋਏ।

ਹੁਕਮ ਵਿਚ ਚਲੀਏ। ਸੋ ਉਸਨੂੰ ਆਤਮ ਨਿਵੇਦਨ ਭਗਤੀ ਕਹਿੰਦੇ ਨੇ। ਨੌਵੀਂ ਭਗਤੀ ਹੈ। ਇਸ ਤੋਂ ਅੱਗੇ ਦਸਵੀਂ ਹੈ ਕ੍ਰਿਪਾ **"ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ"** ॥ (ਦਸਮ ਗ੍ਰੰਥ) ਮਹਾਰਾਜ ਦੀ ਬਖਸ਼ਿਸ਼ ਹੁੰਦੀ ਹੈ। ਸੋ ਇਸ ਤਰ੍ਹਾਂ ਇਹ ਭਗਤੀਆਂ ਨੇ। ਭਗਤੀ ਜਿਸਨੂੰ ਸ਼ੁਰੂ ਕਰਨ ਦਾ ਸ਼ੌਂਕ ਹੈ ਬਈ ਮੈਂ ਗੁਰੂ ਮਹਾਰਾਜ ਨੂੰ ਮਿਲਣਾ, ਉਹ ਜਿਹੜੇ ਵਿਚ ਵਿਘਨ ਹੁੰਦੇ ਨੇ ਨਾ ਰੁਕਾਵਟਾਂ, ਉਨ੍ਹਾਂ ਤੋਂ ਸਾਵਧਾਨ ਰਹੇ। ਉਹ ਕਈ ਇਹੋ ਜਿਹੇ ਹੁੰਦੇ ਆ, ਬੰਦੇ ਨੂੰ ਪਤਾ ਹੀ ਨਹੀਂ ਲਗਦਾ ਬਈ ਹੈ ਇਸ ਨਾਮ ਵਿਚ ਰੁਕਾਵਟ ਹੈ। ਜਦੋਂ ਸੁਣਦਾ, ਜਾਂ ਗੁਰਬਾਣੀ ਪੜਦਾ, ਜਾਂ ਕਿੱਤੇ ਇਤਿਹਾਸ ਪੜਦਾ, ਜਾਂ ਗੁਰੂ ਮਹਾਰਾਜ ਜੀ ਦੇ ਬਚਨ ਸੁਣਦਾ ਉਹਨੂੰ ਪਤਾ ਲੱਗ ਜਾਂਦਾ ਬਈ ਆਹ ਗੱਲ ਦਾ ਤਾਂ ਮੈਨੂੰ ਪਤਾ ਹੀ ਨਹੀਂ ਸੀ ਬਈ ਇਹ ਨਾਮ ਵਿਚ ਪੱਕੀ ਹੀ ਰੁਕਾਵਟ ਹੈ ਤਦ ਹੀ ਨਾਮ ਨਹੀਂ ਚਲਦਾ ਸਾਡੇ। ਤਦੇ ਸਿਮਰਨ ਨਹੀਂ ਹੁੰਦਾ। ਉਹ ਇਕ ਨਹੀਂ ਉਹ ਕਈ ਨੇ।

ਇਕ ਤਾਂ ਹੁੰਦਾ ਝੂਠ। ਇਹ ਦੋ ਕਿਸਮ ਦਾ ਹੁੰਦੈ। ਇਕ ਕਾਲਾ ਇਕ ਚਿੱਟਾ। ਇਕ ਸੁਣਿਆ ਝੂਠ ਹੁੰਦਾ। ਇਕ ਕੋਲੋਂ ਬਣਾਇਆ ਹੋਇਆ ਹੁੰਦਾ। ਸੋ ਇਸ ਤਰ੍ਹਾਂ ਇਕ ਤਾਂ ਇਸ ਤੋਂ ਸਾਵਧਾਨ ਰਹੇ। ਦੂਸਰੀ ਹੁੰਦੀ ਹੈ ਨਿੰਦਿਆ। ਇਹ ਵੀ ਨਾਮ ਦੇ ਵਿਚ ਰੁਕਾਵਟ ਹੀ ਹੈ। ਇਹ ਚੰਗੀ ਨਹੀਂ ਹੁੰਦੀ। ਪਰ ਸੱਚੀ ਗੱਲ ਦੀ ਨਿੰਦਿਆ ਨਹੀਂ ਹੁੰਦੀ। ਉਹਦੀ ਤਹਿ ਤੱਕ ਪੱਤਾ ਹੋਵੇ ਬਈ ਹਾਂ ਆਹ ਗੱਲ ਇਸ ਤਰ੍ਹਾਂ ਸਹੀ ਹੈ। ਫਿਰ ਕੋਈ ਗੱਲ ਨਹੀਂ ਤੇ ਉਹ ਝੂਠ ਨਾ ਹੋਵੇ, ਐਵੇਂ ਨਾ ਹੋਵੇ, ਫਿਰ ਉਹ ਨਿੰਦਿਆ ਹੋ ਜਾਂਦੀ ਹੈ। ਤੀਸਰੀ ਹੁੰਦੀ ਈਰਖਾ। ਈਰਖਾ ਕਈ ਕਿਸਮ ਦੀ ਹੈ। ਇਕ ਤਾਂ ਹਮ ਪੇਸ਼ੇ ਨਾਲ ਹੁੰਦੀ ਹੈ। ਰਿਕਸ਼ੇ ਵਾਲਿਆਂ ਦੀ ਰਿਕਸ਼ੇ ਵਾਲਿਆਂ ਨਾਲ, ਬਈ ਸਵਾਰੀਆਂ ਮੇਰੀਆਂ ਚੁੱਕ ਕੇ ਲੈ ਗਿਆ। ਬਸਾਂ ਵਾਲਿਆਂ ਦੀ ਬਸਾਂ ਵਾਲਿਆਂ ਨਾਲ ਹੈ, ਮੇਰੀਆਂ ਵੀ ਸਵਾਰੀਆਂ ਲੈ ਗਿਆ, ਟਰੱਕਾਂ ਵਾਲਿਆਂ ਦੀ ਟਰਕਾਂ ਵਾਲਿਆਂ ਨਾਲ ਹੈ ਬਈ ਮੈਂ ਭਰਨਾ ਸੀ। ਉਹ ਹਮ ਪੇਸ਼ੇ ਨਾਲ ਹੁੰਦੀ ਹੈ। ਇਹ ਹੈ ਦੁਨੀਆਂਦਾਰੀ ਇਸ ਤੋਂ ਉਪਰ ਹੁੰਦੇ ਨੇ ਸਾਧੂ ਸੰਤ। ਉਸ ਤੋਂ ਉਪਰ ਜੇ ਕੋਈ ਸੰਤ ਹੋ ਕੇ ਈਰਖਾ ਕਰੇ ਉਹ ਸੰਤ ਨਹੀਂ ਹੁੰਦਾ ਉਹ ਆਮ ਗ੍ਰਿਹਸਥੀਆਂ ਨਾਲੋਂ ਥੱਲੇ ਹੁੰਦਾ ਹੈ। ਉਹ ਸੰਤ ਕਾਹਦਾ ਜਿਹੜਾ ਈਰਖਾ ਕਰੇ ਕਿਸੇ ਨਾਲ।

***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥***

**(ਅੰਗ ੩੦੮)**

ਗੁਰਬਾਣੀ ਕਿਸੇ ਦਾ ਲਿਹਾਜ ਕਰਦੀ ਹੀ ਨਹੀਂ। ਸੱਚ ਹੀ ਸੱਚ ਹੈ ਸਾਰਾ ਕੁਝ।

ਇਹ ਫਿਰ ਈਰਖਾ ਨਾਮ ਨਹੀਂ ਜਪਣ ਦਿੰਦੀ। ਇਕ ਤਾਂ ਪ੍ਰਤੱਖ ਹੀ ਹੁੰਦੀ ਹੈ ਈਰਖਾ ਬਈ ਐਂ ਨਹੀਂ ਐਂ। ਇਕ ਗੁਝੀ ਗੁਝੀ ਹੁੰਦੀ ਹੈ। ਉਹ ਕੇਵਲ ਆਪਣੇ ਆਪ ਨੂੰ ਹੀ ਪਤਾ ਹੁੰਦਾ ਹੈ।

ਇਕ ਰਾਜਾ ਸੀ। ਉਹ ਵਜ਼ੀਰ ਨੂੰ ਕਹਿਣ ਲੱਗਾ ਚਲੋ ਬਈ ਸ਼ਹਿਰ ਵਿਚ ਚੱਕਰ ਲਾ ਕੇ ਆਈਏ। ਚੁਰਾਹੇ ਦੇ ਕੋਲ ਗਿਆ ਕਹਿੰਦਾ ਆਹ ਜਿਹੜੀ ਕੋਠੀ ਹੈ ਨਾ ਸੇਠ ਦੀ ਇਹਨੂੰ ਢਾਹ ਦਿਉ। ਮੇਰੇ ਖਿਆਲ ਆ ਰਿਹਾ ਬਈ ਇਹਨੂੰ ਢਾਹ ਦਿਉ। ਕਹਿੰਦੇ ਠੀਕ ਹੈ। ਸਰਕਾਰ ਢਾਹ ਦਿਆਂਗੇ। ਅਗਲੇ ਐਤਵਾਰ ਫੇਰ। ਢਾਈ ਨਹੀਂ, ਕਹਿੰਦਾ ਹੁਣ ਢਾਹ ਦਿਆਂਗੇ। ਤੀਜੀ ਵਾਰੀ ਫੇਰ। ਵਜ਼ੀਰ ਬੜਾ ਸਿਆਣਾ। ਕਹਿੰਦਾ ਇਹ ਬਾਰ-ਬਾਰ ਕਹਿੰਦੇ ਨੇ ਮੈਂ ਪਤਾ ਕਰ ਲੈਣਾ। ਸੇਠ ਨੂੰ ਪੁੱਛਿਆ ਬਈ ਤੂੰ ਕੀ ਸੋਚਦਾਂ ਹੈਂ ਰਾਜੇ ਬਾਰੇ। ਕਹਿੰਦਾ ਕੁਝ ਨਹੀਂ। ਮੈਂ ਦੂਰ ਗਿਆ ਸੀ ਬਾਹਰ, ਤੇ ਉਥੇ ਚੰਦਨ ਬਹੁਤ ਸਸਤਾ ਸੀ। ਮੈਂ ਖਰੀਦ ਲਿਆ ਵਾਹਵਾ। ਮੈਂ ਕਿਹਾ ਬਈ ਸਾਡੇ ਰਾਜਾ ਮਰੇਗਾ ਨ ਤਾਂ ਮੈਂ ਛੇਤੀ ਨਾਲ ਵੇਚ ਦਿਆਂਗਾ। ਬਈ ਹੈਗਾ ਮੇਰੇ ਲੈ ਲਉ। ਉਹ ਰਾਜੇ ਤੇ ਪੈ ਜਾਏਗਾ ਸਸਕਾਰ ਦੇ ਟਾਇਮ। ਮੈਂ ਜਿੰਨੇ ਪੈਸੇ ਮੰਗਾਂਗਾ ਮੈਨੂੰ ਮਿਲ ਜਾਣਗੇ। ਸੋ ਉਹ ਸੋਚਦਾ ਰਹਿੰਦਾ ਸੀ ਬਈ ਕਦੋਂ ਰਾਜਾ ਮਰੇ ਮੇਰਾ ਚੰਦਨ ਵਿੱਕੇ, ਕਦੋਂ ਰਾਜਾ ਮਰੇ ਮੇਰਾ ਚੰਦਨ ਵਿੱਕੇ। ਉਹਨੂੰ ਰਾਜਾ ਦੇ ਜੀਵਨ ਨਾਲ ਕੋਈ ਮਤਲਬ ਨਹੀਂ, ਆਪਣਾ ਚੰਦਨ ਵੇਚਣ ਨਾਲ ਹੈ। ਉਹ ਵਜ਼ੀਰ ਨੇ ਸਾਰਾ ਹੀ ਖਰੀਦ ਲਿਆ, ਕਹਿੰਦਾ ਖਬਰਦਾਰ ਜੇ ਏਦੂੰ ਅੱਗੇ ਇਹੋ ਜਿਹਾ ਕੋਈ ਵਪਾਰ ਕੀਤਾ ਤੈਂ। ਵਜ਼ੀਰ ਨੇ ਐਡਰੈਸ ਸਾਰਾ ਲਿਖ ਲਿਆ ਬਈ ਕੋਈ ਇਹੀ ਜਿਹੀ ਚੀਜ਼ ਲਿਆਂਦੀ, ਰਾਜੇ ਬਾਰੇ ਬੁਰਾ ਸੋਚਿਆ, ਫਾਂਸੀ ਦੇ ਦਿਆਂਗੇ। ਉਹ ਹੱਟ ਗਿਆ ਬੁਰਾ ਸੋਚਣ ਤੋਂ। ਉਹ ਖਜ਼ਾਨੇ 'ਚ ਜਮਾਂ ਕਰਕੇ, ਫੇਰ ਅਗਾਂਹ ਉਹ ਵੇਚ ਕੇ ਥੋੜ੍ਹਾ ਥੋੜ੍ਹਾ ਗਰੀਬਾਂ ਨੂੰ ਵੰਡ ਦਿੱਤਾ ਵਜ਼ੀਰ ਕਹਿੰਦਾ ਤੁਹਾਡੇ ਕੋਲੋਂ ਲਵਾਂਗੇ ਨਹੀਂ। ਤੁਸੀਂ ਰਾਜੇ ਦੀ ਲੰਮੀ ਉਮਰ ਦੀਆਂ ਅਰਦਾਸਾਂ ਕਰੋ। ਕਹਿਣ ਲੱਗੇ ਠੀਕ ਹੈ ਵਜ਼ੀਰ ਕਹਿੰਦਾ ਜਦੋਂ ਇਹੋ ਜਿਹੀ ਗੱਲ ਹੋਈ ਨਾ ਰਾਜਾ ਚੜ੍ਹਾਈ ਕਰ ਗਿਆ ਮੈਂ ਪੈਸਾ ਵਾਪਿਸ ਲੈ ਲੈਣਾ। ਉਹ ਵਜ਼ੀਰ ਨਾਲ ਲਗਦੀ ਸੀ ਕਿਸੇ ਦੀ ਮਾੜੀ ਜਿਹੀ। ਕਹਿੰਦੇ ਦੇਖੋ ਉਹ ਪਹਿਲਾਂ ਚੰਦਨ ਲਿਆ। ਫੇਰ ਵੇਚਿਆ ਹਜ਼ਾਰਾਂ ਰੁਪਿਆ ਦਾ। ਫੇਰ ਗਰੀਬਾਂ ਨੂੰ ਵੰਡਿਆ ਕਹਿੰਦਾ ਜਦੋਂ ਰਾਜਾ ਮਰ ਗਿਆ ਮੈਂ ਸਾਰਾ ਪੈਸਾ ਵਾਪਿਸ ਲੈ ਲੈਣਾ। ਰਾਜੇ ਨੇ ਪੁੱਛਿਆ, ਉਹ ਕਹਿੰਦਾ ਨਹੀਂ ਸਰਕਾਰ, ਆਹ ਗ਼ਰੀਬ ਅਰਦਾਸਾਂ ਕਰਦੇ ਨੇ ਬਈ ਰਾਜੇ ਦੀ ਲੰਮੀ ਉਮਰ ਹੋਵੇ, ਸਾਨੂੰ ਪੈਸਾ ਦੇਣਾ ਹੀ ਨਾ ਪਏ। ਮੈਂ ਤਾਂ ਤੁਹਾਡੇ ਭਲੇ ਵਿਚ ਹਾਂ। ਸੋ ਇਸ ਤਰ੍ਹਾਂ ਇਹਨੂੰ ਈਰਖਾ ਕਹਿੰਦੇ ਨੇ। **ਤਾਤ ਪਰਾਈ, ਬੁਰਾ ਸੋਚਣਾ।"**

*ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥* (ਅੰਗ ੩੮੬)

ਕਿਉਂ? ਤੈਨੂੰ ਦੁੱਖ ਨਹੀਂ ਲਗਦਾ ਤੂੰ ਦਿਲੋਂ ਨਾ ਕਿਸੇ ਦਾ ਬੁਰਾ ਸੋਚੀਂ। ਜੇ ਕੋਈ ਸੋਚਦਾ ਹੋਵੇ, ਫਿਰ ਮਨ ਵਿਚ ਆ ਜਾਂਦਾ ਬੰਦੇ ਦੇ ਬਈ ਫਲਾਣਾ ਆਦਮੀ ਮੇਰੇ ਬਾਰੇ ਐਂ ਸੋਚ ਰਿਹਾ। ਉਸਦਾ ਫਿਰ ਇਲਾਜ ਹੁੰਦਾ ਬਈ ਗੁਰੂ ਮਹਾਰਾਜ ਜੀ ਨੂੰ ਅਰਦਾਸ ਕਰੇ ਬਈ ਸੱਚੇ ਪਾਤਿਸ਼ਾਹ ਤੁਸੀਂ ਆਪ ਹੀ ਸਮਝਾਉ।

*ਨਿੰਦਕੁ ਗੁਰ ਕਿਰਪਾ ਤੇ ਹਾਟਿਓ॥*
*ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ॥*
(ਅੰਗ ੭੧੪)

ਉਹ ਫਿਰ ਹੱਟ ਜਾਂਦਾ ਸੋਚਣ ਤੋਂ। ਸੋ ਇਹ ਨਾਮ ਸਿਮਰਨ ਵਿਚ ਰੁਕਾਵਟਾਂ ਹੁੰਦੀਆਂ ਨੇ। ਵਾਹਿਗੁਰੂ ਵਾਹਿਗੁਰੂ ਰੋਜ਼ ਕਰਨ ਵਾਲਾ ਹੈ ਜਿਹੜਾ, ਉਹਦੇ ਵਿਚ ਆਉਂਦੀਆਂ ਨੇ ਇਹ ਗੱਲਾਂ। ਬਈ ਨਾਮ ਰੁਕ ਕਿਉਂ ਗਿਆ। ਬਹੁਤ ਭਜਨ, ਪਾਠ ਆਪਾਂ ਕਰਦੇ ਸੀ, ਬੜਾ ਰੱਬ ਦਾ ਨਾਮ ਲੈਂਦੇ ਸੀ। ਹੁਣ ਜੀਅ ਨਹੀਂ ਕਰਦਾ।

ਇਸ ਤੋਂ ਉਪਰ ਹੁੰਦਾ ਹੈ ਉਹ ਹੁੰਦੇ ਨੇ ਨਸ਼ੇ। ਸਰੀਰ ਦਾ ਸਤਿਆਨਾਸ, ਇਹ ਵੀ ਨਾਮ ਨਹੀਂ ਜਪਣ ਦਿੰਦੇ। ਸ਼ਰਾਬ ਹੈ, ਪੋਸਤ ਹੈ, ਅਫ਼ੀਮ ਹੈ। ਫੇਰ ਹੁੰਦੇ ਨੇ ਚਸਕੇ। ਇਹ ਨੌਂ ਨੇ। ਇਕ ਨਹੀਂ ਹੈ। ਨੌਂ ਨੇ ਨੌਂ।"

ਉਹ ਜਿਹੜੇ ਸਰੀਰ ਦੇ ਰੱਸ ਨੇ ਨਾ, ਇਹ ਇਹਨੂੰ ਨਾਮ ਨਹੀਂ ਜਪਣ ਦਿੰਦੇ। ਸੋਨੇ ਦਾ ਹੋਵੇ, ਚਾਂਦੀ ਦਾ ਹੋਵੇ, ਸਵਾਰੀਆਂ ਦਾ ਹੋਵੇ, ਸੋਣ ਦੀਆਂ ਸੋਹਣੀਆਂ ਸੇਜਾਂ ਦਾ ਹੋਵੇ, ਮਾਸ ਖਾਣ ਦਾ ਹੋਵੇ, **"ਰਸ ਮਿੱਠਾ ਰਸ ਮਾਸ।"** ਬਹੁਤ ਮਿੱਠਾ ਚਸਕਾ ਹੁੰਦਾ ਖਾਣ ਦਾ। ਇਹ ਜੁਬਾਨ ਦੇ ਉਪਰ ਲੋਭ ਦਾ ਵਾਸਾ ਹੁੰਦੈ। ਇਹ ਫਿਰ ਨਾਮ ਨਹੀਂ ਜਪਣ ਦਿੰਦੇ, ਨੌਵੇਂ ਰਸ ਤਾਂ ਇਕ ਹੀ ਬਹੁਤ ਹੈ **"ਏਤੇ ਰਸ ਸਰੀਰ ਕੇ"** ਸਾਰੇ ਸਰੀਰ ਦੇ ਰਸ ਨੇ। ਸਿਮਰਨ ਤਾਂ ਇਹ ਕਰਨ ਹੀ ਨਹੀਂ ਦਿੰਦੇ। **"ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥"** ਤਦੇ ਬਾਣੀ ਵਿਚ ਦਸਿਆ ਸਾਰੇ ਬੋਲਿਆ ਕਰੋ –

ਧਾਰਨਾ– ਦੇਹੀ ਕੂੜਿਆਂ ਰਸਾਂ ਦੇ ਨਾਲ ਭਰ ਗਈ ਹੈ,
ਕਿੱਥੇ ਵਾਸਾ ਹੋਵੇ ਨਾਮ ਦਾ.............2

*ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥*
*ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥*

**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥** (ਅੰਗ ੧੫)

ਇਹ ਸਾਰੇ ਸਰੀਰ ਦੇ ਰਸ ਨੇ। ਆਤਮਾ ਦਾ ਰਸ ਇਨ੍ਹਾਂ ਵਿਚ ਇਕ ਵੀ ਨਹੀਂ ਹੈ। ਨਾਮ ਜਪਣ ਵਿਚ ਰੁਕਾਵਟ ਪੈ ਗਈ। ਸਿਮਰਨ ਹੁੰਦਾ ਹੀ ਨਹੀਂ। ਇਸ ਤਰ੍ਹਾਂ ਦੀ ਰੁਕਾਵਟ ਹੁੰਦੀ ਹੈ, ਬਈ ਉਹ ਆਪਣੀ ਕਮਾਈ ਵਿਚ ਰਲਾ ਹੋਣਾ। ਕਮਾਈ ਸ਼ੁਧ ਹੋਣੀ ਚਾਹੀਦੀ ਹੈ।

ਇਕ ਸੰਤ ਹੁੰਦੇ ਸੀ। ਉਹ ਇਕ ਰਾਜੇ ਦੇ ਬਾਗ ਵਿਚ ਆਏ। ਉਥੇ ਮੌਸਮ ਠੀਕ ਨਾ ਹੋਣ ਕਰਕੇ ਰਾਜਾ ਕਹਿਣ ਲੱਗਾ, ਮਹਾਰਾਜ ਸਾਡੇ ਇਥੇ ਮਹਿਲਾਂ ਵਿਚ ਰਹਿ ਲਿਆ ਕਰੋ। ਚੁਬਾਰਾ ਬਹੁਤ ਸੋਹਣਾ ਹੈ, ਭਜਨ ਹੀ ਕਰਨਾ, ਇਥੇ ਕਰੀ ਜਾਣਾ। ਕਹਿੰਦੇ ਬਹੁਤ ਅੱਛਾ। ਰਾਜੇ ਦੇ ਖਜ਼ਾਨੇ ਵਿਚੋਂ ਲੰਗਰ ਜਾਂਦਾ ਸੰਤਾਂ ਵਾਸਤੇ। ਉਹ ਅਠਾਂ ਪਹਿਰਾਂ ਬਾਅਦ ਛਕਦੇ ਹੁੰਦੇ। ਅੱਜ ਮਹਾਤਮਾ ਜਦੋਂ ਚੁਬਾਰੇ ਚੋਂ ਥੱਲੇ ਉਤਰੇ, ਵਿਚ ਦੀ ਪੌੜੀਆਂ ਸੀ ਰਾਜ ਮਹਿਲਾਂ ਦੇ। ਕੀ ਦੇਖਿਆ ਬਈ ਹਾਰ ਟੰਗਿਆ ਪਿਆ ਜਿਹਨੂੰ ਨੌ ਲੱਖ ਦਾ ਕਹਿੰਦੇ ਨੇ। ਨੌ ਲੱਖਾ ਕਿੱਲੀ ਨਾਲ। ਉਹ ਸੰਤਾਂ ਨੇ ਚੁੱਕ ਕੇ ਲੁਕਾ ਲਿਆ ਸੋਚਿਆ ਬਈ ਚਲੋਂ ਬਹੁਤ ਮਹਿੰਗਾ। ਜੰਗਲ ਵਿਚ ਦੂਰ ਚਲੇ ਗਏ। ਭਜਨ ਹੀ ਕਰਨਾ ਉਥੇ ਕਰੀ ਜਾਵਾਂਗੇ। ਉਥੇ ਇਹ ਸੋਚਦੇ ਨੇ ਬਈ ਹੈਂ ਗੱਲ ਤਾਂ ਮਾੜੀ ਹੈ। ਮੈਂ ਲੈ ਆਉਂਦਾ। ਉਹ ਬੀਮਾਰ ਹੋ ਗਏ ਬਹੁਤ ਜ਼ਿਆਦਾ। ਜਦੋਂ ਜ਼ਿਆਦਾ ਬੀਮਾਰ ਹੋਏ, ਉਲਟੀਆਂ ਵੀ ਨੇ ਅਤੀਸਾਰ ਵੀ ਨੇ। ਬਹੁਤ ਪਰੇਸ਼ਾਨ ਹੋਏ। ਫਿਰ ਜੜੀ ਬੂਟੀਆਂ ਨਾਲ ਹੌਲੀ ਹੌਲੀ ਠੀਕ ਹੋਏ, ਤੰਦਰੁਸਤ ਹੋਏ।

ਛੇ ਮਹੀਨੇ ਬਾਅਦ ਇਕ ਦਮ ਜਿਵੇਂ ਬੰਦੇ ਨੂੰ ਸੁੱਤਿਆਂ ਹੋਸ਼ ਆਉਂਦੀ ਹੈ। ਬਈ ਮੈਂ ਹਾਰ ਚੁੱਕ ਲਿਆ, ਬੜੀ ਮਾੜੀ ਗੱਲ ਹੋਈ। ਚਲੋ ਚਲਦੇ ਹਾਂ। ਰਾਜੇ ਨੂੰ ਲਿਆ ਕੇ ਦੇ ਦਿੱਤਾ। ਕਹਿੰਦੇ ਲੈ। ਉਹ ਉਮਰ ਵਿਚ ਰਾਜਾ ਉਨ੍ਹਾਂ ਨਾਲੋਂ ਛੋਟਾ ਸੀ। ਹੈ ਸੀ ਉਹ ਸਿਆਣੀ ਉਮਰ ਦੇ। ਕਹਿੰਦੇ ਲੈ ਬੇਟਾ ਆਪਣਾ ਹਾਰ ਲੈ ਲੈ। ਉਹ ਹੈਰਾਨ ਕਹਿੰਦਾ, ਸੰਤ ਜੀ ਮਹਾਂਪੁਰਸ਼ੋ ਤੁਸੀਂ ਚੁਕਿਆ ਸੀ। ਕਹਿੰਦੇ ਨਾ ਮੈਂ ਤਾਂ ਨਹੀਂ ਸੀ ਚੁਕਿਆ ਤੂੰ ਚੁਕਵਾਇਆ। ਕਹਿੰਦਾ ਮੈਂ ਕਿਹਾ ਸੀ ਤੁਸੀਂ ਲੈ ਜਾਉ। ਕਹਿੰਦੇ ਹਾਂ ਤੂੰ ਚੁਕਵਾ ਲਿਆ। ਕਹਿੰਦਾ ਅਸੀਂ ਏਡੇ ਨਿਆਣੇ ਨਹੀਂ ਹਾਂ। ਤੂੰ ਸਾਨੂੰ ਇਹ ਦਸ ਬਈ ਜਿਹੜਾ ਸਾਡੇ ਵਾਸਤੇ ਲੰਗਰ ਆਉਂਦਾ ਸੀ ਉਹ ਕਿਥੋਂ ਆਉਂਦਾ ਸੀ। ਉਹ ਵਜ਼ੀਰ ਨੂੰ ਕਹਿੰਦਾ, ਰਜਿਸਟਰ ਕੱਢੋ। ਸਾਰਾ ਦੇਖੋ ਬਈ ਕਿਥੋਂ ਆ ਰਿਹਾ ਸੀ ਆਟਾ, ਦਾਲਾ ਜਿਹੜਾ ਸੰਤਾਂ ਨੂੰ ਆਪਾਂ ਲੰਗਰ ਛਕਾਉਂਦੇ ਸੀ ਰੋਜ਼। ਉਸਨੇ ਦਸਿਆ ਸਰਕਾਰ ਇਕ ਸੁਨਿਆਰਾ ਉਹ ਗਲਤੀਆਂ ਕਰਦਾ ਸੀ, ਜ਼ਿਆਦਾ ਹੀ ਪੁੱਠੇ ਕੰਮ ਕਰਦਾ ਸੀ। ਸੋ ਸਰਕਾਰ ਨੇ ਉਹਦਾ

ਸਾਰਾ ਮਾਲ ਧਨ ਜਬਤ ਕਰ ਲਿਆ। ਉਹਦੇ ਘਰ ਵਿਚ ਜਿਹੜੀ ਦਾਲ ਤੇ ਕਣਕ ਸੀ ਇਕ ਇਕ ਦਾਣਾ ਚੁਗਿਆ ਹੋਇਆ ਸੀ। ਸਾਨੂੰ ਆਪ ਜੀ ਦਾ ਹੁਕਮ ਸੀ ਬਈ ਇਹ ਸ਼ੁੱਧ ਹੈ ਬਹੁਤ ਵਧੀਆ ਹੈ ਸਾਫ ਹੈ, ਇਹ ਛਕਾਉ ਸੰਤਾਂ ਨੂੰ। ਉਹ ਕਹਿੰਦੇ ਬੇਈਮਾਨੀ ਦਾ ਖਾ ਖਾ ਕੇ ਸਾਡੀ ਵੀ ਮੱਤ ਮਾਰੀ ਗਈ, ਤੇਰਾ ਹਾਰ ਚੁੱਕ ਲਿਆ। ਇਹ ਨਹੀਂ ਭੋਜਨ ਚੰਗੀ ਕਮਾਈ ਦਾ ਹੋਏ ਤਾਂ ਨਾਮ ਜਪਿਆ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਗਏ ਉਥੇ ਐਮਨਾਬਾਦ। ਉਥੇ ਇਕ ਮਲਕ ਸੀ ਜਿਸਨੂੰ ਭਾਗੋ ਭਾਗੋ, ਮਲਕ ਭਾਗੋ, ਐਂ ਕਹਿੰਦੇ ਲੋਕੀ। ਉਹਦੀ ਜਿੰਨੀ ਕਮਾਈ ਸੀ ਨ, ਸਭ ਠੱਗੀਆਂ ਮਾਰ ਮਾਰ ਕੇ। ਉਹਨੇ ਬੜੇ ਉੱਚੇ-ਉੱਚੇ ਮਹਿਲ ਬਣਾਏ ਹੋਏ ਸੀ। ਜੇ ਨੇਕ ਨੀਤੀ ਨਾਲ ਚਲੇ ਨ ਦਾਲ ਰੋਟੀ ਹੀ ਚਲਦੀ ਹੈ। ਗੁਜਾਰਾ ਬਗੈਰਾ ਹੀ ਚਲਦਾ। ਹੇਰਾ ਫੇਰੀ ਵਾਲੇ ਉਹਨਾਂ ਦਾ ਹੋਰ ਹਿਸਾਬ ਹੁੰਦਾ। ਉਹ ਜਿਹੜਾ ਦਾਨ ਕਰਦੇ ਉਹ ਉਹਨੇ ਫੇਰ ਕਟਰੂ ਵੱਛੜੂ ਵੀ ਭੁੱਖੇ ਰੱਖੇ। ਦੁੱਧ ਵੀ, ਉਹਨੇ ਕਿਹਾ ਅੱਜ ਕਟਰੂ ਵੱਛੜੂ ਵੀ ਭੁੱਖੇ ਰਖੋ। ਮਾਲਕ ਦਾ ਹੁਕਮ ਹੈ ਇਥੇ ਪਹੁੰਚਾਉ ਸਾਰਾ। ਬ੍ਰਹਮ ਭੋਜ ਕਰਦਾ ਹੈ। ਉਹੋ ਜਿਹੇ ਹੀ ਸਾਧੂ ਸੰਤ ਵਿਚਾਰੇ। ਉਹ ਨਕਲੀ ਜਿਹੇ। ਉਨ੍ਹਾਂ ਆ ਲਾਇਨਾਂ ਲਾਈਆਂ ਸਵੇਰੇ ਸਵੇਰੇ। ਤੇ ਬੜਾ ਹੀ ਤੁਸੀਂ ਇਸ ਤਰ੍ਹਾਂ ਦੇ ਨਾਲ ਬੜੇ ਲੋਕ ਲਗੇ ਹੋਏ ਨੇ, ਬੜਾ ਲੰਬਾ ਚੌੜਾ ਕੰਮ, ਬੜੀਆਂ ਮਠਿਆਈਆਂ ਬਣ ਰਹੀਆਂ ਨੇ। ਉਧਰ ਤਾਂ ਉਹ ਭੁੱਖੇ ਨੇ ਕੱਟੀਆਂ, ਕਟੇ, ਵਛੀਆਂ ਵੱਛੇ। ਆਹ ਹੁੰਦੀ ਹੀ ਹੈ ਆਹ। ਹੁਣ ਵੀ ਕਈਆਂ ਨੂੰ ਆਦਤ ਹੈ। ਉਹ ਦੁੱਧ ਘੱਟ ਛਡਦੇ ਨੇ। ਪੱਠੇ ਅਜੇ ਪੂਰੇ ਖਾਂਦੇ ਨਹੀਂ ਹੁੰਦੇ ਤੇ ਫਿਰ ਉਹ ਮਰ ਜਾਂਦੇ ਨੇ, ਭੁੱਖੇ ਰਹਿ ਰਹਿ ਕੇ, ਕਿਲੇ ਦੁਆਲੇ ਤੜਫ ਤੜਫ ਕੇ। ਫੇਰ ਜਦੋਂ ਨਿਆਣੇ ਮਰਨੇ ਸ਼ੁਰੂ ਹੁੰਦੇ ਨੇ, ਕਹਿੰਦੇ ਅਸੀਂ ਤਾਂ ਕਦੇ ਪਾਪ ਕੀਤਾ ਹੀ ਨਹੀਂ। ਬਈ ਤੁਹਾਡੇ ਘਰ 'ਚ ਜੀਵ ਤੜਫ ਤੜਫ ਕੇ ਮਰੇ, ਉਦੋਂ ਸੁੱਤੇ ਸੀ। ਤੁਹਾਡੀ ਦਇਆ ਕਿਥੇ ਚਲੀ ਗਈ। ਉਨ੍ਹਾਂ ਨੂੰ ਦੁੱਧ ਛਡਣਾ ਸੀ। ਉਹ ਵੀ ਰੱਬ ਦੇ ਭੇਜੇ ਹੋਏ ਨੇ। ਤੁਹਾਡੇ ਨਿਆਣੇ ਵੀ ਰਾਜੀ ਰਹਿੰਦੇ। ਸੋ ਇਹੋ ਜਿਹਾ ਮਲਕ ਸੀ। ਹੁਣ ਕਈ ਨੇ ਉਦੋਂ ਇਕ ਸੀ। ਅੱਜ ਉਹਨੇ ਫੇਰ ਮਹਾਰਾਜ ਜੀਆਂ ਨੂੰ ਬਾਰ ਬਾਰ ਸੁਨੇਹਾ ਘਲਿਆ, ਮਹਾਰਾਜ ਜੀ ਆ ਗਏ। ਕਹਿੰਦੇ ਮਲਕ ਤੇਰੀ ਕਮਾਈ ਸ਼ੁੱਧ ਨਹੀਂ ਹੈ। ਅਸੀਂ ਨਹੀਂ ਛਕਣਾ। 'ਮਹਾਰਾਜ' ਇਹਦੇ ਵਿਚ ਕੀ ਹੈ। ਕਹਿੰਦੇ ਇਹ ਤਾਂ ਗਰੀਬਾਂ ਦਾ ਲਹੂ ਇਕੱਠਾ ਕੀਤਾ ਹੋਇਆ। ਲਹੂ ਪੀਲਾਂਗੇ? ਇਸ ਤਰ੍ਹਾਂ ਕਦੇ ਨਹੀਂ ਹੋ ਸਕਦਾ। ਮਹਾਰਾਜ ਬੜੇ ਸਾਧੂ ਸੰਤ ਛੱਕ ਗਏ। ਕਹਿੰਦੇ ਅੰਨੇ ਸਨ। ਅੱਖਾਂ ਵਾਲੇ ਨਹੀਂ ਇਹ ਕੰਮ ਕਰਦੇ ਹੁੰਦੇ। ਉਹਨਾਂ ਦਾ ਭੇਸ ਸੀ, ਸਾਧੂ, ਸੰਤਾਂ ਦਾ। ਸਾਧੂ, ਸੰਤ ਤਾਂ ਲਹੂ ਪੀਂਦੇ ਹੀ ਨਹੀਂ। ਇਕ ਵਾਰੀ ਇਕ ਬੰਦਾ ਦੁੱਧ ਲੈ ਕੇ

ਆਇਆ ਸੰਤਾਂ ਮਹਾਪੁਰਸ਼ਾਂ ਕੋਲ। ਸੰਤ ਨੰਦ ਸਿੰਘ ਜੀ ਮਹਾਰਾਜ ਜੀ ਦੀ ਗੱਲ ਹੈ। ਕਹਿੰਦਾ ਬਾਬਾ ਜੀ ਮੈਂ ਤੁਹਾਨੂੰ ਦੁੱਧ ਪਿਲਾਉਣਾ ਹੈ। ਕਹਿੰਦੇ ਪ੍ਰੇਮੀਆਂ ਇਹ ਤਾਂ ਲਹੂ ਆ ਬਾਲਟੀ ਵਿਚ ਜਿਹੜਾ ਨਜ਼ਰ ਆ ਰਿਹਾ ਨ, ਅਸੀਂ ਨਹੀਂ ਪੀਣਾ। ਉਹ ਨ ਉਹਨੇ ਕੁੱਟ ਕੁੱਟ ਕੇ ਮੱਝਾਂ ਨੂੰ ਕੁੱਟ ਕੁੱਟ ਕੇ ਤਸੀਹੇ ਦੇ ਦੇ ਕੇ ਬੜੀ ਬੁਰੀ ਹਾਲਤ ਨਾਲ। ਮੱਝ ਦੁੱਧ ਦੇਵੇ ਨਾ। ਪੱਠੇ ਤਾਂ ਆਪ ਨਹੀਂ ਪਾਉਣੇ ਨਾ ਦਾਣਾ ਪਾਉਣਾ। ਉਹ ਲਿਆਂਦਾ ਚੋ ਕੇ ਬਈ ਮਹਾਂਪੁਰਖਾਂ ਨੂੰ ਛਕਾਵਾਂਗੇ ਉਹ ਕਿਹੜੇ ਨਿਆਣੇ ਹੁੰਦੇ ਨੇ। ਉਹ ਦੇਖ ਲੈਂਦੇ ਨੇ। ਕਹਿੰਦੇ ਨਾ ਇਹ ਲਹੂ ਹੈ। ਦੁੱਖ ਦੇ ਕੇ ਲਿਆਂਦਾ। ਉਹ ਜਿਹੜਾ ਦੁੱਖ ਦੇ ਕੇ ਚੀਜ਼ ਲਿਆਂਦੀ ਜਾਂਦੀ ਹੈ, ਭਾਵੇਂ ਪੈਸਾ ਹੋਵੇ, ਭਾਵੇਂ ਦੁੱਧ ਹੋਵੇ, ਭਾਵੇਂ ਕੋਈ ਹੋਰ ਚੀਜ਼ ਹੋਵੇ। ਉਹਨੂੰ ਲਹੂ ਕਹਿੰਦੇ ਨੇ। ਬੇਈਮਾਨੀ ਦਾ ਧਨ ਕਹਿੰਦੇ ਨੇ **ਦੁਖ ਨਾ ਦੇਇ ਜੀਆ ਸੇਤੀ, ਪਤਿ ਸੇਤੀ ਘਰਿ ਆਹੋ॥** ਕਿਸੇ ਨੂੰ ਕਸ਼ਟ ਦੇ ਕੇ ਧਨ ਲੈਣਾ। ਖੁਸ਼ੀ ਨਾਲ ਕੋਈ ਦੇ ਦੇਵੇ ਗੱਲ ਹੋਰ ਹੈ **ਸੰਚਹਿ ਦਰਬ ਦੁਹਿੰ ਦੁਖ ਲੋਗ। ਤੇਰੇ ਕੀਮ ਨਾ ਅਵਰੇ ਜੋਗ॥** ਉਹ ਤਾਂ ਨਾਮ ਤਾਂ ਕੀ ਜਪਣਾ ਹੈ, ਉਂਝ ਹੀ ਲੈ ਬਹਿੰਦਾ।

ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪ ਜੀ ਕੁਰਸੀ ਤੇ ਬੈਠੇ ਨੇ, ਕੁਰਸੀ ਲਗਦੀ ਹੁੰਦੀ। ਅੱਠਾਂ ਪਹਿਰਾਂ ਬਾਅਦ, ਘੰਟਾ 'ਕੁ' ਬੈਠਣਾ। ਬੜੀਆਂ ਸਾਖੀਆਂ ਆਉਂਦੀਆਂ ਨੇ। ਜਿਥੋਂ ਸੌਦਾ ਆਉਂਦਾ ਹੁੰਦਾ ਸੀ 'ਨ' ਸਾਰੇ ਡੇਰੇ ਦਾ ਹਜ਼ਾਰਾਂ ਸੰਗਤ ਆਉਂਦੀ ਸੀ। ਉਹ ਜਿਹੜਾ ਸੌਦਾ ਦਿੰਦਾ ਸੀ ਬੜਾ ਵੱਡਾ ਸੇਠ ਸੀ। ਉਹਨੇ ਐਤਵਾਰ ਅੱਠੀ ਦਿਨੀਂ ਆਉਣਾ ਤੇ ਮਹਾਂਪੁਰਖਾਂ ਨੇ ਬੈਠਣਾ ਤੇ ਸੰਗਤਾਂ ਨੇ ਪੈਸਾ ਭੇਟਾ ਕਰਨਾ। ਉਹਨਾਂ ਕਹਿਣਾ ਲੈ ਜਾ ਸੇਠ ਜੀ। ਆਪਣਾ ਖਾਤਾ ਸੌਦੇ ਦਾ ਪੂਰਾ ਕਰ ਲਉ ਭਾਈ। ਉਹ ਸੇਠ ਕਹਿਣ ਲੱਗਾ ਬਈ ਜਿੰਨੇ 'ਕੁ' ਮੈਨੂੰ ਚਾਹੀਦੇ ਨੇ ਉਨੇ 'ਕੁ' ਪੈਸੇ ਪਹੁੰਚਦੇ ਨੇ, ਕਦੇ ਥੋੜ੍ਹੇ ਜਿਹੇ ਵੱਧ ਜਾਂਦੇ ਨੇ। ਆਪਾਂ, ਰਸਦ ਦੇਈ ਗਏ ਹਾਂ ਬੋਰੀਆਂ ਦੀਆਂ ਬੋਰੀਆਂ। ਛੇ ਮਹੀਨੇ ਆਇਆ ਹੀ ਨਾ ਬਈ ਛੇ ਮਹੀਨੇ ਬਾਅਦ ਮੈਂ ਜਾਊਂ। ਚੰਗਾ....। ਦੇਖਾਂਗਾ ਭਲਾਂ ਕੁਰਸੀ ਤੇ ਬੈਠਿਆਂ ਬੈਠਿਆਂ ਸੰਤ ਮੇਰਾ ਇਹ ਹਜ਼ਾਰਾਂ ਰੁਪਿਆ ਕਿਵੇਂ ਪੂਰਾ ਕਰ ਦੇਣਗੇ। ਉਹ ਆ ਜਾਂਦੀ ਹੁੰਦੀ ਹੈ ਇਹੋ ਜਿਹੇ ਲੋਕਾਂ ਦੇ ਮਨ ਵਿਚ। ਅੱਗੇ ਘੰਟਾ ਬੈਠਦੇ ਹੁੰਦੇ ਸੀ। ਅੱਜ ਸੇਵਾਦਾਰ ਨੇ ਦਸਿਆ ਬਈ ਮਹਾਰਾਜ ਜੀ ਦਸਦੇ ਨੇ ਬਈ ਦਸ ਕੁ ਮਿੰਟ ਬੈਠਣਾ ਹੈ। ਬੱਸ ਤਪੱਸਿਆ ਬਹੁਤ ਕਰਦੇ ਸੀ। ਉਹਨੇ ਸੋਚਿਆ ਬਈ ਅੱਜ ਮੌਜ ਬਣ ਗਈ। ਇਕ ਤਾਂ ਟਾਇਮ ਘੱਟ ਗਿਆ ੫੦ ਮਿੰਟ। ਪੈਸਾ ਮੇਰਾ ਛੇ ਮਹੀਨਿਆਂ ਦਾ। ਉਹ ਜਦੋਂ ਬੈਠੇ, ਸੇਠ ਆ ਗਿਆ, ਉਹ ਪਤਾ ਨਹੀਂ ਕਿਧਰੋਂ ਪੈਸੇ ਡਿੱਗੀ ਜਾਣ; ਦੱਥੀਆਂ ਦੀਆਂ ਦੱਥੀਆਂ। ਕਹਿੰਦੇ ਸੇਠਾ ਪੰਜ ਮਿੰਟ ਹੋਏ ਨੇ ੫ ਮਿੰਟ ਟਾਇਮ ਅਸੀਂ ਹੋਰ

ਘੱਟ ਕਰ ਦਿੱਤਾ। ਚੁੱਕ ਲੈ ਆਪਣੇ ਛੇ ਮਹੀਨਿਆਂ ਦੇ। ਸੰਤਾਂ ਦੀ ਪਰਖ ਨਹੀਂ ਕਰੀਦੀ ਹੁੰਦੀ। ਸੋ ਉਥੇ ਇਕ ਜੱਜ ਸੀ। ਉਹਨੇ ਲਿਫਾਫੇ ਵਿਚ ਪੈਸੇ ਪਾਏ ਹੋਏ। ਉਹ ਹੋਣਾ ਉਨ੍ਹਾਂ ਦਿਨਾਂ ਦਾ ਕੋਈ ਵਾਹਵਾ ਪੰਜ ਕੁ ਹਜ਼ਾਰ। ਹੁਣ ਤਾਂ ਲੱਖਾਂ ਵਰਗਾ। ਉਹ ਮਹਾਂਪੁਰਸ਼ ਬੈਠੇ ਸੀ ਕੁਰਸੀ ਤੇ ਜੋੜਾ ਪਾਇਆ ਹੋਇਆ। ਗੱਲਬਾਤ ਚਲ ਰਹੀ ਸੀ। ਖੁਲ੍ਹੇ ਥਾਂ 'ਤੇ ਬੈਠੇ ਸੀ ਗਰਾਊਂਡ ਵਿਚ। ਉਹ ਕਹਿੰਦਾ ਮਹਾਰਾਜ ਜੀ ਇਹ ਪੈਸੇ ਨੇ। ਉਹਨਾਂ ਨੇ ਸੁਣ ਤਾਂ ਲਿਆ ਹੀ ਹੋਣਾ ਧਿਆਨ ਨਾ ਦਿੱਤਾ। ਦੂਸਰੀ ਵਾਰੀ ਫੇਰ, ਤੀਸਰੀ ਵਾਰੀ ਫੇਰ। ਉਹ ਹੋਰ ਹੋਰ ਗੱਲਾਂ ਕਰੀ ਜਾਣ।

ਇਕ ਮਾਈ ਆਈ ਬਾਬਾ ਜੀ ਇਹ ਪੈਸੇ ਨੇ। ਪੰਜ ਪੈਸੇ ਸੀ ਉਹ ਹੱਥ ਕੱਢ ਕੇ ਲੈ ਲਏ। ਕਹਿੰਦੇ ਲਿਆ ਮਾਤਾ ਲਿਆ ਤੇ ਉਹ ਕਦੇ ਐਸ ਹੱਥ ਵਿਚ ਲੈ ਲੈਣ ਕਦੇ ਐਸ ਹੱਥ ਵਿਚ। ਮਾਤਾ ਬੜੀ ਮਿਹਨਤ ਕਰਕੇ ਲੈ ਕੇ ਆਈਆਂ। ਧੰਨ ਹੈਂ ਤੂੰ। ਲੰਗਰ ਵਿਚ ਪਾਉਣੇ ਨੇ ਸੇਵਾਦਾਰ ਨੂੰ ਕਹਿੰਦੇ, ਆਹ ਬਈ ਲੰਗਰ ਦੀ ਰਸਦ ਵਿਚ ਪਾ ਦਿਉ। ਕਹਿੰਦੇ ਮਾਈ ਕਿਵੇਂ ਕਮਾਇਆ। ਕਹਿੰਦੀ ਬਾਬਾ ਜੀ ਸੂਤ ਕੱਤ ਕੱਤ ਕੇ ਕਰਾਇਆ ਲੈ ਲੈ ਕੇ। ਦੋ ਮਹੀਨੇ ਵਿਚ ਟੱਕਾ ਜੋੜਿਆ ਹੌਲੀ, ਹੌਲੀ, ਹੌਲੀ, ਹੌਲੀ ਇਸ ਤਰ੍ਹਾਂ ਪੰਜ ਪੈਸੇ ਮੈਂ ਬਣਾ ਲੈ। ਕਹਿੰਦੇ ਅੱਛਾ, ਬਹੁਤ ਵਧੀਆਂ। ਉਧਰੋਂ ਠੁੱਡ ਮਾਰਿਆ, ਉਹ ਜਾਵੇ ਵਲੇਟਿਆ ਜਿਹਾ ਉਹ ਪੰਜ ਛੇ ਹਜ਼ਾਰ ਰਿੜਦਾ, ਲੈ ਜਾ ਇਹਨੂੰ। ਸੇਠ ਉਹ ਜਿਹੜਾ ਆਇਆ ਸੀ ਜੱਜ ਸੇਠ ਬਣਿਆ ਹੋਇਆ, ਨਹੀਂ ਮਹਾਰਾਜ ਜੀ ਇਹਨੂੰ ਵੀ ਲੈ ਲਵੋ। ਸੇਵਾ ਵਿਚ ਲਾ ਲੋ। ਕਹਿੰਦੇ ਕਤਲ ਦੀ ਵੱਢੀ ਲੈ ਕੇ ਸਾਨੂੰ ਪੈਸੇ ਦੇਣਾ। ਚੁੱਕ ਲੈ ਇਹਨੂੰ, ਕਹਿੰਦੇ ਸਾਡੀ ਜੁੱਤੀ ਖਰਾਬ ਹੋ ਗਈ। ਜੁੱਤੀ ਵੀ ਲਾਹ ਦਿੱਤੀ ਉਨ੍ਹਾਂ ਨੇ ਜੁੱਤੀ ਨਾਲ ਰੇੜੇ ਸੀ। ਕਹਿੰਦੇ ਜੋੜਾ ਹੋਰ ਲਿਆਉ ਬਈ ਇਹ ਜੋੜਾ ਗੰਦਾ ਹੋ ਗਿਆ ਇਹਦੇ ਪੈਸਿਆਂ ਨੂੰ ਲਗ ਗਿਆ, ਵੱਢੀ ਲੈ ਕੇ 'ਨਾ' ਕਤਲ ਦੀ। ਕਿਸੇ ਨੇ ਬੰਦਾ ਮਾਰਿਆ ਹੋਇਆ ਸੀ। ਉਹ ਬਰੀ ਕਰ ਦਿੱਤਾ। ਉਹ ਵੱਢੀ ਲੈ ਕੇ ਹੁਣ ਸਾਨੂੰ ਦਿੰਦਾ। ਕਹਿੰਦੇ ਨਾਮ ਜਪਣ ਦੇਏਗਾ। ਐਹੋ ਜਿਹਾ ਪੈਸਾ ਸਾਨੂੰ ਕਹਿੰਦੇ ਗੁਰੂ ਨਾਨਕ ਜੀ ਨੇ ਅੱਖਾਂ ਦਿੱਤੀਆਂ ਹੋਈਆਂ। ਅਸੀਂ ਨਹੀਂ ਲੈਂਦੇ ਇਹੋ ਜਿਹੇ ਪੈਸੇ। ਮਹਾਰਾਜ ਜੀ ਨੇ ਤਾਂ ਲੰਗਰ ਵੀ ਨਹੀਂ ਸੀ ਛਕਿਆ ਉਥੇ। ਉਹ ਜਿਹੜਾ ਐਸਾ ਧਨ ਹੁੰਦਾ ਉਹ ਬੁੱਧ ਭ੍ਰਿਸ਼ਟ ਕਰ ਦਿੰਦਾ ਵੱਡਿਆਂ ਵੱਡਿਆਂ ਦੀ। ਨਾਮ ਜਪਣ ਦਾ ਸ਼ੌਕ ਤਾਂ ਸਾਰਿਆਂ ਨੂੰ ਹੁੰਦਾ। ਉਹ ਜਿਹੜੇ ਵਿਚ ਹੁੰਦੇ 'ਨਾ' ਮੁੱਖੀ ਮਹਾਂਪੁਰਸ਼, ਉਨ੍ਹਾਂ ਦੀ ਡਿਊਟੀ ਹੁੰਦੀ ਹੈ, ਬੜੇ ਬੜੇ ਆਸ਼ਰਮ ਚਲਦੇ ਨੇ, ਗਲਤ ਪੈਸਾ ਆਉਣ ਹੀ ਨਹੀਂ ਦਿੰਦੇ।

ਤੇ ਫਿਰ ਮਹਾਰਾਜ ਕਹਿਣ ਲੱਗੇ ਲਿਆ ਫਿਰ ਤੂੰ ਜਿਹੜੇ ਪਰੌਂਠੇ ਬਣਾਏ ਨੇ,

ਮਠਿਆਈਆਂ ਲਿਆ। ਭਾਈ ਲਾਲੋ ਨੂੰ ਕਹਿਣ ਲੱਗੇ ਲਿਆ ਬਈ ਗੁਰਮੁੱਖਾਂ ਤੁਸੀਂ ਵੀ ਆਪਣਾ ਲੰਗਰ। ਉਹ ਲੈ ਆਇਆ ਦੋ ਪ੍ਰਸ਼ਾਦੇ ਕੋਧਰੇ ਦੇ। ਕੋਧਰਾ ਭੱਖੜੇ ਵਰਗਾ ਹੁੰਦਾ। ਉਹ ਤਾਂ ਮਹਾਰਾਜ ਨੇ ਸੱਜੇ ਹੱਥ ਵਿਚ ਲੈ ਲੇ, ਮਲਕ ਦੇ ਲੈ ਲਏ ਖੱਬੇ ਹੱਥ ਵਿਚ। ਕਹਿੰਦੇ ਦਿਖਾਈਏ ਤੁਹਾਡੀ ਕਿਰਤ ਕਿਹੋ ਜਿਹੀ ਹੈ। ਹੁਣ ਸੱਜੇ ਵਿਚ ਚਲਦਾ ਦੁੱਧ, ਖੱਬੇ 'ਚ ਲਹੂ ਦੀ ਧਾਰ ਚਲਦੀ ਹੈ। ਸਾਰੀ ਦੁਨੀਆਂ ਨੇ ਦੇਖਿਆ। ਮਹਾਰਾਜ ਕਹਿੰਦੇ ਦੇਖੋ ਭਾਈ ਜਿਹੜੀ ਹੈ 'ਨ' ਪੁੱਠੀ ਕਮਾਈ, ਜਿਹੋ ਜਿਹਾ ਗਰੀਬਾਂ ਦਾ ਲਹੂ ਪੀ ਲਿਆ ਜਿਹੋ ਜਿਹਾ ਕਿਸੇ ਦਾ ਗਲਤ ਧਨ ਦਾ ਕੁਝ ਛੱਕ ਲਿਆ। ਇਹ ਨਾਮ ਨਹੀਂ ਜੇ ਜੱਪਣ ਦਿੰਦੇ। ਇਹੋ ਜਿਹੇ ਪਰੌਂਠੇ। ਆਪਣੀ ਮਿਹਨਤ ਦੇ ਹੋਣ ਉਹ ਦੁੱਧ ਦੀ ਨਿਆਈ ਨੇ। ਹੁਣ ਮਲਕ ਤਾਂ ਹੈਰਾਨ ਹੋ ਗਿਆ ਬਈ ਹੈਂ। ਮਹਾਰਾਜ ਕਹਿੰਦੇ ਸਭ ਵੰਡ ਦੇ ਜਿਥੋਂ ਜਿਥੋਂ ਲਿਆਇਆ ਹੋਇਆ। ਜਿਹੜਾ ਤੇਰਾ ਜਿੰਨਾ ਕੁ ਠੀਕ ਠਾਕ ਹੈ ਉਨ੍ਹਾਂ ਰੱਖ ਲੈ। ਸੋ ਇਹ ਨਾਮ ਦੇ ਵਿਚ ਵੱਡੀ ਰੁਕਾਵਟ ਹੈ। ਬਈ ਬਗਾਨਾ ਧਨ, ਹੇਰਾ ਫੇਰੀ ਦਾ ਉਹਦੇ ਨਾਲ ਜਦੋਂ ਲੰਗਰ ਛਕਦਾ ਹੈ 'ਨ', ਉਹੋ ਜਿਹੇ ਖਿਆਲ ਹੋ ਜਾਂਦੇ ਨੇ। ਚੋਰਾਂ ਦਾ ਤਾਂ ਚੋਰਾਂ ਦੇ ਖਿਆਲ ਆਉਣਗੇ। ਠੱਗਾਂ ਦਾ ਤਾਂ ਠੱਗਾਂ ਵਰਗੇ ਖਿਆਲ ਆਉਣਗੇ। ਉਹ ਜਿਹੋ ਜਿਹੀ ਕਿਸੇ ਦੀ ਕਮਾਈ ਉਹੋ ਜਿਹੇ ਹੀ ਖਿਆਲ ਆਉਣਗੇ। ਉਹ ਨਾਮ ਨਹੀਂ ਜਪਣ ਦਿੰਦੇ। ਸਿਮਰਨ ਕੁਝ ਵੀ ਨਹੀਂ ਹੁੰਦਾ। ਹੋਰ ਹੀ ਗੱਲਾਂ ਹੁੰਦੀਆਂ। ਸੋ ਇਹ ਨਾਮ ਦੇ ਵਿਚ ਵੱਡੀਆਂ ਰੁਕਾਵਟਾਂ ਹਨ। ਗੁਰੂ ਸਾਹਿਬ ਨੇ ਆਪਣੀਆਂ ਸਿੱਖ ਸੰਗਤਾਂ ਨੂੰ ਦਸਿਆ ਬਈ ਇਨ੍ਹਾਂ ਗੱਲਾਂ ਤੋਂ ਬੱਚ ਕੇ ਰਹੋ।

ਇਸ ਤੋਂ ਅਗੇ ਹੁੰਦੀ ਹੈ ਨਾਮ ਦੇ ਵਿਚ ਰੁਕਾਵਟ ਉਹ ਇਹ ਹੁੰਦਾ ਬਈ ਗੁਰੂ ਮਹਾਰਾਜ ਦੇ ਉੱਤੇ ਸੌ ਫੀਸਦੀ ਸ਼ਰਧਾ ਚਾਹੀਦੀ ਹੈ, ਸੱਚੇ ਪਾਤਿਸ਼ਾਹ ਤੇ ਬਈ ਮੇਰਾ ਗੁਰੂ ਪੂਰਾ। ਜੇ ਮਾੜਾ ਜਿਹਾ ਮਨ 'ਚ ਰਹਿ ਗਿਆ ਮਾੜਾ ਜਿਹਾ, ਉਹ ਨਾਮ ਉਥੇ ਹੀ ਰੁੱਕ ਜਾਣਾ। ਉਹ ਸਿੱਖ ਦੇ ਵਿਚ ਇਕ ਬਹੁਤ ਵੱਡੀ ਰੁਕਾਵਟ ਆ ਜਾਣੀ ਹੈ, ਗਲਤੀ ਆ ਜਾਣੀ ਆ। ਉਸਦਾ ਜੀਵਨ ਉਥੇ ਹੀ ਰੁੱਕ ਜਾਣਾ। ਅਗਾਂਹ ਤਰੱਕੀ ਹੋਣੀ ਹੀ ਨਹੀਂ। ਕਿਸੇ ਰੂਹਾਨੀ ਮੰਡਲਾਂ 'ਚ' ਅਨੰਦ ਉਹਨੂੰ ਨਹੀਂ ਆਉਣੇ, ਨਾ ਉਹਦਾ ਨਾਮ ਚਲੇ। ਢੀਠ ਜਿਹਾ ਉਸਨੇ ਹੋ ਜਾਣਾ, ਅੰਦਰੋਂ, ਹੌਲੀ ਹੌਲੀ, ਬਾਹਰੋਂ ਵੀ ਹੋ ਜਾਣਾ। ਉਹ ਪੂਰੀ ਸ਼ਰਧਾ ਹੋਵੇ, ਇਕਾਗਰਤਾ ਵੀ ਹੋਵੇ, ਨਿਮਰਤਾ ਵੀ ਹੋਵੇ, ਪਿਆਰ ਵੀ ਹੋਵੇ। ਉਹ ਸ਼ਰਧਾ ਵਾਲਿਆਂ ਦੀਆਂ ਤਾਂ ਗੱਲਾਂ ਹੀ ਹੋਰ ਨੇ। ਜਿਵੇਂ ਧੰਨੇ ਨੂੰ ਸੀ। ਬਈ ਜੋ ਕੁਝ ਸਾਨੂੰ ਦੇਣਾ, ਸਾਡੇ ਗੁਰੂ ਨਾਨਕ ਜੋਤ ਗੁਰਬਾਣੀ ਨੇ, ਗੁਰੂ ਮਹਾਰਾਜ ਨੇ, ਗੁਰੂ ਗ੍ਰੰਥ ਸਾਹਿਬ ਨੇ, ਸੱਚੇ ਪਾਤਿਸ਼ਾਹ ਨੇ, ਉਹ ਕਲਗੀਆਂ ਵਾਲੇ ਨੇ ਦੇਣਾ। ਅਸੀਂ ਹੋਰ ਕਿਸੇ ਕੋਲੋਂ ਕੁਝ ਮੰਗਣਾ ਹੀ ਨਹੀਂ ਤੇ ਮੰਗੀਏ ਵੀ ਕਿਉਂ "ਦੂਜੇ ਪਾਸੋਂ ਮੰਗੀਏ ਤਾ ਲਾਜ ਮਰਾਈਏ ॥"

ਹੁਣ ਜੋ ਬੱਚਾ, ਤਿੰਨ ਚਾਰ ਬੱਚੇ ਵੀ ਨੇ, ਹੁਣ ਇਕ ਤਾਂ ਕਹਿੰਦਾ ਪਿਤਾ ਜੀ ਮੈਨੂੰ ਆਹ ਚੀਜ਼ ਚਾਹੀਦੀ ਹੈ, ਕੋਈ ਉਲਾਂਭਾ? ਪਿਉ ਕੋਲੋਂ ਕੁਝ ਮੰਗ ਲਿਆ। ਕੋਈ ਉਲਾਂਭਾ ਨਹੀਂ ਹੈ। ਦੂਜਾ ਦੂਜੇ ਨੂੰ ਜਾ ਕੇ ਕਹਿੰਦਾ ਪਿਤਾ ਜੀ ਮੈਨੂੰ ਆ ਦੇ ਦਿਉ, ਲੈ, ਲੋਕੀ ਕਹਿਣਗੇ ਆਹ ਪੁੱਠਾ ਹੀ ਕੰਮ ਫੜ ਲਿਆ ਇਹਨੇ। ਪਿਉ ਹੀ ਹੋਰ ਕੋਈ ਬਣਾ ਲਿਆ ਇਹਨੇ। ਸੋ ਇਸ ਤਰ੍ਹਾਂ ਨਹੀਂ ਹੈ। ਆਪਣੇ ਗੁਰੂ ਮਹਾਰਾਜ, ਸੱਚੇ ਪਾਤਿਸ਼ਾਹ ਗੁਰੂ ਪਿਤਾ ਕੋਲੋਂ ਮੰਗਣਾ, ਕੋਈ ਉਲਾਂਭਾ ਨਹੀਂ ਹੈ। ਸਿੱਖ ਗੁਰੂ ਕੋਲ ਅਰਦਾਸ ਕਰਕੇ ਕੁਝ ਮੰਗ ਲਵੇ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***

(ਅੰਗ ੬੮੧)

ਆਪਣੇ ਗੁਰੂ ਮਹਾਰਾਜ ਕੋਲੋਂ ਮੰਗੇ। ਉਸ ਤੋਂ ਉਤੇ ਇਕ ਹੋਰ ਬਿਰਤੀ ਹੁੰਦੀ ਬਈ ਸਿੱਖ ਮੰਗਦਾ ਹੀ ਕੁਝ ਨਹੀਂ

***ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥***

(ਅੰਗ ੭੩)

ਉਹ ਪਿਤਾ ਕਾਹਦਾ ਜਿਹਨੂੰ ਬੱਚਿਆਂ ਦਾ ਫਿਕਰ ਹੀ ਹੈ ਨਹੀਂ। ਉਹ ਮਹਾਰਾਜ ਆਪ ਹੀ ਦੇਂਦੇ ਨੇ।

ਜੋ ਮਹਾਰਾਜ ਨੇ ਦੇਣਾ ਐਵੇਂ ਅਡਵਾਂਸ ਮੰਗੀ ਜਾਂਦਾ ਕੁਝ ਗੱਲਾਂ ਇਹੋ ਜਿਹੀਆਂ ਹੁੰਦੀਆਂ ਨੇ ਗੁਰੂ ਮੰਗਿਆਂ ਵੀ ਨਹੀਂ ਦਿੰਦਾ। ਉਹਦੇ ਵਿਚ ਦੁੱਖ ਮਿਲਣਾ ਹੁੰਦਾ। ਉਹ ਮਹਾਰਾਜ ਨੂੰ ਪਤਾ, ਸਿੱਖ ਨੂੰ ਤਾਂ ਪਤਾ ਹੀ ਨਹੀਂ ਹੈ। ਇਹਨੇ ਤਾਂ ਆਪਣੀ ਹੀ ਰੱਟ ਲਾਈ ਹੋਈ ਹੈ। ਬਈ ਸੱਚੇ ਪਾਤਿਸ਼ਾਹ ਮੈਂ ਕਿਹਾ ਸੀ ਐਂ ਕਰ ਦੋ ਸਵਾਰੀ ਲੈਣੀ ਹੈ, ਮੈਂ ਪਾਠ ਬੜਾ ਕਰਦਾ, ਅੰਮ੍ਰਿਤ ਛੱਕ ਲਿਆ, ਮੇਰੇ ਕੋਲ ਪੈਸੇ ਹੀ ਨਹੀਂ। ਮੈਂ ਸਵਾਰੀ ਲੈਣੀ ਸੀ, ਕੀ ਪਤਾ ਮਰ ਜਾਣਾ ਸੀ ਐਕਸੀਡੈਂਟ ਦੇ ਨਾਲ। ਉਹ ਗੁਰੂ ਨੂੰ ਪਤਾ। ਉਹਨੇ ਉਦੋਂ ਦੇਣੀ ਹੈ ਜਦੋਂ ਸਾਰੇ ਪਾਸੇ ਠੀਕ ਹੋ ਗਏ। ਇਹਨੂੰ ਨਹੀਂ ਪਤਾ। ਇਸ ਤਰ੍ਹਾਂ ਕਈ ਚੀਜ਼ਾਂ ਇਹੋ ਜਿਹੀਆਂ ਮੰਗਦਾ, ਉਹਦੇ ਵਿਚ ਪਿੱਛੇ ਦੁੱਖ ਛਿਪਿਆ ਹੁੰਦਾ। ਉਹ ਗੁਰੂ ਨਹੀਂ ਦਿੰਦਾ। ਇਸ ਕਰਕੇ ਨਹੀਂ ਦਿੰਦਾ ਬਈ ਇਹਨੇ ਰੋਣਾ ਫੇਰ, ਇਹਨੇ ਅਰਦਾਸਾਂ ਕਰਨੀਆਂ, ਫੇਰ, ਮੇਰੇ ਕੋਲ ਹੀ ਆਉਣਾ ਇਹਨੇ। ਇਹਨੂੰ ਦੇਉ ਹੀ ਨਾ ਬੱਸ। ਇਹ ਇਸ ਵਸਤੂ ਦੇ ਲਾਇਕ ਨਹੀਂ ਹੈ। ਉਹ ਜੁੰਮੇਵਾਰੀ ਗੁਰੂ ਦੀ ਹੈ। ਸੋ ਇਸ ਤਰ੍ਹਾਂ ਨਾਮ ਦੇ ਵਿਚ ਜਿਹੜੀਆਂ ਰੁਕਾਵਟਾਂ ਨੇ, ਇਕ ਨਹੀਂ ਹੈ ਕਈ ਨੇ। ਅਸੀਂ ਤੇ ਸਿੱਧਾ ਹੀ ਕਹਿ ਦੇਣੇ ਸਾਡਾ ਮਨ ਨਹੀਂ ਲੱਗਦਾ। ਕੋਈ ਗੱਲ ਹੋਣੀ ਹੈ, ਕੋਈ ਰੁਕਾਵਟ ਹੋਣੀ ਹੈ ਤਦੇ ਨਹੀਂ ਨਾ ਲਗਦਾ। ਰੱਬ ਤਾਂ ਸਾਡੇ ਉਲਟ ਹੈ ਨਹੀਂ, ਬਈ ਮਨ ਭਜਾਈ ਫਿਰਦੈ। ਮਨ ਲਾਉਣ ਵਾਸਤੇ, ਸਿਮਰਨ ਕਰਨ ਵਾਸਤੇ ਸਾਨੂੰ ਮਨੁੱਖਾ ਜਨਮ ਮਿਲਿਆ। ਕੋਈ 'ਨਾ'

ਕੋਈ ਗਲਤੀ ਹੋਏਗੀ ਤਦੇ ਹੀ ਨਹੀਂ ਲਗਦਾ, ਤਦੇ ਹੀ ਨਹੀਂ ਆਪੇ ਵਾਹਿਗੁਰੂ ਵਾਹਿਗੁਰੂ ਹੁੰਦਾ। ਕੋਈ ਨਾ ਕੋਈ ਤਾਂ ਵਿਚ ਰੁਕਾਵਟ ਹੋਏਗੀ। ਸੋ ਇਹ ਸ਼ੁਧ ਕਮਾਈ ਹੈ। ਸੋ ਸ਼ਰਧਾ ਹੋਵੇ ਗੁਰੂ ਮਹਾਰਾਜ ਤੇ। ਜੋ ਮਹਾਰਾਜ ਦਿੰਦੇ ਨੇ, ਸਤਿ ਬਚਨ, ਨਹੀਂ ਦੇ ਰਹੇ ਤਾਂ ਵੀ ਸਤਿ ਬਚਨ। ਹੁਕਮ ਹੈ ਮਹਾਰਾਜ ਤੁਹਾਡਾ ਜਿਵੇਂ

*ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥*

(ਅੰਗ ੧੧੯੪)

ਜੋ ਕੁਝ ਵੀ ਹੈ ਉਹ ਮਹਾਰਾਜ ਦੀ ਰਜ਼ਾ ਵਿਚ ਰਾਜ਼ੀ ਰਹਿਣਾ।

ਫੇਰ ਹੁੰਦੀ ਹੈ ਨਿਮਰਤਾ। ਜਦੋਂ ਆਪਣਾ ਹੈ ਹੀ ਕੱਖ ਨਹੀਂ, ਆਕੜ ਕਾਹਦੀ ਦਸੋ। ਕੁਝ ਵੀ ਨਹੀਂ ਹੈ ਆਪਣਾ। ਹੈ ਈ ਸਾਰਾ ਮਹਾਰਾਜ ਦਾ। ਫੇਰ ਹੁੰਦੀ ਹੈ ਇਕਾਗਰਤਾ। ਜਿਹੜਾ ਮਨ ਇਧਰ ਉਧਰ, ਡਾਵਾਂਡੋਲ, ਇਧਰ ਉਧਰ। ਕਈ ਕਿਸਮ ਦੀਆਂ ਗੱਲਾਂ ਸੁਣਕੇ ਡੋਲਦਾ ਫਿਰਦਾ ਉਹਨੂੰ ਥਿਰ ਰਖਣਾ, ਟਿੱਕਾ ਕੇ ਰੱਖਣਾ, ਮਹਾਰਾਜ ਦੇ ਚਰਨਾਂ 'ਚ ਲਾਈ ਰਖਣਾ। **ਮਨ ਲੋਚੇ ਬੁਰਿਆਈਆਂ** ਇਹਦਾ ਸੁਭਾ ਹੈ, ਜਿਵੇਂ ਬਾਂਦਰ ਟੱਪਦਾ ਹੀ ਰਹਿੰਦਾ, ਪਿੱਪਲ ਦਾ ਉੱਤਲਾ ਪਤਾ ਹਿਲਦਾ ਹੀ ਰਹਿੰਦਾ, ਥੰਮ ਨਾਲ ਬੱਧਾ ਬਾਂਦਰ ਨੱਚਦਾ ਹੀ ਰਹਿੰਦਾ, ਆਹ ਹੀ ਹਿਸਾਬ ਮਨ ਦਾ

*ਮਨ ਲੋਚੈ ਬੁਰਿਆਈਆਂ ਗੁਰਸ਼ਬਦੀ ਇਹ ਮਨ ਹੋੜੀਐ॥*

ਜਦੋਂ ਹੀ ਇਧਰ ਉਧਰ ਦਾ ਫੁਰਨਾ ਆਏ ਇਹਨੂੰ ਫੇਰ ਸ਼ਬਦ ਨਾਲ ਜੋੜੋ ਇਹਨੂੰ ਫੇਰ ਸ਼ਬਦ ਨਾਲ ਜੋੜੋ। ਇਸ ਤਰ੍ਹਾਂ ਇਹਦੇ ਵਿਚ ਦੋ ਕਿਸਮ ਦੇ ਲੋਕ ਹੁੰਦੇ ਨੇ। ਇਕ ਤਾਂ ਉਹ ਹੁੰਦੇ ਨੇ ਜਿਹੜੇ ਗੱਲਾਂਬਾਤਾਂ, ਮਾੜੀਆਂ ਮੋਟੀਆਂ, ਇਧਰ ਉਧਰ ਦੀਆਂ ਸੁਣ ਕੇ ਉਹ ਡਿੱਗ ਜਾਂਦੇ ਨੇ। ਜੀਵਨ ਡਿੱਗ ਜਾਂਦਾ ਉਨ੍ਹਾਂ ਦਾ। ਦੂਸਰੇ ਉਹ ਹੁੰਦੇ ਨੇ ਜਦੋਂ ਕੋਈ ਇਹੋ ਜਿਹਾ ਸਬੱਬ, ਉਨ੍ਹਾਂ ਦੇ ਅੰਦਰ ਨ ਸੰਸਕਾਰ ਪਏ ਹੁੰਦੇ ਨੇ। ਉਹ ਜਦੋਂ ਸਮਾਂ ਆਉਂਦਾ ਨ ਉਦੋਂ ਡੋਲ ਜਾਂਦੇ ਨੇ। ਤੀਸਰੇ ਹੁੰਦੇ ਨੇ ਬੰਦਗੀ ਵਾਲੇ। ਉਹ ਨਹੀਂ ਡੋਲਦੇ

*ਬਾਣੀ ਪ੍ਰਭ ਕੀ ਸਭੁ ਕੋ ਬੋਲੈ॥ ਆਪਿ ਅਡੋਲੁ ਨ ਕਬਹੂ ਡੋਲੈ॥*

(ਅੰਗ ੨੯੪)

ਸੰਸਕਾਰ ਪਏ ਨੇ। ਫਰਜ਼ ਕਰ ਲੋ ਕੋਈ ਬੰਦਾ, ਉਹਨੇ ਚੋਰੀ ਛੱਡ ਦਿੱਤੀ। ਦੋ ਸਾਲ ਲੰਘ ਗਏ। ਚਾਰ ਲੰਘ ਗਏ। ਇਹਨੈ ਦੇਖਿਆ ਬਈ ਜੰਗਲ ਦਾ ਰਸਤਾ। ਛੋਟਾ ਜਿਹਾ ਬੱਚਾ। ਘਰ ਵਿਚ ਸੋਨਾ ਪਿਆ। ਉਹਨੇ ਜਾਂਦਿਆਂ ਜਾਂਦਿਆਂ ਚੁੱਕ ਲਿਆ। ਉਹ ਸੰਸਕਾਰ ਚੋਰੀ ਦਾ ਅੰਦਰ ਪਿਆ। ਉਹਦੀ ਜੜ੍ਹ ਨਹੀਂ ਵੱਢੀ ਗਈ। ਉਹਨੇ ਨਾਮ ਹੀ ਨਹੀਂ ਇਨ੍ਹਾਂ ਜਪਿਆ। ਸਿਮਰਨ ਅਗਰ ਪੂਰਾ ਨਹੀਂ ਹੋਇਆ।

ਸੋ ਇਨ੍ਹਾਂ ਸਾਰਿਆਂ ਤੋਂ ਉਪਰ ਹੁੰਦੀਆਂ ਨੇ ਪੁਗੀਆਂ ਹੋਈਆਂ ਰੂਹਾਂ। ਉਹ ਦਰਗਾਹ 'ਚੋਂ ਆਉਂਦੀਆਂ, ਨਾਂ ਉਹ ਜੂਨਾਂ 'ਚੋਂ ਆਉਂਦੀਆਂ ਨੇ, ਨਾਂ ਉਹ ਸਵਰਗ ਚੋਂ ਆਉਂਦੀਆਂ ਨੇ। ਸਵਰਗ ਵਾਲੇ ਵੀ ਡਿੱਗ ਜਾਂਦੇ ਨੇ। ਜਿਹੜੇ ਸਵਰੰਗ ਚੋਂ ਆ ਕੇ ਇਥੇ ਸਾਧੂ, ਸੰਤ ਬਣ ਜਾਂਦੇ ਨੇ ਨਾਂ, ਉਹ ਇੰਦਰ ਵਾਲਾ ਹੀ ਕੰਮ ਕਰਦੇ ਹੁੰਦੇ ਨੇ, ਜਿਹੜਾ ਇੰਦਰ ਨੇ ਕੀਤਾ ਸੀ। ਸੁਣੀ ਹੋਣੀਆਂ ਸਾਖੀ *"ਗੌਤਮ ਨਾਰ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ"* (ਵਾਰ ੧੦/ਪਉੜੀ ੧੮) ਸਵਰਗ ਚੋਂ ਆਏ ਹੁੰਦੇ ਨੇ। ਪੈਸਾ ਧੇਲਾ ਬਥੇਰਾ ਹੁੰਦਾ। ਕੰਮ ਉਹਦੇ ਇੰਦਰ ਵਰਗੇ ਹੀ ਹੁੰਦੇ ਨੇ। ਉਹ ਡਿੱਗ ਜਾਂਦੇ ਨੇ ਸਵਰਗ ਚੋਂ ਆਏ। ਇਨ੍ਹਾਂ ਤੋਂ ਉਪਰ ਹੁੰਦੇ ਨੇ। ਦਰਗਾਹ ਚੋਂ ਆਉਂਦੀਆਂ ਨੇ। ਉਨ੍ਹਾਂ ਦੀ ਸਾਰੀ ਜ਼ਿੰਦਗੀ ਵਿਚ ਆਖਰੀ ਸੁਆਸਾਂ ਤੱਕ ਜੀਵਨ ਵਿਚ ਇਕ ਵੀ ਸ਼ਿਕਾਇਤ ਨਹੀਂ ਹੁੰਦੀ। ਕਿਉਂ ਨਹੀਂ ਹੁੰਦੀ। ਉਹ ਹੁੰਦੀਆਂ ਈ ਨੇ ਪੁਗੀਆਂ ਹੋਈ ਰੂਹਾਂ ਨੇ

*ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰ॥*
*ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ॥*

(ਅੰਗ ੯੨੯)

ਉਹ ਰੱਬ ਦੇ ਭੇਜੇ ਹੋਏ ਆਉਂਦੇ ਨੇ ਤੇ ਰੱਬ ਦੇ ਬੁਲਾਏ ਹੋਏ ਗੁਰਮੁਖ ਚਲੇ ਜਾਂਦੇ ਨੇ। ਸੰਸਾਰ ਦੇ ਭਲੇ ਵਾਸਤੇ ਉਨ੍ਹਾਂ ਦਾ ਆਉਣਾ ਹੁੰਦਾ ਉਹ ਵਿਰਲੇ ਵਿਰਲੇ ਹੁੰਦੇ ਨੇ।

ਧਾਰਨਾ – ਜੀਵ ਬੱਧੇ ਹੋਏ ਕਰਮਾਂ ਦੇ ਇੱਥੇ ਆਉਂਦੇ ਨੇ,
ਸਾਧੂ ਭੇਜੇ ਆਪ ਰੱਬ ਨੇ...........2

*ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ॥*
*ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ॥*

(ਅੰਗ ੯੨੯)

ਉਨ੍ਹਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ, ਜਿਹੜੇ ਪੂਰੇ ਹੁੰਦੇ ਨੇ। ਦਰਗਾਹ ਵਿਚੋਂ ਆਉਂਦੇ ਨੇ, ਦਰਗਾਹ ਵਿਚ ਚਲੇ ਜਾਂਦੇ ਨੇ। ਬਾਕੀ ਜਿਹੜੇ ਹੁੰਦੇ ਨੇ ਸਵਰਗ ਵਿਚੋਂ ਆਉਂਦੇ ਨੇ ਬੜਾ ਉਨ੍ਹਾਂ ਦਾ ਹਿਸਾਬ, ਕਿਤਾਬ ਜਿਵੇਂ ਇੰਦਰ ਕੋਲ ਸੋਨਾ, ਚਾਂਦੀ ਹੋਰ ਬਹੁਤ ਕੁਝ ਲਹਿਰਾਂ, ਬਹਿਰਾਂ ਬਥੇਰੀਆਂ ਹੁੰਦੀਆਂ ਨੇ, ਉਹ ਇੰਦਰ ਵਾਲੇ ਕੰਮ ਕਰਦੇ ਨੇ, ਇਕ ਬ੍ਰਹਮ ਲੋਕ ਵਿਚੋਂ ਆਉਂਦੇ ਨੇ ਉਹ ਬ੍ਰਹਮਾ ਵਾਲੇ ਕੰਮ ਕਰਦੇ ਨੇ। ਉਸ ਤੋਂ ਪਰੇ ਸ਼ਿਵ ਲੋਕ ਵਿਚੋਂ ਰੂਹਾਂ ਆਉਂਦੀਆਂ ਨੇ, ਉਹੋ ਜਿਹੇ ਕੰਮ ਕਰਦੇ ਨੇ ਤਮੋ ਗੁਣੀ। ਵਿਸ਼ਨੂੰ ਦੇ ਮੰਡਲ ਵਿਚੋਂ ਆਉਂਦੇ ਨੇ, ਰਾਮ ਜੀ ਆਏ, ਕ੍ਰਿਸ਼ਨ

ਜੀ ਆਏ। ਇਨ੍ਹਾਂ ਨੂੰ ਵਿਸ਼ਨੂੰ ਜੀ ਦਾ ਹੀ ਅਵਤਾਰ ਮੰਨਦੇ ਨੇ। ਸੋ ਇਸ ਤਰ੍ਹਾਂ ਬਾਕੀ ਹੁੰਦੇ ਨੇ ਕੁਝ ਰੂਹਾਂ ਜਿਹੜੀਆਂ ਨ, ਉਹ ਮਹਾਰਾਜ ਆਪ ਘਲਦੇ ਨੇ ਕਹਿੰਦੇ ਜਾਉ, ਉਹ ਰੱਬ ਦੇ ਪੁੱਤਰ ਮੰਨੇ ਜਾਂਦੇ ਨੇ। ਰੱਬ ਦੇ ਪਿਆਰੇ ਭਗਤ ਮੰਨੇ ਜਾਂਦੇ ਨੇ। ਕਿਉਂਕਿ ਬੜੇ ਉੱਚੇ ਜੀਵਨ ਦੇ ਉਹ ਹੁੰਦੇ ਨੇ। ਉਨ੍ਹਾਂ ਨੂੰ ਬੁਰਾ ਸੁਪਨਾ ਵੀ ਨਹੀਂ ਆਉਂਦਾ। ਕੰਮ ਤਾਂ ਬੁਰਾ ਕਰਦੇ ਹੀ ਨਹੀਂ, *"ਬ੍ਰਹਮ ਗਿਆਨੀ ਤੇ ਕਛੁ ਬੁਰਾ ਨਾ ਭਇਆ॥"* ਸੁਪਨਾ ਵੀ ਮਾੜਾ ਨਹੀਂ ਆਉਂਦਾ ਉਨ੍ਹਾਂ ਨੂੰ। ਐਸੀਆਂ ਐਸੀਆਂ ਹੁੰਦੀਆਂ। ਆਪ ਤਰੇ ਹੁੰਦੇ ਨੇ। ਲੱਖਾਂ, ਕਰੋੜਾਂ, ਅਰਬਾਂ, ਖਰਬਾਂ ਪਵਿੱਤਰ ਰੂਹਾਂ ਦੁਨੀਆਂ ਨੂੰ ਹੋਰ ਵੀ ਜੰਜਾਲਾਂ ਵਿਚੋਂ ਕੱਢ ਕੇ ਲੈ ਜਾਂਦੇ ਨੇ। ਇਹ ਨਹੀਂ ਬਈ ਥੋੜ੍ਹੇ ਜਿਹੇ, ਪਤਾ ਨਹੀਂ ਕਿੰਨਿਆਂ 'ਕੁ' ਦਾ ਭਲਾ ਹੁੰਦਾ। ਸੋ ਇਸ ਤਰ੍ਹਾਂ ਆਪਾਂ ਵਿਚਾਰ ਕਰ ਰਹੇ ਸੀ ਇਹ ਜਿਹੜੀ ਨਾਮ ਵਿਚ ਰੁਕਾਵਟ ਹੈ 'ਨ' ਬੜੀਆਂ ਜਬਰਦਸਤ ਨੇ। ਛੋਟੀਆਂ ਨਹੀਂ ਹੈ। ਉਹ ਜਿਹੜੀਆਂ ਆਪਾਂ ਦਸ ਰਹੇ ਸੀ ਈਰਖਾ ਹੋਰ ਇਹੋ ਜਿਹਾ ਕੁਝ, ਬਹੁਤ ਕੁਝ, ਫਿਰ ਸ਼ੁਧ ਕਮਾਈ ਹੋਵੇ - ਇਨ੍ਹਾਂ ਤੋਂ ਉਪਰ ਇਕ ਹੁੰਦਾ ਉਹ ਹੁੰਦੀਆਂ ਬੋਲਣ ਨਾਲ ਰੁਕਾਵਟ ਪੈ ਜਾਂਦੀ ਹੈ। ਨਾਮ ਵਿਚ ਵੀ ਤੇ ਜੀਵਨ ਵਿਚ ਵੀ। ਬੋਲਣ ਵਾਲੇ ਵੀ ਕਾਫੀ ਕਿਸਮ ਦੇ ਹੁੰਦੇ ਹਨ। ਇਕ ਤਾਂ ਕਹਾਣੀਆਂ ਜਿਹੀਆਂ ਸੁਣ ਕੇ ਡਿੱਗ ਜਾਂਦੇ ਨੇ। ਥੋੜ੍ਹਾ ਹੋਰ ਉਪਰ ਹੁੰਦੇ ਨੇ ਕੁਝ ਦੇਖ ਕੇ ਡਿੱਗ ਜਾਂਦੇ ਨੇ ਪ੍ਰਤੱਖ। ਉਨ੍ਹਾਂ ਦੀ ਚੰਮ ਦ੍ਰਿਸ਼ਟੀ ਹੁੰਦੀ ਹੈ। ਮਾਇਆ ਦ੍ਰਿਸ਼ਟੀ ਹੁੰਦੀ ਹੈ। ਉਹ ਵੀ ਡਿੱਗ ਜਾਂਦੇ ਨੇ। ਇਕ ਇਨ੍ਹਾਂ ਤੋਂ ਉਪਰ ਹੁੰਦੇ ਨੇ ਮਹਾਂਪੁਰਸ਼। ਜਿਵੇਂ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਹੋਏ ਨੇ ਉਪਰਲੇ ਮਹਾਂਪੁਰਸ਼ ਰਾੜਾ ਸਾਹਿਬ ਦੀ ਸੰਸਥਾ ਵਿਚ। ਉਮਰ ਕੇਵਲ ੨੦-੨੨ ਸਾਲ ਹੈ। ਛੋਟੀ-ਛੋਟੀ ਦਾੜੀ ਹੈ। ਬਹੁਤ ਸੋਹਣਾ ਜੋੜਾ ਪਾਇਆ ਹੋਇਆ ਹੈ ਚਰਨਾਂ ਵਿਚ। ਕਪੜੇ ਵੀ ਬੜੇ ਵਧੀਆ ਨੇ। ਉਨ੍ਹਾਂ ਨਾਲ ਇਕ ਹੋਰ ਹੈ। ਸ਼ਹਿਰ ਦੇ ਵਿਚੋਂ ਦੀ ਜਾ ਰਹੇ ਨੇ। ਜਾਂਦੇ ਜਾਂਦੇ ਇਕ ਦਮ ਰੁੱਕ ਗਏ। ਚੁਬਾਰਾ ਸੀ ਉਪਰ ਚੜ੍ਹ ਗਏ। ਉਸ ਚੁਬਾਰੇ ਦੇ ਵਿਚ ਇਕ ਬੀਬੀ ਆਰਾਮ ਕਰ ਰਹੀ ਸੀ। ਉਹਨੇ ਦੇਖਿਆ ਬਈ ਖੜਕਾ ਹੋਇਆ, ਕੋਈ ਆਇਆ ਹੈ। ਇਕਦਮ ਉਠੀ। ਉਹ ਕੋਈ ਵੇਸਵਾ ਸੀ। ਇਹੋ ਜਿਹੇ ਉਹਦੇ ਖਿਆਲ। ਸੰਤਾਂ ਨੇ ਇਕ ਦ੍ਰਿਸ਼ਟੀ ਕਰਕੇ ਉਹਦੇ ਵਲ ਦੇਖਿਆ। ਕਹਿਣ ਲੱਗੇ ਬੇਟਾ ਨਾਮ ਜਪਿਆ ਕਰ। ਹੋਰ ਕੁਝ ਵੀ ਨਹੀਂ ਕਿਹਾ। ਉਹ ਦਾੜ ਕਰਦੀ ਚਰਨਾਂ ਤੇ ਪੈ ਗਈ। ਰੋਈ ਜਾਵੇ, ਰੋਈ ਜਾਵੇ। ਨਾਲ ਦਾ ਕਹਿੰਦਾ ਬਾਬਾ ਜੀ ਇਹਨੂੰ ਚੁੱਪ ਕਰਾਉ। ਕਹਿੰਦੇ ਨੇ ਮੈਲ ਨਿਕਲ ਰਹੀ ਹੈ, ਇਹਨੂੰ ਰੋ ਲੈਣ ਦਿਉ। ਉਹਨੇ ਵਾਹਵਾ ਰੋ ਲਿਆ। ਖੂੰਡੀ ਹੱਥ ਵਿਚ ਰੱਖਦੇ ਸੀ। ਉਹ ਸਿਰ ਤੇ ਲਾਈ, ਕਹਿੰਦੇ ਬੇਟਾ ਅੰਮ੍ਰਿਤ ਛੱਕ ਲਈਂ, ਨਾਮ ਜਪਿਆ ਕਰ। ਆਹ ਸਾਰਾ ਸ਼ਹਿਰ ਤੇਰੇ ਜੁੰਮੇ ਲਾ ਕੇ ਜਾ ਰਹੇ ਹਾਂ। ਸਾਰਿਆਂ ਨੂੰ ਚੰਗੀ ਸਿੱਖਿਆ ਦੇਣੀ ਹੈ। ਏਡੀ ਗਿਰੀ ਹੋਈ ਰੂਹ ਨੂੰ, ਏਡੇ

ਏਡੇ ਬਚਨ, ਏਨਾ ਉੱਚਾ ਚੁਕਿਆ। ਕਮਾਈਆਂ ਨੇ ਨਾਂ ਉਨ੍ਹਾਂ ਦੀਆਂ। ਉਹ ਕਹਿਣ ਲੱਗੀ ਬਾਬਾ ਜੀ ਮੈਂ ਤਾਂ ਆਪ ਗਰਕੀ ਪਈ ਹਾਂ। ਕਹਿੰਦੇ ਨਾ-ਨਾ-ਨਾ। ਜੀਵਨ ਗੁਰਮੁਖਾਂ ਵਾਲਾ ਹੋ ਜਾਏਗਾ। ਅਸੀਂ ਹੁਣ ਚਲੇ ਹਾਂ। ਉਹ ਚੁਬਾਰੇ 'ਚੋਂ ਉੱਤਰੇ ਚਲੇ ਗਏ। ਉਹਨੇ ਭੇਟਾ ਲਈ ਥਾਲ ਦੇ ਵਿਚ ਕੁਝ ਪੈਸੇ ਪਾਏ। ਉਹ ਅਗਲੇ ਮੋੜ ਤੇ ਉਹ ਉਦੋਂ ਅਗਲੇ ਮੋੜ ਤੇ। ਸੰਤ ਮਹਾਰਾਜ ਜੀ ਤੁਰਦੇ ਬੜੇ ਤੇਜ਼ ਹੁੰਦੇ ਸੀ, ਆਪਣੀ ਮੌਜ ਵਿਚ। ਉਹ ਹੋਰ ਦੌੜ ਦੌੜ ਕੇ ਰਲ ਪਈ। ਕਹਿੰਦੇ ਕੀ ਗੱਲ ਹੈ ਬੀਬੀ ਪਿੱਛੇ ਭੱਜੀ ਆਉਂਦੀ ਹੈ। ਕਹਿੰਦੀ ਮਹਾਰਾਜ ਜੀ ਆਹ ਭੇਟਾ ਲੈ ਲਉ। ਕਹਿੰਦੇ ਨਾਂਹ, ਪਾਪ ਦੀ ਕਮਾਈ ਹੈ। ਜਦੋਂ ਤੁਸੀਂ ਗੁਰਮੁੱਖ ਬਣਕੇ ਨਾਮ ਜਪੋਗੇ ਨ, ਫਿਰ ਲੈ ਲਵਾਂਗੇ। ਫਿਰ ਛੱਕ ਲਵਾਂਗੇ ਥੋੜ੍ਹਾ ਬਹੁਤ। ਅੱਜੇ ਨਹੀਂ। ਉਹਨੇ ਅੰਮ੍ਰਿਤ ਛੱਕ ਲਿਆ, ਨਾਮ ਜਪਣ ਲੱਗ ਗਈ, ਬੰਦਗੀ ਕਰਨ ਲੱਗ ਗਈ। ਇਨ੍ਹਾਂ ਉੱਚਾ ਉਹਦਾ ਜੀਵਨ ਹੋਇਆ ਸਾਰੇ ਸ਼ਹਿਰ ਵਾਲੇ, ਪਾਕਿਸਤਾਨ ਵਿਚ ਰਹਿ ਗਿਆ ਉਹ ਸ਼ਹਿਰ। ਲੋਕੀ ਮਾਤਾ ਜੀ ਉਹਨੂੰ ਕਹਿੰਦੇ ਹੁੰਦੇ। ਉਹਦੇ ਹੱਥਾਂ 'ਚੋਂ ਸ਼ਕਤੀਆਂ ਨਿਕਲਦੀਆਂ ਹੁੰਦੀਆਂ। ਇੰਨੀਆਂ ਬਰਕਤਾਂ ਵਾਲੀ ਉਹ ਹੋਈ। ਜੇ ਕੋਈ ਹੁੰਦਾ ਹੋਰ ਚੁਬਾਰੇ ਜੋਗਾ ਹੀ ਰਹਿ ਜਾਣਾ ਸੀ। ਸੋ ਜਿਹੜੇ ਪੂਰਨ ਮਹਾਂਪੁਰਸ਼ ਹੁੰਦੇ ਨੇ, ਬੰਦਗੀ ਵਾਲੇ ਹੁੰਦੇ ਨੇ, ਬ੍ਰਹਮ ਗਿਆਨੀ ਹੁੰਦੇ ਨੇ, ਉਨ੍ਹਾਂ ਦੀਆਂ ਗੱਲਾਂ ਹੋਰ ਹੁੰਦੀਆਂ ਹਨ। ਸੋ ਇਸ ਕਰਕੇ ਵਿਚਾਰ ਹੋ ਰਹੀ ਸੀ ਨਾਮ ਦੇ ਵਿਚ ਰੁਕਾਵਟ ਬੋਲਣ ਕਰਕੇ ਕਿਵੇਂ ਪੈਂਦੀ ਤੇ ਜੀਵਨ ਵਿਚ ਕਿਵੇਂ ਪੈਂਦੀ ਹੈ।

ਦਸਵੇਂ ਮਹਾਰਾਜ ਜੀ ਦਾ ਗੁਰੂ ਕਾ ਦਰਬਾਰ ਸਜਿਆ ਹੋਇਆ ਹੈ। ਹਜ਼ਾਰਾਂ ਸੰਗਤਾਂ ਆ ਰਹੀਆਂ ਨੇ, ਮੱਥਾ ਟੇਕੀ ਜਾਂਦੀਆਂ ਨੇ, ਮਾਈਆਂ, ਭਾਈ, ਬੱਚੇ, ਬਜ਼ੁਰਗ ਬੈਠੀ ਜਾਂਦੇ ਨੇ। ਕਥਾਂ, ਵਿਚਾਰਾਂ, ਗੁਰੂ ਮਹਾਰਾਜ ਨੇ ਸਿੰਘ ਲਾਏ ਹੋਏ ਨੇ ਬਈ ਕਥਾ ਸੁਣਾਉ ਉਹ ਸੁਣਾ ਰਹੇ ਨੇ। ਮਹਾਰਾਜ ਕੋਲ ਬੈਠੇ ਨੇ। ਕੀਰਤਨ ਕਥਾ ਹੋ ਰਹੀ ਹੈ। ਬਾਣੀ ਪੜੀ ਜਾ ਰਹੀ ਹੈ। ਬਹੁਤ ਦੂਰ ਸਾਰੇ, ਜੋੜਿਆਂ ਤੋਂ ਪਿੱਛੇ ਪਿੱਛੇ ਇਕ ਕੋਈ ਰਿੱਛ ਵਾਲਾ ਲੰਘਦਾ ਜਾ ਰਿਹਾ। ਮਹਾਰਾਜ ਕਹਿੰਦੇ, ਭਾਈ ਜ਼ਾਲਮ ਸਿੰਘ ਉਹ ਰਿੱਛ ਵਾਲੇ ਨੂੰ ਲਿਆ ਬੁਲਾ ਕੇ। ਕੀਰਤਨ ਵਾਲੇ ਨੂੰ ਕਹਿੰਦੇ ਕੀਰਤਨ ਬੰਦ ਕਰੋ। ਉਨ੍ਹਾਂ ਮਹਾਰਾਜ ਨੂੰ ਮੱਥਾ ਟੇਕ ਦਿੱਤਾ। ਉਹ ਰਿੱਛ ਵਾਲੇ ਨੂੰ ਲਿਆਂਦਾ। ਉਹਨੇ ਨਮਸ਼ਕਾਰ ਕੀਤੀ। ਗਰੀਬ ਨਿਵਾਜ ਹੁਕਮ। ਕਹਿੰਦੇ ਰਿੱਛ ਨਚਾਈ ਫਿਰਦਾ। ਕਹਿੰਦਾ ਹਾਂ ਮਹਾਰਾਜ। ਸੱਚੇ ਪਾਤਿਸ਼ਾਹ ਜੇ ਹੁਕਮ ਹੋਵੇ ਤਾਂ ਇਥੇ ਵੀ ਮੈਂ ਕੁਝ ਦਿਖਾਵਾਂ। ਮਹਾਰਾਜ ਜੀ ਕਹਿੰਦੇ ਸਾਧ ਸੰਗਤ ਰਸਤਾ ਛਡਦੋ ਬਈ। ਇਹ ਰਿੱਛ ਨੂੰ ਹੁਣੇ ਦਿਖਾਏਗਾ, ਕਲੰਦਰ। ਉਹਨੂੰ ਨੱਥ ਪਾਈ ਹੋਈ ਸੀ। ਉਥੇ ਬੰਨ ਕੇ ਆਇਆ ਸੀ ਕਿੱਲੀ ਦੇ ਨਾਲ। ਉਹ ਲੈ ਆਇਆ ਖੋਲ੍ਹ ਕੇ ਮਹਾਰਾਜ ਦੇ ਨੇੜੇ। ਉਹਨੇ ਹੱਥ ਜੋੜ ਕੇ ਨਮਸ਼ਕਾਰ ਕੀਤੀ। ਗਰੀਬ ਨਿਵਾਜ਼ ਆਗਿਆ। ਮਹਾਰਾਜ

ਕਹਿੰਦੇ ਹਾਂ। ਕੁਸ਼ਤੀਆਂ ਦਿਖਾਉਣ ਲੱਗ ਗਿਆ। ਕਦੇ ਕਲੰਦਰ ਥੱਲੇ, ਕਦੇ ਰਿੱਛ ਥੱਲੇ। ਕਦੇ ਕਲੰਦਰ ਥੱਲੇ ਕਦੇ ਰਿੱਛ ਥੱਲੇ। ਤਾਂ ਜਿਵੇਂ ਪਹਿਲਵਾਨ ਕੁਸ਼ਤੀਆਂ ਲੜਦੇ ਨੇ। ਜੇ ਉਹ ਕਹੇ ਰਿੱਛਂ ਨੂੰ ਲੰਮਾ ਪੈ ਜਾ, ਉਹ ਪੈ ਜਾਏ। ਜੇ ਉਹ ਕਹੇ ਛਾਲ ਮਾਰ, ਉਹ ਮਾਰ ਦੇਵੇ। ਜੇ ਕਹੇ ਹੱਥ ਆਏ ਕਰ ਪਹਿਲਵਾਨਾਂ ਵਾਂਗ, ਉਹ ਆਏ ਕਰੇ। ਉਸੇ ਤਰ੍ਹਾਂ ਹੀ ਉਹ ਕਰੇ ਜਿਵੇਂ ਕਹੇ। ਸੰਗਤ ਹੱਸ ਹੱਸ ਕੇ ਦੋਹਰੀ ਹੋ ਜਾਏ। ਅੱਜ ਵਧੀਆ ਬਣਿਆ। ਨਿਆਣੇ ਇੰਨੇ ਖੁਸ਼ ਬਈ ਲੈ ਇਹੋ ਜਿਹਾ ਤਮਾਸ਼ਾ ਅਸੀਂ ਵੇਖ ਕੇ ਖੁਸ਼ ਹੁੰਦੇ ਆਂ। ਅੱਜ ਸੱਚੇ ਪਾਤਿਸ਼ਾਹ ਹੀ ਵਿਖਾ ਰਹੇ ਨੇ। ਨਿਆਣਿਆਂ ਦੇ ਵੇਖਣ ਅਤੇ ਸੱਚੇ ਪਾਤਿਸ਼ਾਹ ਦੇ ਵੇਖਣ ਵਿਚ ਫ਼ਰਕ ਬੜਾ। ਉਹ ਹੁਣ ਭਾਈ ਕੀਰਤੀਆ ਚੌਰ ਕਰਦਾ ਸੀ ਮਹਾਰਾਜ ਜੀ ਨੂੰ। ਉਹ ਵਾਹਵਾ ਹੀ ਜ਼ਿਆਦਾ ਖਿੜ ਖਿੜਾ ਕੇ ਹੱਸਿਆ। ਮਹਾਰਾਜ ਨੇ ਮਾੜਾ ਜਿਹਾ ਉਹਦੇ ਵੱਲ ਦੇਖਿਆ। ਕਹਿੰਦੇ ਭਾਈ ਗੁਰਮੁੱਖਾ ਤੂੰ ਨਾਂ ਹੱਸ। ਬਾਕੀ ਸਭ ਨੂੰ ਹੱਸਣ ਦੇ। ਉਹ ਕਹਿੰਦਾ ਮਹਾਰਾਜ ਮੈਂ ਕਿਉਂ ਨਾ ਹੱਸਾਂ? ਹੱਸਣ ਵਾਲੀ ਗੱਲ ਹੈ। ਦੇਖੋ ਕਿਵੇਂ ਛਾਲਾਂ ਮਾਰਦਾ। ਕਹਿੰਦੇ ਉਹ ਤਾਂ ਠੀਕ ਹੈ ਤੇਰਾ ਪਿਉ ਹੈ। ਇਹ ਜਿਹੜਾ ਰਿੱਛ ਹੈ ਤੇਰਾ ਪਿਤਾ। ਹੁਣ ਪਿਉ ਨੂੰ ਨਚਦਿਆਂ ਵੇਖ ਕੇ ਕਿਹੜਾ ਹੱਸੇਗਾ। ਹੱਸਣਾ ਬਣਦਾ ਹੀ ਨਹੀਂ। ਚੌਰ ਹੋ ਗਿਆ ਢਿੱਲਾ। ਕਹਿੰਦਾ ਮਹਾਰਾਜ, ਸੱਚੇ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਮੇਰੇ ਪਿਤਾ ਗੁਰੂ ਘਰ ਆਏ ਸੀ। ਬੜੀ ਸੇਵਾ ਕੀਤੀ, ਬੜਾ ਨਾਮ ਜਪਿਆ। ਜੂਨ ਮਿਲ ਗਈ ਰਿੱਛ ਦੀ। ਮੈਂ ਤੁਹਾਡੀ ਸੇਵਾ ਕਰਦਾ। ਮੈਨੂੰ ਲੱਗਦਾ ਮਰਨ ਤੋਂ ਬਾਦ ਬਾਂਦਰ ਹੀ ਬਣੂੰ। ਮਹਾਰਾਜ ਕਹਿੰਦੇ ਨਹੀਂ ਗੱਲ ਸਮਝੀ ਦੀ ਹੁੰਦੀ ਹੈ। ਐਵੇਂ ਨਹੀਂ ਹੈ। ਬਾਂਦਰ ਕਿਵੇਂ ਬਣੇਗਾ ਤੂੰ। ਨਹੀਂ ਬਣਦਾ। ਤੇਰੇ ਪਿਤਾ ਕੋਲੋਂ ਗਲਤੀ ਹੋ ਗਈ ਹੈ। ਉਹਦਾ ਫ਼ਲ ਮਿਲ ਰਿਹਾ ਇਹਨੂੰ। ਮਹਾਰਾਜ ਉਹ ਕੀ ਹੋ ਗਈ। ਕਹਿੰਦੇ ਦੇਖੋ, ਸਾਡੇ ਗੁਰੂ ਪਿਤਾ ਜੀ, ਗੁਰੂ ਤੇਗ ਬਹਾਦਰ ਜੀ, ਇੱਥੇ ਹੀ ਅਨੰਦਪੁਰ ਸਾਹਿਬ ਗੁਰੂ ਕਾ ਦਰਬਾਰ ਸਜਿਆ ਤੇ ਇਕ ਧੰਨਾ ਨਾਮ ਕਰਕੇ, ਉਹ ਗੱਡੇ ਤੇ ਲਈ ਜਾਂਦਾ ਰੂੰ ਤੇ ਗੁੜ। ਉਹਨੇ ਦੇਖਿਆ ਬਈ ਸੰਗਤ ਜੁੜੀ ਬੈਠੀ ਹੈ। ਨੇੜਿਉਂ ਲੰਘਦਾ ਜਾ ਰਿਹਾ। ਦੂਰੋਂ ਦਰਸ਼ਨ ਕੀਤੇ। ਇਕ ਰੋੜੀ ਇਹਨੇ ਹੱਥ ਵਿਚ ਲੈ ਲਈ, ਬਈ ਚਲੋ ਖਾਲੀ ਹੱਥ ਕੀ ਜਾਣਾ। ਮਹਾਰਾਜ ਨੂੰ ਕੁਝ ਨਾ ਕੁਝ ਤਾਂ ਭੇਟਾ ਕਰਨਾ ਹੀ ਚਾਹੀਦਾ। ਸ਼ਰਧਾ ਹੁੰਦੀ ਹੈ। ਤਾਂ ਉਹਨੇ ਮੱਥਾ ਟੇਕਿਆ ਗੁੜ ਦੀ ਰੋੜੀ ਰੱਖ ਕੇ। ਅਰਜ਼ ਕੀਤੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਜੀ ਨੂੰ, ਗੁਰੂ ਪਿਤਾ ਜੀ ਮੇਰੇ ਬੈਲ ਜਾ ਰਹੇ ਨੇ, ਮੈਨੂੰ ਹੁਣੇ ਹੀ ਛੁਟੀਆਂ ਬਖ਼ਸ਼ੋਂ ਮੈਂ ਜਾਣਾ। ਸਿਆਣੀ ਉਮਰ ਦਾ ਸੀ, ਕਿਥੇ ਦੌੜਦਾ ਰਹਾਂਗਾ। ਬੈਲ ਤੇ ਚਲੇ ਗਏ ਅੱਗੇ। ਮਹਾਰਾਜ ਕਹਿੰਦੇ ਸਿੱਖਾਂ ਪ੍ਰਸ਼ਾਦਿ ਲੈ ਕੇ ਜਾਈਂ ਵਰਤ ਰਿਹਾ। ਉਹ ਪ੍ਰਸ਼ਾਦਿ ਵਾਲੇ ਪਾਸੇ ਨੂੰ ਗਿਆ। ਤੇਰਾ ਪਿਤਾ ਪ੍ਰਸ਼ਾਦਿ ਵਰਤਾਉਂਦਾ ਸੀ ਸੋਭਾ ਰਾਮ। ਉਹ ਹੱਥ ਅੱਗੇ

ਕਰਕੇ ਕਹਿੰਦਾ ਗੁਰਮੁੱਖਾ, ਪ੍ਰਸ਼ਾਦਿ ਦੇ ਦੋ। ਉਹ ਮੇਰਾ ਗੱਡਾ ਜਾ ਰਿਹਾ। ਮੈਂ ਮਹਾਰਾਜ ਜੀ ਕੋਲੋਂ ਛੁੱਟੀ ਲੈ ਲਈ ਹੈ। ਉਹਨੇ ਨਹੀਂ ਦਿੱਤਾ। ਮਾੜਾ ਜਿਹਾ ਦੇਖਿਆ। ਅੱਗੇ ਫੇਰ, ਅੱਗੇ ਫੇਰ, ਵੰਡੀ ਜਾਏ ਹੋਰ ਹੋਰ। ਦੇਵੇ ਹੀ ਨਾ ਉਹਨੂੰ। ਤਿੰਨ ਚਾਰ ਵਾਰਾਂ ਹੋ ਗਈਆਂ, ਨਿਆਣਿਆਂ ਨੂੰ ਵੰਡਦਾ ਸੀ। ਕਿਸੇ ਬੱਚੇ ਦੇ ਹੱਥੋਂ ਕਣਕ ਦੇ ਦਾਣੇ ਜਿੰਨਾਂ ਥੱਲੇ ਡਿਗ ਪਿਆ। ਡਿਗ ਪੈਂਦਾ ਹੁੰਦਾ ਨਿਆਣਿਆਂ ਕੋਲੋਂ। ਉਹ ਉਹਨੇ ਚੁੱਕ ਲਿਆ। ਸਿਆਣੇ ਤਾਂ ਪ੍ਰਸ਼ਾਦਿ ਨਹੀਂ ਨਾ ਡਿਗਿਆ ਰਹਿਣ ਦੇਂਦੇ। ਡਿੱਗਿਆ ਵੀ ਚੁੱਕ ਕੇ ਮੂੰਹ ਵਿਚ ਪਾ ਲੈਂਦੇ ਹਨ। ਭਾਵੇਂ ਕਿੰਨਾ ਮਿਲ ਜੇ, ਕੋਈ ਰਜਣਾ ਥੋੜ੍ਹੀ ਹੁੰਦਾ। ਪ੍ਰਸ਼ਾਦਿ ਤਾਂ ਪ੍ਰਸ਼ਾਦਿ ਹੀ ਹੈ। ਜਦ ਉਸਨੇ ਛਕਿਆ, ਉਹ ਦੇ ਨਹੀਂ ਰਿਹਾ ਸੀ। ਉਹ ਕਹਿੰਦਾ ਰਿੱਛ ਵਾਂਗ ਉਤੇ ਹੀ ਚੜ੍ਹਦਾ ਆਉਂਦਾ ਆਪਣਾ ਮੂੰਹ ਤਾਂ ਵੇਖ। ਲਿਬੜਿਆ ਸੀ ਵਿਚਾਰਾ ਘਟੇ ਨਾਲ। ਇਹ ਥੋੜ੍ਹੀ ਬਈ ਕਿਸੇ ਤੇ ਘਟਾ ਮਿੱਟੀ ਪਿਆ ਤੇ ਉਹ ਗੰਦਾ ਹੋ ਗਿਆ। ਨਾ! ਗੰਦਾ ਤਾਂ ਮਨ ਹੁੰਦਾ ਸਾਧ ਸੰਗਤ। ਬਾਕੀ ਨਹੀਂ ਹੁੰਦਾ ਭਾਵੇਂ ਕੋਈ ਸਿੱਖ ਕਿਹੋ ਜਿਹਾ ਵੀ ਹੋਵੇ। ਜਿਹੋ ਜਿਹੀ ਕ੍ਰਿਤ ਵਿਚੋਂ ਆਇਆ, ਉਹੋ ਜਿਹਾ ਹੀ ਵਿਚਾਰੇ ਤੇ ਘਟਾ ਪਿਆ ਸੀ। ਕਿਹੜਾ ਉਹ ਘਰੋਂ ਨਹਾ ਕੇ ਆਇਆ ਸੀ ਸਿੱਧਾ। ਉਹ ਕਣਕ ਦੇ ਦਾਣੇ ਜਿੰਨਾ ਭਾਈ ਧੰਨਾ ਜੀ ਨੇ ਮੁੱਖ ਵਿਚ ਪਾ ਲਿਆ, ਉਹ ਕਹਿੰਦਾ ਰਿੱਛ ਤੂੰ ਹੋਵੇਂਗਾ, ਮੈਂ ਨਹੀਂ ਹੋਵਾਂਗਾ। ਕਿਉਂ? ਕਹਿੰਦਾ ਬੋਲਣ ਦੀ ਅਕਲ ਨਹੀਂ, ਨਾਲੇ ਤੂੰ ਗੁਰੂ ਘਰ ਰਹਿੰਦਾ ਹੈ। ਉਹ ਤਾਂ ਚਲਾ ਗਿਆ। ਦੇਖੋ, ਜਦੋਂ ਉਹਨੇ ਕਿਹਾ, ਮਹਾਰਾਜ ਕਹਿੰਦੇ ਫੇਰ ਤੇਰਾ ਪਿਤਾ ਮਰਨ ਤੋਂ ਬਾਅਦ ਰਿੱਛ ਬਣਿਆ। ਹੈਗੀ ਨ ਰੁਕਾਵਟ ਨਾਮ ਜਪਣ ਵਿਚ ਗਲਤ ਬੋਲਣ ਕਰਕੇ। ਸਾਡਾ ਨਾਮ ਨਹੀਂ ਚਲਦਾ ਜੀ, ਉਹ ਕਈ ਗੱਲਾਂ ਹੁੰਦੀਆਂ ਨੇ। ਪਾਣੀ ਹੈ, ਖਾਲ ਵਿਚ ਤੁਰਿਆ ਜਾ ਰਿਹਾ। ਉਹ ਰਾਹ ਵਿਚ ਹੀ ਰੁੜੀ ਜਾ ਰਿਹਾ, ਪਹਿਲਾਂ ਜਾਂਦਾ ਹੁੰਦਾ ਸੀ ਪੈਲੀ ਵਿਚ। ਰਾਹ ਵਿਚ ਮਿੱਟੀ ਪੈ ਗਈ ਹੋਣੀ ਹੈ। ਪੂਰਿਆਂ ਗਿਆ ਹੋਣਾ। ਕੁਝ ਨ ਕੁਝ ਤਾਂ ਗੱਲ ਹੋਣੀ ਹੈ ਨ। ਉਹ ਫਿਰ ਰਿੱਛ ਬਣ ਗਿਆ। ਉਹ ਕਲੰਦਰ ਜਿਹੜਾ ਨੱਥ ਪਾਈ ਹੋਈ ਹੈ ਉਹ ਨਚਾਈ ਫਿਰਦਾ। ਗੁਰੂ ਮਹਾਰਾਜ ਕਹਿੰਦੇ, ਭਾਈ ਕੀਰਤੀਆ ਤੇਰੇ ਪਿਤਾ ਕੋਲੋਂ ਆਹ ਗਲਤੀ ਹੋ ਗਈ। ਜਿਹੜਾ ਸਿੱਖ ਗਲਤੀ ਕਰੇ "ਨ' ਉਸਦੀ ਸਜਾ ਪਹਿਲਾਂ ਮਿਲਦੀ ਹੈ। ਜਿਹੜਾ ਪੁੰਨ ਦਾਨ ਕਰਦਾ, ਸੇਵਾ ਕਰਦਾ, ਸਿਮਰਨ ਕਰਦਾ ਇਹਦਾ ਫਲ ਬਾਅਦ ਵਿਚ ਮਿਲਦਾ। ਜਦੋਂ ਮਹਾਰਾਜ ਜਾਹ ਰਹੇ ਸੀ ਨ ਕਿਲ੍ਹਾ ਵੇਖਣ ਬਠਿੰਡੇ ਨੂੰ, ਸਿੰਘ ਨਾਲ ਨੇ ਬਹੁਤ, ਰਸਤੇ ਵਿਚ ਇਕ ਹਰਨ, ਮਹਾਰਾਜ ਨੇ ਤੀਰ ਮਾਰਿਆ ਉਹ ਹਰਨ ਮਰ ਗਿਆ। ਸਿੱਖ ਪੁੱਛ ਲੈਂਦੇ ਹੁੰਦੇ, ਮਹਾਰਾਜ ਜੀ ਸੱਚੇ ਪਾਤਸ਼ਾਹ ਇਹ ਕੌਣ ਹੈ। ਕੀ ਦੇਖਿਆ ਬਹੁਤ ਸੁੰਦਰ ਬਬਾਣ ਆਇਆ, ਉਹਦੇ ਵਿਚ ਬੈਠ ਰਿਹਾ, ਮਹਾਰਾਜ ਜੀ ਨੂੰ ਮੱਥਾ ਟੇਕ ਕੇ ਉਹ ਰੂਹ ਜਿਹੜੀ ਸੀ। ਮਹਾਰਾਜ ਕਹਿੰਦੇ ਇਹ ਨ ਬਈ

ਸਾਡਾ ਖਜਾਨਚੀ ਹੈ। ਅਨੰਦਪੁਰ ਸਾਹਿਬ ਪੈਸੇ ਇਹਦੇ ਕੋਲ ਰੱਖਦੇ ਹੁੰਦੇ। ਸਾਰੇ ਸੰਗਤਾਂ ਦੇ ਖ਼ਜ਼ਾਨੇ 'ਚ ਜਮਾਂ ਇਹ ਵਿਚੋਂ ਘਾਲਾ ਮਾਲਾ ਕਰ ਲੈਂਦਾ ਹੁੰਦਾ। ਹੁਣ ਬਣ ਗਿਆ ਹਰਨ। ਸੋ ਅਸੀਂ ਤਰਸ ਕਰਕੇ ਬਈ ਚਲੋ ਉਥੇ ਰਹਿੰਦਾ ਹੁੰਦਾ ਸੀ, ਇਹਨੂੰ ਕੱਢ ਦਿਨੇ ਆਂ, ਤਾਂ ਇਹਦੀ ਗਤੀ ਕੀਤੀ। ਉਹ ਗਲਤੀ ਦੀ ਸਜਾ ਮਿਲ ਗਈ 'ਨਾ' ਪਹਿਲਾਂ ਛੇਤੀ ਹੀ। ਐਸੇ ਤਰ੍ਹਾਂ ਹੀ ਉਹ ਮੂਲੇ ਨਾਲ ਹੋਈ। ਉਹ ਗੁਰੂ ਨਾਨਕ ਜੀ ਮਹਾਰਾਜ ਕਹਿੰਦੇ ਬਈ ਸਾਰੀ ਦੁਨੀਆਂ ਹੀ ਕਹਿੰਦੀ, **ਮਰਨਾ ਸੱਚ ਤੇ ਜਿਊਣਾ ਝੂਠ।** ਮੰਨਦੇ ਘੱਟ ਹੀ ਨੇ। ਜੇ ਮਰਨਾ ਯਾਦ ਹੋਵੇ ਫੇਰ ਤਾਂ ਬਹੁਤ ਨਾਮ ਜਪਣ। ਉਹ ਕਹਿੰਦਾ ਹਾਂ ਮਹਾਰਾਜ, ਪਰ ਹੈ ਮਰਨਾ ਸੱਚ। ਕਹਿੰਦੇ ਚਲ ਫੇਰ ਸਾਡੇ ਨਾਲ। ਨਾਲ ਲੈ ਗਏ। ਦੋ ਸਾਲ ਬਾਅਦ ਮਹਾਰਾਜ ਨੇ ਮੋੜਿਆ ਬਈ ਤੇਰੇ ਘਰ ਦੇ ਯਾਦ ਕਰਦੇ ਨੇ ਜਾਹ। ਨੇਤਰ ਮੀਟੇ ਤੇ ਉਥੇ ਘਰ ਆ ਗਿਆ ਸਿਆਲਕੋਟ। ਸੋ ਇਥੇ ਫਿਰ ਵਿਆਹ ਹੋ ਗਿਆ, ਰਹਿਣ ਲੱਗ ਗਿਆ। ਮਹਾਰਾਜ ਫੇਰ ਆਏ। ਮਰਦਾਨੇ ਨੂੰ ਕਹਿੰਦੇ ਲਿਆ ਬਈ ਬੁਲਾ ਕੇ ਭਾਈ ਮੂਲੇ ਨੂੰ। ਮਰਦਾਨਾ ਜੀ ਗਏ। ਬੀਬੀ ਕਹਿੰਦੀ ਨਾ ਉਹ ਤਾਂ ਘਰ ਹੈ ਨਹੀਂ। ਲੁਕਾ ਛਡਿਆ ਗੋਹਿਆਂ ਵਾਲੇ ਅੰਦਰ, ਚਾਬੀ ਜੇਬ ਵਿਚ ਤਾਲਾ ਲਾ ਕੇ। ਮਰਦਾਨਾ ਜੀ ਫੇਰ ਗਏ। ਉਹ ਫੇਰ ਕਹਿੰਦੀ ਹੈ ਹੀ ਨਹੀਂ। ਹੁੰਦਾ ਤਾਂ ਘੱਲ ਦਿੰਦੇ ਤੁਹਾਡੇ ਨਾਲ। ਮਹਾਰਾਜ ਬੀਬੀ ਕਹਿੰਦੀ ਹੈ ਬਈ ਹੈ ਹੀ ਨਹੀਂ। ਕਹਿੰਦੇ ਚਲੋ ਹੈ ਨਹੀਂ ਤਾਂ ਨਹੀਂ ਸਹੀ। ਉਹ ਮਰ ਗਿਆ ਸੱਪ ਡੱਸ ਕੇ ਉਸੇ ਵੇਲੇ। ਮਰੇ ਨੂੰ ਲਈ ਆਉਂਦੇ ਨੇ ਮਹਾਰਾਜ ਜਿੰਦਾ ਕਰਦੋ, ਜਿੰਦਾ ਕਰ ਦਿਉ। ਕਹਿੰਦੇ ਨਾ ਜਿੰਦਾ ਨਹੀਂ ਹੋਣਾ। ਇਹ ਤਾਂ ਹੁਣ ਬੀਬੀ ਜੂਨਾਂ ਵਿਚ ਪੈ ਗਿਆ। ਜਦੋਂ ਜ਼ਿਆਦਾ ਹੀ ਕਿਹਾ, ਕਹਿੰਦੇ ਦੋ ਸੌ ਸਾਲ ਬਾਅਦ ਦਸਵੇਂ ਜਾਮੇ ਵਿਚ ਕੱਢ ਲਵਾਂਗੇ। ਮਹਾਰਾਜ ਨੰਦੇੜ ਆਏ। ਮੂਲਾ ਸਹਿਆ ਬਣਿਆ ਹੋਇਆ। ਕਦੇ ਕੁੱਤਾ ਬਣਿਆ, ਬਿੱਲਾ ਬਣਿਆ, ਹਿਰਨ ਬਣਿਆ, ਗਿਦੜ ਬਣਿਆ, ਦੋ ਸੌ ਸਾਲ ਕਿੱਤੇ ਥੋੜ੍ਹਾ ਹੁੰਦਾ। ਜਦੋਂ ਸਹੇ ਦੀ ਜੂਨ ਵਿਚ ਆਇਆ ਉਦੋਂ ਕੁਝ ਹੀ ਮਹੀਨਿਆਂ ਦਾ ਸੀ

*'ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥*
*ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥*
*ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥*
*ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥*

(ਅੰਗ ੯੨੦)

**ਧਾਰਨਾ– ਜੇ ਕੋਈ ਗੁਰ ਤੇ ਵੇਮੁਖ ਹੋਵੈ,**

**ਗੁਰ ਬਿਨ ਮੁਕਤਿ ਨ ਪਾਵੈ ਜੀ....2...।**

***ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥***
***ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥***

**(ਅੰਗ ੯੨੦)**

ਗੁਰੂ ਨਾਨਕ ਜੀ ਦਾ ਗੁਰੂ ਗੋਬਿੰਦ ਸਿੰਘ ਨਾਮ ਰਖਾਇਆ ਹੋਇਆ ਦਸਵੇਂ ਜਾਮੇ 'ਚ ਆ ਗਏ। ਮੂਲਾ ਜੂਨਾਂ, ਕੱਟ ਕੇ ਵਿਚਾਰਾ ਸਹਿਆ ਬਣਿਆ ਹੋਇਆ, ਨਿੱਕਾ ਜਿਹਾ ਕੁਝ ਹੀ ਮਹੀਨਿਆਂ ਦਾ। ਸਹਿਆ ਹੁੰਦਾ ਹੀ ਕਿੰਨਾ ਕੁ ਹੈ। ਦੂਰੋਂ ਦੇਖਿਆ, ਝਾੜੀਆਂ ਵਿਚ ਉੱਚੇ ਥਾਂ ਤੇ ਸੀ। ਮਹਾਰਾਜ ਆ ਰਹੇ ਸੀ ਨਾਲ ਸਿੰਘ; ਨਾਲ ਉਹ ਰਾਜਾ ਬਹਾਦਰ ਸ਼ਾਹ। ਜਦੋਂ ਮਹਾਰਾਜ ਨੇ ਧਨੁਸ਼ ਬਾਣ ਚੁੱਕਿਆ, ਬਚਨ ਹੀ ਪੂਰਾ ਕਰਨਾ ਸੀ। ਮਹਾਰਾਜ ਦੇ ਤੀਰ ਤਾਂ ਪੱਥਰਾਂ ਚੋਂ ਲੰਘ ਜਾਂਦੇ ਸੀ। ਮਮੂਲੀ ਜਿਹਾ ਲਾਉਣਾ ਸੀ। ਉਹ ਤਾਂ ਢੇਮ ਨਾਲ ਮਰ ਜਾਂਦਾ। ਹੁੰਦਾ ਕਿੰਨਾ ਕੁ ਹੈ। ਤੀਰ ਤੇ ਜ਼ੋਰ ਥੋੜ੍ਹਾ ਲਾਉਣਾ ਸੀ ਮਹਾਰਾਜ ਨੇ। ਬਚਨ ਹੀ ਪੂਰਾ ਕਰਨਾ ਸੀ। ਬਈ ਕਹਿੰਦੇ ਸੀ ਨ ਤੀਰ ਮਾਰ ਕੇ ਦਸਵੇਂ ਜਾਮੇ ਵਿਚ ਤੇਰੀ ਮੁਕਤੀ ਕਰਾਂਗੇ ਫੇਰ। ਹੁਣ ਇਹ ਜਾਣ ਦੋ। ਗਿਆ ਜੂਨਾਂ ਵਿਚ। ਉਸ ਸਹੇ ਨੇ ਜਦੋਂ ਖੜਕਾ ਦੜਕਾ ਜਿਹਾ ਦੇਖਿਆ, ਦੂਰੋਂ ਦੇਖਿਆ ਉਹ ਮਾੜਾ ਜਿਹਾ ਝਾੜੀਆਂ ਦੇ ਉਹਲੇ ਹੋ ਗਿਆ। ਦੇਖੋ ਬੰਦੇ ਦਾ ਸੁਭਾਅ। ਕਈ ਕਈ ਜਨਮ ਇਹਦਾ ਸੁਭਾਅ ਨਹੀਂ ਬਦਲਦਾ। ਉਹ ਨਾਲੇ ਹੀ ਰਹਿੰਦਾ। ਆਉਂਦਾ ਨ ਬਚਨ ਫਰੀਦ ਦਾ

***ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥***
***ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥***

**(ਅੰਗ ੧੩੮੨)**

ਉਹ ਸਵਾਰਨਾ ਕੀ ਹੈ ਆਪਣਾ ਸੁਭਾਅ ਬਦਲਣਾ। ਸੁਭਾਅ ਬਦਲ ਗਿਆ ਤੇ ਜਨਮ ਸਫਲਾ। ਤੇ ਕਈ ਇਹੋ ਜਿਹੇ ਬੰਦੇ ਹੁੰਦੇ ਨੇ ਉਹਦੇ ਵਿਚ ਰੂਹ ਪਸ਼ੂਆਂ ਦੀ ਆਈ ਹੁੰਦੀ ਹੈ **"ਕਰਤੂਤ ਪਸੂ ਕੀ ਮਾਨਸ ਜਾਤ"** ॥ ਜਾਮਾ ਮਨੁੱਖ ਹੈ, ਕੰਮ ਡੰਗਰਾਂ ਵਾਲੇ ਨੇ ਕਿਉਂਕਿ ਰੂਹ ਵਿਚ ਪਸ਼ੂ ਦੀ ਆਈ ਹੋਈ ਹੈ। ਕਈ ਪਸ਼ੂਆਂ ਵਿਚ ਬੰਦਿਆਂ ਦੀ ਰੂਹ ਆ ਜਾਂਦੀ ਹੁੰਦੀ ਹੈ। ਕਬੀਰ ਜੀ ਦੇ ਸਮੇਂ ਇਕ ਹੁੰਦਾ ਨਕਲੀ ਬਾਬਾ ਉਥੇ ਬਨਾਰਸ। ਉਹਨੂੰ ਬੜਾ ਸਮਝਾਉਂਦੇ। ਉਹਨੇ ਨਾਮ ਨਹੀਂ ਸੀ ਜਪਿਆ। ਉਹ ਬੈਲ ਬਣ ਗਿਆ। ਫਿਰ ਵਗੇ ਨਾ। ਕਬੀਰ ਜੀ ਨੇ ਸਮਝਾਇਆ ਉਥੇ ਦਸਿਆ–

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥*
*ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ॥ ੧ ॥*
*ਹਰਿ ਬਿਨੁ ਬੈਲ ਬਿਰਾਨੇ ਹੁਈਹੈ॥*
*ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥ ੧॥ ਰਹਾਉ॥*
*ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ॥*
*ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥ ੨॥*
*ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ॥*
*ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ॥੩॥*
*ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ॥*
*ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ॥੪॥*

**(ਅੰਗ ੫੨੪)**

ਨਾਲੇ ਸਿਰ ਹਿਲਾਉਂਦਾ ਨਾਲੇ ਉਹ ਰੋਂਦਾ ਬੈਲ। ਕਹਿੰਦੇ ਜਦੋਂ ਤੂੰ ਬੰਦੇ ਦੇ ਜਨਮ ਵਿਚ ਸੀ ਤੈਨੂੰ ਕਿੰਨਾ ਕਿਹਾ ਬਈ ਨਾਮ ਜਪਿਆ ਕਰ। ਉਹ ਦੇਖੋ ਉਹ ਦੇਖਣ ਵਿਚ ਤਾਂ ਲਗਦਾ ਬੈਲ, ਰੂਹ ਬੰਦੇ ਦੀ ਹੈ। ਜਿਵੇਂ ਹਰਨ ਲੋਕਾਂ ਨੂੰ ਦਿਸਦਾ, ਉਹ ਸੀ ਖਜਾਨਚੀ ਅਨੰਦਪੁਰ ਵਾਲਾ। ਇਸ ਤਰ੍ਹਾਂ ਕਈ ਨੇ। ਜਿਵੇਂ ਛੇਵੇਂ ਮਹਾਰਾਜ ਜੀ ਨੇ ਸ਼ੇਰ ਮਾਰਿਆ ਉਹ ਅਕਬਰ ਦਾ ਭਰਾ ਸੀ ਛੋਟਾ। ਕਈ ਜਾਨਵਰਾਂ ਵਿਚ ਬੰਦਿਆਂ ਦੀਆਂ ਰੂਹਾਂ ਨੇ। ਉਹ ਗੁਰੂਆਂ ਨੂੰ ਪਤਾ ਜਾਂ ਅਨੁਭਵੀ ਮਹਾਂਪੁਰਖਾਂ ਨੂੰ ਪਤਾ। ਹੋਰ ਨਹੀਂ ਕਿਸੇ ਨੂੰ ਪਤਾ। ਬਈ ਹੋਰ ਕਿਸੇ ਨੂੰ ਪਤਾ ਹੋਵੇ।

ਜਿਹੜੀ ਰੁਦਰ-ਬਿਲਾਸ ਚੀਨੀ ਮਿਲ ਹੈ ਖੰਡ ਦੀ ਮਿਲ ਹੈ। ਉਥੇ ਇਕ ਨੌਕਰੀ ਕਰਦਾ ਹੁੰਦਾ ਵੱਡੇ ਭਾਜੀ ਦੇ ਨਾਲ। ਜਦੋਂ ਨੌਕਰੀ ਕਰਦਾ ਹੁੰਦਾ 'ਨਾ' ਵਾਹਵਾ ਸਾਲਾਂ ਦੀ ਗੱਲ ਹੈ। ਉਹਦੇ ਪਿਤਾ ਪੰਜਾਬ ਗਏ। ਨਾਲ ਇਕ ਹੋਰ ਆਪਣੇ ਬਿਲਾਸਪੁਰ ਦਾ। ਹੁੰਦਾ ਇਹੋ ਜਿਹਾ ਜੋੜ ਜਾਣਾ। ਚਲੋ ਦੋ ਤਿੰਨ ਜਣੇ ਚਲਦੇ ਹਾਂ। ਸਫਰ ਵਿਚ ਕਹਿੰਦੇ ਸੋਣਾ ਨਹੀਂ ਚਾਹੀਦਾ। ਗੱਡੀਆਂ 'ਚ ਧਿਆਨ ਨਾਲ ਰਹਿਣਾ ਚਾਹੀਦਾ। ਉਥੇ ਪਿੰਡ ਗਏ ਪੰਜਾਬ। ਉਥੇ ਇਕ ਬੀਬੀ ਉਹ ਰੋਟੀ ਲੈ ਕੇ ਆਈ, ਤਾਂ ਹੱਲ ਵਾਹੁੰਦਾ ਸੀ ਉਹਦਾ ਪਤੀ। ਉਹ ਬੈਲ ਇਕ ਉਠੇ ਹੀ ਨਾ, ਲੰਮਾ ਪਿਆ ਤੇ ਖਲੋਤਾ ਜੂਲਾ ਗੱਲ ਵਿਚ। ਉਹ ਕਹਿਣ ਲਗਿਆ ਉਹਦੇ ਕੰਨ ਵਿਚ, ਕਿਉਂ ਬਈ ਉਠ ਕੇ ਚਲਿਆ ਕਰ ਹੁਣ। ਉਹ ਉਠ ਪਿਆ। ਉਹ ਕਹਿਣ ਲੱਗੀ, ਬਾਪੂ ਜੀ ਤੁਹਾਡੇ ਆਖੇ ਲਗ ਗਿਆ। ਇਹਨੇ ਤਾਂ

ਬੜਾ ਕੁਟਿਆ ਉਠਿਆ ਹੀ ਨਹੀਂ। ਕਹਿੰਦੇ ਮੇਰੇ ਨਾਲ ਆਏ ਹੋਏ ਨੇ, ਉਹਨਾਂ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਕੋਲ ਲਿਆ ਕੇ ਬੈਠਾ ਲਿਆ ਲੱਸੀ ਛੱਕ ਲਉ। ਕਹਿੰਦੇ ਬਾਪੂ ਜੀ ਇਹ ਕੌਣ ਹੈਂ। ਤੁਹਾਨੂੰ ਜਨਮ ਦਾ ਵੀ ਪਤਾ ਹੋਣਾ। ਤੁਹਾਡੇ ਕਹਿਣ ਤੇ ਉਠ ਪਿਆ। ਕਹਿੰਦੇ ਛੱਡੋ ਬੇਟਾ। ਅਸੀਂ ਯੂ.ਪੀ. ਤੋਂ ਆਏ ਹਾਂ। ਬਿਲਾਸਪੁਰ ਰਹਿੰਦੇ ਹਾਂ। ਸੋ ਦਸਣਾ ਕੀ ਹੈ ਇਹਦਾ ਬੈਲ ਦਾ। ਰਹਿਣ ਦਿਉ ਤੁਸੀਂ। ਐਵੇਂ ਨ ਦੁੱਖ ਲਗਦਾ ਹੁੰਦਾ। ਪੁਛੀਦਾ ਹੀ ਨਹੀਂ ਹੁੰਦਾ। ਨਹੀਂ ਬਾਪੂ ਜੀ ਜ਼ਰੂਰ ਦੱਸੋ। ਜਿੱਦ ਬੜੀ ਮਾੜੀ ਹੁੰਦੀ ਹੈ। ਨਹੀਂ ਬਾਪੂ ਜੀ ਤੁਸੀਂ ਜ਼ਰੂਰ ਦੱਸੋ। ਮੈਂ ਪੁੱਛਣਾ ਇਹ ਬੈਲ ਹੈ ਕੌਣ। ਕਹਿੰਦੇ ਤੇਰਾ ਪਿਉ। ਕਹਿੰਦੀ ਨਿਸ਼ਾਨੀ ਦਸੋ। ਕਹਿੰਦੇ ਤੇਰਾ ਨੌਂ ਸੌ ਰੁਪਿਆ ਲਿਆ ਸੀ 'ਨ'। ਸੱਤ ਸਾਲ ਹੋ ਗਏ। ਬੋਹੜ ਦੇ ਥੱਲੇ ਗਿਣ ਕੇ ਆਇਆ। ਆਹੀ ਮੁੰਡਾ ਲੈ ਕੇ ਗਿਆ ਸੀ। ਉਹ ਪੈਸੇ ਦੇਣ ਆਇਆ ਹੱਲ ਵਗਕੇ। ਮਰ ਗਿਆ ਸੀ ਨ ਫਿਰ। ਕਹਿੰਦੀ ਆਹੋ ਹੋਇਆ ਤਾਂ ਇਸ ਤਰ੍ਹਾਂ ਹੀ ਸੀ, ਮਰ ਗਿਆ ਸੀ ਫਿਰ। ਕਹਿੰਦੇ ਬੱਸ ਜਦੋਂ ਨੌਂ ਸੌ ਪੂਰਾ ਹੋ ਗਿਆ ਇਹਨੇ ਚਲਾਣਾ ਕਰ ਜਾਣਾ। ਉਹ ਰੋਣ ਲੱਗ ਗਈ। ਦੇਖੋ ਜੀ ਹੈਂ ਆਪਾਂ ਇਹਨੂੰ ਵਾਹੁਣਾ ਨਹੀਂ ਹੈ। ਅਰਲੀ ਕੱਢ ਦਿੱਤੀ ਫਟਾ ਫਟ। 'ਨਾ' ਆਪਾਂ ਨਹੀਂ ਵਾਹੁਣਾ। ਚੰਗੇ ਪੱਠੇ ਪਾਇਆ ਕਰਾਂਗੇ, ਆਟਾ ਪਾਇਆ ਕਰਾਂਗੇ, ਹੈਂ ਪਿਤਾ ਜੀ ਬੈਲ ਬਣ ਗਏ। ਉਹ ਤਦੇ ਤਾਂ ਮੈਂ ਦਸਦਾ ਨਹੀਂ ਸੀ। ਆਏਂ ਨਹੀਂ ਹੈ। ਤਦੇ ਮੈਂ ਨਹੀਂ ਸੀ ਦਸ ਰਿਹਾ। ਸੋ ਜੇ ਸੇਵਾ ਕਰੋਗੇ ਇਸ ਬੈਲ ਦੀ ਬਹੁਤ ਜ਼ਿਆਦਾ, ਵਾਹੁਗੇ ਨਾ, ਫੇਰ ਬੇਟਾ ਗਾਈਂ ਬਣਕੇ ਆਏਗਾ। ਨੌਂ ਸੌ ਦਾ ਦੁੱਧ ਦੇ ਕੇ ਮਰੂ। ਇਹਨੂੰ ਵਾਹ ਲੈ ਹੁਣੇ। ਸਿਆਪਾ ਮੁੱਕੇ ਇਹਦਾ। ਉਹ ਤਦੇ ਹੀ। ਦੁੱਖ ਖੜੇ ਹੋ ਜਾਂਦੇ ਨੇ। ਸੋ ਇਸ ਤਰ੍ਹਾਂ ਪਸ਼ੂਆਂ ਵਿਚ ਬੰਦਿਆਂ ਦੀਆਂ ਰੂਹਾਂ। ਸੁਣੀ ਸੀ ਨ ਸਾਖੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇਕ ਬੰਦਾ ਜਿਹੜਾ ਬੈਲ ਬਣ ਗਿਆ, ਕੁੱਤਾ ਬਣ ਗਿਆ। ਇਸ ਤਰ੍ਹਾਂ ਕਈ ਸਰੀਰ ਬੰਦਿਆਂ ਦੇ ਨੇ ਵਿਚ ਪਸ਼ੂਆਂ ਦੀਆਂ ਰੂਹਾਂ। ਉਨ੍ਹਾਂ ਬਾਰੇ ਮਹਾਰਾਜ ਜੀ ਦਸਦੇ ਨੇ ਬਈ

**ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥**

(ਅੰਗ ੨੬੭)

ਜਾਤ ਤਾਂ ਮਨੁੱਖ ਹੈ। ਇਸ ਤਰ੍ਹਾਂ ਦੇ ਨਾਲ ਦਸਿਆ :

**ਧਾਰਨਾ – ਮਾਨਸ ਤੇਰੀ ਜਾਤ ਜੀ,**

**ਕੰਮ ਤੇਰੇ ਪਸ਼ੂਆਂ ਵਾਲੇ.........2**

"**ਕਰਤੂਤ ਪਸੂ ਕੀ**" ਕੰਮ ਪਸ਼ੂਆਂ ਵਾਲੇ। ਕਈ ਵਾਰੀ ਸੁਣਿਆ ਹੋਣਾ ਬਈ ਸਾਰੀ

ਜ਼ਿੰਦਗੀ ਉਹ ਗੁਰਦੁਆਰੇ ਜਾਂਦੇ ਹੀ ਨਹੀਂ, ਨਾ ਮੰਦਰ ਵਿਚ, ਨਾ ਮਸੀਤ ਵਿਚ, ਨਾ ਕਿਸੇ ਧਰਮਸ਼ਾਲਾ ਵਿਚ, ਨਾ ਉਹ ਪਾਠ ਕਰਨ, ਨਾ ਉਹ ਰਮਾਇਣ ਪੜ੍ਹਨ, ਨਾ ਉਹ ਬਾਣੀ ਪੜ੍ਹਨ, ਨਾ ਉਹ ਨਮਾਜ ਪੜ੍ਹਨ। ਉਹ ਹੈ ਬੰਦੇ, ਉਹ ਵਿਚ ਡੰਗਰਾਂ ਦੀਆਂ ਰੂਹਾਂ ਨੇ। ਕਿਤੇ ਵੇਖੀਆਂ ਗਾਈਆਂ, ਮੱਝਾਂ, ਗੁਰਦੁਆਰੇ ਜਾਂਦੀਆਂ, ਮੱਥੇ ਟੇਕਦੀਆਂ। ਉਹ ਨਹੀਂ ਜਾਂਦੇ ਹੁੰਦੇ। ਨਾ ਉਹ ਵੇਖਣ ਵਿਚ ਮਨੁੱਖ ਨੇ, ਰੂਹਾਂ ਪਸ਼ੂਆਂ ਦੀਆਂ ਆਈਆਂ ਹੋਈਆਂ। ਸੁਭਾਅ ਬਦਲਦਾ ਨਹੀਂ ਹੈ ਬੰਦੇ ਦਾ। ਕਈ ਕਈ ਜਨਮ ਭੋਗੀ ਜਾਂਦਾ, ਅਗਾਹਾਂ ਦੀ ਅਗਾਹਾਂ। ਸੁਭਾਅ ਬਣ ਗਿਆ ਇਹਦਾ ਲੁਕਣ ਦਾ।

ਮਹਾਰਾਜ ਜਦੋਂ ਆਏ ਇਹ ਮਾੜਾ ਜਿਹਾ ਝਾੜੀ ਦੇ ਉਹਲੇ ਨੂੰ ਹੋ ਗਿਆ। ਗੁਰੂ ਮਹਾਰਾਜ ਹੱਸ ਪਏ। ਕਹਿੰਦੇ ਵਾਹ ਬਈ ਵਾਹ ਮੂਲਿਆ, ਤੇਰਾ ਲੁਕਣ ਦਾ ਸੁਭਾ ਅਜੇ ਵੀ ਨਹੀਂ ਗਿਆ ਹੈਂ ਅਜੇ ਵੀ ਨਹੀਂ ਗਿਆ। ਹੈ ਹੀ ਬੰਦਾ ਇਹੋ ਜਿਹਾ। ਇਹ ਮਹਾਰਾਜ ਹੀ ਹਨ ਜੋ ਕਿਤੇ ਫੜ ਕੇ ਹੀ ਪਾਰ ਲੰਘਾ ਦੇਣ, ਪਿਛਾਂਹ ਹੀ ਖਿਚਦਾ। ਮਹਾਰਾਜ ਜੀ ਨੇ ਪੋਲਾ ਜਿਹਾ ਤੀਰ ਮਾਰਿਆ। ਉਹਦੇ ਵੱਜ ਗਿਆ, ਉਥੇ ਹੀ ਲੋਟਪੋਟ ਹੋ ਗਿਆ। ਝੱਟ ਹੀ ਮਰ ਗਿਆ ਵਿਚਾਰਾ। ਵਿਚੋਂ ਮੂਲਾ ਨਿਕਲ ਆਇਆ। ਅਰਜਾਂ ਕਰਦਾ ਸੱਚੇ ਪਾਤਿਸ਼ਾਹ ਕ੍ਰਿਪਾ ਕੀਤੀ, ਤੀਰ ਮਾਰ ਕੇ ਮੇਰਾ ਕਲਿਆਣ ਕੀਤਾ। ਬਹਾਦਰ ਸ਼ਾਹ ਕਹਿੰਦਾ ਮਹਾਰਾਜ ਇਹ ਕੌਣ ਹੈ। ਕਹਿੰਦੇ ਸਿੱਖ ਹੈ ਆਪਣਾ, ਭਾਈ ਮੂਲਾ ਉਹੀ ਸਿਆਲਕੋਟ ਵਾਲਾ। ਸੁਭਾਅ ਸੀ ਉਹਦਾ ਗੁਰੂ ਤੋਂ ਲੁਕਣ ਦਾ। ਹੁਣ ਵੀ ਤਾਹੀਂ ਉਹਲੇ ਹੋ ਰਿਹਾ ਸੀ। ਸੱਚੇ ਪਾਤਿਸ਼ਾਹ ਹੀ ਹੈ ਧੱਕੇ ਧੁਕੇ ਨਾਲ ਮਨ ਪ੍ਰੇਰ ਦੇਣ; ਅੰਮ੍ਰਿਤ ਛਕਾ ਦੇਣ, ਪਾਠ ਕਰਾ ਦੇਣ, ਇਹਦਾ ਭਲਾ ਕਰ ਦੇਣ। ਨਹੀਂ ਇਹ ਤਾਂ ਅੰਮ੍ਰਿਤ ਛੱਕਣ ਨੂੰ ਵੀ ਲੁਕਦੇ ਫਿਰਦੇ ਆ। ਸੁਭਾਅ ਹੈ, ਇਹ ਬਦਲਦਾ ਨਹੀਂ ਹੈ। ਸੋ ਬੋਲਣ ਕਰਕੇ ਰੁਕਾਵਟ ਜੀਵਨ ਵਿਚ ਵੀ ਪਈ ਰਿੱਛ ਬਣ ਗਿਆ। ਨਾਮ ਵਿਚ ਤਾਂ ਪੈਣੀ ਪੈਣੀਆਂ। ਤਦੇ ਕਹਿੰਦੇ ਨੇ ਚੰਗਾ ਹੀ ਬੋਲਣਾ ਚਾਹੀਦਾ ਗੁਰਮੁਖਾਂ ਵਾਂਗੂੰ। ਬੜੇ ਬੜੇ ਹੋਏ ਨੇ ਇਕ ਨਹੀਂ। ਉਹ ਰੁਕਾਵਟ ਪੈ ਜਾਂਦੀ ਹੈ।

ਇਕ ਮਹਾਂਪੁਰਸ਼ ਹੁੰਦੇ ਬੜੇ ਬੰਦਗੀ ਵਾਲੇ, ਬਹੁਤ ਸਿਮਰਨ ਵਾਲੇ। ਉਥੇ ਤਿੰਨ, ਚਾਰ ਵਾਰੀ ਇਕ ਰਾਜਾ ਆਇਆ। ਉਹ ਕਹਿੰਦਾ ਮਹਾਰਾਜ ਸਾਡੇ ਉਲਾਦ ਨਹੀਂ ਹੈ। ਕੋਈ ਪ੍ਰਸ਼ਾਦਿ ਦੇ ਦਿਉ। ਕ੍ਰਿਪਾ ਕਰੋ। ਉਨ੍ਹਾਂ ਰਾਜੇ ਵਲ ਵੇਖਿਆ। ਕਹਿੰਦੇ ਤੇਰੇ ਭਾਗਾਂ ਵਿਚ ਨਹੀਂ ਹੈ ਜਾਹ। ਵਿਚਲੀ ਗੱਲ ਨਾ ਖੋਲੀ। ਉਹਨਾਂ ਨੂੰ ਪਤਾ ਖਵਰੇ ਕਿਤਨੇ ਕੁ ਪਾਪ ਕੀਤੇ ਹੁੰਦੇ ਨੇ ਉਹਨੇ। ਉਹ ਪਾਪ ਹੀ ਹੁੰਦੇ ਨੇ, ਹੋਰ ਕੀ ਹੋਣਾ। ਉਹ ਕਿਤੇ ਉਹਨਾਂ ਨੇ ਜਾਣਾ ਸੀ। ਜੰਗਲਾਂ ਵਿਚ ਰਹਿੰਦੇ ਸੀ। ਕੁਟੀਆ ਵਿਚ। ਇਕ ਉਹਨਾਂ ਦਾ ਸੇਵਕ ਸੀ। ਉਹ ਵਾਹਵਾ ਸਿਆਣੀ ਉਮਰ ਦਾ ਸੀ। ਕਈ ਸਾਲ ਹੋ ਗਏ ਸੀ ਨਾਲ ਰਹਿੰਦੇ ਨੂੰ, ਪਰ

ਉਹਨੂੰ ਇਨ੍ਹਾਂ ਪਤਾ ਨਹੀਂ ਸੀ। ਉਹ ਕਹਿਣ ਲੱਗੇ, ਕੋਈ ਆਵੇ 'ਨਾ' ਸਾਡੇ ਬਾਅਦ! ਤੂੰ ਦਸ ਦੇਵੀਂ ਬਈ ਉਨ੍ਹਾਂ ਨੇ ਅੱਠਾਂ ਦਿਨਾਂ ਨੂੰ ਆਉਣਾ ਤੇ ਜੇ ਕੋਈ ਗੱਲ ਕਰਨੀ ਹੈ 'ਨਾ' ਫੇਰ ਕਰ ਲੈਣ। ਕਹਿੰਦਾ, ਅੱਛਾ ਜੀ, ਤੇ ਇਹ ਕੁਟੀਆਂ ਦੀ ਸਫਾਈ ਰੱਖੀਂ, ਭਜਨ ਕਰੀਂ, ਸਿਮਰਨ ਕਰੀ। ਕੋਈ ਆ ਜਾਵੇ ਜੰਗਲ ਵਿਚ ਲਕੜਹਾਰਾਂ, ਥਕਿਆ ਟੁਟਿਆ ਉਹਨੂੰ ਬਿਸਤਰਾ ਵੀ ਦੇ ਦੇਈਂ, ਲੰਗਰ ਵੀ ਛਕਾ ਦੇਈਂ। ਕਹਿੰਦਾ ਅੱਛਾ। ਉਹ ਰਾਜਾ ਆ ਗਿਆ ਸ਼ਿਕਾਰ ਖੇਡਦਾ ਖੇਡਦਾ। ਉਹਨੂੰ ਪਿਆਸ ਲੱਗੀ। ਉਸਨੇ ਦੇਖਿਆ ਬਈ ਉਹ ਬੰਦਾ ਫਿਰਦਾ। ਕਹਿੰਦਾ ਕਿਉਂ ਜੀ ਇਥੇ ਪਾਣੀ ਹੈ। ਕਹਿੰਦਾ ਹਾਂ ਜੀ ਸਾਡੇ ਇਥੇ ਖੂਹੀ ਹੈਗੀ। ਰਾਜੇ ਨੂੰ ਜਲ ਛਕਾਇਆ ਇਹ ਕੌਣ ਹੈ। ਕਹਿੰਦੇ ਜੀ ਇਥੇ ਮਹਾਂਪੁਰਸ਼ ਨੇ। ਕਹਿੰਦਾ ਹਾਂ, ਮੈਂ ਅੱਗੇ ਵੀ ਇਕ ਦੋ ਵਾਰੀ ਆਇਆ ਸੀ। ਕਿਥੇ ਗਏ ਹੋਏ ਨੇ। ਕਹਿੰਦੇ ਕਿਤੇ ਗਏ ਹੋਏ ਨੇ। ਉਹ ਰਾਜੇ ਨੇ ਹੱਥ ਜੋੜੇ ਨਾਲ ਕੁਝ ਪੈਸੇ ਭੇਟਾ ਕੀਤੇ ਬਈ ਆਹ ਹੁਣ ਮੇਰੇ ਕੋਲ ਹੈ। ਕਹਿੰਦਾ ਦੇਖੋ ਮੈਨੂੰ ਤਾਂ ਤੁਸੀਂ ਉਨ੍ਹਾਂ ਵਰਗੇ ਹੀ ਲਗਦੇ ਹੋ ਨਿਰੇ ਪੂਰੇ, ਤੁਸੀਂ ਬਚਨ ਦੇ ਦਿਉ ਸਾਡੇ ਉਲਾਦ ਨਹੀਂ ਹੈ। ਤੁਹਾਡੇ ਤੇ ਉਨ੍ਹਾਂ ਵਿਚ ਕੀ ਫ਼ਰਕ ਹੈ। ਕੋਈ ਫ਼ਰਕ ਨਹੀਂ ਹੈ। ਜਦੋਂ ਬਾਰ ਬਾਰ ਕਿਹਾ ਉਹ ਗੱਲਾਂ ਵਿਚ ਆ ਗਿਆ ਵਿਚਾਰਾ। ਉਹਨੇ ਰਾਜੇ ਨੂੰ ਪ੍ਰਸ਼ਾਦਿ ਦੇ ਦਿੱਤਾ। ਕਹਿੰਦਾ ਲਓ, ਸਾਲ ਬਾਅਦ ਅੱਜ ਦੇ ਦਿਨ ਤੁਹਾਡੇ ਪੁੱਤਰ ਆ ਜਾਏਗਾ, ਜਾਉ ਹੋ ਗਿਆ ਬਚਨ। ਰਾਜਾ ਚਲਾ ਗਿਆ। ਰਾਜੇ ਦੇ ਨਾਲ ਦੇ ਵਜ਼ੀਰ ਕਹੀ ਜਾਣ ਉਨ੍ਹਾਂ ਵੱਡੇ ਮਹਾਂਪੁਰਖਾਂ ਨਾਲੋਂ ਤਾਂ ਇਹੀ ਚੰਗਾ, ਉਨ੍ਹਾਂ ਨੇ ਤਾਂ ਬਚਨ ਹੀ ਨਹੀਂ ਸੀ ਦਿੱਤਾ।

ਉਹ ਹੁਣ ਆਏ, ਕਹਿੰਦੇ, ਕੋਈ ਆਇਆ ਸੀ ਬਾਅਦ ਵਿਚ, ਕਹਿੰਦਾ ਮਹਾਰਾਜ ਹੋਰ ਤਾਂ ਕੋਈ ਨਹੀਂ, ਆਪਣੇ ਹੀ ਇਲਾਕੇ ਦਾ ਰਾਜਾ ਆਇਆ ਸੀ। ਕਹਿੰਦੇ, ਅੱਛਾ। ਉਹ ਪਾਣੀ ਪੀਣ ਵਾਸਤੇ ਆਇਆ ਸੀ, ਖਰੇ ਕਿਧਰੋਂ ਆ ਗਿਆ। ਦੌੜਿਆ, ਦੌੜਿਆ। ਛੱਕਾ ਦੇਣਾ ਸੀ ਪਾਣੀ। ਕਹਿੰਦੇ ਹਾਂ ਮਹਾਰਾਜ, ਪਾਣੀ ਤਾਂ ਪਿਲਾਇਆ ਪਰ ਉਹਨੇ ਇਕ ਹੋਰ ਬੇਨਤੀ ਕੀਤੀ। ਕਹਿੰਦੇ, ਉਹ ਕੀ? ਕਹਿੰਦੇ, ਪੁੱਤਰ ਮੰਗਦਾ ਸੀ। ਕਹਿੰਦੇ ਫੇਰ ਨਾਂਹ ਕਰ ਦੇਣੀ ਸੀ। ਕਹਿੰਦੇ ਨਾ ਮੈਂ ਤਾਂ, ਹਾਂ ਕਰ ਦਿੱਤੀ। ਮੈਂ ਕਿਹਾ ਸਾਲ ਬਾਅਦ ਆਏਗਾ। ਕਹਿੰਦੇ, ਅੱਛਾ! ਉਹਨਾ ਦੇ ਤਾਂ ਭਾਗਾਂ ਵਿਚ ਪੁੱਤਰ ਨਹੀਂ ਸੀ, ਹੁਣ ਤੈਨੂੰ ਹੀ ਜਾਣਾ ਪੈਣਾ। ਉਹ ਚੇਲਾ ਮਰ ਗਿਆ। ਉਹ ਰਾਜੇ ਦੇ ਜਾ ਕੇ ਜਨਮ ਲੈ ਲਿਆ। ਉਹ ਬੋਲੇ ਨਾ ਚੁੱਪ ਰਹੇ। ਬਥੇਰਾ ਖਿਡਾਇਆ ਉਹਨੂੰ। ਬਥੇਰੀਆਂ ਦਵਾਈਆਂ, ਬੂਟੀਆਂ। ਪੰਜਾਂ ਸਾਲਾਂ ਦਾ, ਦਸਾਂ ਸਾਲਾਂ ਦਾ, ਪੰਦਰਾਂ ਦਾ, ਵੀਹਾਂ ਦਾ, ਚੁੱਪ, ਬੋਲੇ ਹੀ ਨਾ, ਕੋਈ ਗੱਲ ਨਾ ਕਰੇ, ਬਿਲਕੁਲ ਚੁੱਪ। ਹੁੰਦੇ ਹੁੰਦੇ ਉਹ ਕਹਿੰਦੇ ਚਲ ਨਾਲ, ਨਾਲ ਉਹਨੂੰ ਲੈ ਗਏ। ਸ਼ਿਕਾਰ ਖੇਡਦਾ ਹੁੰਦਾ ਸੀ ਰਾਜਾ। ਉਹ ਪਹਿਲਾਂ ਵੀ

ਸ਼ਿਕਾਰ ਖੇਡਦਾ ਗਿਆ ਪਾਣੀ ਪੀਣ। ਇਹੋ ਜਿਹਾ ਉਹਦਾ ਸੁੱਭਾ। ਦਇਆ ਤਾਂ ਘੱਟ ਹੀ ਹੁੰਦੀ ਜੀਵਾਂ, ਤੇ ਇਹੋ ਜਿਹੇ ਨੂੰ। ਉਹ ਫਿਰ ਲੜਕੇ ਨੂੰ ਲੈ ਗਏ, ਚਲੋ ਭਾਵੇਂ ਗੂੰਗਾ ਹੀ ਹੈ, ਜਮਾਂਦਰੂ, ਨਹੀਂ ਬੋਲਿਆ, ਪਰ ਵਿਚਾਰੇ ਨੂੰ ਨਾਲ ਤਾਂ ਲੈ ਚਲੀਏ, ਘੋੜੇ ਤੇ ਚੜ੍ਹਨਾ ਤਾਂ ਸਿਖਾ ਹੀ ਦਿੱਤਾ ਸੀ। ਉਧਰ ਸਹੇ ਨਿਕਲ ਪਏ ਪੰਜ ਸੱਤ। ਉਹ ਖੁੱਡ ਵਿਚ ਵੜ ਗਏ। ਇਕ ਸੀ ਜਿਹੜਾ, ਉਹ ਖੁੱਡ ਵਿਚ ਘੁਰ-ਘੁਰ ਕਰੀ ਜਾਵੇ। ਉਹ ਕੁੱਤਿਆਂ ਨੇ ਖੁੱਡ ਪੁੱਟ ਦਿੱਤੀ, ਫੜ ਲਿਆ। ਰਾਜਾ ਵੀ ਆ ਗਿਆ, ਵਜ਼ੀਰ ਵੀ ਆ ਗਿਆ। ਉਹ ਲੜਕਾ ਘੋੜੇ ਤੋਂ ਛਾਲ ਮਾਰਕੇ ਥੱਲੇ ਉੱਤਰ ਆਇਆ ਕਹਿੰਦਾ, ਬੱਲੇ ਉਏ ਮੇਰੇ ਮਿੱਤਰਾ, ਬੱਲੇ ਉਏ ਮੇਰੇ ਮਿੱਤਰਾ, ਵਾਹ ਬਈ ਵਾਹ, ਬਹੁਤ ਅੱਛਾ, ਬਹੁਤ ਅੱਛਾ, ਬੱਲੇ ਉਏ ਮੇਰਿਆ ਮਿੱਤਰਾ। ਰਾਜਾ ਕਹਿੰਦਾ, ਛੱਡੋ ਪਰੇ ਸ਼ਿਕਾਰ ਸ਼ਕੂਰ ਸਾਨੂੰ ਤਾਂ ਆਹੀ ਖੁਸ਼ੀ ਨਹੀਂ ਸੰਭਾਲੀ ਜਾਂਦੀ ਬਈ ਬੇਟਾ ਬੋਲ ਪਿਆ। ਵੀਹ ਸਾਲ ਬਾਅਦ ਗੱਲਾਂ ਕਰਨ ਲੱਗ ਗਿਆ। ਆਹ ਹੀ ਵੱਡੀ ਗੱਲ ਹੈ। ਥੱਕ ਗਏ ਹਾਂ ਦੁਆਈਆਂ ਦੇ ਦੇ ਕੇ, ਇਹਨੇ ਕਦੇ ਕੋਈ ਬਚਨ ਹੀ ਨਹੀਂ ਕੀਤਾ। ਰਾਜੇ ਨੇ ਸਿਰ ਮੂੰਹ ਚੁੰਮਿਆ, ਬੇਟਾ ਬਹੁਤ ਅੱਛਾ ਤੂੰ ਬੋਲਣ ਲੱਗ ਗਿਆ। ਛਡੋ, ਉਹ ਕਹਿੰਦਾ, ਬੋਲਣ ਲੱਗ ਗਿਆ, ਮੈਨੂੰ ਸੱਭ ਪਤਾ ਮੈਂ ਜਾਣ ਕੇ ਚੁੱਪ ਸੀ, ਕਹਿੰਦਾ ਮੈਂ ਉਹੀ ਹੀ ਹਾਂ ਜਿਨੇ ਬਚਨ ਦਿੱਤਾ ਸੀ, ਉਹ ਸੰਤਾਂ ਦਾ ਚੇਲਾ। ਉਹ ਕੁਟੀਆ ਵਾਲੇ, ਜੰਗਲ ਵਾਲੇ ਜਿਹੜੇ ਨੇ। ਉਹ ਜਿਹੜਾ ਬੋਲਿਆ ਮੈਂ, ਤੇਰਾ ਲੜਕਾ ਬਣਿਆ। ਹੁਣ ਤਾਂ ਮੈਂ ਚੁੱਪ ਹੀ ਰਹਿਣਾ। ਜੇ ਇਹ ਘੁਰ-ਘੁਰ ਨਾ ਕਰਦਾ, ਸਹਿਆ, ਤਾਂ ਇਹ ਬਚਿਆ ਪਿਆ ਸੀ, ਮਾਰਤਾ ਕੁੱਤਿਆਂ ਨੇ। ਸੋ ਇਸ ਤਰ੍ਹਾਂ ਇਹ ਵੀ ਇਕ ਰੁਕਾਵਟ ਹੈ ਜੀਵਨ ਵਿਚ। ਅਗਾਂਹ ਤੋਂ ਅਗਾਂਹ ਜਨਮਾਂ ਤੇ ਗੱਲ ਜਾ ਪੈਂਦੀ ਹੈ।

ਇਕ ਵਾਰੀ ਵੱਡੇ ਮਹਾਰਾਜ ਜੀ ਆਏ ਸੰਤ ਅਤਰ ਸਿੰਘ ਜੀ ਕੋਲ ਪਹਿਲੀ ਵਾਰ ਰੇਰੂ ਸਾਹਿਬ, ਕਹਿੰਦੇ ਆ ਗਏ ਗੁਰਮੁਖੋ। ਕਹਿੰਦੇ, ਹਾਂ ਮਹਾਰਾਜ। ਕਹਿੰਦੇ, ਅਸੀਂ ਤਾਂ ਉਡੀਕ ਰਹੇ ਸੀ। ਕਹਿੰਦੇ ਮਹਾਰਾਜ, ਹੁਣ ਆ ਹੀ ਗਏ ਉਡੀਕ ਰਹੇ ਸੀ ਤਾਂ, ਇਥੇ ਹੀ ਰਹਿਣਾ ਤੁਹਾਡੇ ਹੀ ਚਰਨਾਂ ਵਿਚ। ਕਹਿੰਦੇ, ਅੱਛਾ। ਚੰਗਾ ਫਿਰ ਇਕ ਤੁਹਾਨੂੰ ਸਾਖੀ ਸੁਣਾਉਂਦੇ ਹਾਂ ਤੇ ਬਸ ਬਹੁਤੀਆਂ ਨਹੀਂ ਸੁਣਾਉਣੀਆਂ, ਇਕੋ ਹੀ। ਕਹਿੰਦੇ ਹਾਂ, ਮਹਾਰਾਜ ਜੀ ਸੁਣਾਉ। ਕਹਿੰਦੇ, ਇਕ ਬੀਬੀ ਹੁੰਦੀ, ਸੰਤਾਂ ਦੀ ਭੈਣ। ਸੰਤ ਬੜੇ ਚੰਗੇ। ਉਹ ਸੰਤਾਂ ਨੇ ਵਿਆਹ ਦਿੱਤੀ। ਅਤੇ ਸੰਤਾਂ ਦਾ ਭਣਵਈਆ ਚੜ੍ਹਾਈ ਕਰ ਗਿਆ, ਉਹ ਬੀਬੀ ਦਾ ਪਤੀ। ਉਹ ਕਹਿੰਦੀ, ਵੀਰ ਜੀ ਮੈਂ ਤਾਂ ਤੁਹਾਡੇ ਕੋਲ ਹੀ ਰਹਿਣਾ। ਬੀਬੀਆਂ ਵਾਸਤੇ ਥਾਂ ਹੁੰਦੇ ਨੇ ਰਹਿਣ ਵਾਸਤੇ। ਪੱਪਾ, ਪਿਤਾ ਕੋਲ ਰਹੇ, ਪੱਪਾ ਪਤੀ ਕੋਲ ਰਹੇ, ਪੱਪਾ ਪੁੱਤਰ ਕੋਲ, ਪੱਪਾ ਪੋਤਰੇ ਕੋਲ ਜਾਂ ਆਪਣੇ ਪਰਮੇਸ਼ਰ ਦੇ ਘਰ ਭਾਵ ਗੁਰੂ ਘਰ, ਜਾਂ ਭਰਾ ਕੋਲ ਰਹੇ। ਇਸ ਤਰ੍ਹਾਂ ਹੁੰਦੇ ਨੇ ਕੁਝ ਅੱਖਰ ਗਿਣੇ ਮਿਥੇ। ਉਹ ਕਹਿੰਦੀ, ਵੀਰ

ਜੀ ਮੈਂ ਤਾਂ ਤੁਹਾਡੇ ਕੋਲ ਰਹਿਣਾ। ਕਹਿੰਦੇ ਭੈਣ ਰਹੀ ਜਾ। ਪਰ ਸਾਡੇ ਕੋਲ ਰਹਿਣਾ ਬੜਾ ਔਖਾ ਹੈ। ਨੱਠ ਜਾਂਦੇ ਨੇ ਬੜੇ ਆਉਂਦੇ ਨੇ। ਸਖਤਾਈ ਬੜੀ ਹੈ। ਕਹਿੰਦੀ ਨਾਂ ਮੈਂ ਰਹੀ ਜਾਊ। ਰੱਬ ਦਾ ਨਾਂ ਲਊਂ। ਕਹਿੰਦੇ, ਲਈ ਜਾ, ਪਰ ਗਲੀਂ ਨਾਂ ਲੱਗੀ ਕਿਸੇ ਨਾਲ। ਕਹਿੰਦੀ, ਚੰਗਾ ਭਰਾ ਜੀ ਨ ਮੈਂ ਨਹੀਂ ਗਲੀਂ ਲੱਗਦੀ। ਉਹ ਰਹਿੰਦੀ ਨੂੰ ਮਹਾਰਾਜ ਜੀ ਰਹਿੰਦੇ ਛੇ ਮਹੀਨੇ ਹੋ ਗਏ। ਇਕ ਮਾਈ ਆਈ ਉਨ੍ਹਾਂ ਦੇ ਪਿੰਡ ਦੀ, ਕਹਿੰਦੀ ਇਥੇ ਰਹਿੰਦੀ ਹੁੰਦੀ ਆਂ ਭਰਾ ਕੋਲ। ਕਹਿੰਦੀ ਆਹੋ, ਮਾਤਾ ਇਥੇ ਹੀ ਰਹਿੰਦੀ ਹਾਂ। ਕਹਿੰਦੀ ਆਪਣੇ ਗੁਆਂਢੀਆਂ ਦੇ ਨ ਮਰ ਗਿਆ, ਉਹਨੈ ਤਾਂ ਵਿਆਹ ਕਰਾ ਲਿਆ, ਉਹ ਵੀ ਮਰ ਗਿਆ। ਛੇ ਮਹੀਨਿਆਂ 'ਚ ਤੀਜਾ ਕਰ ਲਿਆ। ਤੂੰ ਵੀ ਐਵੇਂ ਜਿਵੇਂ ਕਰ ਤਾਂ। ਉਹ ਸੰਤ ਆਏ ਜਦੋਂ ਮੁੜ ਕੇ, ਆਏ ਤਾਂ ਉਹ ਗਲੀਂ ਲਗੀ ਹੋਈ ਮਾਈ ਨਾਲ, ਪਿੰਡ ਵਾਲੀ ਨਾਲ ਤਾਂ ਮਹਾਂਪੁਰਸ਼ ਕਹਿਣ ਲੱਗੇ ਭੈਣ ਹੁਣ ਤੂੰ ਚਲੀ ਜਾਹ ਉਥੇ, ਸਾਡੇ ਇੱਥੇ ਨਾ ਰਹੀ। ਕਹਿੰਦੇ, ਕਿਉਂ? ਕਹਿੰਦੇ ਗਲਾਂ ਹੀ ਉਨ੍ਹਾਂ ਦੀਆਂ ਸੁਣਦੇ ਹੋ ਜਿਨ੍ਹਾਂ ਤਿੰਨ-ਤਿੰਨ ਕਰਾਏ ਆ। ਸਾਡੇ ਇਹ ਗੱਲ ਠੀਕ ਨਹੀਂ ਹੈ। ਸੋ ਕਹਿਣ ਲੱਗੇ, ਇਸ ਤਰ੍ਹਾਂ ਹੈ। ਜਿਨ੍ਹਾਂ ਨੇ ਦਰਸ਼ਨ ਕੀਤੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ, ਉਨ੍ਹਾਂ ਨੂੰ ਪਤਾ ਹੋਣਾ, ਉਹ ਉਹਨਾਂ ਦੀ ਹੀ ਗੱਲ ਕਰਦੇ ਹੁੰਦੇ ਸੀ ਸੰਤ ਅਤਰ ਸਿੰਘ ਜੀ ਦੀ।

ਸੋ ਇਸ ਤਰ੍ਹਾਂ ਵਿਚਾਰ ਹੋ ਰਹੀ ਸੀ ਕਿ ਜਿਹੜਾ ਹੁੰਦਾ ਵੱਧ ਘੱਟ ਬੋਲਣਾ, ਇਹਦੇ ਨਾਲ ਨਾਮ ਰੁਕ ਜਾਂਦਾ। ਜੇ ਜ਼ਿਆਦਾ ਹੀ ਗਲਤ ਬੋਲਿਆ ਗਿਆ ਬਈ ਤੂੰ ਰਿੱਛ ਹੀ ਹੋਵੇਂਗਾ ਤਾਂ ਜੀਵਨ ਵੀ ਰੁਕ ਗਿਆ। ਕਿਥੇ ਦਰਗਾਹ 'ਚ ਜਾਣਾ ਕਿਥੇ ਰਿੱਛ ਬਣਿਆ ਫਿਰਦਾ। ਕਿੰਨਾ ਫਰਕ ਪੈ ਗਿਆ। ਕਿਤੇ ਦੀ ਗੱਲ ਕਿਤੇ ਜਾ ਪਈ। ਸਿਆਣੇ ਬਜ਼ੁਰਗ ਕਹਿੰਦੇ ਨੇ ਬਈ ਘੜੀ ਦਾ ਖੁੰਝਿਆ ਸੋ ਕੋਹ ਤੇ ਜਾਂ ਪੈਂਦਾ। ਘੜੀ ਦਾ ਖੁੰਝਿਆ ਤਾਂ ਹਜ਼ਾਰਾਂ ਜਨਮਾਂ ਤੇ ਜਾ ਪੈਂਦੀ ਹੈ ਗੱਲ। ਮੁੜਦਾ ਹੀ ਨਹੀਂ ਪਿੱਛੇ ਨੂੰ। ਸੋ ਮਹਾਰਾਜ ਨੇ ਪ੍ਰਸ਼ਾਦਿ ਦਿੱਤਾ, ਕਹਿੰਦੇ ਭਾਈ ਕੀਰਤੀਆ ਲੈ ਪ੍ਰਸ਼ਾਦਿ ਦੇ ਦੇ, ਇਸਦੀ ਪਰਮਗਤੀ ਹੋ ਜਾਏਗੀ। ਸਜ਼ਾ ਭੁਗਤ ਚੁਕਿਆ ਆਪਣੀਆਂ ਗਲਤੀਆਂ ਦੀ। ਥੋੜ੍ਹਾ ਜਿਹਾ ਕਿਣਕਾ ਮਹਾਰਾਜ ਜੀ ਨੇ ਛੱਕ ਲਿਆ, ਬਾਕੀ ਉਹਨੂੰ ਦੇ ਦਿੱਤਾ, ਆਪਣੇ ਹੱਥ ਤੇ ਲਿਆ ਸੀ। ਕਹਿੰਦੇ ਆਹ ਲੈ ਲੈ, ਦੇਦੇ ਇਹਨੂੰ। ਹੁਣ ਭਾਈ ਕੀਰਤੀਆ ਕੋਲ ਜਾ ਕੇ ਇਹ ਨਹੀਂ ਕਹਿੰਦਾ ਬਈ ਰਿਛਾ ਪ੍ਰਸ਼ਾਦਿ ਲੈ ਲੈ। ਕਹਿੰਦਾ, ਪਿਤਾ ਜੀ ਮੂੰਹ ਖੋਲ੍ਹੋ, ਨਾਲੇ ਰੋ ਰਿਹਾ ਬਹੁਤ, ਜਦੋਂ ਪਤਾ ਲੱਗਿਆ ਮੇਰੇ ਪਿਉ ਦਾ ਆਹ ਹਾਲ ਹੈ। ਉਹਦੇ ਮਨ ਤੇ ਕਿੰਨਾ ਅਸਰ ਹੈ। ਨਾਮ ਜਪਣ ਵਾਲੇ ਹੁਣ ਦੇਖ ਲਉ. ਆਮ ਦੇਖ ਲਉ ਕਈ ਕਹਿੰਦੇ ਨਾਮ ਜਪਣ ਵਾਲੇ ਸੌਖੇ ਨੇ, ਅੰਮ੍ਰਿਤ ਛਕਣਾ ਬਹੁਤ ਔਖਾ, ਰਹਿਤ ਰਖਣੀ ਬਹੁਤ ਔਖੀ ਹੈ। ਜਦੋਂ ਜੂਨਾਂ ਵਿਚ ਪੈਂਦਾ ਫਿਰ ਸੌਖਾ, ਕਿੰਨਾ ਔਖਾ। ਆਹ ਹੁਣ ਠੰਢ ਪੈ ਰਹੀ ਹੈ "ਬਾਹਰ

ਤਨ ਸਹਾਰੇ।" ਜਾਨਵਰਾਂ ਦਾ ਦੇਖੋ ਕੀ ਹਾਲ ਹੈ, ਮਰੀ ਜਾਂਦੇ ਨੇ ਵਿਚਾਰੇ। ਕੋਈ ਕੱਪੜਾ ਏਨਾਂ ਨੇ ਨਹੀਂ ਲੈ ਲੈਣਾ। ਬਾਂਦਰ ਦੇਖੋ ਕਿਵੇਂ ਕੁੰਗੜੇ ਪਏ ਨੇ। ਘੁਗੀਆਂ, ਕਬੂੱਤਰ, ਮਰ ਰਹੇ ਨੇ। ਠੰਢ ਨਾਲ ਇਹਨਾ ਦਾ ਕੀ ਹਾਲ ਹੈ, ਐਵੇਂ ਤਾਂ ਨਹੀਂ ਦਸਿਆ

*ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥ ੨॥*

(ਅੰਗ ੪੫੦)

ਨਾਲੇ ਠੰਢ ਨਾਲੇ ਭੁੱਖ ਨਾਲ ਮਰਨ ਦੇ ਨੇ। ਇਹ ਵੀ ਨਾ ਸਾਡੇ ਵਰਗੇ ਸੀ, ਇਹ ਜਦੋਂ ਬੰਦੇ ਦੇ ਜਨਮ ਵਿਚ ਸੀ, ਇਹਨਾਂ ਨੂੰ ਵੀ ਬਥੇਰਾ ਸਮਝਾਇਆ ਸੀ। ਹਰ ਜੁੱਗ ਵਿਚ ਕਥਾ ਹੁੰਦੀ ਚਲੀ ਆਈ, ਇਹ ਨਹੀਂ ਬਈ ਹੁਣੇ ਸ਼ੁਰੂ ਹੋਣੀ ਹੈ। ਕਥਾ ਤਾਂ ਸਤਿਜੁਗ ਵਿਚ ਵੀ ਹੁੰਦੀ ਸੀ 'ਰਾਤੀਂ ਜਾਏ ਸੁਣੇ ਗੁਰਬਾਣੀ' ਗੁਰਬਾਣੀ ਉਦੋਂ ਵੀ ਹੁੰਦੀ ਸੀ।

**ਧਾਰਨਾ : ਰਾਤੀ ਜਾਏ ਸੁਣੇ ਗੁਰਬਾਣੀ ਜੀ**
**ਰਾਣੀ ਰਾਜੇ ਹਰੀ ਚੰਦ ਦੀ..2**

ਕਥਾ ਹਰ ਰੋਜ਼ ਹੁੰਦੀ ਸੀ

*"ਸੁਖ ਰਾਜੇ ਹਰੀ ਚੰਦ ਨਾਰਿ ਸੁ ਤਾਰਾ ਲੋਚਨ ਰਾਣੀ"*
*ਸਾਧ ਸੰਗਤਿ ਮਿਲ ਗਾਂਵਦੇ ਰਾਤੀਂ ਜਾਇ ਸੁਣੈ ਗੁਰਬਾਣੀ।*

(ਭਾਈ ਗੁਰਦਾਸ ਜੀ ਵਾਰ ੧੦/੬)

ਤਾਰਾ ਰਾਣੀ ਆਪਣੇ ਗੁਰੂ ਦੇ ਬਚਨ ਸੁਣਦੀ ਹੁੰਦੀ ਸੀ। *"ਹਰਿ ਜੁਗ ਜੁਗ ਭਗਤ ਉਪਾਇਆ"* ਇਹ ਜਿਹੜੇ ਜੂਨਾਂ ਵਿਚ ਧੱਕੇ ਖਾ ਰਹੇ ਨੇ, ਇਹ ਵੀ ਮਨੁੱਖਾ ਜਨਮ ਵਿਚ ਸਨ। ਇਹਨਾਂ ਨੂੰ ਵੀ ਸਮਝਾਇਆ ਸੀ ਕਿਸੇ ਨੇ ਕਬੀਰ ਵਾਂਗੂੰ। ਇਹ ਵੀ ਨਹੀਂ ਸਨ ਸਮਝੇ। ਜਿਵੇਂ ਹੁਣ ਅਸੀਂ ਨਹੀਂ ਸਮਝ ਰਹੇ। ਬੰਦੇ ਨੂੰ ਅਕਲ ਉਦੋਂ ਆਉਂਦੀ ਹੈ। ਜਦੋਂ ਮਨੁੱਖਾ ਜਨਮ ਹੱਥੋਂ ਨਿਕਲ ਜਾਏ,

*ਨਰੂ ਮਰੈ ਨਰੁ ਕਾਮਿ ਨ ਆਵੈ॥*
*ਪਸੂ ਮਰੈ ਦਸ ਕਾਜ ਸਵਾਰੈ॥ ੧ ॥*

*ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥*
*ਮੈ ਕਿਆ ਜਾਨਉ ਬਾਬਾ ਰੇ॥੧॥ਰਹਾਉ॥*
*ਹਾਡ ਜਲੇ ਜੈਸੇ ਲਕਰੀ ਕਾ ਤੂਲਾ॥*
*ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥*
*ਕਹੁ ਕਬੀਰ ਤਬ ਹੀ ਨਰੁ ਜਾਗੈ॥*
*ਜਮ ਕਾ ਡੰਡੁ ਮੂੰਡ ਮਹਿ ਲਾਗੈ॥*

(ਅੰਗ ੮੭੦)

ਜਦੋਂ ਜਮ ਫੜ ਲੈਂਦੇ ਨੇ ਫਿਰ ਮਨੁੱਖਾ ਜਨਮ ਗਿਆ। ਤਦੇ ਸਿਆਣੇ ਕਹਿੰਦੇ ਨੇ ਨਾ ਜਾਨਵਰਾਂ ਨੂੰ ਦੁੱਖ ਨਹੀਂ ਦਿੰਦੇ, ਉਹ ਫਲ ਮਿਲਦਾ।

ਇਥੇ ਹੀ ਹੈ ਜੰਗਲੋਂ ਪਾਰ ਇਕ ਭਾਈ, ਤੁਹਾਡੀ ਸੰਗਤ ਵਿਚ ਹੀ ਬੈਠਾ ਹੈ। ਬੜੇ ਸਾਲ ਹੋ ਗਏ, ਇਹ ਕਹਿੰਦੇ, ਭਾਅ ਜੀ, ਮੇਰਾ ਲੜਕਾ ਚੜ੍ਹਾਈ ਕਰ ਗਿਆ ਅਚਾਨਕ। ਮੈਂ ਕਿਹਾ, ਅਸੀਂ ਸਾਧੂ ਸੰਤ ਤਾਂ ਹੈ ਨਹੀਂ, ਇਹੋ ਜਿਹੀਆਂ ਗੱਲਾਂ। ਚੰਗਾ ਜੱਟਾਂ ਦੇ ਅਟੇ ਸਟੇ ਤਾਂ ਹੁੰਦੇ ਹੀ ਨੇ। ਮੈਂ ਕਿਹਾ ਕਿਸੇ ਜਾਨਵਰ ਦੀ ਤੂੰ ਖੱਲ ਲਾਹੀ ਸੀ, ਸੱਚ ਦੱਸੀਂ। ਕਹਿੰਦੇ ਹਾਂ, ਇਕ ਹਰਦਵਾਰੋਂ ਸੰਤ ਆਏ ਸੀ। ਕਹਿੰਦੇ ਹਰਨ ਦੀ ਖੱਲ ਚਾਹੀਦੀ ਹੈ। ਮੈਂ ਲਾਹ ਕੇ ਦਿੱਤੀ ਉਹਨਾਂ ਨੂੰ। ਉਸ ਵੇਲੇ ਬੱਸ ਮੇਰਾ ਮੁੰਡਾ ਮਰ ਗਿਆ। ਜੇ ਜਾਨਵਰਾਂ ਦੀਆਂ ਖੱਲਾਂ ਲਾਹੁਣੀਆਂ ਫੇਰ ਮੁੰਡੇ ਹੀ ਮਰਨੇ ਆ। ਇਹਨਾਂ ਗੱਲਾਂ ਵਿਚ ਨਹੀਂ ਪੈਣਾ ਚਾਹੀਦਾ ਇਹ ਦਇਆ ਹੀ ਕਰਨੀ ਚਾਹੀਦੀ ਹੈ ਵਿਚਾਰਿਆਂ ਤੇ, ਰੱਬ ਦੇ ਜੀਅ ਨੇ। ਵਾਹਿਗੁਰੂ ਦੀ ਬਣਾਈ ਹੋਈ ਸ੍ਰਿਸ਼ਟੀ। ਸਭ ਰੱਬ ਦਾ ਹੀ ਨਾਂ ਲੈਂਦੇ ਨੇ। ਰੋ ਰਹੇ ਨੇ ਜਾਨਵਰ। ਇਨ੍ਹਾਂ ਦੀ ਗਤੀ ਨਹੀਂ ਹੁੰਦੀ। ਨਾਮ ਜ਼ਰੂਰ ਜਪਦੇ ਨੇ,

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥*

(ਅੰਗ ੧੨੬੫)

ਕਿਉਂ? ਇਹ ਗੁਰੂ ਵਾਲੇ ਬਣ ਨਹੀਂ ਸਕਦੇ, ਨਾਮ ਨਾਲ ਥੋੜ੍ਹਾ ਜਿਹਾ ਸੌਖਾ ਹੋ ਜਾਂਦਾ ਹੈ। ਫਿਰ ਦੁੱਖ ਸੁੱਖ ਸਹਿੰਦੇ ਨੇ? ਇਹ ਤਾਂ ਹੈ ਨਹੀਂ ਨਾ ਇਹਨਾਂ ਨੇ ਰਜਾਈਆਂ ਲੈ ਲੈਣੀਆਂ ਨੇ। ਗਰਮੀ ਦੇ ਦਿਨਾਂ ਵਿਚ ਠੰਢਾ ਕੂਲਰ ਲਾ ਲੈਣਾ। ਉਹ ਸਹਿਣ ਕਰਦੇ ਨੇ ਦੁੱਖ। ਕਿਉਂ ਕਰਦੇ ਨੇ? ਉਹ ਪਿੱਛੋਂ ਮਾੜੇ ਕਰਮ ਕੀਤੇ ਹੋਏ ਨੇ, ਇਹਨਾਂ ਨੇ ਵੀ ਉਦੋਂ। ਜਦੋਂ ਕੋਈ ਮਨੁੱਖ ਜਨਮ ਵਿਚ ਆਉਂਦਾ ਨਾ....

*ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ॥*

**(ਅੰਗ ੪੫੧)**

ਬੜੇ-ਬੜੇ ਮਹਾਂਪੁਰਸ਼ ਵਾਹਿਗੁਰੂ ਨੇ ਭੇਜੇ ਨੇ ਜਾਉ ਸਮਝਾਉ। ਜਿਹੜਾ ਪੂਰ ਹੁਣ ਆਇਆ ਮਨੁੱਖਾਂ ਦਾ ਜਾਉ, ਉਹਨਾਂ ਨੂੰ ਸਮਝਾਉ। ਜਿਹੜਾ ਹੁਣ ਆ ਗਿਆ ਮਨੁੱਖ ਜਨਮ ਵਿਚ ਜਾਉ ਇਹਨਾਂ ਨੂੰ ਸਮਝਾਉ। ਜਿਹਨੂੰ ਇਹ ਨਹੀਂ ਪਤਾ ਲੱਗਾ ਕਿ ਰੱਬ ਦਾ ਨਾਮ ਜਪਣਾ ਚੰਗਾ ਹੁੰਦਾ। ਜ਼ਰਾ ਹੀ ਕਰਕੇ ਐਵੇਂ ਕਰਕੇ ਕੰਮ ਰੜੇ ਜਿਹੇ ਕਰ ਛੱਡਦੇ ਨੇ। ਜਦੋਂ ਚੁਰਾਸੀ ਕੱਟਦੇ ਨੇ ਫੇਰ ਦੁੱਖੀ ਹੁੰਦੇ ਨੇ। ਫੇਰ ਪਤਾ ਲਗਦਾ ਬਈ ਉਹੋ ਬੜੀ ਮਾੜੀ ਗੱਲ। ਸਮਾਂ ਲੰਘ ਗਿਆ ਕਦੇ ਕਿਸੇ ਦੇ ਹੱਥ ਆਇਆ ਨਹੀਂ ਹੈ।

**ਧਾਰਨਾ - ਹੁਣ ਵੱਤੇ ਹਰੀ ਨਾਮ ਨਹੀਉਂ ਬੀਜਦਾ,**
**ਅੱਗੇ ਭੁੱਖਾ ਕੀ ਖਾਵੇਂਗਾ....2...**

*ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*

**(ਅੰਗ ੪੫੦)**

ਮਨਮੁਖਾਂ ਨੂੰ ਦਰਗਾਹ ਵਿਚ ਕੁਝ ਨਹੀਂ ਮਿਲਦਾ, ਰੂਹ ਨਰਕ ਵਿਚ ਪੈਂਦੀ ਹੈ, ਦੁੱਖੀ ਹੁੰਦੀ ਹੈ '*ਮਨਮੁਖਾਂ ਨੋ ਫਿਰਿ ਜਨਮੁ ਹੈ*' ਫਿਰ ਇਹ ਚੁਰਾਸੀ ਵਿਚ ਆ ਜਾਂਦੇ ਨੇ। ਫਿਰ ਭੁੱਖੇ ਤੜਫਦੇ ਨੇ, ਗਰਮੀ, ਸਰਦੀ ਸਹਿੰਦੇ, ਦੁੱਖ ਕਸ਼ਟ ਸਹਿੰਦੇ ਮਰੀ ਜਾਂਦੇ ਨੇ, ਇਹੋ ਜਿਹੀ ਬੁਰੀ ਹਾਲਤ ਹੁੰਦੀ ਹੈ। ਬਾਣੀ ਵਿਚ ਖੋਲ੍ਹ ਖੋਲ੍ਹ ਕੇ ਦਸਿਆ। ਜੇ ਨਾ ਸਮਝੀਏ ਤਾਂ ਸਾਡੀ ਹੀ ਗਲਤੀ ਹੈ ਨਾ। ਹੋਰ ਗੁਰੂ ਮਹਾਰਾਜ ਕੀ ਕਰਨ। ਸੋ ਇਸ ਕਰਕੇ ਜਦੋਂ ਪ੍ਰਸ਼ਾਦਿ ਦਿੱਤਾ ਨਾ, ਭਾਈ ਕੀਰਤੀਆ ਨੇ, ਰਿੱਛ ਮਰ ਗਿਆ। ਉਹਦੇ ਪਿਤਾ ਜੀ ਦੀ ਰੂਹ ਨਿਕਲੀ ਵਿਚੋਂ। ਮਹਾਰਾਜ ਜੀ ਨੂੰ ਨਮਸ਼ਕਾਰਾਂ ਕੀਤੀਆਂ, ਮਹਾਰਾਜ ਬੜੀ ਕ੍ਰਿਪਾ ਕੀਤੀ, ਰਿੱਛ ਬਣ ਕੇ ਘਰ ਘਰ ਨੱਚਦਾ ਟੱਪਦਾ ਫਿਰਦਾ ਸੀ, ਬੜੇ ਦੁੱਖ ਕੱਟੇ।

ਮਹਾਰਾਜ ਕਹਿੰਦੇ, ਸਾਧਸੰਗਤ ਗੁਰਮੁਖਾਂ ਨੂੰ ਕੋੜੇ ਬੋਲ ਨਹੀਂ ਬੋਲੀਦੇ ਹੁੰਦੇ। ਜੀ ਕਰਕੇ ਬੁਲਾਈਦਾ ਹੁੰਦਾ।

*ਤੁਧੁ ਸਾਲਾਹਨਿ ਤਿਨ ਧਨੁ ਪਲੈ ਨਾਨਕ ਕਾ ਧਨੁ ਸੋਈ॥*
*ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥*

(ਅੰਗ ੧੩੨੮)

ਦੇਖ ਲਿਆ ਤੁਸੀਂ ਸੋਭਾ ਰਾਮ ਦਾ ਹਾਲ। ਨੱਥ ਨੱਕ 'ਚ ਪਈ, ਨੱਚਦਾ ਫਿਰਦਾ ਸੀ ਘਰ 'ਚ ਤੇ ਕੀ ਹਾਲ ਉਸਦਾ ਹੋਇਆ। ਇਕ ਗੱਲ ਹੀ ਕੀਤੀ ਸੀ ਕਿ ਰਿੱਛ ਵਾਂਗੂੰ ਟੱਪਦਾ ਆਉਂਦਾ, ਉਤੇ ਚੜ੍ਹਦਾ ਆਉਂਦਾ, ਆਪਣਾ ਮੂੰਹ ਤੇ ਵੇਖ। ਘਟਾ ਹੀ ਲੱਗਾ ਸੀ ਕੀ ਹੋ ਗਿਆ। ਉਹ ਫਿਰ ਸਿੱਖ ਨੇ ਕਹਿ ਦਿੱਤਾ। ਭਾਈ ਕੀਰਤੀਆ ਕਹਿੰਦਾ ਮਹਾਰਾਜ, ਗੁਰੂ ਪਿਤਾ ਜੀ, ਉਹ ਵੀ ਤੁਹਾਡਾ ਸਿੱਖ ਤੇ ਇਹ ਵੀ ਤੁਹਾਡਾ ਸਿੱਖ। ਨਾਮ ਬੜਾ ਜਪਿਆ ਸੀ ਤੇ ਸੇਵਾ ਬੜੀ ਕੀਤੀ ਸੀ। ਗੁਰੂ ਜੀ ਕਹਿੰਦੇ ਉਹ ਤਾਂ ਠੀਕ ਹੈ ਗੁਰਮੁੱਖਾ, ਗੱਲ ਇਥੇ ਆ ਕੇ ਮੁੱਕਦੀ ਹੈ ਅਖੀਰੀ

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥*

(ਅੰਗ ੧੨੫੨)

ਇਹ ਕਿਵੇਂ ਮੈਂ ਆਪਣੇ ਪਿਆਰਿਆਂ ਦਾ ਬਚਨ ਕੈਂਸਲ ਕਰ ਦਿਆਂ, ਇਹ ਤਾਂ ਹੋ ਨਹੀਂ ਸਕਦਾ। ਮੇਰਾ ਕਿਹਾ ਤਾਂ ਭਾਵੇਂ ਮੇਰਾ ਭਗਤ ਕੈਂਸਲ ਕਰ ਦੇਣ ਇਹ ਤਾਂ ਮਰਯਾਦਾ ਹੀ ਹੈ, ਮੈਂ ਨਹੀਂ ਕਰ ਸਕਦਾ। ਹੋਈਆਂ ਸੀ ਅਰਦਾਸਾਂ, ਬਚਨ ਵੀ ਹੋਏ ਸੀ ਪੰਜਵੇਂ ਮਹਾਰਾਜ ਜੀ ਦੇ। ਭਾਈ ਲਖੂ ਕਹਿੰਦਾ, ਆਵੇ ਕੱਚੇ ਹੀ ਰਹਿਣਗੇ, ਕੱਚੇ ਹੀ ਰਹੇ ਸੀ। ਵਿਕ ਪੱਕਿਆਂ ਦੇ ਭਾਅ ਗਏ।

ਸੋ ਇਸ ਕਰਕੇ ਵਿਚਾਰ ਹੋ ਰਹੀ ਸੀ ਜਦੋਂ ਫਿਰ ਨਾਮ ਜਪਣ ਦਾ ਸ਼ੌਂਕ ਹੈ ਨਾ, ਫਿਰ ਵੱਧ-ਘੱਟ ਬੋਲਣ ਦਾ ਪ੍ਰਹੇਜ਼ ਵੀ ਹੈਗਾ। ਉਸ ਤੋਂ ਅੱਗੇ ਫਿਰ, ਬੋਲਣ ਤੋਂ ਅੱਗੇ ਕੀ ਹੈ, ਸਰੀਰ ਦੇ ਪ੍ਰਹੇਜ਼ ਹਨ। ਜਿਵੇਂ ਹੱਥਾਂ ਨਾਲ ਚੋਰੀ ਨਹੀਂ ਕਰਨੀ, ਪੈਰਾਂ ਨਾਲ ਚੱਲਕੇ ਮਾੜੇ ਪਾਸੇ ਨਹੀਂ ਜਾਣਾ। ਕਰਮ ਇੰਦਰਿਆਂ ਨਾਲ ਬੁਰਾ ਕੰਮ ਨਹੀਂ ਕਰਨਾ। ਇਕ ਗਿਆਨ ਇੰਦਰੇ ਹੁੰਦੇ ਨੇ। ਇਕ ਕਰਮ ਇੰਦਰੇ ਹੁੰਦੇ ਨੇ। ਕਰਮ ਇੰਦਰੇ ਪੰਜ ਹੁੰਦੇ ਨੇ, ਜਿਨ੍ਹਾਂ ਨਾਲ ਕਰਮ ਕੀਤੇ ਜਾ ਸਕਦੇ ਹਨ। ਗਿਆਨ ਇੰਦਰੇ ਹੁੰਦੇ ਹਨ ਜਿਵੇਂ ਅੱਖਾਂ, ਕੰਨ ਹਨ। ਸੁਣ ਲੈਂਦੇ ਹਾਂ ਆਪਾਂ, ਸੁੰਘ ਲੈਂਦੇ ਹਾਂ। ਐਸੇ ਗਿਆਨ ਇੰਦਰੇ ਹੁੰਦੇ

ਨੇ। ਜ਼ੁਬਾਨ, ਹੱਥ, ਪੈਰ ਇਹੋ ਜਿਹੇ ਕਰਮ ਇੰਦਰੇ ਹੁੰਦੇ ਨੇ।

"ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।
ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ।

(ਭਾਈ ਗੁਰਦਾਸ ਜੀ ਵਾਰ ੨੯/੧੧)

ਕੋਈ ਗਲਤੀ ਨਾ ਜ਼ਿੰਦਗੀ ਵਿਚ ਇਹੋ ਜਿਹੀ ਕਰੇ। ਫਿਰ ਨਾਮ ਕਾਹਦਾ ਜਪਣਾ। ਇਸ ਤੋਂ ਅੱਗੇ ਕਾਮ ਤੋਂ ਅੱਗੇ ਹੁੰਦਾ ਕ੍ਰੋਧ। ਗੁੱਸਾ ਹੀ ਗੁੱਸਾ। ਇਹ ਦੋ ਕਿਸਮ ਦਾ ਹੁੰਦਾ। ਇਕ ਤਾਂ ਗੁਰਮੁਖਾਂ ਦਾ ਗੁੱਸਾ ਹੁੰਦਾ। ਉਹਨਾਂ ਨੂੰ ਵੀ ਗੁੱਸਾ ਆ ਜਾਂਦਾ। ਉਹ ਹੁੰਦਾ ਜਿਵੇਂ ਪਾਣੀ ਵਿਚ ਲੀਕ। ਉਸੇ ਵੇਲੇ ਮਿੱਟ ਜਾਂਦਾ, ਉਹ ਉੱਤੇ ਉੱਤੇ ਹੁੰਦਾ। ਅੰਦਰ ਤਹਿ ਤੇ ਤਾਂ ਹੁੰਦਾ ਹੀ ਨਹੀਂ। ਉਥੇ ਤਾਂ ਵਾਹਿਗੁਰੂ-ਵਾਹਿਗੁਰੂ ਹੀ ਹੁੰਦਾ, ਉਥੇ ਗੁੱਸਾ ਨਹੀਂ ਹੁੰਦਾ ਉਨ੍ਹਾਂ ਦੇ, ਗੁਰਮੁਖਾਂ ਦੇ ਨਾ। ਸੋ ਇਸ ਤਰ੍ਹਾਂ ਕ੍ਰੋਧ, ਜਿਹੜਾ ਹੁੰਦਾ ਮਨਮੁੱਖ ਦਾ ਗੁੱਸਾ, ਉਹਦੇ ਅੰਦਰ ਵਾਹਿਗੁਰੂ ਦਾ ਸਿਮਰਨ ਹੁੰਦਾ ਹੀ ਨਹੀਂ। ਉਸਦੀ ਅਸਲੀ ਤਹਿ ਵਿਚ ਕ੍ਰੋਧ ਹੁੰਦਾ। ਮਰਨ ਲਗਿਆ ਵੀ ਅੰਦਰੋਂ ਖਿਆਲ ਬਈ ਫਲਾਣੇ ਨੇ ਕਿਹਾ, ਉਹ ਇਹ ਹੈ। ਤੀਸਰਾ ਹੁੰਦਾ ਲੋਭ। ਉਹ ਵੀ ਨਾਮ ਨਹੀਂ ਜਪਣ ਦਿੰਦਾ। ਪਰ ਕੰਮ-ਕਾਰ ਤਕੜੇ ਹੋ ਕੇ ਕਰੋ, ਨੌਕਰੀ ਚਾਕਰੀ, ਖੇਤੀਬਾੜੀ, ਵਣਜ ਵਪਾਰ, ਇਹ ਲੋਭ ਥੋੜ੍ਹੀ ਹੈ। ਲੋਭ ਹੁੰਦਾ ਦੂਜੇ ਦਾ ਧਨ ਚੁਰਾ ਕੇ ਲੈ ਆਉਣਾ, ਜਾਂ ਕਿਸੇ ਢੰਗ ਤਰੀਕੇ ਨਾਲ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥

ਆਪਣੇ ਬੱਚਿਆਂ ਨੂੰ ਦੇਣਾ।

ਸੁਤ ਦਾਰਾ ਪਹਿ ਆਨਿ ਲੁਟਾਵੈ॥

(ਅੰਗ ੬੫੬)

ਉਹਨੂੰ ਲੋਭ ਕਹਿੰਦੇ ਹਨ। ਜਿਵੇਂ ਗੰਗੂ ਦੀ ਕਹਾਣੀ ਆਉਂਦੀ ਹੈ। ਬਈ ਗੁਰੂਆਂ ਦਾ ਹੀ ਰਸੋਈਆ ਹੈ। ਉਹਨੇ ਪੰਜ ਸੌ ਮੋਹਰਾਂ ਦੀ ਥੈਲੀ ਲੁਕਾ ਲਈ ਸੀ ਉਹਨੇ ਸਾਹਿਬਜ਼ਾਦਿਆਂ ਦੇ ਸਮੇਂ, ਲੋਭੀ ਸੀ। ਬਾਕੀ ਕੰਮ ਤਾਂ ਤਕੜੇ ਹੋ ਕੇ ਕਰੋ। ਇਹ ਲੋਭ ਨਹੀਂ ਹੈ। ਬਈ ਕੰਮ ਛੱਡ ਕੇ ਬਹਿ ਜਾਣਾ। ਸਿੱਖਾਂ ਨੂੰ ਗੁਰੂ ਮਹਾਰਾਜ ਨੇ ਸਰਦਾਰੀਆਂ ਦਿੱਤੀਆਂ। ਤਕੜੇ ਹੋ ਕੇ ਕਮਾਈ ਕਰਨੀ ਹੈ। ਉਹਦੇ ਵਿਚੋਂ ਆਪਾਂ ਗੁਰੂ ਨਮਿੱਤ ਦਾਨ ਕਰਨਾ। ਦਸਵੰਧ ਵੀ ਦੇਣਾ, ਦਾਨ ਵੀ ਕਰਨਾ। ਇਹੋ ਜਿਹੀ ਗਲਤੀ ਨਾ ਕੋਈ ਕਰੇ ਬਈ ਬਹਿ ਜਾਈਏ ਹੁਣ ਚੁਪ ਕਰਕੇ। ਇਹ ਕਿਰਤ ਕਰਨੀ ਹੀ ਕਰਨੀ ਹੈ। ਉਹ ਜਿਹੜਾ ਗੋਰਖ ਦਾ ਚੇਲਾ ਬਣਦਾ ਸੀ, ਉਹ ਨਹੀਂ ਸੀ ਕਹਿੰਦਾ ਤੁਸੀਂ ਖੇਤੀਬਾੜੀ, ਨੌਕਰੀ ਚਾਕਰੀ ਕਰੋ। ਉਹ ਕਹਿੰਦਾ, ਫੜੋ ਚਿੱਪੀ ਤੇ ਮੰਗਦੇ ਫਿਰੋ ਤੇ ਕੰਨ 'ਚ ਪਾਉ

ਮੁੰਦਰਾਂ ਤੇ ਚਲੋ ਮੇਰੇ ਨਾਲ। ਗ੍ਰਿਹਸਤੀਆਂ ਦੀ ਕਰਦੇ ਸੀ ਨਿੰਦਿਆ, ਬਈ ਉਹ ਤਾਂ ਚੰਗੇ ਹੀ ਨਹੀਂ ਹੁੰਦੇ।

ਸੋ ਗੁਰੂਆਂ ਦੀ ਜੋ ਸਿਖਿਆ ਹੈ। ਗੁਰੂ ਮਹਾਰਾਜ ਨੇ ਜੀਵਨ ਦਸਿਆ, ਇਹਦੇ ਵਿਚ ਬਹੁਤ ਵਿਲਖਣਤਾ, ਬਹੁਤ ਉੱਚਾ। ਸੋ ਇਹ ਰੁਕਾਵਟਾਂ ਹੁੰਦੀਆਂ।

ਇਸ ਤੋਂ ਅੱਗੇ ਹੁੰਦਾ ਮੋਹ। ਪਰ ਡਿਊਟੀ ਪੂਰੀ ਦੇਣੀ। ਜਿਵੇਂ ਕਿਸੇ ਕੋਈ ਰਾਜੇ ਦਾ ਲੜਕਾ ਸੀ। ਉਹਨੂੰ ਕੋਈ ਦਾਸੀ, ਕੋਈ ਨੌਕਰਾਣੀ ਖਿਡਾ ਰਹੀ ਸੀ, ਉਹਨੂੰ ਨੁਹਾਵੇ ਬੱਚੇ ਨੂੰ, ਕਪੜੇ ਪੁਆਵੇ, ਉਹਨੂੰ ਲੋਰੀਆਂ ਦੇਵੇ, ਉਹਦੇ ਮਨ ਵਿਚ ਸੀ ਮੇਰਾ ਨਹੀਂ ਹੈ, ਰਾਜੇ ਦਾ। ਮੈਂ ਤਾਂ ਨੌਕਰਾਣੀ ਹਾਂ। ਸੋ ਇਸੇ ਤਰ੍ਹਾਂ ਬਾਲ ਬੱਚਾ, ਕਾਰੋਬਾਰ, ਖੇਤੀਬਾੜੀ, ਨੌਕਰੀ ਸਭ ਕੁਝ ਵਾਹਿਗੁਰੂ ਜੀ ਦੀ ਦਾਤ ਸਮਝ ਕੇ ਉਹਨੂੰ ਕਰੇ ਉਹਦੇ ਵਿਚ ਮੋਹ ਨਾ ਰਖੇ, ਇਹ ਮੇਰਾ ਨਹੀਂ ਮਹਾਰਾਜ ਦਾ ਹੀ ਹੈ। ਇਸ ਤਰ੍ਹਾਂ ਦੇ ਨਾਲ ਚੱਲੇ।

*ਦੁਨੀਆਂ ਵਿਚ ਪਰਾਹੁਣਾ ਦਾਵਾ ਛਡ ਰਹੈ ਲਾਦਾਵੈ।*

(ਭਾਈ ਗੁਰਦਾਸ ਜੀ ਵਾਰ ੨੯/੧੩)

ਇਸ ਤੋਂ ਅੱਗੇ ਹੁੰਦਾ ਅਹੰਕਾਰ। ਇਹ ਉਹਨੂੰ ਆਉਂਦਾ ਹੈ, ਜਿਹਨੇ ਨਾਮ ਜਪਣਾ ਮਾੜਾ, ਮੋਟਾ ਸ਼ੁਰੂ ਕੀਤਾ, ਜਾਂ ਸੇਵਾ ਸਿਮਰਨ ਸ਼ੁਰੂ ਕੀਤਾ ਤਾਂ ਹਉਮੈ ਦੀ ਜੜ੍ਹ ਨਹੀਂ ਵੱਢੀ ਗਈ।

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥*

(ਅੰਗ ੫੬੦)

ਇਹ ਨਾਮ ਰੋਕਦੀਆਂ ਨੇ ਚੀਜ਼ਾਂ। ਨਾਮ ਜਪਣ ਵਾਸਤੇ ਤਾਂ ਮਨੁੱਖਾ ਜਨਮ ਮਿਲਿਆ। ਜਨਮ ਸਫਲਾ ਕਰਨ ਵਾਸਤੇ ਨਾਮ ਜਪਣ ਵਾਸਤੇ ਅਸੀਂ ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਮਨਾ ਰਹੇ ਹਾਂ, ਬਈ ਸਾਨੂੰ ਕੋਈ ਸੇਧ ਮਿਲੇ, ਅਸੀਂ ਬੰਦਗੀ ਕਰੀਏ, ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾਈਏ। ਪਰ ਜਿਹੜੀਆਂ ਰੁਕਾਵਟਾਂ ਨੇ ਦੂਰ ਕਰੋਗੇ, ਤਦੇ ਹੀ ਹੈ ਨਾ। ਡਾਕਟਰ ਦਿੰਦਾ ਦਵਾਈ ਕਹਿੰਦਾ ਲੈ ਭਰਾਵਾ ਆਹ ਚੀਜ਼ਾਂ ਖਾਈਂ, ਆਹ ਨਾ ਖਾਈਂ, ਦਵਾਈ ਪੂਰਾ ਅਸਰ ਕਰੂ। ਜਿਹੜਾ ਇਸ ਵਿਚ ਛੱਡਣ ਵਾਸਤੇ ਕਿਹਾ ਜੇ ਇਹ ਛੱਡ ਦੇਵੇਗਾ, ਤਾਂ ਨਾਮ ਪੂਰਾ ਹੀ ਅਸਰ ਕਰੂ। ਵਾਹਿਗੁਰੂ, ਵਾਹਿਗੁਰੂ ਥੋੜ੍ਹਾ ਕੀਤਾ ਹੋਇਆ ਜ਼ਿਆਦਾ ਫਲ ਦੇਊ। ਸੋ ਇਹ ਜਿਹੜਾ ਅਹੰਕਾਰ ਹੈ ਨਾ, ਨਾਮ ਅਹੰਕਾਰ ਦੀ ਜੜ੍ਹ ਵੱਢਦਾ। ਜੇ ਜਪਿਆ ਹੀ ਨਾ ਜਾਵੇ ਉਸੇ ਤਰ੍ਹਾਂ ਰਹਿੰਦਾ। ਦਾਨਾਂ ਦੂਨਾਂ ਨਾਲ ਨਹੀਂ ਹੱਟਦਾ ਜਿੰਨਾ ਮਰਜ਼ੀ ਕਰ ਲਵੇ। ਨਾਮ ਨਾ ਜਪੇ ਕਰੀ ਜਾਵੇ

ਦਾਨ। ਅਹੰਕਾਰ ਦਾਨੀਆਂ ਨੂੰ ਵੀ ਆ ਜਾਂਦਾ ਹੁੰਦਾ। ਇੰਦਰ ਨੂੰ ਵੀ ਆ ਗਿਆ, ਹੋਰ ਕਈਆਂ ਨੂੰ ਆ ਗਿਆ। ਉਹ ਦਾਨੀਆਂ ਦੀਆਂ ਹੀ ਸਾਰੀਆਂ ਗੱਲਾਂ ਨੇ, ਨਾਮ ਜਪਿਆ ਹੀ ਨਹੀਂ, ਸਿਮਰਨ ਕੀਤਾ ਹੀ ਨਹੀਂ। ਜੇ ਨਾਮ ਵੀ ਜਪਿਆ, ਦਾਨ ਵੀ ਕਰਿਆ, ਫੇਰ ਅਹੰਕਾਰ ਦੀ ਜੜ੍ਹ ਵੱਢੀ ਜਾਂਦੀ ਹੈ। ਜਦੋਂ ਅਹੰਕਾਰ ਦੀ ਜੜ੍ਹ ਵੱਢੀ ਗਈ, ਇਹਦੀ ਨਿਸ਼ਾਨੀ ਕੀ ਹੈ? ਬਈ ਹੁਣ ਅਹੰਕਾਰ ਹੈ ਹੀ ਨਹੀਂ, ਇਹ ਕਿਹਾ ਕੁਝ ਨਹੀਂ ਹੁੰਦਾ, ਕਹਿਣ ਨਾਲ ਕੁਝ ਨਹੀਂ ਹੁੰਦਾ। ਉਹਦੀ ਨਿਸ਼ਾਨੀ ਹੈ ਬਈ ਜਿਹੜੀ ਆਤਮਾ ਹੈ ਇਹਦੇ ਵਿਚ ਦੀ ਪ੍ਰਮਾਤਮਾ ਦੇ ਪ੍ਰਤੱਖ ਦਰਸ਼ਨ ਹੁੰਦੇ ਨੇ। ਉਹ ਆਤਮਾ ਦਾ ਅਕਸ਼ ਫਿਰ ਪੈਂਦਾ, ਸਾਰੇ ਸਰੀਰ 'ਚ ਅਸਰ। ਫਿਰ ਅੱਖਾਂ 'ਚ ਆ ਜਾਂਦਾ। ਫਿਰ ਉਹ ਸਾਰਿਆਂ ਦੇ ਵਿਚ ਵਾਹਿਗੁਰੂ ਦਿਸਦਾ। ਸਮਝੋ ਬਈ ਅਹੰਕਾਰ ਦਾ ਖਾਤਮਾ ਹੋ ਗਿਆ। ਬਾਬਾ ਘਨਈਆ ਜੀ ਦੀ ਸੁਣੀ ਹੋਣੀ ਹੈ ਸਾਖੀ, ਸਾਰਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਿਸਦੇ ਨੇ। ਜਦੋਂ ਤੱਕ ਅਹੰਕਾਰ ਹੈ ਰੱਬ ਨਹੀਂ ਮਿਲਦਾ ਹੁੰਦਾ। ਕਿਸੇ ਵਿਚ ਵੀ ਨਹੀਂ ਦਿੱਸਦਾ; ਨਾ ਕਿਸੇ ਵਿਚ ਦਿੱਸੇ ਨਾ ਆਪਣੇ ਵਿਚ ਦਿੱਸੇ,

***ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥***

**(ਅੰਗ ੬੬੧)**

ਦੁਬਿਧਾ ਨਾ ਪਰੋ। ਉਹਦੇ ਵਿਚ ਨਹੀਂ ਪੈਣਾ ਚਾਹੀਦਾ। ਇਧਰ ਵੀ ਤੇ ਉਧਰ ਵੀ। ਸੋ ਇਸ ਕਰਕੇ ਨਾਮ ਵਿਚ ਵੱਡੀਆਂ ਰੁਕਾਵਟਾਂ ਨੇ। ਮਹਾਰਾਜ ਨੇ ਇਸ ਤਰ੍ਹਾਂ ਨਾਲ ਦਸਿਆ ਹੈ।

ਧਾਰਨਾ : ਹਉਮੈ ਨਾਵੈ ਨਾਲਿ ਵਿਰੋਧੁ ਹੈ.......2.....।

ਦੁਇ ਨ ਵਸਹਿ ਇਕ ਠਾਇ.......2.....।

ਇਸ ਤਰ੍ਹਾਂ ਜਿਵੇਂ ਅੱਗ, ਪਾਣੀ ਇਕੱਠੇ ਨਹੀਂ। ਚੁਲ੍ਹੇ 'ਚ ਅੱਗ ਹੈ। ਚੁਲ੍ਹੇ 'ਚ ਪਾਣੀ ਪਾ ਦਿਉ, ਉਹ ਬੁਝ ਜਾਣੀ ਹੈ। ਇਸ ਤਰ੍ਹਾਂ

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

ਹਉਮੈ ਵਿਚਿ ਸੇਵਾ ਨਾ ਹੋਵਈ- ਸੇਵਾ ਹੁੰਦੀ ਹੀ ਨਹੀਂ

***ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥***

ਤਾਂ ਵਿਅਰਥ ਚਲਾ ਗਿਆ ਸਾਰਾ ਕੁਝ। ਸੋ ਇਸ ਕਰਕੇ ਰੁਕਾਵਟਾਂ ਹੁੰਦੀਆਂ ਨੇ ਸਿਮਰਨ ਵਿਚ। ਜੇ ਉਹ ਦੂਰ ਹੋ ਜਾਣ ਫੇਰ ਉਹ ਗੁਰਮੁਖ ਬਣ ਜਾਂਦਾ। ਫਿਰ ਦੇਖੋ ਨਾ

ਭਾਈ ਮਤੀ ਦਾਸ ਜੀ, ਸਰੀਰ ਦੇ ਦੋ ਹਿੱਸੇ ਹੋਏ ਪਏ ਨੇ, ਬਾਣੀ ਪੜ੍ਹੀ ਜਾਂਦੇ ਨੇ। ਭਾਈ ਮਨੀ ਸਿੰਘ ਜੀ ਬੰਦ-ਬੰਦ ਕੱਟੇ ਗਏ, ਸੀਸ ਕੱਟਿਆ ਗਿਆ, ਟੁਕੜੇ ਹੋਇਆ ਸਰੀਰ, ਸੁਖਮਨੀ ਸਾਹਿਬ ਦਾ ਪਾਠ ਹੀ ਕਰੀ ਜਾਂਦੇ ਨੇ ਉਹ।

*ਹਉਮੈ ਜਾਈ ਤਾ ਕੰਤ ਸਮਾਈ॥*
*ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥*

(ਅੰਗ ੭੫੦)

ਸ਼ਬਦ ਜਿਹੜਾ ਨਾ, ਸਾਡਾ ਨਾਮ ਨਹੀਂ ਚਲਦਾ, ਸਾਡੇ ਵਿਚ ਹੈਗਾ ਕੁਝ। ਕੁਝ ਬਣੇ ਹੋਏ ਆਂ। ਕੁਝ ਬਣ ਜਾਣਾ ਰੱਬ ਤੋਂ ਵਿਛੋੜਾ ਹੈ। ਕੁਝ ਵੀ ਨਾ ਬਣੇ ਫੇਰ ਮਿਲਾਪ ਹੈ। ਕੁਝ ਵੀ ਨਾ ਬਣੇ। ਸੋ ਇਸ ਕਰਕੇ ਜੇ ਇਹ ਰੁਕਾਵਟਾਂ ਦੂਰ ਹੋ ਜਾਣ, ਨਾਮ ਜਪਣ ਲੱਗ ਜਾਈਏ ਤੇ ਇਹਦੇ ਤੋਂ ਰਹਿਤ ਹੋ ਕੇ ਕਰੀਏ ਸੇਵਾ,

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* (ਅੰਗ ੨੬)

ਨਾਮ ਜਪਣ ਵਾਲਾ ਵੀ ਉਥੇ ਜਾਂਦਾ, ਸੇਵਾ ਕਰਨ ਵਾਲਾ ਵੀ ਉਥੇ ਜਾਂਦਾ। ਫਿਰ ਜੋ ਆਪਣੀ ਹਉਮੈ ਨੂੰ ਛੱਡ ਕੇ ਸੇਵਾ ਕਰੇ, ਦੋਨਾਂ ਦੀ ਪਰਮਗਤੀ ਹੈ। ਜੇ ਦੋਵੇਂ ਕੰਮ ਕਰੇ ਫੇਰ ਤਾਂ ਕਹਿਣਾ ਹੀ ਕੀ ਹੈ। *"ਕਹੁ ਨਾਨਕ ਬਾਹ ਲੁਡਾਈਐ"॥* (ਅੰਗ ੨੬) ਫਿਰ ਜਿਵੇਂ ਕੋਈ ਵੱਡਾ ਸ਼ਾਹੂਕਾਰ ਸੇਠ ਫੁੱਲਾਂ ਵਿਚ ਬਾਂਹ ਮਾਰਦਾ ਫਿਰਦਾ ਬੜਾ ਖੁਸ਼ ਹੁੰਦਾ। ਸੁਗੰਧੀਆਂ ਵਿਚ ਫਿਰਦਾ, ਇਸ ਤਰ੍ਹਾਂ ਉਹ ਗੁਰਮੁਖ ਜਾਂਦਾ ਦਰਗਾਹ ਨੂੰ, ਦੁੱਖ ਲਗਦਾ ਹੀ ਨਹੀਂ, ਸਰੀਰ ਛੱਡਣ ਲਗਿਆਂ ਵੀ ਨਹੀਂ ਦੁੱਖ ਲਗਦਾ। ਹਾਥੀ ਹੈ, ਉਸਦੇ ਗਲ ਵਿਚ ਫੁੱਲਾਂ ਦੀ ਮਾਲਾ ਪਾਈ ਹੋਈ ਹੈ, ਉਹ ਲਾਹ ਦਿੱਤੀ, ਲੈ ਹਾਥੀ ਨੂੰ ਕੋਈ ਦੁੱਖ ਲਗਦਾ। ਬਰਛਿਆਂ ਦੇ ਨਾਲ ਤਾਂ ਕੁਝ ਹੁੰਦਾ ਨਹੀਂ, ਫੁੱਲਾਂ ਦੀ ਮਾਲਾ ਲਾਹਿਆਂ ਕੀ ਹੋਣਾ ਕੁਝ ਵੀ ਨਹੀਂ। ਇਸੇ ਤਰ੍ਹਾਂ ਗੁਰਮੁਖ ਜਿਹੜਾ ਹੈ ਉਹਨੂੰ ਸਰੀਰ ਛੱਡਣ ਲਗਿਆਂ, ਜਿਵੇਂ ਹਾਥੀ ਨੂੰ ਫੁੱਲਾਂ ਦੀ ਮਾਲਾ ਲਾਹੁਣ ਲਗਿਆਂ ਕੋਈ ਮਹਿਸੂਸ ਨਹੀਂ ਹੁੰਦਾ ਦੁੱਖ, ਇਸ ਤਰ੍ਹਾਂ ਗੁਰਮੁੱਖਾਂ ਨੂੰ ਸਰੀਰ ਛੱਡਣ ਲਗਿਆ ਸੂਈ ਦੇ ਨੱਕੇ ਜਿੰਨਾ ਵੀ ਕਸ਼ਟ ਨਹੀਂ ਹੁੰਦਾ। ਅਰਾਮ ਨਾਲ ਜਾਂਦੇ ਨੇ ਬਈ ਉਹ ਚਲੇ ਗਏ। ਸੋ ਇਸ ਕਰਕੇ ਕੇਵਲ ਖਿਆਲ ਘੁੰਮ ਜਾਂਦਾ ਬਹੁਤ ਤੇਜ਼ੀ ਨਾਲ। ਉਹ ਗੁਰਮੁਖ ਹੁੰਦੇ ਨੇ, ਬੜੇ-ਬੜੇ ਮਹਾਂਪੁਰਸ਼, ਬੜੇ ਬੜੇ ਬੰਦਗੀਆਂ ਵਾਲੇ ਗੁਰਸਿੱਖ ਹੁੰਦੇ ਨੇ, ਉਨ੍ਹਾਂ ਨੇ ਉਹ ਜਿਹੜੀਆਂ ਰੁਕਾਵਟਾਂ ਨੇ ਅੰਦਰੋਂ ਹੀ, ਉਹ ਜਿਹੜੇ ਨਵੇਂ ਨਾਮ ਜਪ ਕੇ ਬਣੇ ਹੁੰਦੇ ਨੇ ਗੁਰਮੁਖ, ਉਨ੍ਹਾਂ ਨੇ ਦੂਰ

ਕੀਤੀਆਂ ਹੁੰਦੀਆਂ ਨੇ। ਉਨ੍ਹਾਂ ਬਾਣੀ ਦੇ ਬਚਨ ਕਮਾਏ ਹੁੰਦੇ ਨੇ। ਇਕ ਸੁਨਣ ਵਾਲੇ ਹੁੰਦੇ ਨੇ, ਇਕ ਕਮਾਉਣ ਵਾਲੇ ਹੁੰਦੇ ਨੇ। ਜਦੋਂ ਬੱਚੇ ਪੜ੍ਹਦੇ ਨੇ ਨਾ ਸਕੂਲੇ, ਕਈ ਤਾਂ ਵਿਚਾਰੇ ਫੇਲ੍ਹ ਹੀ ਹੋ ਜਾਂਦੇ ਨੇ, ਸੁਣੀ ਹੀ ਜਾਂਦੇ ਨੇ। ਪਾਂਧਾ ਇਕੋ ਹੀ ਹੈ। ਜਿਹੜੇ ਚੰਗੇ ਨੰਬਰਾਂ ਵਾਲੇ ਹੁੰਦੇ ਨੇ ਉਨ੍ਹਾਂ ਨੂੰ ਕੋਈ ਵੱਖਰਾ ਤਾਂ ਨਹੀਂ ਦਿੰਦਾ ਕੋਈ ਸਬਕ

*"ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥"*

**(ਅੰਗ ੯੩੮)**

ਉਹ ਜਿਹੜੇ ਪਾਸ ਹੁੰਦੇ ਨੇ ਉਹ ਬਹੁਤ ਚਤੁਰ, ਸਿਆਣੇ ਹੁੰਦੇ ਨੇ, ਪਾਸ ਹੋ ਜਾਂਦੇ ਨੇ। ਜਿਹੜੇ ਫੇਲ੍ਹ ਹੁੰਦੇ ਨੇ ਉਨ੍ਹਾਂ ਦੇ ਕੰਨਾਂ ਦੇ ਉਤੋਂ ਦੀ ਲੰਘੀ ਜਾਂਦੀ ਹੈ। ਸੁਣਦੇ ਦੋਵੇਂ ਹੀ ਨੇ। ਇਕ ਸੁਣਕੇ ਮੰਨ ਲੈਂਦੇ ਨੇ, **ਮੰਨੇ ਕੀ ਗਤਿ ਕਹੀ ਨ ਜਾਇ॥ (ਅੰਗ ੩)** ਇਕ ਸੁਣ ਕੇ ਉਥੇ ਹੀ ਛੱਡ ਦਿੰਦੇ ਨੇ। ਇਹ ਤਾਂ ਹੋਰ ਕਿਸੇ ਦਾ ਕੰਮ ਹੈ, ਅਸੀਂ ਥੋੜ੍ਹੀ ਕਰਨਾ। ਨਾਮ ਜਪਣਾ, ਸੇਵਾ ਕਰਨੀ, ਸਿਮਰਨ ਕਰਨਾ, ਭਜਨ ਪਾਠ ਕਰਨਾ, ਪੁੰਨ ਦਾਨ ਕਰਨਾ ਇਹ ਸਾਡਾ ਕੰਮ ਥੋੜ੍ਹੀ ਹੈ, ਖਰੇ ਕਿਸੇ ਹੋਰ ਦਾ, ਪਤਾ ਨਹੀਂ ਕਿਹਨੂੰ ਸੁਣਾ ਰਹੇ ਆ। ਉਹ ਆਪਣੇ ਤੋਂ ਗੱਲ ਅਗਾਂਹ ਟਾਲ ਦਿੰਦੇ ਨੇ। ਸੁਣਦੇ ਉਹ ਵੀ ਹੁੰਦੇ ਨੇ। ਸੋ ਜਿਹੜੇ ਮੰਨ ਲੈਂਦੇ ਨੇ ਨਾ, ਉਨ੍ਹਾਂ ਦਾ ਬੇੜਾ ਪਾਰ ਹੋ ਜਾਂਦਾ, ਉਹ ਤਰ ਜਾਂਦੇ ਨੇ।

ਸੋ ਆਪ ਜੀ ਦੇ ਪੰਜ ਦੀਵਾਨ ਸੀ, ਦੋ ਵੱਜਣ ਵਿਚ ਪੰਜ 'ਕੁ' ਮਿੰਟ ਰਹਿ ਗਏ। ਗੁਰੂ ਉਸਤੋਤਰ ਪੜ੍ਹੋ। ਭਾਈ ਸਾਹਿਬ ਅਨੰਦੁ ਸਾਹਿਬ ਦਾ ਪਾਠ ਕਰ ਲੈਣ। ਫਿਰ ਅਰਦਾਸ ਹੋਏਗੀ। ਗੁਰੂ ਜੀ ਦਾ ਹੁਕਮਨਾਮਾ ਮਹਾਰਾਜ ਜੀ ਦਾ ਸੁਣਨਾ, ਪ੍ਰਸ਼ਾਦਿ ਵਰਤੇਗਾ, ਲੰਗਰ ਵਗੈਰਾ ਛੱਕਣਾ। ਆਉਣ ਵਾਲੇ ਦੀਵਾਨ ਅਰਦਾਸ ਤੋਂ ਬਾਅਦ ਦੱਸ ਦਿੱਤੇ ਜਾਣਗੇ। ਇਥੋਂ ਦੇ ਪ੍ਰੇਮੀਆਂ ਨੇ ਬੇਨਤੀ ਕੀਤੀ ਹੈ। ਉਹ ਕਹਿੰਦੇ, ਉਨ੍ਹਾਂ ਦਾ ਵਿਚਾਰ ਇਹ ਹੈ ਬਈ ਦੀਵਾਨ ਥੋੜ੍ਹੇ ਅਗਾਂਹ ਹੋ ਜਾਣ ਮਾਰਚ ਵਿਚ। ਸੋ ਨੇੜੇ ਜਾ ਕੇ ਤਾਰੀਕ ਆਉਂਦੇ ਸਾਲ ਦੀ ਆਪ ਜੀ ਨੇ ਲੈ ਲੈਣਾ। ਜੋ ਸੰਗਤਾਂ ਦਾ ਹੁਕਮ ਹੈ ਸਿਰ ਮੱਥੇ 'ਤੇ ਪੰਜ, ਸੱਤ ਜਣੇ ਮਿਲੇ ਸੀ। ਜਨਵਰੀ ਦੇ ਤਾਂ ਅਸੀਂ ਅੱਗੇ ਹੀ ਨਹੀਂ ਦੇਣੇ, ਦਿੱਤੇ ਹੋਏ ਨੇ ਬਾਹਰ। ਦਸੰਬਰ ਤੇ ਜਨਵਰੀ ਇਹ ਦੋ ਮਹੀਨੇ ਵਿਚ ਦੀਵਾਨ ਬੰਦ ਕਰ ਦਿੱਤੇ ਹਨ, ਕੇਵਲ ਪਹਿਲੀ ਦਾ ਹੀ ਹੈ। ਐਮ.ਪੀ. ਰਾਜਸਥਾਨ ਉਧਰ ਦਿੱਤੇ ਹਨ। ਉਧਰ ਟੈਲੀਫੋਨ ਕਰਕੇ ਪੁਛੀਦਾ, ਕਹਿੰਦੇ ਬਹੁਤ ਧੁੱਪ ਲੱਗੀ ਹੋਈ ਹੈ। ਜ਼ਿਲ੍ਹਾ ਗੁਨਾ ਵਿਚ ਛੋਲਿਆਂ ਦੀ ਵਾਢੀ ਪਈ ਹੋਈ ਹੈ। ਤਕੜੇ ਹੋ ਕੇ ਕਟਾਈ ਚਲ ਰਹੀ ਹੈ। ਉਨ੍ਹਾਂ ਦੱਸਿਆ ਬਈ ਵਾਢੀ ਚਲ ਪਈ। ਨਵੇਂ ਛੋਲਿਆਂ ਦੀ ਦਾਲ ਮੰਡੀ ਵਿਚ ਆ ਗਈ ਉਥੇ। ਸਾਡੇ ਅਜੇ ਤਾਂ ਫੁੱਲ ਵੀ ਨਹੀਂ ਨਿਕਲੇ। ਫਰਕ ਆ ਬੜਾ। ਉਥੋਂ ਥੋੜ੍ਹਾ ਜਿਹਾ ਹੋਰ

ਅਗਾਂਹ ਜਾਈਏ ਉਥੇ ਹਦਵਾਣੇ ਪੱਕੇ ਪਏ ਨੇ। ਦਿੱਲੀ ਆਉਂਦੇ ਨੇ ਟਰੱਕਾਂ ਵਿਚ। ਸਾਡੇ ਅਜੇ ਵੱਲਾਂ ਬੀਜਣੀਆਂ। ਕੁਝ ਬੀਜੀਆਂ ਹੋਈਆਂ ਨਦੀਆਂ ਦੇ ਕੰਢਿਆਂ ਤੇ। ਸੋ ਮੌਸਮ ਦਾ ਫ਼ਰਕ ਹੈ ਬੜਾ। ਇਸ ਕਰਕੇ ਦੋ ਮਹੀਨੇ ਪੱਕੇ ਹੀ ਉਧਰ ਦੇ ਦਿੱਤੇ। ਗੁਰੂ ਮਹਾਂਰਾਜ ਤੰਦਰੁਸਤੀ ਬਖਸ਼ਣ, ਸਾਰਿਆਂ ਨੂੰ ਚੜ੍ਹਦੀ ਕਲਾ ਬਖਸ਼ਣ, ਕ੍ਰਿਪਾ-ਦ੍ਰਿਸ਼ਟੀ ਕਰਨ, ਬਖਸ਼ਸ਼ ਕਰਨ, ਆਉਂਦੇ ਸਾਲ ਥੋੜ੍ਹਾ ਅਗਾਂਹ ਅਖੀਰ ਫਰਵਰੀ ਜਾਂ ਮਾਰਚ ਵਿਚ ਲੈ ਲੈਣੇ, ਉਦੋਂ ਦਿਨ ਵੀ ਖੁਲ੍ਹੇ ਹੁੰਦੇ ਨੇ, ਪਾਲਾ ਵੀ ਨਹੀਂ ਹੁੰਦਾ। ਸੰਗਤਾਂ ਵੀ ਦੂਰੋਂ-ਦੂਰੋਂ ਆ ਜਾਂਦੀਆਂ ਨੇ। ਆਪਣੇ ਇਥੇ ਯੂ.ਪੀ. ਵਿਚ ਕੁਝ ਰਸਤੇ ਵੀ ਐਹੋ ਜਿਹੇ ਨੇ।

ਮੈਂ ਇਕ ਦਿਨ ਗਿਣਿਆ ਸੀ, ਆਹ ਪੰਜੀਵਾਂ ਸਮਾਗਮ ਹੈ ਤੁਹਾਡਾ। ਰਛੋਲਾ ਕੋਠੀ ਪੀਲੀਭੀਤ ਚੌਵੀ ਸਾਲ ਜਾਂ ਪੰਝੀ ਸਾਲ ਹੋ ਗਏ ਇਥੇ ਦੀਵਾਨ ਹੁੰਦੇ। ਜਦੋਂ ਪਹਿਲੀ ਵਾਰ ਮੈਂ ਆਇਆ ਨਾ ਇੱਥੇ, ਅੱਜ ਤੋਂ ਪੰਝੀ ਸਾਲ ਪਹਿਲਾਂ, ਉਦੋਂ ੨੦੪ ਨੇ ਅੰਮ੍ਰਿਤ ਛਕਿਆ ਸੀ। ਉਦੋਂ ਸਾਡਾ ਢੋਲਕੀ ਵਾਲਾ ਹੀ ਚੋਰੀ ਨੱਠ ਗਿਆ ਸੀ। ਉਹ ਫੜਿਆ ਸੀ ਜਾ ਕੇ ਪੀਲੀਭੀਤ ਟ੍ਰੈਕਟਰ ਤੇ। ਮੈਂ ਆਖਿਆ ਇਹਨੂੰ ਬੱਸੇ ਚੜ੍ਹਾ ਦਿਉ, ਜਾਣ ਦਿਉ ਇਹਨੂੰ। ਉਹ ਕਹਿੰਦਾ ਅੱਠ ਜਾਣੇ ਅਸੀਂ ਸ਼ਬਦ ਪੜ੍ਹਨ ਵਾਲੇ ਤੇ ਸੱਤ ਜਾਣੇ ਸੁਣਨ ਵਾਲੇ। ਇਹ ਤਾਂ ਐਵੇਂ ਬੱਸ ਲਗੇ ਨੇ। ਮੈਂ ਕਿਹਾ ਬਈ ਦੀਵਾਨ ਤਾਂ ਪੰਜ ਪੂਰੇ ਹੋਣਗੇ। ਉਹ ਵਿਚੇ ਹੀ ਛੱਡ ਕੇ ਨੱਠ ਗਿਆ। ਦੇਖੋ ੨੫ ਸਾਲ ਹੋ ਗਏ। ੨੫ ਸਾਲ ਵਿਚ ਬੱਚਾ ਜਨਮ ਲੈ ਕੇ ਵਿਆਹ ਹੋ ਜਾਂਦਾ, ੨੦ ਕੁ ਸਾਲਾਂ ਬਾਅਦ। ਤਿੰਨਾ ਚੌਹਾਂ ਸਾਲਾਂ ਵਿਚ ਦੋ ਉਹਦੇ ਬਾਲ ਬੱਚੇ ਵੀ ਹੋ ਜਾਂਦੇ ਨੇ। ਬੜਾ ਪੁਰਾਣਾ ਸਮਾਂ ਹੋ ਗਿਆ। ਤਕੜੇ ਹੋ ਕੇ ਨਾਮ ਜਪਿਆ ਕਰੋ।

ਹੁਣ ਗੁਰੂ ਉਸਤੋਤਰ ਪੜ੍ਹੋ!

ਅਨੰਦੁ ਸਾਹਿਬ

****

ਗੁਰੂ ਉਸਤੋਤਰ

****

ਅਰਦਾਸ

****

## ਹੁਕਮਨਾਮਾ

ਸੋਰਠਿ ਮਹਲਾ ੫ ॥ ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥ ੧ ॥ ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥ ੨ ॥ ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥ ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥ ੩ ॥ ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ ੪ ॥ ੧੧ ॥ (ਅੰਗ ੬੧੧)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

***

੧੯

# ਨਾਨਕ ਦੁਖੀਆ ਸਭ ਸੰਸਾਰ

ਸ਼ਾਨ :- (ਸਾਜ਼ਾਂ ਦੀ ਬਹੁਤ ਸੁਰੀਲੀ ਅਵਾਜ਼)

ਸਤਿਨਾਮ ਸ੍ਰੀ ਵਾਹਿਗੁਰੂ ਜੀ,
ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀਓ ਮਹਾਰਾਜ।

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

(ਅੰਗ ੨੮੯)

ਧਾਰਨਾ- ਮੋਹਿ ਨਾ ਬਿਸਾਰੋ ਜੀ,
ਮੈਂ ਜਨ ਤੇਰਾ, ਮੈਂ ਜਨ ਤੇਰਾ.........2

*ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥*
*ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥*
*ਰਾਮ ਗੁਸਈਆ ਜੀਅ ਕੇ ਜੀਵਨਾ॥*
*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧॥ ਰਹਾਉ ॥*
*ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥*
*ਚਰਣ ਨ ਛਾਡਉ ਸਰੀਰ ਕਲ ਜਾਈ॥ ੨॥*
*ਕਹੁ ਰਵਿਦਾਸ ਪਰਉ ਤੇਰੀ ਸਾਭਾ॥*
*ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥ ੩॥*

(ਅੰਗ ੩੪੫)

ਧਾਰਨਾ- ਮੋਹਿ ਨਾ ਬਿਸਾਰੋ ਜੀ

ਮੈਂ ਜਨ ਤੇਰਾ ਮੈਂ ਜਨ ਤੇਰਾ.........2

ਸਤਿਕਾਰਯੋਗ, ਸਾਧਸੰਗਤ, ਆਪ ਸਭ ਮਾਈ ਭਾਈ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜਿਨ੍ਹਾਂ ਦੀ ਕ੍ਰਿਪਾ ਦਾ ਸਦਕਾ ਆਪਾਂ ਸਾਰੇ ਹੀ ਸਾਧਸੰਗਤ ਦੇ ਰੂਪ ਵਿਚ ਇਕੱਤਰ ਹੋਏ ਹਾਂ। ਪਹਿਲਾਂ ਦਾਸ ਬੋਲਦਾ ਹੈ, ਫਿਰ ਸਾਰੇ ਭਾਈ ਸ਼ਬਦ ਵਿਚ ਬੋਲੋ, ਤੀਸਰੇ ਹਿੱਸੇ ਵਿਚ ਸਭ ਮਾਈਆਂ, ਬੀਬੀਆਂ। ਨਾਲ ਦੇ ਨਾਲ ਵਿਚਾਰ ਕਰੀ ਜਾਣਾ। ਕਈ ਵਾਰੀ ਸਵਾਲ ਹੁੰਦਾ ਹੈ ਬਈ ਆਪਾਂ ਦੁੱਖੀ ਕਿਉਂ ਹਾਂ। ਬੜੇ-ਬੜੇ ਦੁੱਖੀ ਪਏ ਨੇ।

*ਕੋਈ ਤਨ ਦੁਖੀ, ਕਈ ਮਨ ਦੁਖੀ। ਕੋਈ ਚਿੰਤਾ ਚਿਤ ਉਦਾਸ।*
*ਥੋੜੇ ਥੋੜੇ ਸਭ ਦੁੱਖੀ ਕੋਈ ਸੁੱਖੀ ਕੋਈ ਹਰੀ ਕੇ ਦਾਸ।*

ਕੋਈ ਵੀ ਕਾਰਜ ਹੈ ਉਹਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ। ਬਿਨਾਂ ਕਿਸੇ ਕਾਰਨ ਤੋਂ ਕੋਈ ਕਾਰਜ ਹੋਇਆ ਹੀ ਨਹੀਂ ਅੱਜ ਤੱਕ। ਦੁੱਖ ਦਾ ਵੀ ਕੋਈ ਕਾਰਨ ਹੋਣਾ। ਸਿਧਾਂ ਨੇ ਪੁੱਛਿਆ ਸੀ ਗੁਰੂ ਨਾਨਕ ਜੀ ਨੂੰ ਮਹਾਰਾਜ

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥*
*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥*

(ਅੰਗ ੯੪੬)

ਗੁਰੂ ਨਾਨਕ ਜੀ ਨੇ ਬਚਨ ਕੀਤਾ,

*ਹਉਮੈ ਵਿਚਿ ਜਗੁ ਉਪਜੇ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥*

ਨਾਮ ਤੋਂ ਬਿਨਾਂ ਤਮਾਮ ਦੁਨੀਆਂ ਦੁੱਖੀ ਹੈ। ਸੁੱਖ ਵਾਹਿਗੁਰੂ ਦੇ ਨਾਮ ਵਿਚ ਹੈ। ਨਾਮ ਜਿਹੜਾ ਹੈ ਆਪਾਂ ਦੇਖਦੇ ਹਾਂ ਕਿ ਫਲਾਣੇ ਕੋਲ, ਦੂਜੇ ਕੋਲ, ਤੀਜੇ ਕੋਲ, ਐਹ ਨਹੀਂ ਹੈ। ਜਿੱਥੇ ਨਾਮ ਹੋਵੇ ਉਥੇ ਦੁੱਖ ਹੁੰਦਾ ਹੀ ਨਹੀਂ।

*ਹਰਿ ਕੇ ਨਾਮ ਬਿਨਾ ਦੁਖੁ ਪਾਵੈ॥*
*ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥੧॥ ਰਹਾਉ॥*
*ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ॥*
*ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ॥ ੧॥*

*ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥*
*ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥*
(ਅੰਗ ੮੩੧)

*ਹਰਿ ਬਿਸਰਤ ਸਦਾ ਖੁਆਰੀ॥*
*ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥*
*ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥* (ਅੰਗ ੭੧੧)

ਵਾਹਿਗੁਰੂ ਦੇ ਨਾਮ ਤੋਂ ਬਿਨਾਂ ਇਹ ਦੁੱਖੀ ਹੁੰਦਾ ਹੈ।

ਜਿਵੇਂ ਖੇਤ ਵਿਚ ਕੱਖਾਂ ਦਾ ਡਰਾਉਣਾ ਹੁੰਦਾ, ਉਹਨੂੰ ਬਲਨਾ ਕਿਹਾ। ਉਹ ਬੰਦਾ ਨਹੀਂ ਹੁੰਦਾ, ਨਾ ਉਹਦੇ ਵਿਚ ਜਾਨ ਹੁੰਦੀ ਹੈ। ਉਹ ਕੱਖਾਂ ਦਾ ਬਣਾ ਕੇ ਕਪੜੇ ਪਾਏ ਹੁੰਦੇ ਨੇ, ਡਰਾਉਣਾ ਹੁੰਦਾ, ਚਿੜੀਆਂ ਉਡਾਉਣ ਵਾਸਤੇ। ਬਿਨਾਂ ਨਾਮ ਤੋਂ ਇਸ ਤਰ੍ਹਾਂ ਹੀ ਹੈ।

*ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥*
(ਅੰਗ ੧੩੮੩)

ਬਲਨੇ ਨੇ, ਕਪੜੇ ਪਾਏ ਹੋਏ ਨੇ, ਕੱਖ ਨੇ, ਜਾਨ ਵਿਚ ਹੈ ਨਹੀਂ, ਮੁਰਦੇ ਨੇ।

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ङिਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥*
(ਅੰਗ ੨੫੩)

*'ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥*
*ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥*
(ਅੰਗ ੭੧੨)

ਨੌਵਾਂ ਖੰਡਾਂ ਦਾ ਰਾਜਾ ਹੋਵੇ ਜਿਹਦੇ ਵਿਚ ਇਕ ਭਾਰਤ ਖੰਡ ਹੈ। ਨੌਵਾਂ ਖੰਡਾਂ, ਸੱਤਾਂ ਦੀਪਾਂ ਵਿਚ ਗੁਰੂ ਨਾਨਕ ਜੀ ਨੇ ਚੱਕਰ ਲਾਇਆ-

*ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥*

ਜਦੋਂ ਦੁਨੀਆਂ ਤੋਂ ਜਾਏਗਾ, ਇੱਡਾ ਵੱਡਾ ਰਾਜਾ ਵੀ ਰੋਂਦਾ ਹੀ ਜਾਏਗਾ। ਕਿਉਂ ? ਨਾਮ ਹੈ ਨਹੀਂ ਪੱਲੇ।

*"ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥*
*ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥*

(ਅੰਗ ੧੧੫੫)

ਸੋ ਇਸ ਕਰਕੇ —

*ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ ੧ ॥*
*ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ॥*
*ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥* (ਅੰਗ ੭੧੨)

ਸੋ ਇਸ ਤੋਂ ਇਹ ਸਿੱਧ ਹੋਇਆ ਕਿ ਤਮਾਮ ਦੁਨੀਆਂ ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਦੁੱਖੀ ਹੈ।

**ਧਾਰਨਾ - ਦੁਖੀਆ ਸਭ ਸੰਸਾਰ, ਨਾਨਕ ਦੁਖੀਆਂ, ਨਾਨਕ ਦੁਖੀਆ.........2**

**ਦੁਖੀਆ ਸਭ ਸੰਸਾਰ, ਨਾਨਕ ਦੁਖੀਆ, ਨਾਨਕ ਦੁਖੀਆ.........2**

ਗੁਰੂ ਨਾਨਕ ਜੀ ਦੇ, ਮਰਦਾਨਾ ਜੀ, ਬਾਲਾ ਜੀ ਨਾਲ ਬਚਨ ਹੋ ਰਹੇ ਨੇ। ਆਖਣ ਲੱਗੇ, ਮਰਦਾਨਾ ਜੀ !...... ਬਈ ਦੁਨੀਆਂ ਦੁਖੀ ਹੈ। ਮਰਦਾਨਾ ਜੀ ਨੇ, ਅਰਜ਼ ਕੀਤੀ ਮਹਾਰਾਜ ਉਹ ਲੋਕ ਤੇ ਦੁਖੀ ਹੋਣਗੇ ਜਿਨ੍ਹਾਂ ਕੋਲ ਪਾਉਣ ਲਈ ਕਪੜਾ ਨਹੀਂ, ਖਾਣ ਲਈ ਰੋਟੀ ਨਹੀਂ। ਜਿਨ੍ਹਾਂ ਕੋਲ ਅੱਛੇ-ਅੱਛੇ ਕਾਰੋਬਾਰ ਹਨ, ਗੁਰੂ ਜੀ ਕਹਿੰਦੇ ਉਹ ਵੀ ਦੁਖੀ, ਕਿਸੇ ਹੋਰ ਚੀਜ਼ ਦੀ ਇਛਿਆ ਹੋਣੀ ਹੈ। ਮਹਾਰਾਜ ਉਨ੍ਹਾਂ ਵਿਚੋਂ ਫਿਰ ਜਿਹੜੇ ਵੱਡੇ-ਵੱਡੇ ਮੁੱਖੀ, ਰਾਜੇ, ਰਾਣੇ ਲੋਕ। ਗੁਰੂ ਜੀ ਕਹਿੰਦੇ ਮਰਦਾਨਿਆਂ ਉਹ ਵੀ ਦੁੱਖੀ। ਅੱਛਾ ਮਹਾਰਾਜ ਤੇ ਜਿਹੜੇ ਚੱਕ੍ਰਵਰਤੀ ਹਿੰਦੁਸਤਾਨ ਦੇ ਬਾਦਸ਼ਾਹ, ਗੁਰੂ ਜੀ ਕਹਿੰਦੇ ਉਹ ਵੀ ਦੁੱਖੀ। ਫਿਰ ਕਹਿਣ ਲੱਗਾ ਹੈਂ ਸੁਖੀ ਕੋਈ ਹੈ ਹੀ ਨਹੀਂ। ਗੁਰੂ ਜੀ ਕਹਿੰਦੇ ਬੱਸ ਸੁੱਖ ਨਾਮ ਵਿਚ ਹੈ।

*ਐਸਾ ਜਗੁ ਦੇਖਿਆ ਜੂਆਰੀ॥ ਸਭਿ ਸੁਖ ਮਾਗੈ ਨਾਮੁ ਬਿਸਾਰੀ॥*

(ਅੰਗ ੨੨੨)

ਨਾਮ ਵਾਲੇ ਪਾਸੇ ਆਉਂਦੇ ਨਹੀਂ, ਸੁੱਖ ਲੱਭਦੇ ਫਿਰਦੇ ਨੇ। ਉਹ ਮਿਲਣਾ ਨਹੀਂ। ਮਰਦਾਨਿਆਂ ਦੁਨੀਆਂ ਦੀ ਗੱਲ ਛੱਡ, ਸਵਰਗਾਂ ਦਾ ਰਾਜਾ ਇੰਦਰ ਵੀ ਦੁੱਖੀ। ਪ੍ਰਲੋਕ ਵੱਲ ਨੂੰ ਚਲ ਪਏ। ਵੱਡੇ-ਵੱਡੇ ਦੇਵਤੇ ਵੀ ਦੁੱਖੀ, ਹੈਂ ਉਹ ਵੀ ਦੁੱਖੀ।

ਇਕ ਵਾਰੀ ਦੀ ਗੱਲ ਇੰਦਰ ਕਹਿਣ ਲੱਗਾ ਵਰਿਸਪੱਤ ਨੂੰ ਮਹਾਰਾਜ, ਭਾਵੇਂ ਮੈਂ

ਤੇਤੀ ਕਰੋੜ ਦੇਵਤੇ ਦਾ ਮੁੱਖੀ ਹਾਂ, ਸਵਰਗ ਦਾ ਮੈਂ ਮਾਲਕ ਹਾਂ। ਹਜ਼ਾਰਾਂ ਕਿੰਨਰ ਤੇ ਗੰਧਰਬ ਸਾਜ਼ ਵਜਾਉਣ ਵਾਲੇ, ਬੜਾ ਰੰਗ ਰਾਜ ਹੈ। ਤਾਰਾਂ ਦੇ ਸਾਜ਼ ਵਜਾਉਣ ਵਾਲਿਆਂ ਨੂੰ ਕਹਿੰਦੇ ਕਿੰਨਰ ਅਤੇ ਚਮੜੇ ਦੇ ਸਾਜ਼ ਵਜਾਉਣ ਵਾਲਿਆਂ ਨੂੰ ਗੰਧਰਭ ਕਹਿੰਦੇ ਹਨ। ਮੇਰੇ ਮਨ ਵਿਚ ਜਦੋਂ ਮੈਂ ਇਕੱਲਾ ਬੈਠਦਾ, ਕੁਝ ਤਾਂ ਮਨ ਪਰਚਾਵਾ ਰੰਗ ਰਾਗਾਂ ਵਿਚ ਹੁੰਦਾ। ਫਿਰ ਮੈਂ ਦੇਖਦਾਂ ਖਾਲੀ ਖਾਲੀ ਹੈ, ਮਨ ਰੱਜਿਆ ਨਹੀਂ ਹੈ। ਪਤਾ ਨਹੀਂ ਕਿਹੜੀ ਚੀਜ਼ ਦਾ ਭੁੱਖਾ ਜਿਹਾ ਹੀ ਹਾਂ। ਸੰਤੋਖ ਨਹੀਂ ਹੈ, ਜਿਵੇਂ ਅਜੇ ਸੁੱਖ ਮਿਲਿਆ ਨਹੀਂ, ਜਿਹੜਾ ਮੈਂ ਚਾਹੁੰਦਾ ਸੀ। ਉਹ ਕਹਿਣ ਲੱਗੇ ਇਹ ਗੱਲ ਪੁਛਣੀ ਹੈ, ਮਾਤ-ਲੋਕ ਵਿਚ ਜਾਹ, ਉਥੇ ਚਾਰ ਮਹਾਂਪੁਰਸ਼ ਬੈਠੇ ਨੇ ਸਨਕ, ਸਨੰਦਨ, ਸਨਾਤਨ ਤੇ ਸੰਤ ਕੁਮਾਰ। ਪਰ ਇਕ ਬਚਨ ਯਾਦ ਰੱਖੀਂ, ਖਾਲੀ ਨਾ ਜਾਈਂ, ਕੁਝ ਲੈ ਕੇ ਜਾਈਂ, ਲੈ ਕੇ ਆਏਂਗਾ।

*"ਪੰਡਿਤ, ਗੁਰੂ ਅਰੁ ਜੋਤਸ਼ੀ, ਤਿਨ ਕੇ ਪਾਸ ਜੋ ਜਾਇ॥*
*ਖਾਲੀ ਹਾਥ ਨ ਜਾਈਐ, ਫਲ ਦੀਏ ਫਲ ਪਾਏ॥*

ਕੁਝ ਨਾ ਕੁਝ ਲੈ ਕੇ ਜਾਈਂ। ਉਹ ਸੁਰਗਾਂ ਵਿਚੋਂ ਚਾਰ ਫਲ ਲੈ ਕੇ ਆਇਆ। ਜਿਥੇ ਉਹ ਮਹਾਤਮਾ ਬੈਠੇ ਸੀ ਉਥੇ ਰੱਖ ਕੇ ਨਮਸਕਾਰ ਕੀਤੀ। ਇਹ ਸਮਾਧੀਆਂ ਵਿਚ ਬੈਠੇ ਸੀ ਉਥੇ ਰੱਖ ਕੇ ਨਮਸਕਾਰ ਕੀਤੀ। ਦੇਖਿਆ ਦੂਰ ਬੈਠ ਕੇ ਦੇਖਦਾ ਰਿਹਾ ਬਈ ਗੱਲ ਚਲਾਉਂਣਗੇ। ਇਕ ਨੇ ਅੱਖਾਂ ਖੋਲ੍ਹੀਆਂ ਕਹਿੰਦਾ ਬਈ ਆਪਣੇ ਫਲ ਪਏ ਨੇ ਚਾਰ। ਬੰਦੇ ਵੀ ਆਪਾਂ ਚਾਰ ਹੀ ਹਾਂ, ਚਲੋ ਸਿਮਰਨ ਕਰੋ ਫਿਰ ਦੇਖਾਂਗੇ, ਫਿਰ ਨੇਤਰ ਮੀਟ ਲਏ, ਸਾਰਾ ਦਿਨ ਲੰਘ ਗਿਆ ਬੈਠਿਆਂ ਬੈਠਿਆਂ। ਇੰਦਰ ਨੇ ਦੇਖਿਆ ਬਈ ਸਮਾਧੀ 'ਚ ਬੈਠੇ ਨੇ। ਇਕ ਫਲ ਚੁਕਿਆ, ਝਾੜੀਆਂ ਦੇ ਉਹਲੇ ਬੈਠ ਗਿਆ, ਬਈ ਕਦੇ ਤਾਂ ਉਠਣਗੇ। ਜਦੋਂ ਰਿੱਖੀ ਜੀ ਦੀ ਸਮਾਧੀ ਖੁਲ੍ਹੀ, ਨਾਲ ਦੇ ਨੂੰ ਵੀ ਉਠਾਇਆ, ਕਹਿੰਦੇ ਦੇਖੋ, ਮੈਂ ਦੇਖਿਆ ਸੀ ਇਥੇ ਚਾਰ ਫਲ ਪਏ ਸੀ, ਹੁਣ ਤਿੰਨ ਨੇ। ਇਕ ਆਪਣੇ ਵਿਚੋਂ ਤਾਂ ਨਹੀਂ ਕਿਸੇ ਨੇ ਚੁੱਕਿਆ। ਕਹਿੰਦੇ, ਨਹੀਂ ਮਹਾਰਾਜਾ, ਕਹਿੰਦੇ ਕੀ ਸਬੂਤ ਹੈ ਤੁਹਾਡਾ? ਕਹਿੰਦੇ ਦੇਖੋ ਬੇਟਾ, ਗੱਲ ਇਹ ਹੈ, ਮੈਂ ਤੁਹਾਨੂੰ ਸਾਧੂ ਬਣਾਉਣਾ ਚਾਹੁੰਦਾ ਹਾਂ। ਇਕ ਸਾਧੂ ਹੁੰਦੇ ਨੇ ਇਕ ਸੁਆਦੂ ਹੁੰਦੇ ਨੇ। ਸੁਆਦੂ ਕਈ ਕਿਸਮ ਦੇ ਹੁੰਦੇ ਨੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਚਸਕੇ, ਜ਼ਬਾਨ ਦੇ ਚਸਕੇ। ਉਹ ਸੁਆਦੂ ਵੀ ਪ੍ਰਗਟ ਹੋ ਜਾਂਦੇ ਹੁੰਦੇ ਨੇ ਤੇ ਸਾਧੂ ਵੀ। ਇਹ ਰੱਬ ਦੀ ਕ੍ਰਿਪਾ ਦੁਆਰਾ ਸਾਧੂ ਵੀ ਪ੍ਰਗਟ ਹੋ ਜਾਂਦੇ ਹੁੰਦੇ ਨੇ,

*"ਆਠ ਪਹਰ ਜਨੁ ਹਰਿ ਹਰਿ ਜਪੈ॥*
*ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥* (ਅੰਗ ੨੬੫)

ਸੋ ਜਿਹੜਾ ਪੁੱਠੇ ਕੰਮ ਕਰਦਾ ਉਹ ਵੀ ਗੱਲ ਸਾਹਮਣੇ ਆ ਜਾਂਦੀ ਹੁੰਦੀ ਹੈ। ਜਿਹੜਾ ਲੁੱਕ ਛਿਪ ਕੇ ਬੰਦਗੀ ਕਰੇ, ਉਹਨੂੰ ਵੀ ਵਾਹਿਗੁਰੂ ਜੀ ਪ੍ਰਗਟ ਕਰ ਦਿੰਦੇ ਹੁੰਦੇ ਨੇ। ਸੋ ਮੈਂ ਤੁਹਾਨੂੰ ਸਾਧੂ ਬਣਾਉਣਾ ਚਾਹੁੰਦਾ ਹਾਂ। ਸੁਆਦੂ ਤਾਂ ਅੱਗੇ ਹੀ ਦੁਨੀਆਂ ਬਥੇਰੀ ਹੈ। ਸੋ ਫ਼ਲ ਤੁਸੀਂ ਤਾਂ ਨਹੀਂ ਨਾ ਚੁਕਿਆ? ਇਕ ਕਹਿੰਦਾ ਨਹੀਂ ਮਹਾਰਾਜ, ਜੇ ਮੈਂ ਚੁੱਕਿਆ ਹੋਵੇ, ਮੈਨੂੰ ਆਤਮ ਆਨੰਦ ਭੁੱਲ ਜਾਏ, ਮੇਰਾ ਸਰੀਰ ਬੜਾ ਮੋਟਾ ਹੋ ਜਾਏ, ਇਹ ਮੈਨੂੰ ਪਾਪ ਲੱਗੇ, ਦੋਸ਼ ਲੱਗੇ। ਕਹਿੰਦੇ ਠੀਕ ਹੈ ਤੂੰ ਨਹੀਂ ਚੁਕਿਆ। ਬਹੁਤੇ ਮੋਟੇ ਹੋ ਜਾਣਾ ਵੀ ਸਜ਼ਾ ਹੀ ਹੈ। ਨਾ ਤੁਰਿਆ ਜਾਏ, ਨਾ ਉਠਿਆ ਜਾਏ, ਨਾ ਬੈਠਿਆ ਜਾਏ। ਜਿਵੇਂ ਸਾਡੇ ਉੱਥੇ ਬਟਾਲੇ ਇਕ ਹਲਵਾਈ ਹੁੰਦਾ। ਉਹਦੇ ਦੋ ਮੁੰਡੇ ਮੋਢਿਆਂ ਤੋਂ ਫੜਦੇ ਹੁੰਦੇ, ਛੱਤ ਤੇ ਉਹਨੇ ਸੰਗਲ ਪਾਇਆ ਹੁੰਦਾ। ਉਹ ਵੀ ਜ਼ੋਰ ਲਾਉਂਦਾ ਹੁੰਦਾ, ਉਠੋ ਭਾਪਾ ਜੀ, ਉਠੋ ਭਾਪਾ ਜੀ, ਉਠੋ ਭਾਪਾ ਜੀ। ਮਸਾਂ ਕਿਤੇ ਭਾਪਾ ਜੀ ਉਠਦੇ ਹੁੰਦੇ। ਫਿਰ ਰੇਹੜੀ ਤੇ ਲੱਦਣਾ ਭਾਪੇ ਨੂੰ, ਫਿਰ ਘਰ ਖੜਨਾ। ਇਹ ਵੀ ਸਜ਼ਾ ਹੀ ਹੈ।

ਸੋ ਦੂਸਰੇ ਨੂੰ ਕਹਿਣ ਲੱਗੇ ਤੂੰ ਤਾਂ ਨਹੀਂ ਨਾ ਚੁਕਿਆ, ਕੀ ਸਬੂਤ ਹੈ? ਉਹ ਕਹਿਣ ਲੱਗਿਆ ਮਹਾਰਾਜ ਜੇ ਮੈਂ ਫਲ ਚੁਕਿਆ ਹੋਵੇ, ਖਾਧਾ ਹੋਵੇ, ਮੈਨੂੰ ਇਹ ਪਾਪ ਲੱਗੇ, ਮੈਨੂੰ ਆਤਮ ਆਨੰਦ ਭੁੱਲ ਜਾਏ। ਮੈਂ ਹਿੰਦੁਸਤਾਨ ਦਾ ਚੱਕਰਵਰਤੀ ਰਾਜਾ ਬਣ ਜਾਵਾਂ। ਰੱਬ ਮੈਨੂੰ ਇਹ ਸਜ਼ਾ ਦੇਵੇ,

***ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ॥***

**(ਅੰਗ ੫੯੦)**

ਕਿਥੇ ਸੁੱਖ ਮਿਲੇਗਾ? ਉਹ ਤਾਂ ਵਿਰਲਾ ਹੀ ਹੈ ਰਾਜੇ ਜਨਕ ਵਰਗਾ। ਬ੍ਰਹਮ ਗਿਆਨੀ ਵੀ ਹੋਵੇ ਤੇ ਰਾਜਾ ਵੀ ਹੋਵੇ। ਰਾਜਪੁਣੇ ਵਿਚ ਬਿਨਾਂ ਦੁੱਖ ਤੋਂ ਹੋਰ ਕੁਝ ਵੀ ਨਹੀਂ ਹੈ।

ਤਾਂ ਤੀਸਰਾ, ਬਈ ਤੂੰ ਤਾਂ ਨਹੀਂ ਚੁਕਿਆ? ਕਹਿੰਦਾ ਨਹੀਂ, ਮੈਂ ਤਾਂ ਨਹੀਂ ਮਹਾਰਾਜ ਚੁਕਿਆ ਜਾਣੀ ਫਿਰ ਕੀ ਸਬੂਤ ਹੈ। ਕਹਿਣ ਲੱਗਿਆ ਜੇ ਮੈਂ ਚੁਕਿਆ ਹੋਵੇ, ਮੈਨੂੰ ਆਤਮ ਆਨੰਦ ਭੁੱਲ ਜਾਵੇ, ਮੈਂ ਸ਼ਿਵ ਜੀ ਦੇ ਮੰਦਰ ਦਾ ਪੁਜਾਰੀ ਬਣ ਕੇ ਉਸਦੀ ਭੇਟਾ ਖਾਵਾਂ। ਮੈਨੂੰ ਇਹ ਸਜ਼ਾ ਮਿਲੇ। ਠੀਕ ਹੈ।

ਇਕ ਵਾਰੀ ਰਾਮ ਚੰਦਰ ਜੀ ਦੇ ਸਮੇਂ ਬੜੇ ਸਾਦੇ ਜਿਹੇ ਸਕੂਲ ਹੁੰਦੇ ਸੀ, ਤੇ ਉਦੋਂ ਵਿਸ਼ਵਾਮਿੱਤਰ ਜੀ ਜਾਨਵਰਾਂ ਦੀ ਬੋਲੀ ਬੱਚਿਆਂ ਨੂੰ ਪੜ੍ਹਾਉਂਦੇ ਹੁੰਦੇ ਸੀ, ਰਾਮ ਰਾਜ ਦੀ ਗੱਲ ਹੈ। ਸ੍ਰੀ ਰਾਮ ਚੰਦਰ ਜੀ ਹਿੰਦੁਸਤਾਨ ਦੇ ਚੱਕਰਵਰਤੀ ਰਾਜੇ ਹੋਏ ਨੇ। ਛੋਟੇ ਭਰਾ ਨੂੰ ਪੰਜਾਬ ਦਾ ਰਾਜ ਦਿੱਤਾ ਸੀ। ਸੋ ਉਥੇ ਵਿਸ਼ਵਾਮਿੱਤਰ ਜੀ ਦੀ ਡਿਊਟੀ ਸੀ,

ਤੋਤਾ ਕੀ ਕਹਿੰਦਾ, ਚਿੜੀ ਕੀ ਕਹਿੰਦੀ, ਕੁੱਤਾ ਕੀ ਬੋਲਦਾ। ਇਹ ਪਸ਼ੂ, ਪੰਛੀ ਅੱਖਰ ਹੀ ਥੋੜ੍ਹੇ ਨੇ ਗੱਲਾਂ ਤਾਂ ਇਹ ਵੀ ਕਰਦੇ ਨੇ। ਇਹ ਪੜ੍ਹਾਈ ਹੋ ਰਹੀ ਸੀ। ਉਥੇ ਇਕ ਕੁੱਤਾ ਆਇਆ, ਉਹਦੇ ਨਾਲ ਗੱਲਾਂ-ਬਾਤਾਂ ਬੱਚੇ ਕਰਦੇ ਸੀ। ਉਹਨੇ ਆ ਕੇ ਆਪਣੀ ਭਾਸ਼ਾ ਵਿਚ ਦਸਿਆ, ਬਈ ਮੈਨੂੰ ਫਲਾਣੇ ਮਹਾਤਮਾ ਜੀ ਨੇ, ਜਿਹੜਾ ਤੁਰਿਆ ਜਾ ਰਿਹਾ, ਸੋਟੀ ਲੈ ਕੇ ਮੈਨੂੰ ਕੁੱਟਿਆ ਮਾਰਿਆ। ਮਹਾਤਮਾ ਫੜ ਲਿਆ। ਰਾਮ ਚੰਦਰ ਕੋਲ ਲੈ ਗਏ। ਦਸੋ ਬਈ ਤੂੰ ਮਾਰਿਆ ਕਿਉਂ? ਉਹ ਕਹਿੰਦਾ ਕੀ ਸਬੂਤ ਹੈ। ਉਹ ਕਹਿੰਦੇ ਨਹੀਂ ਸਾਡੇ ਤਾਂ ਪੜ੍ਹਾਈ ਹੀ ਆਹ ਹੁੰਦੀ ਹੈ। ਤੂੰ ਮਾਰਿਆ ਹੈ, ਕੁੱਤੇ ਨੇ ਦਸਿਆ ਆਪਣੀ ਬੋਲੀ ਵਿਚ, ਬਈ ਤਿੰਨ ਸੋਟੀਆਂ ਮਾਰੀਆਂ। ਬੱਚਿਆਂ ਨੂੰ ਪੁਛਿਆ, ਉਹ ਕਹਿੰਦੇ ਹਾਂ ਮਹਾਰਾਜ ਤਿੰਨ ਮਾਰੀਆਂ, ਗੱਲ ਸਾਡੀ ਹੋ ਗਈ ਇਹਦੇ ਨਾਲ। ਅੱਖਰ ਹੀ ਤਾਂ ਥੋੜ੍ਹੇ ਹਨ। ਗੱਲਾਂ ਤਾਂ ਇਹ ਵੀ ਕਰਦੇ ਹੀ ਨੇ। ਆਹ ਦੇਖਦੇ ਨਹੀਂ ਕਟਰੂ, ਵੱਛੜੂ। ਜੇ ਤਾਂ ਮੱਝ ਨੇ ਦੁੱਧ ਦੇਣਾ ਹੋਵੇ ਤਾਂ ਉਸ ਸਮੇਂ ਚੁੰਘਣ ਲੱਗ ਜਾਂਦੇ ਨੇ। ਨਹੀਂ ਦੇਣਾ ਧੱਕੀ ਜਾਉ ਜਿੰਨਾ ਮਰਜ਼ੀ। ਥੋੜੇ ਅੱਖਰਾਂ ਵਿਚ ਉਸਦੀ ਮਾਤਾ ਨੇ ਕਹਿ ਦੇਣਾ ਨੇੜੇ ਨਾ ਆਈਂ ਉਹ ਆਉਂਦਾ ਹੀ ਨਹੀਂ, ਸਭ ਸਮਝਦੇ ਨੇ। ਤਾਂ ਉਹ ਕਹਿਣ ਲੱਗੇ ਇਥੇ ਆਹ ਗੱਲ ਹੈ। ਬੜਾ ਸ਼ਰਮਿੰਦਾ ਹੋਇਆ। ਉਹ ਕੁੱਤੇ ਨੂੰ ਪੁੱਛਿਆ ਕੀ ਸਜ਼ਾ ਦੇਈਏ। ਕਹਿੰਦਾ ਮਹਾਰਾਜ ਇਸਨੂੰ ਸ਼ਿਵ ਜੀ ਦੇ ਮੰਦਰ ਦਾ ਪੁਜਾਰੀ ਬਣਾ ਦਿਉ, ਜਿਥੇ ਪੁੱਛ-ਗਿੱਛ ਨਾ ਹੋਵੇ। ਉਹ ਕਹਿੰਦਾ ਜੀ ਇਹ ਕਿਵੇਂ? ਕਹਿੰਦਾ ਮੈਂ ਵੀ ਪਿਛਲੇ ਜਨਮ ਵਿਚ ਸ਼ਿਵ ਜੀ ਦੇ ਮੰਦਰ ਦਾ ਪੁਜਾਰੀ ਸੀ। ਉਥੇ ਲੋਕਾਂ ਨੇ ਘਿਉ ਚੜ੍ਹਾਇਆ ਦੀਵੇ ਜਗਾਉਣ ਲਈ, ਮੈਂ ਚੋਰੀ ਖਾ ਜਾਂਦਾ ਹੁੰਦਾ। ਸੋ ਪੂਜਾ ਦਾ ਧਨ ਖਾਣ ਕਰਕੇ ਮੈਨੂੰ ਕੁੱਤੇ ਦੀ ਜੂਨ ਮਿਲੀ। ਇਹ ਵੀ ਉਥੋਂ ਦਾ ਪੁਜਾਰੀ ਬਣੇ, ਇਹ ਵੀ ਖਾਏਗਾ, ਆਪੇ ਮੇਰੇ ਵਾਲੀ ਜੂਨ ਮਿਲੇਗੀ। ਇਹ ਸਜ਼ਾ ਰਾਮ ਜੀ ਨੇ ਸੁਣਾਈ, ਬਈ ਇਹ ਠੀਕ ਹੈ। ਇਹੀ ਅਗਲੇ ਜਨਮ ਵਿਚ ਮਿਲੇ।

ਹੁਣ ਚੌਥਾ ਰਹਿ ਗਿਆ ਇਕ ਜਿਹੜਾ ਪੁਛਦਾ ਸੀ। ਉਹ ਕਹਿੰਦਾ ਬਈ ਮੈਂ ਵੀ ਤਸੱਲੀ ਦੇਣਾਂ ਬਈ ਮੈਂ ਵੀ ਨਹੀਂ ਜੇ ਖਾਧਾ ਫਲ। ਭਰਾਵਾ ਕਿਤੇ ਮੇਰੇ ਤੇ ਹੀ ਨਾ ਸ਼ੱਕ ਕਰੀ ਜਾਇਉ ਤਿੰਨੇ। ਕਹਿੰਦੇ ਨਹੀਂ ਮਹਾਰਾਜ ਤੁਸੀਂ ਕੋਈ ਨੇਮ ਨਾ ਦਿਉ। ਕਹਿੰਦੇ ਨਹੀਂ ਨਹੀਂ ਜਦੋਂ ਮੈਂ ਨੇਮ ਲਿਆ ਮੈਂ ਦੇਊਂਗਾ ਵੀ, ਤੇ ਮੈਂ ਫਲ ਨਹੀਂ ਖਾਧਾ। ਦੇਖੋ ਮੈਂ ਚਾਰ ਜ਼ਰੂਰ ਨੇ। ਜੇ ਮੈਂ ਫਲ ਚੋਰੀ ਖਾਧਾ ਹੋਵੇ ਮੈਨੂੰ ਆਤਮ ਅਨੰਦ ਭੁਲ ਜਾਏ। ਸੁਵਰਗਾਂ ਦਾ ਰਾਜਾ ਮਹਾਂ ਨੀਚ ਇੰਦਰ ਦੀ ਪਦਵੀ ਰੱਬ ਮੈਨੂੰ ਦੇਵੇ, ਸਜ਼ਾ ਇਹੋ ਜਿਹੀ ਮੈਨੂੰ ਮਿਲੇ। ਕਰੋੜਾਂ ਸਾਲ ਇੰਦਰ ਬਣਿਆ ਰਹਾਂ ਤੇ ਧੱਕੇ ਖਾਂਦਾ ਫਿਰਾਂ। ਇੰਦਰ ਸੋਚਦਾ ਬਈ ਮੈਂ ਤਾਂ ਮਰ ਗਿਆ ਜੱਗ ਕਰ ਕਰ ਕੇ। ਇਹ ਕਹਿੰਦੇ ਮਹਾਂ ਨੀਚ ਸੁਰਗਾਂ ਦਾ

ਰਾਜਾ, ਇੰਦਰ ਦੀ ਪਦਵੀ ਸਜ਼ਾ ਸਮਝਦੇ ਨੇ। ਇਹ ਕੀ ਚੀਜ਼ ਹੈ। ਰਾਗ ਕਾਨੜੇ ਵਿਚ ਗੁਰਬਾਣੀ ਪੜ੍ਹ ਕੇ ਦੇਖੀਏ ਤਾਂ ਸਾਡੇ ਗੁਰੂ ਜੀ ਨੇ ਇਉਂ ਦਸਿਆ ਹੈ-

**ਧਾਰਨਾ :- ਨਾਮ ਨਾਲ ਰੱਤੇ ਸਿੱਖ ਤੇਰੇ,**
**ਉਹ ਇੰਦਰ ਨੂੰ ਕੰਗਾਲ ਜਾਣਦੇ। .......2......**
**ਜਿਹੜੇ ਨਾਮ ਨਾਲ ਰੱਤੇ ਸਿੱਖ ਤੇਰੇ,**
**ਉਹ ਇੰਦਰ ਨੂੰ ਕੰਗਾਲ ਜਾਣਦੇ। .......2......**

***ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ॥***
***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥*** **(ਅੰਗ ੧੩੭੩)**

ਜਿਹੜੇ ਗੁਰਮੁਖ ਨੇ, ਉਹ ਸਵਰਗਾਂ ਦੇ ਰਾਜੇ ਇੰਦਰ ਨੂੰ ਕਹਿੰਦੇ ਛੱਟੀ ਦਾ ਭੁੱਖਾ, ਕੰਗਾਲ ਹੈ। ਉਹ ਸਿੱਖ ਤਾਂ ਕਿਤੇ ਵੱਡਾ। ਬਹੁਤ ਵੱਡੀ ਬਖ਼ਸ਼ਿਸ਼ ਹੈ ਗੁਰੂ ਨਾਨਕ ਜੀ ਦੀ। ਉਥੇ ਗੜ੍ਹਸ਼ੰਕਰ ਇਕ ਜੋਗੀ ਹੋਇਆ, ਸ਼ਿਵ ਜੀ ਦਾ ਚੇਲਾ। ਬੜੇ ਚਲੀਸੇ ਕੱਟੇ। ਸ਼ਿਵ ਜੀ ਨੇ ਪ੍ਰਤੱਖ ਦਰਸ਼ਨ ਦਿੱਤੇ। ਕਹਿਣ ਲੱਗੇ ਕੀ ਚਾਹੀਦਾ। ਕਹਿੰਦਾ ਜਿਹੜਾ ਮੇਰਾ ਇਕ ਵਾਰੀ ਦਰਸ਼ਨ ਕਰੇ ਉਹ ਇਕ ਸਾਲ ਸਵਰਗ ਵਿਚ ਰਹੇ। ਜਿਸਨੂੰ ਮੈਂ ਚਾਹਾਂ ਸੌ ਸਾਲ, ਹਜ਼ਾਰ ਸਾਲ ਸਵਰਗ ਵਿਚ ਭੇਜ ਸਕਾਂ। ਤਥਾ ਅਸਤੂ, ਐਸਾ ਹੀ ਹੋਏਗਾ। ਜੋਗੀ ਜੀ ਬਾਹਰ ਨਿਕਲੇ। ਢੋਲ ਵਜਾ ਦਿੱਤਾ ਪਿੰਡਾਂ ਵਿਚ ਗੜ੍ਹਸ਼ੰਕਰ, ਚਾਰ ਚੁਫੇਰੇ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੈ ਗੜ੍ਹਸ਼ੰਕਰ। ਦੁਨੀਆਂ ਨੇ ਭੀੜਾਂ ਬੰਨ੍ਹੀਆਂ, ਚਲੋ ਸਾਲ ਤਾਂ ਹੋ ਆਵਾਂਗੇ। ਹੁਣ ਦੇਖਦਾ ਬਈ ਕੋਈ ਰਹਿ ਤਾਂ ਨਹੀਂ ਗਿਆ। ਚੇਲਿਆਂ ਨੇ ਦਸਿਆ, ਕਹਿੰਦੇ ਮਹਾਰਾਜ, ਇਕ ਭਾਈ ਤਿਲਕੂ ਕਰਕੇ ਹੈ, ਇਸੇ ਪਿੰਡ ਵਿਚ ਹੈ। ਉਹ ਗੁਰੂ ਕਿਆਂ ਦਾ ਸਿੱਖ ਸੁਣੀਦਾ ਹੈ, ਉਹ ਨਹੀਂ ਆਇਆ। ਜਾਹ ਮੇਰਾ ਸੁਨੇਹਾ ਦਿਉ, ਸੌ ਸਾਲ ਸਵਰਗ ਮਿਲੂ। ਜਾ ਕੇ ਕਹਿੰਦੇ, ਗੁਰਮੁਖਾ ਸੌ ਸਾਲ ਸਵਰਗ ਦੇਂਦੇ ਨੇ ਸਾਡੇ ਮਹਾਤਮਾ ਜੀ। ਕਹਿੰਦੇ ਮੈਂ ਤਾਂ ਇਹੋ ਜਿਹਿਆ ਦੇ ਮੱਥੇ ਨਹੀਂ ਲਗਣਾ ਚਾਹੁੰਦਾ। ਫਿਰ ਸੁਨੇਹਾ ਗਿਆ ਹਜ਼ਾਰ ਸਾਲ ਸਵਰਗ, ਲੱਖ ਸਾਲ ਸਵਰਗ। ਕਹਿੰਦੇ ਮੈਂ ਮੱਥੇ ਨਹੀਂ ਲਗਣਾ ਚਾਹੁੰਦਾ ਤੂੰ ਸਵਰਗ ਲਈ ਫਿਰਦਾ। ਕਿਤੇ ਗੁਰਬਾਣੀ ਨਹੀਂ ਪੜ੍ਹ ਕੇ ਦੇਖੀ ਗੁਰੂ ਅਰਜਨ ਦੇਵ ਜੀ ਦੀ। ਫਿਰ ਉਹ ਕਹਿਣ ਲੱਗਿਆ, ਅੱਛਾ। ਇਹੋ ਜਿਹਾ ਸਿੱਖ ਹੈ। ਮੈਂ ਹੁਣੇ ਗਰਕ ਕਰਦੂੰ। ਲੱਗਾ ਕਾਲੀਆਂ ਸ਼ਕਤੀਆਂ ਛੱਡਣ, ਤਿਲਕੂ ਦੇ ਘਰ ਵਿਚ ਧਿਆਨ ਟਿਕਾ ਕੇ। ਜਦੋਂ ਕਾਲੀਆਂ ਸ਼ਕਤੀਆਂ ਯੋਗੀ ਛੱਡਦਾ ਹੈ ਤਾਂ ਪਿਆਰਾ ਸਿੱਖ ਵਿਹੜੇ ਵਿਚ ਬਹਿ ਗਿਆ ਖੇਸ ਵਿਛਾ ਕੇ। ਗੁਰੂ ਅਰਜਨ ਦੇਵ ਜੀ ਦਾ ਧਿਆਨ ਧਰ ਕੇ ਮੂਲ-ਮੰਤਰ ਦਾ ਪਾਠ ਕਰੀ ਜਾਂਦਾ। ਸਾਰੀਆਂ ਸ਼ਕਤੀਆਂ ਖ਼ਤਮ ਹੁੰਦੀਆਂ ਜਾ ਰਹੀਆਂ ਨੇ। ਅਖੀਰ ਜੋਗੀ

ਆਪ ਉਠ ਕੇ ਗਿਆ, ਚਲੋ ਮੈਂ ਚਲਦਾਂ। ਸਿੱਖ ਨੇ ਦਰਵਾਜ਼ਾ ਬੰਦ ਕਰ ਲਿਆ, ਭਾਈ ਤਿਲਕੂ ਨੇ। ਇਹ ਭਾਈ ਮੰਝ ਦਾ ਰਿਸ਼ਤੇਦਾਰ ਸੀ। ਕਹਿੰਦਾ ਲੈ ਬਈ ਦਰਵਾਜ਼ਾ ਖੋਲ੍ਹ। ਕਹਿੰਦਾ ਨਾ, ਤੇਰੇ ਮੱਥੇ ਲਗਿਆ ਤਾਂ ਜਾਈਦਾ ਸਵਰਗ 'ਚ' ਮੈਂ ਨਹੀਂ ਬੂਹਾ ਖੋਲ੍ਹਣਾ। ਕਿੱਥੋਂ ਤੂੰ ਆ ਗਿਆ ਇਹੋ ਜਿਹਾ ਸਵੇਰੇ-ਸਵੇਰੇ। ਸਾਰੀ ਰਾਤ ਤਾਂ ਸ਼ਕਤੀਆਂ ਤੇ ਜ਼ੋਰ ਲਾਇਆ। ਕਹਿੰਦਾ, ਨਹੀਂ ਸਿੱਖਾ....। ਮੈਂ ਤੇਰੇ ਦਰਸ਼ਨ ਕਰਨ ਆਇਆ। ਮੈਂ ਬਚਨ ਵਾਪਿਸ ਲੈਨਾਂ। ਕੋਈ ਇਹੋ ਜਿਹੀ ਗੱਲ, ਮੇਰੇ ਦਰਸ਼ਨ ਕਰਕੇ ਕੋਈ ਸਵਰਗ ਇਕ ਪਲ ਨਹੀਂ ਮਿਲਦਾ। ਗੁਰਮੁਖਾ ਮੈਂ ਤੇਰੇ ਦਰਸ਼ਨ ਕਰਨ ਆਇਆ। ਫੇਰ ਕਹਿੰਦਾ, ਖੋਲ੍ਹ ਦਿੱਤਾ ਦਰਵਾਜ਼ਾ। ਕਹਿੰਦੇ ਆਉ ਜੋਗੀ ਜੀ ਬੈਠੋ। ਕਿਵੇਂ ਆਉਣੇ ਹੋਏ? ਕਿਵੇਂ ਲੋਕਾਂ ਨੂੰ ਮਗਰ ਲਾਈ ਫਿਰਦਾ ਸਵਰਗਾਂ ਦੇ ਝਾਂਸੇ ਦੇ ਕੇ। ਜਦੋਂ ਗੁਰੂ ਨਾਨਕ ਦੇ ਘਰ ਤੁਹਾਨੂੰ ਜਾਣਾ ਹੀ ਨਹੀਂ ਮਿਲਿਆ। ਕੀ ਲਈ ਫਿਰਦਾ ਇਹੋ ਜਿਹੀਆਂ ਕੰਗਾਲੀ ਪਦਵੀਆਂ। ਇੰਨਾ ਚਿਰ ਸਵਰਗ, ਇੰਨਾ ਚਿਰ ਸਵਰਗ।

ਜੋਗੀ ਕਹਿੰਦਾ ਤੁਹਾਡਾ ਗੁਰੂ ਕੌਣ ਹੈ? ਗੁਰੂ ਅਰਜਨ ਦੇਵ ਜੀ। ਕਿੱਥੇ ਹਨ ਅੱਜ-ਕਲ੍ਹ? ਸ੍ਰੀ ਅੰਮ੍ਰਿਤਸਰ। ਹੈਂ ਤੁਸੀਂ ਲੋਕ ਸਵਰਗ ਨੂੰ ਕੱਖ ਵੀ ਨਹੀਂ ਜਾਣਦੇ? ਹਾਂ ਕਹਿੰਦੇ ਉਨ੍ਹਾਂ ਦੇ ਬਚਨ ਅਸੀਂ ਪੜ੍ਹੇ ਨੇ, ਜਾਣਦੇ ਹਾਂ ਬਈ ਸਵਰਗ ਕੀ ਹੈ। ਕੁਝ ਵੀ ਨਹੀਂ ਹੈ। ਪੁੰਨ ਕਰਕੇ ਲੋਕੀਂ ਜਾਂਦੇ ਨੇ। ਮੁੱਕ ਜਾਂਦਾ, ਫੇਰ ਰੋਣ ਵਾਲਾ ਮੂੰਹ ਕਰਕੇ ਡਿੱਗ ਜਾਂਦੇ ਨੇ। ਕਹਿੰਦਾ ਫੇਰ ਚੱਲ ਮੈਨੂੰ ਆਪਣੇ ਗੁਰੂ ਦੇ ਦਰਸ਼ਨ ਕਰਾ। ਰਸਤੇ ਜਾਂਦਿਆਂ-ਜਾਂਦਿਆਂ ਆਖਣ ਲੱਗਾ, ਤੁਹਾਡੇ ਜਿਹੜੇ ਗੁਰੂ ਜੀ ਹਨ ਗ੍ਰਿਹਸਤੀ ਹਨ ਜਾਂ ਉਦਾਸੀ। ਕਹਿੰਦੇ ਨਾ ਗ੍ਰਿਹਸਤੀ ਨਾ ਉਦਾਸੀ। ਗ੍ਰਿਹਸਤ ਵਿਚ ਉਦਾਸ ਮਾਰਗ ਹੈ। ਉਹ ਕਿਹੜਾ? ਕਹਿੰਦੇ **'ਸੁਰਤਿ ਸ਼ਬਦ ਮਾਰਗ'**। ਉਥੇ ਗਏ, ਭਾਈ ਤਿਲਕੂ ਨੇ ਅਰਜ਼ ਕੀਤੀ, ਮਹਾਰਾਜ ਇਹ ਯੋਗੀ ਆਪ ਜੀ ਦੇ ਦਰਸ਼ਨ ਕਰਨੇ ਚਾਹੁੰਦਾ। ਗੁਰੂ ਜੀ ਕਹਿੰਦੇ ਸਵਰਗਾਂ ਦੇ ਝਾਂਸੇ ਦਿੰਦਾ ਲੋਕਾਂ ਨੂੰ, ਹੈਂ, ਇਸ ਕਰਕੇ ਇਸਨੂੰ ਕਹੋ ਕਨਾਤ ਤੋਂ ਬਾਹਰ ਹੀ ਬੈਠ ਕੇ ਬਚਨ ਕਰੇ, ਦਰਸ਼ਨ ਨਹੀਂ ਹੋਣਗੇ ਇਸਨੂੰ। ਹੁਣ ਕਨਾਤਾਂ ਲਾਈਆਂ ਗਈਆਂ। ਜੋਗੀ ਪਰਲੇ ਬੰਨੇ। ਸੱਚੇ ਪਾਤਸ਼ਾਹ ਇਧਰ ਬੈਠ ਗਏ। ਗੁਰੂ ਜੀ ਕਹਿੰਦੇ ਜੋਗੀ ਜਿਵੇਂ ਤੂੰ ਕਰਨਾ ਕਰ ਲੈ। ਮਹਾਰਾਜ ਧੰਨ ਹਨ ਆਪ ਜੀ ਦੇ ਸਿੱਖ-ਗੁਰੂ ਜੀ ਨੇ ਕਿਹਾ ਜੋਗੀ ਤੇਰਾ ਕੰਨ ਕਿਥੇ ਹੈ?

ਜੋਗੀ ਕਹਿੰਦਾ ਅੱਜ ਤੋਂ ਢਾਈ ਸੌ ਸਾਲ ਪਹਿਲਾਂ ਬਿਆਸਾ ਦਰਿਆ ਵਿਚ ਬੇੜੇ ਵਿਚ ਬੈਠ ਕੇ ਮੈਂ ਪਾਰ ਹੋਣ ਲੱਗਾ। ਬੇੜਾ ਲੱਗਾ ਡੁੱਬਣ ਉਹ ਮਲਾਹ ਕਹਿੰਦਾ, ਬਈ ਬਲੀ ਦੇ ਦਿਉ ਮਹਾਤਮਾ ਦੀ, ਸੁੱਟੋ ਇਹਨੂੰ ਪਾਣੀ ਵਿਚ ਰੁੜ੍ਹਜੂ, ਮਰਜੂ, ਬੇੜਾ ਪਾਰ ਹੋ ਜਾਊ, ਨਾਲੇ ਭਾਰ ਘੱਟ ਜਾਊ, ਬਹੁਤ ਮੋਟਾ ਸੀ।

ਮੈਂ ਕਿਹਾ ਬਈ ਐਂ ਕਰੋ। ਬਈ ਤੁਸੀਂ ਮੇਰੀ ਬਲੀ ਨਾ ਦੇਉ, ਮੇਰਾ ਕੰਨ ਵੱਢ ਕੇ ਸੁੱਟ ਦਿਉ ਬੇੜਾ ਤੁਹਾਡਾ ਪਾਰ ਹੋ ਜਾਊ, ਮੈਂ ਰੱਬ ਦੀ ਤਪੱਸਿਆ ਕਰਦਾਂ। ਸੋ ਮੇਰਾ ਮੁੰਦਰੇ ਸਮੇਤ ਕੰਨ ਵੱਢ ਕੇ, ਸੱਚੇ ਪਾਤਿਸ਼ਾਹ, ਦਰਿਆ ਵਿਚ ਸੁੱਟਿਆ। ਢਾਈ ਸੌ ਸਾਲ ਹੋ ਗਏ ਇਸ ਗੱਲ ਨੂੰ। ਮੇਰੇ ਦੇਖਦਿਆਂ-ਦੇਖਦਿਆਂ ਮੱਛੀ ਖਾ ਗਈ। ਗੁਰੂ ਜੀ ਨੇ ਕਨਾਤ ਦੇ ਹੇਠੋਂ ਦੀ ਸੱਜਾ ਹੱਥ ਬਾਹਰ ਕੱਢਿਆ, ਕਹਿੰਦੇ ਲੈ ਪਛਾਣ, ਆਹ ਤੇਰਾ ਹੀ ਕੰਨ ਹੈ ਨਾ, ਤੇਰਾ ਹੀ ਮੁੰਦਰਾ ਹੈ ਨਾ, ਜਿਹੜਾ ਢਾਈ ਸੌ ਸਾਲ ਪਹਿਲਾਂ ਵੱਢਿਆ ਸੀ ਤੇਰਾ ਕੰਨ, ਤੇਰਾ ਹੀ ਹੈ ਨਾ। ਜਦ ਹੱਥ ਚੋਂ ਫੜ ਕੇ ਵੇਖਣ ਲੱਗਾ ਮੇਰਾ ਹੀ ਹੈ ਉਹ ਕੰਨ, ਝੱਟ ਕੜਚ ਕਰਕੇ ਕੰਨ ਦੇ ਨਾਲ ਕੰਨ ਜੁੜ ਗਿਆ। ਹੈਰਾਨ ਹੋ ਗਿਆ ਹੈਂ, ਕੀ ਗੱਲ ਹੋਈ ਜ਼ਮੀਨ ਤੇ ਨੱਕ ਨਾਲ ਲਕੀਰਾਂ ਕੱਢਦਾ, ਮਹਾਰਾਜ ਦਰਸ਼ਨ ਦੇ ਦਿਉ। ਜਿਵੇਂ ਵੀ ਹੈ ਕ੍ਰਿਪਾ ਕਰੋ। ਮੈਨੂੰ ਮਾਫੀ ਦੇ ਦਿਉ, ਦੁਹਾਈ ਰੱਬ ਦੀ, ਮੈਂ ਨਾ ਸਵਰਗਾਂ ਦੇ ਝਾਂਸੇ ਦੇਂਦਾ ਅੱਜ ਤੋਂ ਬਾਅਦ ਲੋਕਾਂ ਨੂੰ। ਇਉਂ ਪੜ੍ਹ ਲਉ :-

**ਧਾਰਨਾ- ਦੀਜੈ ਖੋਹਲ ਕਿਵਾੜ, ਦਰਸ਼ਨ ਦੀਜੈ, ਦਰਸ਼ਨ ਦੀਜੈ......2**

**ਦੀਜੈ ਖੋਲ੍ਹ ਕਿਵਾੜ, ਦਰਸ਼ਨ ਦੀਜੈ, ਦਰਸ਼ਨ ਦੀਜੈ......2**

*ਦਰਮਾਦੇ ਠਾਢੇ ਦਰਬਾਰਿ॥*

*ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ॥*

**(ਅੰਗ ੮੫੬)**

ਬੇਨਤੀਆਂ ਕੀਤੀਆਂ, ਅਰਦਾਸਾਂ ਕੀਤੀਆਂ, ਗੁਰੂ ਜੀ ਕਹਿਣ ਲੱਗੇ ਠੀਕ ਹੈ। ਕਨਾਤ ਹਟਾ ਦਿੱਤੀ ਜਾਏ। ਚਰਨ ਫੜ ਕੇ ਰੋਇਆ, ਮਹਾਰਾਜ ਮਾਰਗ ਦਸੋ **"ਮਾਰਗ ਦਸੋ ਭਾਈਅੜੇ"**। ਮਾਰਗ ਦਸੋ ਮਹਾਰਾਜ, ਮੈਂ ਵੀ ਗੁਰੂ ਨਾਨਕ ਜੀ ਦਾ ਸਿੱਖ ਹੋਇਆ। ਮੈਨੂੰ ਵੀ ਚਰਨ ਪਾਹੁਲ ਦਿਉ। ਮੈਨੂੰ ਵੀ ਉਹ ਨਾਮ ਦਿਉ, ਜਿਹੜਾ ਜਪ ਕੇ ਇੰਦਰ ਕੰਗਾਲ ਨਜ਼ਰ ਆਉਂਦਾ ਹੈ। ਮੈਨੂੰ ਵੀ ਉਸ ਦਰਗਾਹ ਦੀ ਸੋਝੀ ਪਾਉ।

ਸੋ ਵਿਚਾਰ ਹੋ ਰਹੀ ਸੀ ਰੱਬ ਦੇ ਨਾਮ ਤੋਂ ਬਿਨਾਂ ਕਿੱਡੇ-ਕਿੱਡੇ ਦੁੱਖੀ, ਗੁਰੂ ਨਾਨਕ ਜੀ ਨੇ ਦਸਿਆ। ਜ਼ਿਲ੍ਹਾ ਮਿੰਟਗੁਮਰੀ ਸਤਘਰੇ ਤਹਿਸੀਲ। ਸ਼ਹਿਰ ਵਿਚ ਜਾਂਦਿਆਂ-ਜਾਂਦਿਆਂ ਜਦੋਂ ਬਚਨ ਹੋ ਰਹੇ ਸੀ, ਮਰਦਾਨਾ ਕਹਿਣ ਲੱਗਿਆ ਮਹਾਰਾਜ ਹੁਕਮ ਹੋਵੇ, ਆਹ ਸੇਠ ਬੜਾ ਸੁਖੀ ਨਜ਼ਰ ਆ ਰਿਹਾ, ਬੜਾ ਹੱਸ-ਹੱਸ ਗੱਲਾਂ ਕਰਦਾ ਗਾਹਕਾਂ ਨਾਲ। ਇਹਨੂੰ ਮੈਂ ਪੁੱਛ ਕੇ ਦੇਖ ਲਵਾਂ। ਗੁਰੂ ਜੀ ਕਹਿੰਦੇ ਪੁੱਛ ਲੈ। ਅਸੀਂ ਸ਼ਹਿਰ ਤੋਂ ਬਾਹਰ ਬਾਗ ਵਿਚ ਬੈਠਾਂਗੇ, ਉਥੇ ਆ ਜਾਈਂ। ਮਹਾਰਾਜ ਬਾਲਾ ਜੀ ਸਮੇਤ ਚਲੇ ਗਏ।

ਮਰਦਾਨਾ ਜਿਉਂ ਖੜਾ ਭੀੜ ਵਿਚ, ਜਦੋਂ ਭੀੜ ਘੱਟ ਗਈ, ਸੇਠ ਕਹਿੰਦਾ, ਕੀ ਲੈਣਾ ਦੱਸੋ? ਲੂਣ ਚਾਹੀਦਾ, ਹਲਦੀ ਚਾਹੀਦੀ ਹੈ, ਕੀ ਚਾਹੀਦਾ ਹੈ ਦੱਸੋ? ਸੇਠ ਜੀ ਲੈਣਾ ਤੇ ਕੁਝ ਨਹੀਂ। ਫੇਰ? ਕੋਈ ਗੱਲ ਕਰਨੀ ਹੈ। ਦੱਸੋ ਕੀ ਗੱਲ ਕਰਨੀ ਹੈ। ਨਹੀਂ ਟਾਇਮ ਦਿਉ ਮੈਂ ਇਕੱਲਿਆਂ ਨਾਲ ਗੱਲ ਕਰਨੀ ਹੈ। ਕਈ ਗੱਲਾਂ ਇਹੋ ਜਿਹੀਆਂ ਹੁੰਦੀਆਂ। ਕਹਿੰਦੇ ਅੱਛਾ ਚਲੋ ਫੇਰ। ਉਹਨੇ ਦੁਕਾਨ ਦਾ ਪਿਛਲਾ ਦਰਵਾਜ਼ਾ ਖੋਹਲਿਆ, ਮਰਦਾਨਾ ਜੀ ਨੂੰ ਨਾਲ ਲਿਆ। ਮਰਦਾਨਾ ਜੀ ਨੇ ਦੇਖਿਆ ਪਿੱਛੇ ਵਿਹੜਾ, ਉਸ ਤੋਂ ਪਿੱਛੇ ਅੱਛੇ-ਅੱਛੇ ਮਕਾਨ, ਅੱਛੇ-ਅੱਛੇ ਗਦੇਲੇ, ਇਹੋ ਜਿਹਾ ਸਾਜ਼ੋ-ਸਮਾਨ ਦੇਖ ਕੇ ਮਰਦਾਨਾ ਹੈਰਾਨ ਹੋ ਗਿਆ ਬਈ ਬੜੇ ਸੁਖੀ ਪ੍ਰਤੀਤ ਦੇਂਦੇ ਨੇ। ਉਸ ਵੇਲੇ ਅੰਦਰ ਬੈਠੇ, ਦਸੋ ਭਾਈ ਤੁਸੀਂ ਕੌਣ ਹੋ ਕੀ ਪੁਛਣਾ। ਮਰਦਾਨਾ ਜੀ ਮੇਰਾ ਨਾਮ ਹੈ। ਗੁਰੂ ਨਾਨਕ ਜੀ ਦਾ ਰਬਾਬੀ ਹਾਂ। ਮੇਰੇ ਗੁਰੂ ਜੀ ਕਹਿੰਦੇ ਨਾਮ ਤੋਂ ਬਿਨਾਂ ਕੋਈ ਸੁਖੀ ਹੈ ਹੀ ਨਹੀਂ। ਤੁਸੀਂ ਬੜੇ ਸੁੱਖੀ ਦਿਸਦੇ ਹੋ। ਬੜੇ ਹੱਸ-ਹੱਸ ਗੱਲਾਂ ਕਰਦੇ ਸੀ ਗਾਹਕਾਂ ਨਾਲ। ਸੇਠ ਜੀ ਨੂੰ ਤਾਂ ਇਉਂ ਲੱਗਿਆ ਜਿਵੇਂ ਕਿਸੇ ਨੇ ਕੱਸ ਕੇ ਬਾਣ ਮਾਰਿਆ। ਉਹ ਫੁਟ ਫੁਟ ਕੇ ਰੋਇਆ। ਮਰਦਾਨੇ ਨੇ ਮਸਾਂ ਚੁੱਪ ਕਰਾਇਆ ਬਈ ਦੁਖੀ ਹੈ ਵਿਚਾਰਾ, ਛੇੜਣ ਦੀ ਦੇਰ ਸੀ। ਕੀ ਦੁੱਖ ਹੈ ਸੇਠ ਜੀ। ਕਹਿੰਦੇ ਸਾਡੇ ਦੋਹਾਂ ਜੀਆਂ ਦੀ ਬੇ-ਇਤਫਾਕੀ ਹੈ, ਇਹੋ ਜਿਹੀ ਕਿਸੇ ਗੱਲ ਤੋਂ ਲੜਾਈ ਪਈ ਹੋਈ ਹੈ, ਸੁਲਾਹ ਹੋ ਹੀ ਨਹੀਂ ਸਕਦੀ। ਬਹੁਤ ਦੁਖੀ ਹੈ, ਉਹ ਵੀ ਦੁਖੀ ਹੈ, ਆਪਣੀ ਰੋਟੀ ਆਪ ਪਕਾਉਂਦੀ ਹੈ। ਮੈਂ ਆਪਣੀ। ਉਹ ਆਪਣੇ ਕੱਪੜੇ ਧੋਂਦੀ ਹੈ, ਮੈਂ ਆਪਣੇ, ਦੁਕਾਨ ਦਾ ਕੰਮ ਵੀ ਕਰਦਾ, ਦੁੱਖੀ ਬੜੇ ਹਾਂ। ਹਾਂ, ਇਹ ਤਾਂ ਗੁਰੂ ਬਾਬਾ ਜੀ ਦਸਦੇ ਹੁੰਦੇ ਬਈ ਗ੍ਰਿਹਸਤੀ ਪ੍ਰੇਮ ਨਾਲ ਨਾ ਰਹਿਣ ਤਾਂ ਨਰਕ ਹੈ, ਦੁੱਖ ਹੈ। ਘਰ ਹੋਵੇ, ਭਾਈਚਾਰਾ ਹੋਵੇ, ਸਮਾਜ ਹੋਵੇ, ਦੇਸ਼ ਹੋਵੇ, ਜਿੱਥੇ ਫੁੱਟ ਆ ਗਈ ਸੱਤਿਆਨਾਸ ਕਰਕੇ ਰੱਖ ਦਿੱਤਾ।

ਧਾਰਨਾ-ਫੁਟ ਚੰਦਰੀ ਜਿਨ੍ਹਾਂ ਦੇ ਘਰ ਵੜ ਗਈ ਆ,

ਵੱਡੇ-ਵੱਡੇ ਰਾਜ ਗਲ ਗਏ ਨੇ............2

ਦੁਬਿਧਾ, ਫੁਟ ਇਹੋ ਜਿਹੀ ਚੀਜ਼ ਹੈ, ਘਰ ਵਿਚ ਹੋਵੇ, ਪਰਵਾਰ ਵਿਚ ਹੋਵੇ, ਭਰਾਵਾਂ ਵਿਚ ਹੋਵੇ, ਕੌਮ ਵਿਚ ਹੋਵੇ, ਦੇਸ਼ ਵਿਚ ਹੋਵੇ ਸੱਤਿਆਨਾਸ ਕਰ ਦਿੰਦੀ ਹੈ।

ਇਕ ਸੇਠ ਜੀ ਚੜ੍ਹਾਈ ਕਰਨ ਲੱਗੇ। ਉਹਦੇ ਪੰਜ ਲੜਕੇ। ਛੋਟਾ ਸਿਆਣਾ ਸੀ, ਪਿਤਾ ਜੀ ਕੋਈ ਸ਼ਿਖਸ਼ਾ ਹੀ ਦੇ ਦਿਉ। ਕਹਿੰਦੇ ਪੰਜੇ ਇਕੱਠੇ ਹੀ ਹੋ, ਕਹਿੰਦੇ ਆਹੋ। ਕਹਿੰਦੇ ਪੰਜ ਕਾਨੇ ਲਿਆਉ। ਪੰਜ ਕਾਨੇ ਲਿਆਂਦੇ। ਉਹ ਕਹਿੰਦੇ ਇਕ-ਇਕ ਕਰਕੇ

ਤੋੜੋ। ਉਹ ਪੰਜੇ ਤੋੜ ਦਿੱਤੇ। ਪੰਜਾਂ ਨੂੰ ਇਕੱਠੇ ਕੀਤਾ, ਹੁਣ ਇਕ ਜਾਣਾ ਤੋੜੋ, ਉਹ ਟੁੱਟਦੇ ਹੀ ਨਹੀਂ ਇਉਂ। ਕਹਿੰਦੇ, ਪੰਜ ਵੀਰ ਇਕੱਠੇ ਰਹਿਉ, ਨਹੀਂ ਤਾਂ ਇਕੱਲੇ-ਇਕੱਲੇ ਛਿੱਤਰ ਖਾਉਗੇ। ਸੋ ਇਸ ਕਰਕੇ ਫੁੱਟ ਇਹੋ ਜਿਹੀ ਚੀਜ਼ ਹੈ। ਮਰਦਾਨਾ ਸੇਠ ਜੀ ਨੂੰ ਨਾਲ ਹੀ ਲੈ ਆਇਆ। ਕਹਿੰਦੇ ਚਲੋ ਮੇਰੇ ਗੁਰੂ ਨਾਨਕ ਜੀ ਕੋਲ ਸ਼ਾਇਦ ਤੁਹਾਡਾ ਇਲਾਜ ਕਰ ਦੇਣ, ਨਾਲੇ ਸਿਠਾਣੀ ਨੂੰ ਵੀ ਲੈ ਆ। ਉਹ ਵੀ ਰੋਂਦੀ ਆਵੇ। ਸੇਠ ਵੀ ਰੋਂਦਾ। ਗੁਰੂ ਜੀ ਕਹਿਣ ਲੱਗੇ ਭਾਈ ਬਾਲਾ, ਜਿਹੜਾ ਬਹੁਤਾ ਸੁੱਖੀ ਦਿਸਦਾ ਸੀ, ਨਾਲੇ ਲਈ ਆਉਂਦਾ। ਅੱਖਾਂ ਪੂੰਝਦੇ ਆਉਂਦੇ ਦੋਵੇਂ ਜੀ, ਵੇਖ ਲੈ ਦੁਖੀ। ਆ ਮੱਥਾ ਟੇਕਿਆ ਸੇਠ ਫੁੱਟ ਫੁੱਟ ਕੇ ਰੋਇਆ। ਸੱਚੇ ਪਾਤਸ਼ਾਹ, ਸਾਡੇ ਕਰੋ ਕੋਈ ਇਲਾਜ ਬੜੀ ਬੁਰੀ ਹਾਲਤ ਹੈ, ਬੜੇ ਦੁਖੀ ਹਾਂ। ਗੁਰੂ ਜੀ ਕਹਿਣ ਲੱਗੇ ਗਲਤੀ ਤੇਰੀ ਹੈ। ਕਿਸੇ ਨਾ ਕਿਸੇ ਕਾਰਨ ਤੋਂ ਤਾਂ ਦੁੱਖ ਲਗਦਾ ਹੈ ਵੱਡੇ-ਵੱਡੇ ਦੁਖੀ ਹੋਏ, ਉਨ੍ਹਾਂ ਦੇ ਵੱਡੇ-ਵੱਡੇ ਕਾਰਨ ਹਨ ਗੁਰੂ ਜੀ ਨੇ ਵੱਡੇ-ਵੱਡੇ ਦੁਖੀਆਂ ਦਾ ਨਾਮ ਲੈ ਕੇ ਇਉਂ ਸਮਝਾਉਣਾ ਸ਼ੁਰੂ ਕੀਤਾ : -

**ਧਾਰਨਾ- ਦੁਖੀਆ ਸਭ ਸੰਸਾਰ, ਨਾਨਕ ਦੁਖੀਆ, ਨਾਨਕ ਦੁਖੀਆ..2**

**ਗੁਰੂ ਜੀ ਕਹਿਣ ਲੱਗੇ ਸੇਠ ਜੀ ਧਿਆਨ ਨਾਲ ਸੁਣੋ।.....!**

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥*** (ਅੰਗ ੯੫੩)

ਸਵਰਗਾਂ ਦਾ ਰਾਜਾ ਇੰਦਰ, ਉਹਨੂੰ ਵੀ ਰੋਣਾ ਪਿਆ। ਮਹਾਰਾਜ ਇੰਦਰ ਵੀ ਰੋਇਆ, ਕਿਉਂ ਰੋਣਾ ਪਿਆ? ਗੁਰੂ ਜੀ ਕਹਿੰਦੇ ਗਲਤ ਸਲਾਹਕਾਰਾਂ ਦੇ ਆਖੇ ਲਗ ਗਿਆ। ਸਵਰਗ ਵਿਚ ਇਕ ਚੰਦ ਰਿੱਖੀ ਜੀ ਹੁੰਦੇ ਸੀ। ਉਹ, ਪੁੱਠੇ ਬੰਦੇ ਪੁੱਠੀ ਮੱਤ ਦਿੰਦੇ ਹੁੰਦੇ ਨੇ। ਗੁਰਮੁਖ ਲੋਕ ਗੁਰਮੁਖਤਾਈ ਦੀ ਮੱਤ ਦਿੰਦੇ ਹੁੰਦੇ ਨੇ। ਉਹ ਕਹਿਣ ਲੱਗੇ ਇਕ ਗੋਤਮ ਰਿੱਖੀ ਹੈ ਮਾਤ-ਲੋਕ ਵਿਚ। ਉਥੇ ਜਾ ਕੇ ਤੂੰ ਪੁਠਾ ਕੰਮ ਕਰ। ਇਥੇ ਸਵਰਗ ਵਿਚ ਆ ਜਾਈਂ, ਕੀ ਵਿਗਾੜ ਲਏਗਾ ਤੇਰਾ। ਤੂੰ ਇਥੇ ਉਹ ਉਥੇ। ਜਦੋਂ ਚੰਦ ਰਿਖੀ ਦੇ ਆਖੇ ਲਗਕੇ। ਮੈਂ ਤੇਰੀ ਮਦਦ ਕਰੂੰ। ਚੋਰਾਂ ਦੀ ਚੋਰ ਮਦਦ ਕਰਦੇ ਹੁੰਦੇ। ਉਹ ਆ ਗਏ ਦੋਵੇਂ ਜਾਣੇ।

***ਗੋਤਮ ਨਾਰ ਅਹਿੱਲਿਆ ਤਿਸ ਨੋਂ ਦੇਖਿ ਇੰਦ੍ਰੁ ਲੋਭਾਣਾ।***

(ਵਾਰ ੧੦/ਪਉੜੀ ੧੮)

ਸਿਆਣੇ ਕਹਿੰਦੇ ਜਦੋਂ ਬੰਦੇ ਦੀ ਮੱਤ ਮਾਰੀ ਜਾਏ, ਦਿਨ ਮਾੜੇ ਆ ਜਾਣ, ਉਹਨੂੰ ਇਹੋ ਜਿਹੇ ਕੰਮ ਪੁੱਠੀਆਂ ਸ਼ਤਾਨੀਆਂ ਹੀ ਸੁਝਦੀਆਂ ਹੁੰਦੀਆਂ ਜਦੋਂ ਸਤਿਆਨਾਸ ਹੋਣ ਦਾ ਸਮਾਂ ਆ ਜਾਏ।

*"ਬਿਨਾਸ ਕਾਲੇ ਬੁੱਧੀ ਬਿਪਰੀਤ॥"*

ਉਦੋਂ ਬੰਦੇ ਦੀ ਮੱਤ ਮਾਰੀ ਜਾਂਦੀ ਹੈ—

*ਗੋਤਮ ਨਾਰ ਅਹਿਲਿਆ ਤਿਸ ਨੋ ਦੇਖਿ ਇੰਦ੍ਰ ਲੋਭਾਣਾ।*
*ਪਰ ਘਰ ਜਾਇ ਸਰਾਪ ਲੈ ਹੋਇ ਸਹਸ ਭਗ ਪਛੋਤਾਣਾ।*

ਚਾਹੀਦਾ ਸੀ ਇੰਦਰ ਨੂੰ ਰਿੱਖੀ ਦੇ ਚਰਨਾਂ ਤੇ ਨਮਸਕਾਰ ਕਰਦਾ, ਕੋਈ ਅਸੀਸ ਲੈਂਦਾ, ਉਹਦੀ ਤਾਂ ਸਾਧਸੰਗਤ ਮਾਂ ਲਗਦੀ ਸੀ। ਪੰਜ ਸੱਤ ਮਾਵਾਂ ਲਿਖਿਆ ਸੰਸਾਰ ਵਿਚ। ਗੁਰੂ ਦੇ ਘਰੋਂ ਇਸਤਰੀ ਉਹ ਵੀ ਮਾਂ, ਮਹਾਂਪੁਰਸ਼ਾ ਦੇ ਘਰੋਂ ਬੀਬੀ ਉਹ ਵੀ ਮਾਂ, ਰਾਜੇ ਦੇ ਘਰੋਂ ਬੀਬੀ ਉਹ ਵੀ ਮਾਂ, ਮਿੱਤਰ ਦੇ ਘਰੋਂ ਬੀਬੀ ਉਹ ਵੀ ਮਾਂ। ਜਿਸ ਨੇ ਜਨਮ ਦਿੱਤਾ ਉਹ ਵੀ ਮਾਂ। ਇਸੀ ਤਰ੍ਹਾਂ ਇਉਂ ਪੰਜ ਸੱਤ ਮਾਵਾਂ। ਉਹਦੀ ਤਾਂ ਉਹ ਮਾਂ ਲਗਦੀ ਸੀ। ਉਹਨੂੰ ਤਾਂ ਕਿਸੇ ਵੱਲ ਵੀ ਬੁਰੀ ਨਿਗ੍ਹਾ ਨਾਲ ਨਹੀਂ ਸੀ ਦੇਖਣਾ ਚਾਹੀਦਾ। ਸਗੋਂ ਨਮਸਕਾਰ ਕਰਨੀ ਚਾਹੀਦੀ, ਮੱਤ ਮਾਰੀ ਗਈ।

*ਗੋਤਮ ਨਾਰ ਅਹਿਲਿਆ ਤਿਸ ਨੋ ਦੇਖਿ ਇੰਦ੍ਰ ਲੋਭਾਣਾ।*
*ਪਰ ਘਰ ਜਾਇ ਸਰਾਪ ਲੈ ਹੋਇ ਸਹਸ ਭਗ ਪਛੋਤਾਣਾ।*
*ਸੁਞਾ ਹੋਇਆ ਇੰਦ੍ਰ ਲੋਕ।.....*

ਉਹ ਚੰਦ ਰਿੱਖੀ ਨੇ ਮਦਦ ਕੀਤੀ। ਜਦੋਂ ਗੋਤਮ ਰਿੱਖੀ ਜੀ ਇਸ਼ਨਾਨ ਕਰਨ ਗਏ, ਜਲ ਦੇ ਵਿਚ ਵਰਣ ਦੇਵਤਾ ਹੁੰਦਾ। ਉਹ ਗੱਲਾਂ ਵੀ ਕਰ ਲੈਂਦਾ, ਰੂਪ ਵੀ ਧਾਰ ਲੈਂਦਾ ਹੈ, ਉਹਨੂੰ ਵਰਣ ਦੇਵਤਾ ਕਹਿੰਦੇ ਹਨ। ਜਿਹੜੇ ਨਾਮਧਾਰੀਏ ਗੁਰਮੁਖਾਂ ਦੇ, ਭੈਣੀ ਸਾਹਿਬ ਦੇ ਉਪਰਲੇ ਮਹਾਰਾਜ ਹੋਏ ਨੇ ਬਾਬਾ ਰਾਮ ਸਿੰਘ ਜੀ। ਆਪ ਜੀ ਕਾਲੇ ਪਾਣੀ ਚੱਲੇ, ਜਦੋਂ ਜਹਾਜ਼ ਤੇ ਚੜ੍ਹਨ ਲੱਗੇ, ਕਹਿੰਦੇ ਜੀ ਮਹਾਰਾਜ ਜੀ ਕੁਝ ਨਾਲ ਖੜਨਾ। ਕਹਿੰਦੇ ਇਕ ਆਹ ਜਾਏਗਾ, ਸਾਡਾ ਗੜਵਈ। ਉਹ ਕਹਿੰਦਾ ਮਹਾਂਰਾਜ ਸਤਿ ਸ੍ਰੀ ਅਕਾਲ। ਮੈਂ ਤਾਂ ਸੀ.ਆਈ.ਡੀ. ਦਾ। ਜਹਾਜ਼ ਤੇ ਚੜ੍ਹਾਉਣ ਵਾਲਾ ਹੀ ਮੈਂ ਹਾਂ। ਕਹਿੰਦੇ ਫਿਰ ਸਾਡਾ ਕਮੰਡਲ ਦੇ ਦੇ। ਖੂਹ ਵਿਚ ਸੁੱਟ ਦਿੱਤਾ। ਕਹਿੰਦੇ ਲੈ ਬਈ ਵਰਣ ਦੇਵਤਾ ਉਥੇ ਦੇ ਦੇਈਂ। ਜਹਾਜ਼ ਤੋਂ ਉੱਤਰੇ, ਚਿੱਟੇ ਕਪੜਿਆਂ ਵਾਲਾ ਬੰਦਾ, ਲਉ ਮਹਾਰਾਜ ਆਪਣਾ ਕਮੰਡਲ। ਦੇ ਕੇ ਗੁਪਤ ਹੋ ਗਿਆ। ਪਤਾ ਹੀ ਨਹੀਂ ਕਿਧਰ ਗਿਆ। ਉਹਨੂੰ ਵਰਣ ਦੇਵਤਾ ਕਹਿੰਦੇ, ਪਾਣੀਆਂ ਦਾ।

*ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥*

(ਅੰਗ ੭)

ਕਰੋੜਾਂ ਕਿਸਮ ਦੀ ਪਉਣ, ਕਰੋੜਾਂ ਕਿਸਮ ਦੇ ਪਾਣੀ। ਇਉਂ ਬਾਣੀ ਵਿਚ ਦੱਸਿਆ ਹੈ। ਉਣੰਜਾ ਕਿਸਮ ਦੀ ਪਉਣ ਬਾਬਾ ਫਰੀਦ ਜੀ ਨੂੰ ਗੁਰੂ ਨਾਨਕ ਜੀ ਨੇ ਦੱਸੀ ਸੀ। ਇਕ ਪਉਣ ਸਾਰੇ ਬ੍ਰਹਿਮੰਡ ਨੂੰ ਉਡਾ ਕੇ ਕੀ ਕਰ ਦੇਵੇ, ਉਹਦਾ, ਕੋਈ ਪਤਾ ਹੀ ਨਹੀਂ ਲਗੇਗਾ, ਧਰਤੀਆਂ ਗਈਆਂ ਕਿਧਰ। ਗੁਰੂ ਜੀ ਕਹਿੰਦੇ, ਕਈ ਕਿਸਮ ਦੀ ਪਉਣ ਹੈ। ਇਕ ਇਕ ਪਰਲੋ ਲਿਆ ਦੇਵੇ। ਬ੍ਰਹਿਮੰਡ ਲੱਭਣ ਹੀ ਨਾ। ਉਸ ਤੋਂ ਅੱਗੇ ਗਿਣਤੀ ਕਰੀਏ ਤਾਂ ਫਰੀਦ ਜੀ ਕਰੋੜਾ ਕਿਸਮ ਦੀ ਪਉਣ ਹੈ। ***"ਕਈ ਕੋਟਿ ਪਉਣ ਪਾਣੀ ਵੈਸੰਤਰ" "ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ"*** ਤਾਂ ਉਹ ਵਰਣ ਦੇਵਤਾ ਪਾਣੀਆਂ ਦਾ, ਉਹ ਕਹਿਣ ਲੱਗਾ ਮਹਾਰਾਜ ਨਮਸਕਾਰ, ਤੁਹਾਡੇ ਘਰ ਵਿਚ ਛੱਲ ਹੋ ਰਿਹਾ ਹੈ। ਤੁਸੀਂ ਇਸ਼ਨਾਨ ਕਰਦੇ ਹੋ। ਵਾਪਿਸ ਜਾਉ। ਹੁਣ ਆਉਂਦਿਆਂ ਨੂੰ ਰਾਹ ਵਿਚ ਇੰਦਰ ਮੱਥੇ ਲਗਾ। ਕਹਿੰਦੇ ਅੱਛਾ ਹਜ਼ਾਰ ਭਗ ਹੋਊ ਜਾਹ। ਰੇਸ਼ਾ ਹੀ ਰੇਸ਼ਾ ਸਰੀਰ ਵਿਚੋਂ ਚਲਦਾ ਹੈ। ਅੱਗੇ ਲੜਕੀ ਸੀ, ਉਸਨੂੰ ਵੀ ਸਰਾਪ, ਬਿਨਾਂ ਵਿਆਹ ਤੋਂ ਪੁੱਤਰਵੰਤੀ ਹੋ। ਉਹ ਰੋਣ ਲੱਗ ਗਈ, ਕਹਿਣ ਲੱਗੀ ਪਿਤਾ ਜੀ ਮੇਰੀ ਗੱਲ ਦਾ ਜਵਾਬ, ਤੁਸੀਂ ਭਗਤੀ ਕਰਦੇ ਹੋ ਫਾਇਦੇ ਵਾਸਤੇ ਜਾਂ ਨੁਕਸਾਨ ਵਾਸਤੇ ? ਕਹਿੰਦੇ ਫਾਇਦੇ ਵਾਸਤੇ। ਫਿਰ ਤੁਹਾਡੀ ਲੜਕੀ ਦਾ ਸੱਤਿਆਨਾਸ ਹੋਵੇ, ਤੁਹਾਡੀ ਇਹੋ ਜਿਹੀ ਬੰਦਗੀ ਖੂਹ ਵਿਚ ਪਵੇ। ਮੈਨੂੰ ਨੀ ਲੋੜ ਇਹੋ ਜਿਹੀ ਬੰਦਗੀ ਦੀ ਛੱਡੋ। ਕਹਿੰਦੇ ਹੁਣ ਤਾਂ ਜੋ ਹੋਣਾ ਸੀ ਹੋ ਗਿਆ। ਫੇਰ ਕਹਿੰਦੇ ਇਹ ਗੱਲ ਨਹੀਂ ਜੋ ਤੁਸੀਂ ਸਰਾਪ ਦਿੱਤਾ। ਕਿਹਾ ਤ੍ਰੇਤੇ ਜੁਗ ਵਿਚ ਉਥੋਂ ਤੱਕ ਸਤਜੁੱਗ ਹੈ, ਫਿਰ ਦੁਆਪਰ ਲਗੇਗਾ, ਫਿਰ ਤ੍ਰੇਤਾ। ਕੁਝ ਹੋਰ ਮੈਂ ਨਹੀਂ ਜਾਣਦੀ। ਤੁਹਾਡਾ ਫਰਜ਼ ਨਹੀਂ ਸੀ, ਸਰਾਪ ਦੇਣਾ। ਲੜਕੀ ਨੂੰ ਪਿਤਾ ਦਾ, ਬਹੁਤ ਬੁਰੀ ਗੱਲ ਹੈ। ਕਲਜੁਗ ਵਿਚ ਦੇਖੋ ਕਿਵੇਂ ਧੀਆਂ, ਭੈਣਾਂ ਦੀਆਂ ਮਨਮੁਖ, ਮੂਰਖ ਲੋਕ, ਕੰਜਰ ਲੋਕ ਧੀਆਂ ਦੀਆਂ ਗਾਲ੍ਹਾਂ ਕੱਢਦੇ ਨੇ। ਤੁਹਾਡਾ ਫਰਜ਼ ਨਹੀਂ ਸੀ। ਉਹ ਕਹਿਣ ਲੱਗੇ ਅੱਛਾ ਚਲੋ। ਪਛਤਾਵਾ ਕੀਤਾ, ਕਹਿੰਦੇ ਚਲੋ ਇਕ, ਦੋ, ਤਿੰਨ, ਚਾਰ ਨਹੀਂ, ਇਕ ਤਿੰਨ ਦੋ ਚਾਰ। ਪਹਿਲਾਂ ਤ੍ਰੇਤਾ ਲਗੇਗਾ ਫਿਰ ਦੁਆਪਰ ਲਗੇਗਾ। ਬੇਟਾ ਏਨਾ 'ਕੁ' ਕਰ ਦੇਨੇ ਆਂ ਬਸ। ਰਿਖੀ ਨੇ ਲੜਕੀ ਦੇ ਕਹਿਣ 'ਤੇ ਜੁਗ ਬਦਲ ਦਿੱਤਾ। ਤਦੇ ਇਉਂ ਦਸਿਆ:-

**ਧਾਰਨਾ- ਜੁੱਗ ਪਲਟ ਦੇਂਦੇ ਨੇ,**
**ਨਾਮ ਨੂੰ ਜਪਣ ਵਾਲੇ..........2**

ਗੋਤਮ ਰਿਖੀ ਨੇ ਆਪਣੀ ਲੜਕੀ ਦੇ ਕਹਿਣ ਤੇ ਜੁਗ ਪਲਟਿਆ ਤੇ ਮਹਿਸੂਸ ਕੀਤਾ, ਬਈ ਮੇਰੀ ਵੀ ਗਲਤੀ ਹੈ। ਇਸ ਤਰ੍ਹਾਂ ਨਹੀਂ ਸੀ ਚਾਹੀਦਾ। ਹੈਂ ਤੇਰੇ ਕੋਲੋਂ ਦੁਸ਼ਟ ਲੰਘ ਕੇ ਗਿਆ ਹੈ ਅਤੇ ਆਪਣੀ ਇਸਤਰੀ ਨੂੰ ਕਹਿੰਦੇ ਪੱਥਰ ਦੀ ਹੋ ਜਾ, ਪਈ

ਰਹੁ। ਰਾਮ ਹੀ ਤੇਰਾ ਭਲਾ ਕਰੂ। ਭਾਈ ਗੁਰਦਾਸ ਜੀ ਲਿਖਦੇ ਨੇ **"ਸਤੀ ਸਤਹੁੰ ਟਲ ਸਿਲਾ"** ਸਰੀਰ ਪੱਥਰ ਦਾ, ਜਿਵੇਂ ਸੰਗਮਰਮਰ ਦੀ ਮੂਰਤੀ ਘੜੀ ਹੁੰਦੀ ਹੈ। ਪਈ ਰਹੀ ਲੱਖਾਂ ਸਾਲ।

***ਸਤੀ ਸਤਹੁੰ ਟਲ ਸਿਲਾ ਹੋਇ ਨਦੀ ਕਿਨਾਰੈ ਬਾਝ ਪਰਾਣਾ॥***

**(ਵਾਰ ੧੦/ਪਉੜੀ ੧੮)**

ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਨੇ ਜਦੋਂ ਰਾਮ ਜੀ ਨੇ ਚਰਨ ਛੁਹਾਇਆ, ਇਕ ਦਮ ਉਸੇ ਤਰ੍ਹਾਂ ਦੀ ਹੋ ਗਈ ਪੱਥਰ ਤੋਂ ਜਿਵੇਂ ਸਤਜੁਗ ਵਿਚ ਰਿੱਖੀ ਦੇ ਘਰੋਂ ਸੀ। ਉਠ ਕੇ ਬੈਠ ਗਈ, ਫਿਰ ਉਨ੍ਹਾਂ ਉਸਦੀ ਮੁਕਤੀ ਕਰ ਦਿੱਤੀ। ਗੁਰੂ ਨਾਨਕ ਜੀ ਕਹਿਣ ਲੱਗੇ ਸੇਠ ਜੀ ਦੇਖ ਲੈ, ਕਿਹੋ ਜਿਹੀ ਗੱਲ ਕਰਕੇ ਕਿਹੋ ਜਿਹੇ ਵੱਡੇ-ਵੱਡੇ ਲੋਕ ਦੁਖੀ ਹੋਏ ਹਨ ਇਸ ਦੁਨੀਆਂ ਤੇ।

**ਧਾਰਨਾ :-ਰੋਂਦੇ ਇੰਦਰਪੁਰੀ ਦੇ ਰਾਜੇ,**
**ਸਾਹਿਬਾ ਤੇਰੇ ਨਾਮ ਤੋਂ ਬਿਨਾਂ ..........2**

***ਸਹੰਸਰ ਦਾਨ ਦੇ ਇੰਦ੍ਰ ਰੋਆਇਆ॥***

**(ਅੰਗ ੯੫੩)**

ਗੁਰੂ ਨਾਨਕ ਜੀ ਕਹਿਣ ਲੱਗੇ, ਸੇਠ ਜੀ ਸਵਰਗਾਂ ਦੇ ਰਾਜਾ ਇੰਦਰ ਨੂੰ ਵੀ ਸਰੋਵਰ ਵਿਚ ਲੁਕ ਕੇ ਬੜੀ ਦੇਰ ਤਕ ਰੋਣਾ ਪਿਆ, ਫਿਰ ਕਿਤੇ ਮਾਫ਼ੀਆਂ ਮਿਲੀਆਂ ਬੜੇ ਲੰਮੇ ਸਮੇਂ ਤੋਂ ਬਾਅਦ। **"ਸਹਸ ਭਗੋਂ ਹੋਏ ਲੋਇਣ ਸਹਸ"** ਫਿਰ ਉਹ ਅੱਖਾਂ ਬਣ ਗਈਆਂ, ਇਹੋ ਜਿਹਾ ਭਾਈ ਗੁਰਦਾਸ ਜੀ ਨੇ ਲਿਖਿਆ।

ਉਸ ਤੋਂ ਦੂਸਰਾ ਨੰਬਰ **ਪਰਸਰਾਮੁ ਰੋਵੈ ਘਰਿ ਆਇਆ।**

ਪਰਸਰਾਮ ਦੀ ਕਥਾ ਚੌਵੀ ਅਵਤਾਰਾਂ ਵਿਚ ਆਉਂਦੀ ਹੈ। ਉਸਦਾ ਪਿਤਾ ਜਗਦਮਣ ਰਿਖੀ ਜੀ ਹੋਏ ਹਨ। ਇਸਦਾ ਮਾਸੜ ਸਹੰਸਰ ਬਾਹੂ ਸੀ। ਉਹ ਰਾਜਾ ਜਿਹੜਾ ਸੀ ਰਿਖੀ ਕੋਲ ਆਇਆ। ਪਰਸਰਾਮ ਕਿਤੇ ਤਪੱਸਿਆ ਕਰਨ ਗਿਆ ਹੋਇਆ ਸੀ, ਸੋ ਉਸ ਵੇਲੇ ਉਹ ਕਹਿਣ ਲੱਗਿਆ ਰਿੱਖੀ ਜੀ ਪਾਣੀ ਪਿਲਾਉ। ਕਹਿੰਦੇ ਪੀ ਲਉ, ਰੋਟੀ ਵੀ ਖਾ ਲਉ। ਕਹਿੰਦੇ ਜੰਗਲ ਵਿਚ ਕੁਟੀਆ, ਰੋਟੀ ਦਾ ਇੰਤਜ਼ਾਮ ਹੈ। ਅਸੀਂ ਤਾਂ ਤਿੰਨ ਚਾਰ ਜਾਣੇ ਹਾਂ, ਕਹਿੰਦੇ, ਭਾਵੇਂ ਲੱਖ ਜਾਣਾ ਲੈ ਆ, ਇਹੋ ਜਿਹੀ ਕਿਹੜੀ ਗੱਲ ਹੈ। ਕਹਿੰਦਾ ਹੁਣ ਤਾਂ ਪਿਆਉ ਪਾਣੀ, ਪਰਸੋਂ ਮੈਂ ਆਊਂਗਾ, ਮੈਂ ਦੇਖਾਂਗਾ ਤੁਸੀਂ ਲੱਖਾਂ

ਨੂੰ ਖੁਆ ਦਿਉਗੇ। ਕਹਿੰਦੇ ਆ ਜਾਇਉ, ਜਿੰਨੇ ਮਰਜ਼ੀ ਆ ਜਾਇਉ, ਇਹੋ ਜਿਹੀ ਕੋਈ ਗੱਲ ਨਹੀਂ। ਸੋ ਉਹ ਤੀਸਰੇ ਦਿਨ ਸਾਰੀ ਫੌਜ ਲੈ ਕੇ ਆ ਗਿਆ। ਉਹਨੇ, ਜਿਸਨੂੰ ਕਾਮਧੇਨ ਗਾਂਈਂ ਕਹਿੰਦੇ, ਕਈ ਪਦਾਰਥ ਬਣਾਉਂਦੀ, ਉਹ ਇੰਦਰ ਕੋਲੋਂ ਮੰਗ ਕੇ, ਉਹ ਕੁਟੀਆ ਵਿਚ ਹੀ ਖੜੀ। ਉਹ ਛੱਤੀ ਪਦਾਰਥ ਢੋਈ ਜਾਣ, ਕੱਢੀ ਜਾਣ। ਘੋੜਿਆਂ ਨੂੰ ਦਾਣਾ, ਹਾਥੀਆਂ ਨੂੰ ਘਾਹ, ਫੌਜ ਨੂੰ ਲੰਗਰ, ਰੋਟੀ ਸਭ ਨੂੰ ਮਿਲੀ। ਹੈਂ ਇਹ ਕੀ ਚੀਜ਼ ਹੈ। ਗਾਂਈਂ ਹੈ। ਉਹ ਸਾਂਢੂ-ਸਾਂਢੂ ਗੱਲ ਕਰਦੇ ਨੇ। ਗਾਂਈਂ ਹੈ ਕਹਿੰਦੇ ਸਾਨੂੰ ਦੇ ਦਿਉ। ਸਾਡਾ ਫੌਜ ਦਾ ਖਰਚਾ ਬੜਾ ਹੈ। ਕਹਿੰਦਾ ਅਮਾਨਤ ਵਿਚ ਲਈ ਇੰਦਰ ਕੋਲੋਂ। ਸਵਰਗ ਤੋਂ ਮੰਗਾਈ ਹੈ। ਇਸ ਕਰਕੇ ਭਰਾਵਾ ਅਮਾਨਤ ਲੈ ਕੇ ਵਾਪਿਸ ਨਾ ਕਰੀਏ ਉਹਨੂੰ ਕਹਿੰਦੇ ਨੇ ਪੱਕਾ ਬੇਈਮਾਨ—

***"ਜਿਸ ਕੀ ਤਿਸ ਕੀ ਕਰਿ ਮਾਨੁ॥ ਆਪਨ ਲਾਹਿ ਗੁਮਾਨੁ॥"***

(ਅੰਗ ੮੯੬)

ਜਿਸਦੀ ਵਸਤੂ ਹੋਵੇ ਉਹਨੂੰ ਵਾਪਿਸ ਕਰੀਦੀ ਹੈ। ਸੋ ਅਸੀਂ ਰਿੱਖੀ ਲੋਕ ਹਾਂ, ਕਿਵੇਂ ਮੁੱਕਰ ਜਾਈਏ। ਜਿਸਦੀ ਹੈ ਉਹਨੂੰ ਦੇਵਾਂਗੇ। ਇਕ ਤੀਰ ਮਾਰਿਆ ਰਿੱਖੀ ਮਾਰ ਦਿੱਤਾ ਉਹ ਗਾਈਂ ਕਾਮਧੇਨ ਖੜੀ, ਉਹ ਉਡ ਪਈ ਅਕਾਸ਼ ਵਿਚ। ਦੂਜਾ ਤੀਰ ਮਾਰਿਆ ਉਹਦੇ ਲੱਤ ਵਿਚ ਵੱਜਾ। ਲਹੂ ਦੀ ਤਤੀਰੀ ਚਲ ਪਈ। ਉਹ ਵੀ ਜਾਂਦੀ-ਜਾਂਦੀ ਕਹਿ ਗਈ ਇਹਦੀ ਬੂਟੀ ਬਣੇਗੀ, ਜਿਹੜਾ ਖਾਏਗਾ ਤੇਰੀ ਅੰਸਾ ਵਿਚ, ਸਾਰੇ ਜਪ, ਤਪ, ਕਰਮ ਧਰਮ, ਭਜਨ ਪਾਠ ਪੂਜਾ ਖਤਮ ਹੋ ਕੇ ਕੁੰਭੀ ਨਰਕ ਵਿਚ ਜਾਏਗਾ। ਜਿਹੜਾ ਬੂਟੀ ਖਾਏਗਾ ਉਹਨੂੰ ਗਾਂਈਂ ਖਾਣ ਜਿੰਨਾ ਪਾਪ ਲਗੇਗਾ। ਸੋ ਗਾਂਈਂ ਦੇ ਲਹੂ ਤੋਂ ਤੰਬਾਕੂ ਉਗ ਪਿਆ। ਜਿਹੜਾ ਖਾਏ ਮਾਨੋਂ ਗਾਂਈਂ ਖਾ ਲਈ। ਜਾਂਦਾ ਨਰਕ ਵਿਚ। ਕੁਲਾਂ ਦੀਆਂ ਕੁਲਾਂ ਜਾਂਦੀਆਂ।

***"ਮਦਰਾ ਦਹਿਤਾ ਸਪੱਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸਤ ਕੁਲ ਦਹੈ ਨਿੰਦਾ ਦਹਿ ਅਨੇਕ॥"***

(ਸੌ ਸਾਖੀ)

ਜਗਤ ਜੂਠ ਤੰਬਾਕੂ ਨੂੰ ਕਹਿੰਦੇ। ਇਕ ਖਾ ਲਵੇ ਸੌ ਕੁਲ ਕੁੰਭੀ ਨਰਕ ਵਿਚ ਜਾਂਦੀ ਹੈ। ਕਈ ਲੋਕ ਤਾਂ ਬੜੇ ਸ਼ੌਕ ਨਾਲ ਖਾਂਦੇ ਨੇ। ਸਤਿਆਨਾਸ ਆਪਣਾ ਤਾਂ ਉਨ੍ਹਾਂ ਕਰਨਾ ਹੀ ਹੈ ਨਾਲ ਟੱਬਰਾਂ ਦੇ ਟੱਬਰ ਨਰਕ ਵਿਚ ਲਈ ਜਾਂਦੇ ਨੇ। ਗੁਰੂ ਗੋਬਿੰਦ ਸਿੰਘ ਜੀ ਨੇ ਰੋਕਿਆ। ਜਿਹੋ ਜਿਹੀ ਗਾਈਂ ਖਾ ਲਈ ਉਹੋ ਜਿਹਾ ਤੰਬਾਕੂ ਖਾ ਲਿਆ। ਬੇਦਾਂ ਸ਼ਾਸ਼ਤਰਾਂ ਵਿਚ ਲਿਖਿਆ ਹੋਇਆ। ਸੋ ਉਸ ਮੌਕੇ ਜਦੋਂ ਪਰਸਰਾਮ ਨੂੰ ਪਤਾ ਲੱਗਾ ਬਈ

ਤੇਰਾ ਪਿਉ ਮਰ ਗਿਆ, ਮਾਂ ਉਹਦੇ ਵਿਯੋਗ ਵਿਚ ਮਰ ਗਈ। ਉਹ ਆ ਕੇ ਬੜਾ ਰੋਂਦਾ ਹੈ— **''ਪਰਸ ਰਾਮੁ ਰੋਵੈ ਘਰਿ ਆਇਆ॥'**

ਅੱਗੇ ਗੁਰੂ ਜੀ ਕਹਿੰਦੇ ਸੇਠ ਜੀ ਅੱਗੇ ਸੁਣ—

*''ਅਜੈ ਸੁ ਰੋਵੈ ਭਿਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥''*

(ਅੰਗ ੯੫੩-੫੪)

**ਧਾਰਨਾ –ਭਿਖਿਆ ਜਦ ਖਾਂਦਾ ਸੀ,**

**ਰੋਂਦਾ ਸੀ ਅਜੈ ਰਾਜਾ.....2**

*ਅਜੈ ਸੁ ਰੋਵੈ ਭਿਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥*

*ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੜਿ ਗਇਆ॥*

(ਅੰਗ ੯੫੩)

ਰਾਜਾ ਅਜੈ ਬੜਾ ਦਾਨੀ ਰਾਜਾ ਸੀ। ਸਵਾ ਪਹਿਰ ਦਿਨ ਚੜ੍ਹੇ ਤੱਕ ਬੜਾ ਦਾਨ ਕਰਦਾ ਹੁੰਦਾ। ਇਥੋਂ ਅਯੁਧਿਆ ਦਾ ਰਾਜਾ ਹੋਇਆ।

ਉਸ ਤੋਂ ਬਾਅਦ ਹਿੰਦੁਸਤਾਨ ਦਾ ਚੱਕ੍ਰਵਰਤੀ ਬਾਦਸ਼ਾਹ ਦਿੱਲੀ ਦਾ ਹੋਇਆ। ਬਈ ਜਿਹੜਾ ਸਵਾ ਪਹਿਰ ਤੋਂ ਪਹਿਲਾਂ-ਪਹਿਲਾਂ ਮੈਨੂੰ ਵਿਚ ਉਠਾਵੇ, ਉਹਨੂੰ ਥਾਂ ਮਾਰ ਦਿੱਤਾ ਜਾਏਗਾ। ਗੁਆਂਢੀ ਰਾਜੇ ਨੇ ਫੌਜ ਚਾੜ੍ਹ ਦਿੱਤੀ, ਇਹਨੇ ਉਠਣਾ ਤਾਂ ਹੈ ਨਹੀਂ।

ਨੇਮੀ ਪੱਕਾ ਹੈ, ਸੋ ਇਹੋ ਜਿਹੇ ਸਮੇਂ ਤੋਂ ਲਾਭ ਉਠਾਉ। ਫੌਜ ਚੜ੍ਹ ਕੇ ਆ ਗਈ। ਉਹਨੇ ਰਾਜੇ ਦੀ ਮਾਂ ਨੂੰ ਕਿਹਾ ਬਈ ਤੈਨੂੰ ਤਾਂ ਨਹੀਂ ਮਾਰ ਦੇਣ ਲੱਗਾ। ਉਹ ਕਹਿਣ ਲੱਗੀ ਬੇਟਾ ਗੁਆਂਢੀ ਰਾਜਾ ਆ ਗਿਆ ਹੈ, ਫੌਜ ਨੂੰ ਹੁਕਮ ਦੇ ਦਿਉ, ਕੁਝ ਕਰੋ ਲੜੋ। ਦਾਨ ਹੀ ਕਰੀ ਜਾਉਗੇ। ਸਾਰਾ ਦੇਸ਼ ਹੀ ਲੁੱਟ ਕੇ ਲੈ ਜਾਊ। ਸਾਨੂੰ ਵੀ ਲੈ ਜਾਊ ਬੰਨ੍ਹਕੇ ਨਾਲ। ਉਹ ਕਹਿੰਦਾ ਮਾਤਾ ਜੀ ਰੱਬ ਦਾ ਭਜਨ ਕਰੋ। ਸਵਾ ਪਹਿਰ ਹੋਏਗਾ ਤਾਂ ਉਠਾਂਗੇ। ਜਦੋਂ ਮਹਾਰਾਜ ਨੇ ਦੇਖਿਆ ਬਈ ਨੇਮ ਵਿਚ ਪੱਕਾ ਹੈ। ਘੋੜਾ ਉਹਦੇ ਵਾਲਾ ਹੀ ਲਿਆ। ਉਤੇ ਸਵਾਰੀ ਕਰਕੇ, ਇਹੋ ਜਿਹੇ ਤੀਰ ਛੱਡੇ, ਦੂਜੇ ਰਾਜੇ ਦੀ ਸਾਰੀ ਫੌਜ ਮਾਰ ਦਿੱਤੀ। ਰਾਜੇ ਨੂੰ ਜ਼ਖ਼ਮੀ ਕਰਕੇ ਸੁੱਟ ਦਿੱਤਾ, ਇਥੇ ਤੜਫਦਾ ਰਹੁ। ਜਦੋਂ ਸਵਾ ਪਹਿਰ ਹੋਇਆ, ਰਾਜਾ ਘੋੜਿਆਂ ਦੇ ਤਬੇਲੇ 'ਚ ਗਿਆ, ਆ ਕੇ ਦੇਖੇ ਕੌਣ ਹੋ ਸਕਦਾ ਹਿੰਦੁਸਤਾਨ ਵਿਚ ਜਿਹੜਾ ਮੇਰੇ ਘੋੜੇ ਤੇ ਸਵਾਰੀ ਕਰੇ, ਮੁੜ੍ਹਕਾ-ਮੁੜ੍ਹਕਾ ਹੋਇਆ। ਵਜ਼ੀਰ ਨੇ ਦਸਿਆ:- ਹੇ ਮਹਾਰਾਜ ਅੱਜ ਆਪ ਜੀ ਨੇ ਦੋ ਰੂਪ ਧਾਰੇ ਹੋਏ ਸੀ। ਉਹ ਰਾਜਾ ਵੀ ਸੁਨੇਹਾ ਘਲਦਾ

ਤੇਰਾ ਪਿਉ ਮਰ ਗਿਆ, ਮਾਂ ਉਹਦੇ ਵਿਯੋਗ ਵਿਚ ਮਰ ਗਈ। ਉਹ ਆ ਕੇ ਬੜਾ ਰੋਂਦਾ ਹੈ— **"ਪਰਸ ਰਾਮੁ ਰੋਵੈ ਘਰਿ ਆਇਆ॥"**

ਅੱਗੇ ਗੁਰੂ ਜੀ ਕਹਿੰਦੇ ਸੇਠ ਜੀ ਅੱਗੇ ਸੁਣ—

*"ਅਜੈ ਸੁ ਰੋਵੈ ਭਿਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥"*

(ਅੰਗ ੯੫੩-੫੪)

**ਧਾਰਨਾ –ਭਿਖਿਆ ਜਦ ਖਾਂਦਾ ਸੀ,**

**ਰੋਂਦਾ ਸੀ ਅਜੈ ਰਾਜਾ.....2**

*ਅਜੈ ਸੁ ਰੋਵੈ ਭਿਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥*
*ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੜਿ ਗਇਆ॥*

(ਅੰਗ ੯੫੩)

ਰਾਜਾ ਅਜੈ ਬੜਾ ਦਾਨੀ ਰਾਜਾ ਸੀ। ਸਵਾ ਪਹਿਰ ਦਿਨ ਚੜ੍ਹੇ ਤੱਕ ਬੜਾ ਦਾਨ ਕਰਦਾ ਹੁੰਦਾ। ਇਥੋਂ ਅਯੁਧਿਆ ਦਾ ਰਾਜਾ ਹੋਇਆ।

ਉਸ ਤੋਂ ਬਾਅਦ ਹਿੰਦੁਸਤਾਨ ਦਾ ਚੱਕ੍ਰਵਰਤੀ ਬਾਦਸ਼ਾਹ ਦਿੱਲੀ ਦਾ ਹੋਇਆ। ਬਈ ਜਿਹੜਾ ਸਵਾ ਪਹਿਰ ਤੋਂ ਪਹਿਲਾਂ-ਪਹਿਲਾਂ ਮੈਨੂੰ ਵਿਚ ਉਠਾਵੇ, ਉਹਨੂੰ ਥਾਂ ਮਾਰ ਦਿੱਤਾ ਜਾਏਗਾ। ਗੁਆਂਢੀ ਰਾਜੇ ਨੇ ਫੌਜ ਚਾੜ੍ਹ ਦਿੱਤੀ, ਇਹਨੇ ਉਠਣਾ ਤਾਂ ਹੈ ਨਹੀਂ।

ਨੇਮੀ ਪੱਕਾ ਹੈ, ਸੋ ਇਹੋ ਜਿਹੇ ਸਮੇਂ ਤੋਂ ਲਾਭ ਉਠਾਉ। ਫੌਜ ਚੜ੍ਹ ਕੇ ਆ ਗਈ। ਉਹਨੇ ਰਾਜੇ ਦੀ ਮਾਂ ਨੂੰ ਕਿਹਾ ਬਈ ਤੈਨੂੰ ਤਾਂ ਨਹੀਂ ਮਾਰ ਦੇਣ ਲੱਗਾ। ਉਹ ਕਹਿਣ ਲੱਗੀ ਬੇਟਾ ਗੁਆਂਢੀ ਰਾਜਾ ਆ ਗਿਆ ਹੈ, ਫੌਜ ਨੂੰ ਹੁਕਮ ਦੇ ਦਿਉ, ਕੁਝ ਕਰੋ ਲੜੋ। ਦਾਨ ਹੀ ਕਰੀ ਜਾਉਗੇ। ਸਾਰਾ ਦੇਸ਼ ਹੀ ਲੁੱਟ ਕੇ ਲੈ ਜਾਊ। ਸਾਨੂੰ ਵੀ ਲੈ ਜਾਊ ਬੰਨ੍ਹਕੇ ਨਾਲ। ਉਹ ਕਹਿੰਦਾ ਮਾਤਾ ਜੀ ਰੱਬ ਦਾ ਭਜਨ ਕਰੋ। ਸਵਾ ਪਹਿਰ ਹੋਏਗਾ ਤਾਂ ਉਠਾਂਗੇ। ਜਦੋਂ ਮਹਾਰਾਜ ਨੇ ਦੇਖਿਆ ਬਈ ਨੇਮ ਵਿਚ ਪੱਕਾ ਹੈ। ਘੋੜਾ ਉਹਦੇ ਵਾਲਾ ਹੀ ਲਿਆ। ਉਤੇ ਸਵਾਰੀ ਕਰਕੇ, ਇਹੋ ਜਿਹੇ ਤੀਰ ਛੱਡੇ, ਦੂਜੇ ਰਾਜੇ ਦੀ ਸਾਰੀ ਫੌਜ ਮਾਰ ਦਿੱਤੀ। ਰਾਜੇ ਨੂੰ ਜ਼ਖ਼ਮੀ ਕਰਕੇ ਸੁੱਟ ਦਿੱਤਾ, ਇਥੇ ਤੜਫਦਾ ਰਹੁ। ਜਦੋਂ ਸਵਾ ਪਹਿਰ ਹੋਇਆ, ਰਾਜਾ ਘੋੜਿਆਂ ਦੇ ਤਬੇਲੇ 'ਚ ਗਿਆ, ਆ ਕੇ ਦੇਖੇ ਕੌਣ ਹੋ ਸਕਦਾ ਹਿੰਦੁਸਤਾਨ ਵਿਚ ਜਿਹੜਾ ਮੇਰੇ ਘੋੜੇ ਤੇ ਸਵਾਰੀ ਕਰੇ, ਮੁੜ੍ਹਕਾ-ਮੁੜ੍ਹਕਾ ਹੋਇਆ। ਵਜ਼ੀਰ ਨੇ ਦਸਿਆ:- ਹੇ ਮਹਾਰਾਜ ਅੱਜ ਆਪ ਜੀ ਨੇ ਦੋ ਰੂਪ ਧਾਰੇ ਹੋਏ ਸੀ। ਉਹ ਰਾਜਾ ਵੀ ਸੁਨੇਹਾ ਘਲਦਾ

ਹੈ। ਮੈਂ ਮਰ ਚਲਿਆਂ, ਮੈਨੂੰ ਆ ਕੇ ਮਿਲੋ। ਕਹਿੰਦੇ ਤੈਨੂੰ ਕਿਹਨੇ ਮਾਰਿਆ। ਆਪੇ ਆਂਦਾ ਤੀਰ ਮਾਰ-ਮਾਰ ਕੇ ਮੇਰੀ ਫੌਜ ਮਾਰੀ, ਆਪੇ ਹੀ ਮੈਨੂੰ ਜ਼ਖਮੀ ਕੀਤਾ, ਆਪੇ ਹੀ ਪੁੱਛਦਾ ਫਿਰਨਾਂ। ਤਸੱਲੀ ਹੋ ਗਈ ਬਈ ਮੇਰਾ ਰੂਪ ਧਾਰ ਕੇ ਕੰਮ ਰੱਬ ਕਰ ਗਿਆ। ਕਬੀਰ ਜੀ ਦਾ ਰੂਪ ਧਾਰਿਆ ਸੀ 'ਨਾ' ਕਮਾਲੀ ਦਾ ਵਿਆਹ। ਨਦੀ ਦੇ ਕੰਢੇ ਬੈਠੇ ਸਾਰਾ ਦਿਨ ਸਮਾਧੀ ਤੋਂ ਨਾ ਉਠੇ। ਕਬੀਰ ਬਣ ਕੇ ਸਾਰੇ ਵਿਆਹ ਦਾ ਕੰਮ ਕਰ ਕਰਕੇ ਇਕ ਪਾਸੇ। ਸੈਣ ਨਾਈ ਦਾ ਧਾਰਿਆ ਸੀ ਨਾ, ਰਾਜੇ ਦੀ ਮੁੱਠੀ-ਚਾਪੀ ਕੀਤੀ। ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਸਮਾਧੀ 'ਚ ਬੈਠੇ, ਧਾਰਿਆ ਸੀ ਨਾ ਰੱਬ ਨੇ ਰੂਪ ਸਭ ਰਾਈਫਲਾਂ ਵੰਡੀਆਂ ਸਭ। ਸਾਰੇ ਕੰਮ ਕੀਤੇ। ਚੰਡੀਗੜ੍ਹ ਅੱਜ ਤੋਂ ੧੫ ਸਾਲ ਪੁਰਾਣੀ ਗੱਲ, ਉਥੇ ਇਕ ਸਿੰਘ ਭੱਠੇ ਵਾਲਾ ਹੈ। ਸੋ ਉਹ ਸਤਸੰਗ ਵਿਚ ਆਉਂਦਾ ਸੀ ਨੇਮ ਨਾਲ। ਰਾਤ ਦਾ ਦੀਵਾਨ ਸੀ। ਉਹ ਚੋਰ ਇੱਟਾਂ ਲੈਣ ਆ ਗਏ। ਉਥੇ ਰੱਬ ਨੇ ਉਹੋ ਜਿਹਾ ਰੂਪ ਧਾਰਿਆ, ਤੁਸੀਂ ਚੋਰ ਹੋ। ਉਹ ਟਰੱਕ ਤੁਰ ਪਿਆ। ਚਲੋ ਸਤਸੰਗ ਤੇ ਚਲਦੇ ਹਾਂ ਅੱਗੇ ਇਹ ਵੀ ਹੈ। ਕਦੋਂ ਦਾ ਆਇਆ ਹੈ। ਅਜੇ ਦੀਵਾਨ ਸ਼ੁਰੂ ਵੀ ਨਹੀਂ ਸੀ ਹੋਇਆ। ਓਦਣ ਦਾ ਉਹ ਰਤਵਾੜਾ ਸਾਹਿਬ ਹੀ ਹੈ। ਕਿੰਨੇ 'ਕੁ' ਦੱਸੇ ਜਾਣ। ਉਹ ਬੰਦੇ ਦੇ ਆਪ ਹੀ ਕੰਮ ਕਰਦਾ ਹੁੰਦਾ। ਸੋ ਇਸੇ ਤਰ੍ਹਾਂ ਹੋਇਆ। ਉਹ ਕਹਿੰਦਾ ਮੈਂ ਨੇਮ ਨਹੀਂ ਛੱਡਾਂਗਾ, ਬੜਾ ਦਾਨ ਕਰਦਾ ਰਿਹਾ ਜਿਵੇਂ ਸਕੂਲਾਂ, ਕਾਲਜਾਂ ਵਿਚ ਇਮਤਿਹਾਨ ਹੁੰਦੇ ਨੇ, ਇਧਰ ਵੀ ਹੁੰਦੇ ਨੇ ਰੂਹਾਨੀਅਤ ਵਿਚ ਵੀ। ਕੱਚੇ ਤਾਂ ਹੁੰਦੇ ਹੀ ਰਹਿੰਦੇ ਨੇ ਜਦੋਂ ਮਾਸਟਰ ਦਾ ਜੀ ਕਰੇ। ਪੱਕੇ ਕਿਤੇ-ਕਿਤੇ ਹੁੰਦੇ ਨੇ। ਪੱਕੇ ਇਮਤਿਹਾਨ ਆ ਗਏ ਹੁਣ ਰਾਜੇ ਅਜੈ ਦੇ। ਨਾਰਦ ਨੂੰ ਘੱਲਿਆ ਤੂੰ ਦੇਖ ਫੇਲ੍ਹ ਹੈ ਕਿ ਪਾਸ। ਉਹ ਪਿਛਲੇ ਬੰਨੇ ਦੀ ਫੜਾਈ ਜਾਂਦਾ ਹੁੰਦਾ ਮੋਢੇ ਦੇ ਉਤੋਂ ਦੀ ਸੋਨਾ, ਚਾਂਦੀ ਰੁਪਿਆ ਪੈਸਾ, ਸਵਾ ਪਹਿਰ। ਉਹ ਸਾਹਮਣੇ ਖੜਾ ਮਾਲਾ ਫੇਰੀ ਜਾਂਦਾ, ਚੁੱਪ। ਜਦੋਂ ਉਠ ਕੇ ਘੋੜਿਆਂ ਦੇ ਤਬੇਲੇ ਵਿਚ ਆਇਆ। ਜਿਵੇਂ ਅੱਜ-ਕਲ੍ਹ ਗੱਡੀਆਂ, ਮੋਟਰਾਂ ਨੇ ਸਿਆਣੇ ਬੰਦੇ ਸਵੇਰੇ ਉਠ ਕੇ ਬਰੇਕਾਂ, ਹੈਂਡਲ ਸਭ ਦੇਖਦੇ। ਕਿਸੇ ਨੇ ਸ਼ੈਤਾਨੀ ਕਰਕੇ ਕੋਈ ਬਰੇਕ ਦਾ ਨੱਟ ਤਾਂ ਨਹੀਂ ਖੋਹਲ ਦਿੱਤਾ। ਅੰਨ੍ਹੇਵਾਹ ਸਟਾਰਟ ਕਰਕੇ, ਪਤਾ ਉਦੋਂ ਲੱਗਿਆ ਜਦੋਂ ਸੱਤ ਬਾਜ਼ੀਆਂ ਪਈਆਂ। ਪਹਿਲਾਂ ਗੱਡੀਆਂ ਮੋਟਰਾਂ ਦੇਖਦੇ ਸੀ ਸਿਆਣੇ ਕਿਤੇ ਕਿਸੇ ਨੇ ਹਰਕਤ ਤਾਂ ਨਹੀਂ ਕੀਤੀ। ਸੋ ਉਦੋਂ ਘੋੜੇ ਦੇਖਦੇ ਹੁੰਦੇ ਸੀ ਬਈ ਘੋੜੇ ਠੀਕ ਨੇ। ਕੋਈ ਠੰਢ ਗਰਮੀ ਬੁਖਾਰ ਤਾਂ ਨਹੀਂ। ਜਦ ਘੋੜਿਆਂ ਦੇ ਤਬੇਲੇ ਵਿਚ ਰਾਜਾ ਅਜੈ ਆਇਆ, ਉਹ ਰਿਖੀ ਜੀ ਸਾਹਮਣੇ ਖੜੇ ਨੇ। ਮਹਾਰਾਜ ਦਾਨ ਦੀਜੀਏ। ਹੈ ਦਾਨ ਦੀਜੀਏ, ਉਥੇ ਸਵਾ ਪਹਿਰ ਖੜਾ ਰਿਹਾ ਮੇਰੇ ਸਾਹਮਣੇ, ਤੈਨੂੰ ਉਦੋਂ ਮੰਗ ਲੈਣਾ ਚਾਹੀਦਾ ਸੀ, ਜਦੋਂ ਦੁਨੀਆਂ ਲਈ ਜਾਂਦੀ ਸੀ। ਕਹਿੰਦਾ ਇਹ ਕੋਈ ਦਾਨ ਲੈਣ ਵਾਲਿਆਂ ਤੇ ਪਾਬੰਦੀ ਹੈ ਬਈ ਅੱਗੇ ਪਿੱਛੇ ਤੇਰੇ ਕੋਲੋਂ

ਮੰਗ ਨਹੀਂ ਸਕਦਾ। ਜਦੋਂ ਮਰਜ਼ੀ ਆ ਜਾਏ ਮੰਗਣ ਵਾਲਾ। ਮੈਂ ਹੁਣ ਆਇਆ ਹੁਣ ਦੇ ਦੇ। ਕਹਿੰਦਾ, ਹੁਣ ਤਾਂ ਲਿੱਦ ਹੈ ਲੈ ਕੇ ਜਾਣੀ ਹੈ ਤਾਂ ਲੈ ਜਾ। ਲਿਆ ਜੋ ਬੀਜੋਗੇ ਵੱਢ ਲਉਗੇ। ਭਰ ਕੇ ਬੁੱਕ ਪਾਇਆ ਨਾਰਦ ਦੀ ਝੋਲੀ ਵਿਚ।

ਜਦੋਂ ਰਾਜਾ ਸਰੀਰ ਛੱਡ ਕੇ ਦੇਵਤਿਆਂ ਦੇ ਨਾਲ ਸਵਰਗ ਮੰਦਰਾਂ 'ਚ ਜਾ ਰਿਹਾ ਸੀ, ਤਾਂ ਦੇਖਿਆ ਸੋਨੇ ਦੇ ਮੰਦਰ ਲਿਦ ਨਾਲ ਭਰੇ ਪਏ ਹਨ। ਪੁੱਛਦਾ ਹੈ - ਇਹ ਕਿਉਂ ?

ਲਿੱਦ ਦੇ ਭਰੇ। ਇਹ ਕਿਵੇਂ? ਦੇਵਤਿਆਂ ਨੇ ਦੱਸਿਆ। ਇਹ ਤੁਹਾਨੂੰ ਖਾਣ ਵਾਸਤੇ ਮਿਲਿਆ ਕਰੇਗੀ। ਦਾਨ ਜੋ ਦਿੱਤਾ। ਇਹ ਫਲ ਹੈ, ਉਹ ਜਿਹੜੀ ਮਾਤ-ਲੋਕ ਵਿਚ ਦਾਨ ਕੀਤੀ, ਉਹੋ ਜਿਹੀ ਹੈ, ਫਲ ਹੈ। ਇਹ ਖਾਣਾ ਪੈਣਾ। ਰੋਂਦਾ ਹੈ, ਮਹਾਰਾਜ ਅੱਠ ਦਿਨ ਦੀ ਜ਼ਿੰਦਗੀ ਮੈਨੂੰ ਫੇਰ ਦੇ ਦਿਉ। ਮੈਂ, ਦੁਨੀਆਂ ਵਿਚ ਜਾ ਕੇ ਸ਼ਾਇਦ ਕੋਈ ਇਲਾਜ ਹੋਵੇ।

ਸਾਡੇ ਉਥੇ ਬਾਜਪੁਰ ਜ਼ਿਲ੍ਹਾ ਨੈਨੀਤਾਲ (ਹੁਣ ਊਧਮ ਸਿੰਘ ਨਗਰ) ਵਿਚ ਇਕ ਚੱਕੀ ਵਾਲਾ ਸੀ ਬਾਜਪੁਰ ਦੀ ਸੜਕ ਤੇ। ਹੋ ਗਏ ਤਕਰੀਬਨ ੩੭-੩੮ ਸਾਲ। ਉਹ ਮਰ ਗਿਆ। ਜਦੋਂ ਉਹਦਾ ਸਸਕਾਰ ਕਰਨ ਲੱਗੇ, ਉਹ ਅੱਗ ਲਾਉਣ ਤੋਂ ਪਹਿਲਾਂ ਹੀ ਉਠ ਪਿਆ। ਉਹ ਕਹਿੰਦਾ ਉਹੋ ਬੜੀ ਮਾੜੀ ਗੱਲ ਹੋਈ। ਮੈਨੂੰ ਲੈ ਗਏ ਉਥੇ ਧਰਮਰਾਜਾ ਦੇ। ਅਗਾਹਾਂ ਜਦੋਂ ਲੈ ਕੇ ਗਏ, ਮੈਂ ਕਦੇ ਫੁੱਟੀ ਕੌਡੀ ਨਹੀਂ ਸੀ ਦਾਨ ਕੀਤੀ, ਮਰ ਗਿਆ ਸੂਮ ਜੋੜ ਜੋੜ ਕੇ। ਕਹਿਣ ਲੱਗਾ ਮੈਂ ਅੱਠ ਦਿਨ ਦੀ ਜ਼ਿੰਦਗੀ ਲੈ ਕੇ ਆਇਆ ਰੱਬ ਕੋਲੋਂ। ਅੱਠ ਦਿਨ ਜਿਉਂਦੇ ਰਹਿਣਾ ਬਸ। ਸਾਰਾ ਰੁਪਿਆ ਜੋ ਜਮ੍ਹਾਂ ਕੀਤਾ ਸੀ, ਉਹ ਵੀ, ਚੱਕੀ ਚੁੱਕੀ ਵੇਚ ਵਾਚ ਕੇ, ੧੫-੧੬ ਹਲਵਾਈ ਇਕੱਠੇ ਕਰਕੇ, ਸੜਕ ਤੇ ਖੋਲ੍ਹ ਲੰਗਰ ਦਿੱਤਾ। ਦਾਨ ਹੋ ਜਾਏ ਕਿਤੇ। ਫੇਰ ਉਹ ਜੋ ਸਮਾਂ ਉਸਨੇ ਦਸਿਆ ਸੀ, ਚੱਕੀ ਵਾਲਾ ਚੜ੍ਹਾਈ ਕਰ ਗਿਆ। ਕਲ੍ਹ ਦੀਆਂ ਹੀ ਗੱਲਾਂ ਨੇ। ਇਕ ਨਹੀਂ ਬੜੇ ਇਹੋ ਜਿਹੇ ਹੋਏ ਨੇ। ਸਾਡੇ ਨਾਨੀ ਜੀ ਦੀ ਇਕ ਭੈਣ ਹੁੰਦੀ ਸੀ। ਪਿੰਡ ਬਲੱਗਣਾ, ਪਾਕਿਸਤਾਨ ਵਿਚ, ਬੜੀ ਸੂਮ। ਨਾਨੀ ਜੀ ਤਾਂ ਚੰਗੇ ਸੀ। ਉਹ ਸਕੀ ਭੈਣ ਸੀ। ਜ਼ਰੂਰੀ ਹੈ ਬਈ ਇਕੋ ਜਿਹੀਆਂ ਭੈਣਾ ਹੋਣ, ਇਕੋ ਜਿਹੇ ਭਰਾ ਹੋਣ। ਇਹ ਕੋਈ ਜ਼ਰੂਰੀ ਨਹੀਂ ਹੈ। ਉਹ ਮਰ ਗਈ। ਜਦੋਂ ਉਸਨੂੰ ਸਸਕਾਰ ਕਰਨ ਲੱਗੇ। ਉਹ ਨੂੰ ਰਖਿਆ ਥੱਲੇ, ਚੁੱਕ ਕੇ ਲੱਕੜਾਂ 'ਚ ਰੱਖਣ ਲੱਗੇ, ਉਠ ਬੈਠੀ। ਕਹਿੰਦੇ ਕੀ ਦੇਖਿਆ। ਕਹਿੰਦੀ ਮੈਨੂੰ ਲੈ ਗਏ ਧਰਮਰਾਜਾ ਕੋਲ। ਉਥੇ ਰੂਹਾਂ ਆ ਗਈਆਂ। ਖਿੱਚਾਖਿੱਚੀ ਕਹਿੰਦੀਆਂ ਮੇਰਾ ਆਹ ਦੇ, ਮੇਰਾ ਆਹ ਦੇ। ਉਹ ਪੁੰਨ ਫਲ ਮੰਗਦੇ ਸੀ, ਜਿਨ੍ਹਾਂ ਕੋਲੋਂ ਲਿਆ ਸੀ। ਲੈ ਕੇ ਮੁੱਕਰ ਜਾਂਦੀ ਹੁੰਦੀ। ਕਿਤੇ

ਗੁੜ ਉਧਾਰਾ ਲਿਆ ਉਹ ਨਾ ਦਿੱਤਾ। ਕਿਤੇ ਚੌਲ ਲਏ, ਉਹ ਨਾ ਦਿੱਤੇ। ਉਖਲੀਆਂ ਨਾਲ ਛੜਦੇ ਹੁੰਦੇ ਸੀ। ਉਹ ਮਰ ਕੇ ਲੋਕ ਜਿਹੜੇ ਸੀ ਮੰਗਣ। ਫਿਰ ਕਹਿੰਦੀ, ਇਕ ਮਹਾਂਪੁਰਸ਼ ਸੀ, ਜਿਨ੍ਹਾਂ ਦੀ ਉਮਰ ਸਰੀਰ ਕਰਕੇ ੨੪ ਸਾਲ। ਉਹ ਚੜ੍ਹਾਈ ਕਰ ਗਏ ਸੀ। ਉਹ ਪਤਾ ਨਹੀਂ ਕਿਧਰੋਂ ਆਏ, ਕਹਿੰਦੇ ਮਾਤਾ ਜੀ ਸਤਿ ਸ੍ਰੀ ਅਕਾਲ, ਪਹਿਚਾਣਿਆ। ਕਹਿੰਦੇ ਨਹੀਂ। ਕਹਿੰਦੇ ਤੁਹਾਡੇ ਹੀ ਖੂਹ ਤੇ ਅਸੀਂ ਅੱਠ ਦਿਨ ਰਹੇ ਸਾਂ। ਤੂੰ ਲੰਗਰ ਛਕਾਉਂਦੀ ਹੁੰਦੀ ਸੀ। ਅਸੀਂ ਦੇਖਿਆ ਬਈ ਸਾਡੇ ਮਿੱਤਰ ਦੀ ਮਾਂ ਨੂੰ ਵਖ਼ਤ ਪੈ ਗਿਆ। ਕਹਿੰਦੀ ਮਾੜਾ ਜਿਹਾ ਇਸ਼ਾਰਾ ਕੀਤਾ ਪਤਾ ਨਹੀਂ ਕਿਧਰੋਂ ਪੁੰਨ ਫਲ ਦੇ ਦਿੱਤਾ। ਸਭ ਰੂਹਾਂ ਮਗਰੋਂ ਲਹਿ ਗਈਆਂ। ਉਹ ਕਹਿੰਦੇ ਇਹਨੂੰ ਵਾਪਿਸ ਕਰੋ, ਭੁਲੇਖੇ ਨਾਲ ਆ ਗਈ, ਉਮਰ ਬਾਕੀ ਹੈ। ਫਿਰ ਮੈਂ ਕਿਹਾ, ਬਾਬਾ ਜੀ ਮੈਨੂੰ ਨਰਕ ਸੁਰਗ ਵਿਖਾਉ। ਕਹਿੰਦੇ ਨਾ, ਉਹ ਤੇਰਾ ਸਰੀਰ ਤਾਂ ਨੁਹਾ ਕੇ ਵੀ ਲਈ ਜਾਂਦੇ ਨੇ, ਮੜ੍ਹੀਆਂ ਨੂੰ ਲਈ ਜਾਂਦੇ ਨੇ, ਫੂਕ ਦੇਣਗੇ ਖੱਗਾ। ਇਹ ਗੱਲ ਨਹੀਂ ਹੈ। ਹਾਂ, ਜਮਾਂ ਨੂੰ ਕਹਿਣ ਲੱਗੇ ਇਸ ਮਾਤਾ ਜੀ ਨੂੰ ਮਾੜਾ ਜਿਹਾ ਨਰਕ ਦਿਖਾ ਦਿਉ ਬੱਸ। ਡਰ ਨਾਲ ਕਿਤੇ ਰੱਬ ਦਾ ਨਾਂ ਲੈ ਲਊ। ਅੰਮ੍ਰਿਤ ਛੱਕ ਲਊ। ਗੁਰੂ ਵਾਲੀ ਬਣ ਜੂ। ਉਹ ਆਪਣੀ ਜ਼ਬਾਨੀ ਦੱਸਦੀ ਹੁੰਦੀ। ਇਥੇ ਕਪੂਰਥਲੇ ਆ ਕੇ ਉਹਨੇ ਸਰੀਰ ਛੱਡਿਆ। ਸਾਰੇ ੨੨-੨੪ ਸਾਲ ਹੋਏ ਨੇ ਮਰੀ ਨੂੰ। ਉਹ ਕਹਿਣ ਲੱਗੀ ਜਦੋਂ ਮੈਨੂੰ ਦਿਖਾਇਆ ਜਿਵੇਂ ਕੋਈ ਸੈਂਕੜੇ ਮੀਲਾਂ ਜੰਗਲ ਵਿਚ ਅੱਗ ਲੱਗੀ ਹੋਵੇ। ਜਮ ਕਹਿੰਦੇ ਆਹ ਦੇਖ ਲੈ ਅਗਨਕੁੰਡ ਨਰਕ ਹੈ। ਉਥੋਂ ਅਵਾਜ਼ਾਂ ਆਉਣ ਸੜ ਗਏ ਮਰ ਗਏ, ਸੜ ਗਏ ਮਰ ਗਏ। ਉਹ ਮਾਈ ਦੱਸਦੀ ਹੁੰਦੀ। ਫਿਰ ਉਹ ਗੁਰਦੁਆਰੇ ਦੋਨੋਂ ਟਾਇਮ ਜਾਇਆ ਕਰੇ। ਬੜਾ ਦਾਨ ਕੀਤਾ ਉਹਨੇ। ਬੜਾ ਲੰਗਰ ਪਕਾ-ਪਕਾ ਕੇ ਭਾਈ ਜੀ ਜ਼ਰੂਰ ਛਕੋ। ਬੱਚਿਆਂ ਨੂੰ, ਬੁੱਢਿਆਂ ਨੂੰ, ਜਿਹੜਾ ਕੋਈ ਸਾਧੂ ਸੰਤ ਆਵੇ, ਬੜਾ ਉਹਦਾ ਧਿਆਨ ਬਈ ਕਿਤੇ ਸੇਵਾ ਕਰ ਲਈਏ। ਮਰ ਜਾਣਾ, ਵੇਖ ਆਈ ਸੀ ਨਾ ਅੱਖੀਂ।

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*

(ਅੰਗ ੧੪੨੫)

ਸੋ ਇਹ ਨਹੀਂ ਬਈ ਇਹੋ ਜਿਹੀ ਗੱਲ ਹੈ। ਗੁਰੂ ਨਾਨਕ ਜੀ ਸੱਚ ਆਖਦੇ ਹਨ। ਉਹ ਰਾਜਾ ਅਜੈ ਜ਼ਿੰਦਾ ਹੋ ਗਿਆ। ਉਹ ਰਿੱਖੀ ਬੁਲਾਏ ਬਈ ਉਥੇ ਤਾਂ ਲਿਦ ਹੀ ਲਿਦ ਹੈ। ਕੋਈ ਇਲਾਜ? ਕਹਿੰਦੇ ਆਪਣੀ ਨਿੰਦਿਆ ਕਰਾ ਲੈ। ਸਭ ਖਾ ਜਾਣਗੇ ਨਿੰਦਕ। ਕਹਿੰਦਾ ਮੈਂ ਚੰਗਾ ਏਨਾ ਮੇਰੀ ਨਿੰਦਿਆ ਕਰਨੀ ਕਿਸੇ ਨਹੀਂ।

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*
(ਅੰਗ ੭੫੫)

ਇਕ ਵਾਰੀ ਕਬੀਰ ਜੀ ਨੇ ਵੀ ਨਿੰਦਿਆ ਕਰਾਈ ਸੀ। ਕਬੀਰ ਜੀ ਨੂੰ ਵੀ ਸਭ ਚੰਗਾ ਹੀ ਚੰਗਾ, ਮਹਾਤਮਾ ਹੀ ਮਹਾਤਮਾ ਕਹੀ ਜਾਂਦੇ ਸੀ। ਕਹਿੰਦੇ ਕੀ ਮੈਂ ਇਹੋ ਜਿਹਾ ਕੁਝ ਕਰ ਲਿਆ। ਮਾੜਾ ਜਿਹਾ ਛੜਯੰਤਰ ਰਚਿਆ, ਸਭ ਪਲਟ ਗਏ, ਵਿਰਲੇ-ਵਿਰਲੇ ਰਹਿ ਗਏ। ਸੋ ਉਹਨੇ ਹੋਰ ਤਰ੍ਹਾਂ ਕਰਾਈ ਸੀ। ਕਹਿਣ ਲੱਗੇ ਜੁਗਤੀ ਅਸੀਂ ਦੱਸ ਦਿੰਦੇ ਹਾਂ। ਰੱਥ ਤੇ ਚੜ੍ਹ ਕੇ ਲਾ ਦਿੱਲੀ ਦਾ ਚੱਕਰ। ਆਪਣੀਆਂ ਲੜਕੀਆਂ ਕੋਲ ਬਿਠਾ ਲਈਆਂ। ਗੰਗਾ ਜਲ ਮੰਗਾ ਲਿਆ, ਉਹ ਬੋਤਲਾਂ ਵਿਚ ਭਰ ਲਿਆ। ਕਦੇ ਵੱਡੀ ਨੂੰ ਕਹੇ ਬੇਟੀ ਫੜਾਈਂ ਬੋਤਲ, ਉਹ ਪੀਵੇ ਉਹ ਰੱਥ ਤੇ ਚੜ੍ਹ ਕੇ। ਕਦੇ ਛੋਟੀ ਨੂੰ ਕਹੇ ਬੇਟੀ ਫੜਾਈਂ ਬੋਤਲ। ਲੋਕੀਂ ਦੇਖਣ ਦੂਰੋਂ, ਉਹ ਹੋ। ਮਰ ਜਾਏ ਰਾਜਾ, ਸਤਿਆਨਾਸ ਹੋ ਜਾਏ, ਇਹਦਾ ਰਹੇ ਕੱਖ ਨਾ। ਇਹ ਮਰਿਆ ਹੀ ਰਹਿੰਦਾ ਚੰਗਾ ਸੀ। ਕਾਹਤੋਂ ਜ਼ਿੰਦਾ ਹੋ ਗਿਆ। ਹੈਂ ਧੀਆਂ ਨੂੰ ਕੋਲ ਬਿਠਾਇਆ, ਸ਼ਰਾਬ ਪੀਂਦਾ, ਇਹਦਾ ਰਹੇ ਕੱਖ ਨਾ, ਕੁੱਲਾਂ ਦੀਆਂ ਕੁੱਲਾਂ ਲੈ ਜਾਊ ਨਰਕ ਵਿਚ। ਕਿੱਡੀ ਬੁਰੀ ਚੀਜ਼ ਹੈ। ਉਹ ਪੀਵੇ ਵਿਚਾਰਾ ਗੰਗਾ ਦਾ ਜਲ। ਕਦੇ ਵੱਡੀ ਨੂੰ ਕਹੇ ਬੇਟੀ ਫੜਾਈਂ ਬੋਤਲ, ਕਦੇ ਛੋਟੀ ਨੂੰ ਕਹੇ ਫੜਾਈਂ। ਲੋਕਾਂ ਨੇ ਦੱਬ ਨਿੰਦਿਆ ਕੀਤੀ। ਜਦੋਂ ਹੋ ਗਏ ਨਾ ਪੰਜ ਦਿਨ ਕਹਿੰਦੇ ਦੇਖੋ ਭਲਾ। ਰਿੱਖੀ ਜੀ ਕਹਿੰਦੇ ਇਕ ਬੁੱਕ ਰਹਿ ਗਿਆ ਬਸ, ਬਾਕੀ ਸਭ ਖਾ ਗਏ ਨਿੰਦਕ। ਖਾਲੀ ਹੋ ਗਿਆ ਸਵਰਗ, ਮੌਜ ਬਣ ਗਈ। ਅਖੇ ਇਕ ਦਾਤਰੀਆਂ ਨੂੰ ਦੰਦੇ ਕੱਢਣ ਵਾਲਾ ਤੇ ਕਹੀਆਂ ਬਣਾਉਣ ਵਾਲਾ ਮਿਸਤਰੀ ਉਹਨੇ ਤੇਰੀ ਨਿੰਦਿਆ ਨਹੀਂ ਕੀਤੀ। ਉਹਨੂੰ ਅੱਖਾਂ ਵਾਲਾ ਕਹਿੰਦੇ ਨੇ। ਅੱਖਾਂ ਤਾਂ ਸਾਰਿਆਂ ਦੀਆਂ ਦੋ ਦੋ ਨੇ। ਹੈ ਅੰਨ੍ਹੇ ਹੀ ਸਭ। ਸਭ ਦੁਨੀਆਂ ਅੰਨ੍ਹਿਆਂ ਦੀ। "ਅੰਧੀ ਰਯਤਿ।" ਗੁਰੂ ਨਾਨਕ ਜੀ ਕਹਿੰਦੇ ਸਭ ਸੰਸਾਰ ਅੰਨ੍ਹਾ, ਅੱਖਾਂ ਵਾਲਾ ਤਾਂ ਕੋਈ ਕੋਈ ਹੈ।

*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*
(ਅੰਗ ੪੬੯)

ਕਹਿੰਦੇ ਅੱਖਾਂ ਵਾਲਾ ਹੈ ਇਹ ਦੇਖ ਲੈ। ਰਾਜੇ ਨੇ ਫੜੀਆਂ ਦਾਤਰੀਆਂ ੧੫-੨੦ ਜਾਂ ਸਿੱਟੀਆਂ ਕਹਿੰਦਾ, ਕਣਕ ਵੱਢਣੀ ਹੈ, ਆਹ-ਦੰਦੇ ਕੱਢ ਦਿਉ। ਲੱਗਾ ਦੰਦੇ ਕੱਢਣ। ਕਹਿੰਦਾ ਦੇਖੋ ਜੀ, ਕਿੱਡਾ ਸਿਆਣਾ ਹੁੰਦਾ ਸੀ ਰਾਜਾ ਅਜੈ, ਸਤਿਆਨਾਸ ਹੋ ਜਾਏ ਇਹਦਾ, ਰਹੇ ਕੱਖ ਨਾ, ਆਪਣੀ ਨਿੰਦਿਆ ਆਪ ਹੀ ਕਰੇ। ਜੇ ਮਰ ਜਾਂਦਾ ਤਾਂ ਚੰਗਾ ਸੀ, ਜਿੱਦਣ ਦਾ ਜ਼ਿੰਦਾ ਹੋਇਆ ਪੀਂਦਾ ਸ਼ਰਾਬ, ਕਿਉਂ ਮਿਸਤਰੀ ਜੀ, ਇਹੋ

ਜਿਹੇ ਰਾਜੇ ਨੂੰ ਰੱਬ ਲੈ ਜਾਏ ਕਿਤੇ, ਕਿਉਂ ਜ਼ਿੰਦਾ ਹੋ ਗਿਆ, ਇਹਨੂੰ ਮਰ ਜਾਣਾ ਚਾਹੀਦਾ ਸੀ, ਕੋਹੜ ਹੋ ਜਾਣਾ ਚਾਹੀਦਾ ਸੀ। ਉਹਨੇ ਦੇਖਿਆ, ਕੱਠੀਆਂ ਕਰਕੇ ਦਾਤਰੀਆਂ ਵਗਾਹ ਮਾਰੀਆਂ ਪੈਰਾਂ ਵਿਚ। ਉਹ ਬੁੱਕ ਲਿੱਦ ਦਾ ਤੂੰ ਹੀ ਖਾਏਂਗਾ, ਮੈਂ ਨਹੀਂ ਖਾਣਾ ਉਹ ਬੁੱਕ। ਮੈਨੂੰ ਅੱਖਾਂ ਵਾਲਾ ਕਹਿੰਦੇ ਨੇ। ਮੈਂ ਕਿਉਂ ਤੇਰੀ ਨਿੰਦਿਆ ਕਰੂੰ। ਆ ਗਿਆ ਪਾਟੇ ਜਿਹੇ ਕੱਪੜੇ ਪਾ ਕੇ। ਤੂੰ ਹੀ ਤਾਂ ਹੈਂ ਰਾਜਾ। ਉਹ ਖਾ ਲਈਂ ਜਿਵੇਂ ਤੈਨੂੰ ਠੀਕ ਲਗੇਗਾ। ਮੈਨੂੰ ਕੀ ਲੋੜ ਹੈ ਤੇਰੀ ਨਿੰਦਿਆ ਕਰਨ ਦੀ, ਮੈਂ ਤਾਂ ਤੇਰਾ ਪੁੰਨ ਲੁੱਟੂੰ। ਰਾਜਾ ਬੜਾ ਚੰਗਾ, ਰਾਜਾ ਬੜਾ ਚੰਗਾ। ਬੜਾ ਸ਼ਰਮਿੰਦਾ ਹੋਇਆ। ਉਹ ਹੋ ਇਹ ਤਾਂ ਪਛਾਣ ਗਿਆ ਗੱਲ, ਅਸਲ ਸਮਝ ਵਿਚ ਆ ਗਿਆ। ਸਿਆਣੇ ਲੋਕ ਤਾਂ ਕਿਸੇ ਦੀ ਨਿੰਦਿਆ ਕਰਦੇ ਹੀ ਨਹੀਂ। ਹਾਂ ਮੂਰਖਾਂ ਨੇ ਨਰਕਾਂ ਵਿਚ ਜਾਣਾ ਹੁੰਦਾ, ਉਨ੍ਹਾਂ ਬਾਰੇ ਗੁਰਬਾਣੀ ਵਿਚ ਇਉਂ ਦੱਸਿਆ :-

ਧਾਰਨਾ- ਨਿੰਦਾ ਭਲੀ ਕਿਸੇ ਦੀ ਨਾਹੀਂ,
ਮਨਮੁਖ ਲੋਕੀ ਕਰਦੇ ਨੇ...........2

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*
(ਅੰਗ ੭੫੫)

ਨਿੰਦਿਆ ਦਾ ਫਲ ਬਹੁਤ ਬੁਰਾ, ਨਰਕ ਹੀ ਹੁੰਦਾ ਹੈ। ਲੋਕ ਤਾਂ ਮਾਂਜੇ ਨਾਲ, ਝਾੜੂ ਨਾਲ ਘਰ ਸਾਫ ਕਰਦੇ ਨੇ। ਗੁਰਬਾਣੀ ਵਿਚ ਦੱਸਿਆ ਨਿੰਦਕ ਮੂੰਹ ਨਾਲ ਮੈਲਾ ਸਾਫ਼ ਕਰਦਾ, ਇਹੋ ਜਿਹਾ ਹੁੰਦਾ।

*ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥*
*ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥*
(ਅੰਗ ੩੧੫)

ਬਹੁਤ ਬੁਰੀ ਹਾਲਤ, ਇਹਦਾ ਇਲਾਜ ਵੀ ਹੈ ਨਹੀਂ, ਇਹੋ ਜਿਹੀ ਚੀਜ਼ ਹੈ ਨਿੰਦਿਆ। ਤਾਂ ਉਹ ਹੁਣ ਕਹਿਣ ਲਗਿਆ ਰਿਖੀ ਨੂੰ ਪੁੱਛਿਆ ਬਈ ਮਹਾਰਾਜ ਬੁੱਕ ਰਹਿ ਗਿਆ। ਕਹਿੰਦੇ ਜੇ ਕੱਲ੍ਹ ਤੱਕ ਰਹਿ ਗਿਆ ੭੦ ਬੁੱਕ ਬਣ ਜਾਣਾ, ਇਹ ਤੈਨੂੰ ਮੈਂ ਦੱਸ ਦੇਨਾਂ।

**"ਦਹਿ ਦੁਨੀਆ ਸੱਤਰ ਅਖਰਤ॥'**

ਜੇ ਪਰਸੋਂ। ਜੇ ਪਰਸੋਂ ਤੱਕ ਨਾ ਤੂੰ ਮਰਿਆ ੭੦ ਦੇ ਅਗੋਂ ੭੦-੭੦ ਬੁੱਕ ਲਾ ਲੈ,

ਅੱਗੋਂ ਉਨ੍ਹਾਂ ਦੇ ੧੦-੧੦ ਲਾ ਲੈ। ਇਉਂ ਦਾਨ ਵੱਧਦਾ ਈ ਕਿਤੇ ਭੁਲੇਖੇ ਵਿਚ ਨਾ ਰਹੀਂ। ਪਾਪ ਵੀ ਇਉਂ ਵੱਧਦਾ ਈ। ਗੁਰਬਾਣੀ ਵਿਚ ਦਸਿਆ। ਇਕ ਪਲ ਕਾਮੀ ਬਾਰੇ ਗੁਰੂ ਜੀ ਨੇ ਦਸਿਆ ਹੈ। ਜਿਹੜਾ ਇਹੋ ਜਿਹੀਆਂ ਗਲਤੀਆਂ ਪੁੱਠੇ ਕੰਮ ਕਰੇ, ਉਹਨੂੰ ਨਰਕ ਵਿਚ ਰਹਿਣ ਵਾਸਤੇ ਗੁਰਬਾਣੀ ਵਿਚ ਦਸਿਆ ਕਰੋੜ ਦਿਨ ਮਿਲਦਾ। ਇਹਦੇ ਬਣਾ ਲਉ ਕਿੰਨੇ ਸਾਲ ਬਣਦੇ। ਇਉਂ ਪਾਪ ਵੀ ਵੱਧਦਾ ਹੈ ਤੇ ਪੁੰਨ ਵੀ ਵੱਧਦਾ ਹੈ। ਉਹ ਕਹਿਣ ਲੱਗਾ, ਫੇਰ ਕੀ ਕਰਾਂ? ਕਹਿੰਦੇ ਅਰਦਾਸ ਕਰ ਅੱਜ ਹੀ ਮਰ ਜਾ। ਬੁੱਕ ਲਿੱਦ ਖਾ ਲਈਂ ਜਾ ਕੇ। ਜੇ ਕਲ੍ਹ ਮਰਿਉਂ ਤਾਂ ਦੇਖ ਲੈ ਫੇਰ ਉਹ ੧੦ ਬੁੱਕ ਹੋ ਜਾਣੇ। ਫੇਰ ੧੦ ਦੇ ੧੦-੧੦, ਅਗਾਂਹ ਉਨ੍ਹਾਂ ਦੇ ੧੦-੧੦, ਰੋਜ਼ ਵਧੂ। ਕਹਿੰਦੇ ਅੱਛਾ, ਰਾਜਾ ਸਰੀਰ ਛੱਡ ਗਿਆ। ਉਥੇ ਗਿਆ ਉਹ ਬੁੱਕ ਨਾਲੇ ਤਾਂ ਖਾਵੇ। ਵੱਧਣੋਂ ਤਾਂ ਹੱਟ ਗਿਆ ਸੀ। ਪੁੰਨ ਉਨੀ ਦੇਰ ਵੱਧਦਾ ਜਿੰਨੀ ਦੇਰ ਤੱਕ ਬੰਦੇ ਦਾ ਸਰੀਰ ਰਹੇ। ਜਦ ਸਰੀਰ ਵਿਚੋਂ ਸੁਆਸ ਨਿਕਲ ਜਾਣ ਕੀਤਾ ਹੋਇਆ ਨਾ ਪਾਪ ਵੱਧਦਾ ਨਾ ਪੁੰਨ। ਉਥੇ ਹੀ ਖਲੋ ਜਾਂਦਾ, ਜੋ ਕੁਝ ਕੀਤਾ ਹੁੰਦਾ ਫੇਰ ਉਸਨੂੰ ਭੋਗਦਾ **"ਭੋਗੇ ਬਿਨ ਭਾਗੈ ਨਹੀਂ, ਕਰਮਗਤੀ ਬਲਵਾਨ" ॥** ਰਾਜੇ ਦੇ ਸੁਆਸ ਨਿਕਲੇ ਵੱਧਣੋਂ ਹੱਟ ਗਿਆ। ਬੁੱਕ ਤਾਂ ਸੀਗਾ ਹੀ ਅਜੇ। ਉਹ ਹੁਣ ਖਾਵੇ ਸਵਰਗ ਵਿਚ ਨਾਲੇ ਰੋਵੇ। ਗੁਰੂ ਜੀ ਕਹਿੰਦੇ ਵੇਖ ਲੈ ਕਿਹੋ ਜਿਹੀ ਗਲਤੀ। ਉਹ ਸਵਰਗਾਂ ਦਾ ਰਾਜਾ ਇੰਦਰ ਰੋਇਆ, ਇਹ ਸਵਰਗਾਂ ਵਿਚ ਰਹਿਣ ਵਾਲਾ ਵੀ ਰਾਜਾ ਰੋ ਰਿਹਾ ਹੈ।

**ਧਾਰਨਾ -ਭਿਖਿਆ ਜਦ ਖਾਂਦਾ ਸੀ**
**ਰੋਂਦਾ ਸੀ ਅਜੈ ਰਾਜਾ...........2**

***ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥***
***ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥***

**(ਅੰਗ ੯੫੩)**

ਸ੍ਰੀ ਰਾਮ ਚੰਦਰ ਜੀ ਰੋ ਰਹੇ ਨੇ। ਕਿਉ, **"ਰੋਵੈ ਰਾਮੁ ਨਿਕਾਲਾ ਭਇਆ"** ਬਨਵਾਸ ਮਿਲ ਗਿਆ। ਫਿਰ **"ਸੀਤਾ ਲੈ ਗਿਆ ਦਹਸਿਰੋ ਲਛਮਣ ਮੂਆ ਸਰਾਪ"** ਉਹ ਰਾਵਣ ਲੈ ਗਿਆ। ਲਛਮਣ ਉਹ ਮੂਰਛਾ ਹੋ ਗਿਆ। ਕੋਲ ਬੈਠੇ ਰਾਮ ਜੀ ਰੋ ਰਹੇ ਨੇ, ਰੋ ਰਹੇ ਨੇ, ਬਹੁਤ ਰੋ ਰਹੇ ਨੇ। ਗਲਤੀ ਕਿਥੇ ਕਰਕੇ ਹੈ, ਕਿਉਂ ਰੋਣਾ ਪਿਆ, ਬਾਣੀ ਵਿਚ ਦਸਿਆ ਜਦੋਂ ਰਾਮ ਜੀ ਭੀਲਣੀ ਦੇ ਗਏ ਉਹ ਵਿਚਾਰੀ ਅਭੇਦ ਅਵੱਸਥਾ ਵਾਲੀ ਸੀ ਸ਼ਿਵਰੀ। ਇਕ ਰਖੀ ਜੀ ਹੋਏ ਨੇ ਉਨ੍ਹਾਂ ਦੀ ਸੇਵਾ ਕਰਦੀ ਹੁੰਦੀ। ਉਹ ਸਰੀਰ ਛੱਡਣ ਲੱਗੇ।

ਕਹਿਣ ਲੱਗੀ, ਮੈਨੂੰ ਵੀ ਲੈ ਜਾਓ। ਕਹਿੰਦੇ ਨਹੀਂ ਬੇਟਾ ਤੂੰ ਇਥੇ ਰਹਿ। ਰਾਮ ਜੀ ਤੈਨੂੰ ਦਰਸ਼ਨ ਦੇਣਗੇ, ਫਿਰ ਮੁਕਤੀ ਹੋਏਗੀ। ਕਹਿੰਦੀ, ਬਹੁਤ ਅੱਛਾ।

ਪੰਪਾਸਰ ਵਿਚ ਪੈ ਗਏ ਕੀੜੇ। ਰਾਮ ਜੀ, ਸੀਤਾ, ਲਛਮਣ ਆਏ। ਤੁਰੇ ਆਉਂਦੇ ਨੇ, ਅੱਗੇ ਰਾਮ, ਪਿੱਛੇ ਲਛਮਣ, ਬਚਾ ਕੇ ਪੈਰ ਰਖੇ ਬਈ ਜਿਥੇ ਰਾਮ ਦਾ ਉਥੇ ਪੈਰ ਨਾ ਰੱਖਿਆ ਹੋਏ, ਵਿਚ ਖਾਲੀ ਥਾਂ, ਉਥੇ ਸੀਤਾ ਰਖੇ। ਤੀਜਾ ਲਛਮਣ ਦਾ ਨੰਬਰ ਸੀ ਵਿਚਾਰਾ ਕੰਡਿਆਂ ਵਿਚ ਹੀ ਤੁਰੇ। ਇਉਂ ਸਤਿਕਾਰ ਰਖਦਾ ਸੀ। ਸੋ ਰਿਖੀਆਂ ਨੂੰ ਪੁਛਦੇ ਨੇ ਆਹ ਝੌਂਪੜੀ ਕਿਹਦੀ ਹੈ, ਮਹਾਰਾਜ ਮੇਰੀ। ਕਹਿੰਦੇ ਅੱਛਾ, ਆਹ ਮੇਰੇ ਚੇਲੇ ਦੀ, ਆਹ ਫਲਾਣੇ ਦੀ, ਆਹ ਢਿਮਕੇ ਦੀ, ਕਹਿੰਦੇ, ਅੱਛਾ ਠੀਕ ਹੈ। ਅੱਗੇ ਗਏ ਟੁੱਟੀ ਛੱਪਰੀ, ਛਿੱਕੂ 'ਚ' ਬੇਰ, ਅੱਧੇ-ਅੱਧੇ ਖਾਧੇ। ਚੰਗੇ ਮਿੱਠੇ-ਮਿੱਠੇ, ਬਾਕੀ ਖੱਟੇ ਸੁੱਟੇ। ਤੇ ਉਹ ਕਹਿੰਦੇ ਆਹ ਝੌਂਪੜੀ ਕਿਹਦੀ ਹੈ। ਭੀਲਨੀ ਕਹਿੰਦੀ ਮਹਾਰਾਜ ਤੁਹਾਡੀ। ਕਹਿੰਦੇ ਅੱਛਾ ਫਿਰ ਆਪਣੇ ਘਰ ਹੀ ਬੈਠਦੇ ਹਾਂ। ਕਹਿੰਦੇ ਮਹਾਰਾਜ ਸਾਡੇ ਚਰਨ ਪਾ ਦਿਉ। ਕਹਿੰਦੇ ਪੁੱਛਿਆ ਤਾਂ ਮੈਂ ਹੈ ਸੀ ਬਈ ਇਹ ਝੌਂਪੜੀ ਕਿਹਦੀ ਹੈ। ਤੁਸੀਂ ਕਹਿੰਦੇ ਮੇਰੀ, ਮੇਰੀ। ਜਿਥੇ ਮੇਰੀ ਮੇਰੀ ਉਥੇ ਸਾਡਾ ਕੀ ਕੰਮ। ਤੇ ਉਹ ਵਿਚਾਰੀ ਬੜੀ ਨਿਮਰਤਾ ਵਾਲੀ ਸੀ। ਉਹ ਤਿੰਨ 'ਕੁ' ਦਿਨ ਪਹਿਲਾਂ ਤੋਂ ਹੀ ਲੱਗੀ ਸੀ ਮਾਂਜਾ ਲੈ ਕੇ ਰਾਹ ਸਾਫ ਕਰਨ। ਇਉਂ ਪੜ੍ਹਦੇ ਹੁੰਦੇ ਪੁਰਾਣਿਆਂ ਜ਼ਮਾਨਿਆਂ ਵਿਚ :-

**ਧਾਰਨਾ – ਮੈਂ ਤੇ ਰਸਤਾ ਕਰਦੀ ਆਂ ਸਾਫ਼ ਰਾਮ ਘਰ ਆਵਣਗੇ ਮੇਰੇ..........2**

**ਰਾਮ ਘਰ ਆਵਣਗੇ ਮੇਰੇ, ਰਾਮ ਘਰ ਆਵਣਗੇ ਮੇਰੇ..........2**

ਸਾਧਸੰਗਤ, ਅਨੇਕਾਂ ਗ੍ਰੰਥ ਪੜ੍ਹ ਕੇ ਦੇਖੀਏ, ਜਿਨ੍ਹਾਂ ਨੇ ਮਹਾਂਪੁਰਖਾਂ ਦੇ ਆਉਣ ਵਾਸਤੇ ਰਸਤੇ ਠੀਕ ਕੀਤੇ, ਮਾੜੇ ਜਿਹੇ ਪ੍ਰੇਮ ਤੇ ਹੀ ਇਤਨੇ ਖੁਸ਼ ਹੋ ਗਏ, ਉਨ੍ਹਾਂ ਨੇ ਉਨ੍ਹਾਂ ਦੇ ਦਰਗਾਹ ਦੇ ਰਸਤੇ ਸਾਫ਼ ਕਰ ਦਿੱਤੇ, ਪ੍ਰੇਮ ਹੈ। ਜਦੋਂ ਆਏ ਬੈਠੇ, ਉਹ ਵਿਚਾਰੀ ਉਹ ਜੂਠੇ ਬੇਰ। ਉਹਨੂੰ ਪਤਾ ਹੀ ਨਹੀਂ ਉਹ ਜੂਠਾ ਕੀ ਹੁੰਦਾ ਤੇ ਸੁੱਚਾ ਕੀ ਹੁੰਦਾ। ਉਹਨੂੰ ਪਤਾ ਹੀ ਨਹੀਂ ਸੀ। ਨਹੀਂ ਤਾਂ ਕਦੇ ਨਾ ਦਿੰਦੀ, ਉਹ ਰਾਮ ਜੀ ਖਾਈ ਜਾਣ। ਇਕ ਦਿੱਤਾ ਲਛਮਣ ਨੂੰ, ਉਹ ਮੇਰੇ ਭਰਾ ਦੀ ਤਾਂ ਅਕਲ ਕੰਮ ਨਹੀਂ ਕਰਦੀ। ਉਹਨੇ ਉਹ ਜਿਹੜੀ ਛੱਪਰੀ ਦੀ ਪੱਤਲ ਜਿਹੀ ਸੀ, ਕੱਖਾਂ ਦੀ ਉਹਦੇ ਵਿਚੋਂ ਦੀ ਹੱਥ ਬਾਹਰ ਕੱਢ ਕੇ ਉਹ ਮਾਰਿਆ ਵਗਾਹ ਕੇ। ਉਹ ਬੇਰ ਜੋ ਕਿ ਤੋਤੇ ਇਹੋ ਜਿਹੇ ਪੰਛੀ ਉਡਣ ਵਾਲੇ ਖਾ ਜਾਂਦੇ ਨੇ ਉਹ ਖਾ ਗਿਆ। ਕਹਿੰਦੇ ਸੁੱਟ ਦਿੱਤਾ ਈ। ਕਹਿੰਦਾ ਆਹੋ ਸੁੱਟ ਦਿੱਤਾ ਸੀ। ਕਹਿੰਦੇ ਚੰਗਾ ਇਹ ਜਿਥੇ ਉਗੇਗਾ ਇਸਦਾ ਬੂਟਾ, ਇਸੇ ਬੇਰ ਗਿਟਕ

ਦਾ, ਜਦੋਂ ਤੂੰ ਮਰੇਂਗਾ ਤੇਰੇ ਮੂੰਹ ਵਿਚ ਇਸੇ ਬੇਰ ਦੀ ਗਿਟਕ ਦਾ ਬੂਟਾ ਨਿਚੋੜ ਕੇ ਪਾਇਆ ਜਾਏਗਾ ਤੇ ਫਿਰ ਜ਼ਿੰਦਾ ਹੋਏਂਗਾ। ਤਦੇ ਗੁਰਬਾਣੀ ਵਿਚ ਦਸਿਆ

*ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ॥*

(ਅੰਗ ੧੪੧੨)

ਸਰਾਪ ਕਿਹਦਾ ਸੀ, ਰਾਮ ਜੀ ਦਾ। ਹੁਣ ਉਹ ਕਿਤੇ ਪਹਾੜਾਂ ਵਿਚ ਵਿੱਠ ਕਰ ਦਿੱਤੀ, ਉਥੇ ਉਹ ਬੂਟੀ ਉਗ ਪਈ, ਲਿਆਂਦੀ, ਉਹਦੇ ਮੂੰਹ ਵਿਚ ਪਾਈ, ਤੇ ਜਿੰਨਾ ਚਿਰ ਉਹ ਜ਼ਿੰਦਾ ਨਹੀਂ ਸੀ ਹੋਇਆ ਰਾਮ ਜੀ ਰੋ ਰਿਹਾ ਹੈ। ਤਦੇ ਹੀ ਦਸਿਆ ਹੈ-

**ਧਾਰਨਾ-ਰਾਮ ਰੋਵੇ ਜੰਗਲਾਂ ਦੇ ਵਿਚ ਜਾ ਕੇ,**

**ਸੀਤਾ ਲਖਮਣ ਵਿਛੁੜਿ ਗਿਆ.............2**

*ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥*

(ਅੰਗ ੯੫੩)

ਗੁਰੂ ਜੀ ਕਹਿੰਦੇ ਰਾਵਣ ਵੀ ਰੋਇਆ, ਰਾਮ ਜੀ ਨਾਲ ਯੁੱਧ ਲੱਗ ਗਿਆ। ਉਨ੍ਹਾਂ ਨੇ ਬਾਂਦਰਾਂ ਦੀ ਫੌਜ ਲੈ ਲਈ। ਖੱਬੇ ਹੱਥ ਵਿਚ ਢਾਲਾਂ, ਸੱਜੇ ਹੱਥ ਵਿਚ ਫੜਾ ਦਿੱਤੀਆਂ ਕ੍ਰਿਪਾਨਾਂ। ਉਹ ਵੀ ੧੦-੧੦ ਕੂਹਣੀਆਂ ਫੌਜ ਇਕੱਠੀ ਚੜ੍ਹਾਂਦਾ ਰਾਵਣ। ਉਹਨੇ, ਫਿਰ ਰਾਮ ਜੀ ਨੇ ਤੀਰ ਮਾਰੇ ੨੦, ੨੦ ਬਾਹਵਾਂ ਵੱਢੀਆਂ ਗਈਆਂ। ਇਕ ਵਾਰ ਹੋਰ ਕੀਤਾ ੧੦ ਤੀਰ, ਉਹਨਾਂ ੧੦ ਸਿਰ, ਉਦੋਂ ਤੜਫ ਰਿਹਾ, ਰੋ ਰਿਹਾ। ਉਹੋ ਮੈਨੂੰ ਇਹੋ ਜਿਹੇ ਮਹਾਂਪੁਰਖਾਂ ਨਾਲ ਟੱਕਰ ਨਹੀਂ ਸੀ ਲੈਣੀ ਚਾਹੀਦੀ। ਮੈਨੂੰ ਹੰਕਾਰ ਨਹੀਂ ਸੀ ਕਰਨਾ ਚਾਹੀਦਾ ਆਪਣੀ ਫੌਜ ਤੇ। ਉਹ ਰੋਂਦਾ ਰੋਂਦਾ ਹੀ ਮਰ ਗਿਆ

*ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥*

(ਅੰਗ ੯੫੪)

ਇਉਂ ਦਸਿਆ : -

**ਧਾਰਨਾ- ਸੋਨੇ ਦੀ ਲੰਕ ਗਵਾਕੇ**

**ਰਾਵਣ ਰੋਇਆ, ਰਾਵਣ ਰੋਇਆ...2**

ਰਾਵਣ ਉਸਨੂੰ ਲੰਕਾ ਗਵਾ ਕੇ ਰੋਣਾ ਪਿਆ। ਤਦੇ ਹੀ ਬਾਣੀ ਵਿਚ ਦਸਿਆ ਨਾ

**ਲੰਕਾ ਗੜੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥**

(ਅੰਗ ੧੧੫੮)

ਲੰਕਾ ਗਵਾ ਕੇ ਰੋਇਆ। ਜਿਹੜਾ ਧਨ ਜਿਵੇਂ ਆਵੇ ਉਵੇਂ ਹੀ ਜਾਂਦਾ ਹੁੰਦਾ। ਸ਼ਿਵਜੀ ਨੂੰ ਕਹਿਣ ਲੱਗੀ ਪਾਰਬਤੀ, ਅੱਛਾ ਜਿਹਾ ਘਰ ਬਣਾਉ, ਉਥੇ ਰਹਾਂਗੇ। ਉਹ ਕਹਿੰਦੇ ਨਾ, ਸਾਡੇ ਸੇਵਕ ਬੜੇ ਚਲਾਕ, ਸਾਨੂੰ ਨਹੀਂ ਰਹਿਣ ਦੇਣਾ। ਐਵੇਂ ਹੀ ਠੀਕ ਹਾਂ ਤੁਰੇ ਫਿਰੇ। ਨਹੀਂ, ਨਹੀਂ ਬਣਾਉ, ਵਿਸ਼ਵਕਰਮਾ ਨੂੰ ਕਿਹਾ, ਬਣਾ ਦੇ ਭਰਾਵਾ। ਲਉ ਮਹਾਰਾਜ ਸਾਡਾ ਕੰਮ ਕੀ ਹੈ। ੩੬੦ ਕੋਹ ਸੋਨੇ ਦੀ ਲੰਕਾ ਬਣਾ ਦਿੱਤੀ ਬਾਬੇ ਵਿਸ਼ਵਕਰਮੇ ਨੇ। ਉਹ ਮਹੂਰਤ ਕਰਨਾ ਸੀ, ਮਠਿਆਈਆਂ ਬਣਾਈਆਂ, ਉਹ ਭੋਜਨ ਤਿਆਰ ਕੀਤੇ, ਪੰਡਤਾਂ ਨੂੰ ਸੱਦਿਆ, ਮੁਖੀ ਬ੍ਰਾਹਮਣ ਰਾਵਣ ਸੀ, ਲਗ ਗਈਆਂ ਲਾਇਨਾਂ। ਜਦੋਂ ਭੋਜਨ ਛਕਾਇਆ, ਸ਼ਿਵ ਜੀ ਕਹਿੰਦੇ, ਬਈ ਦੱਛਣਾ ਦਸੋ। ਪੰਡਿਤ ਜੀ, ਰਾਵਣ ਜੀ ਕੀ ਚਾਹੀਦਾ। ਜੋ ਉਨ੍ਹਾਂ ਦਾ ਸੇਵਕ ਸੀ, ਉਹਨਾਂ ਦਾ ਚੇਲਾ ਸੀ ਕਹਿੰਦਾ, ਮਹਾਰਾਜ ਇਕ ਬਚਨ ਦੇ ਦਿਉ। ਜਿਹੜੀ ਚੀਜ਼ ਚੰਗੀ ਲਗੇਗੀ ਲੈ ਲਵਾਂਗੇ। ਕਹਿੰਦੇ ਇਕ ਬਚਨ ਦਿੱਤਾ। ਕਹਿੰਦੇ ਫਿਰ ਤੁਸੀਂ ਮਾਤਾ ਜੀ ਨੂੰ ਨਾਲ ਲੈ ਕੇ ਬਾਹਰ ਨਿਕਲ ਜਾਉ। ਲੰਕਾ ਮੈਨੂੰ ਦੇ ਦਿਉ। ਉਹ ਕਹਿੰਦੇ ਚਲ ਭਲੀਏ ਲੋਕੇ, ਤੈਨੂੰ ਤਾਂ ਅੱਗੇ ਕਿਹਾ ਸੀ ਸਾਨੂੰ ਨਹੀਂ ਕਿਸੇ ਨੇ ਰਹਿਣ ਦੇਣਾ। ਪਰ ਉਹ ਬੀਬੀ ਸੁਭਾਅ ਸੀ, ਉਹ ਕਹਿਣ ਲੱਗੀ ਰਾਵਣ ਵੱਲ ਛੱਲ ਕਰਕੇ ਲੈ ਲਈ ਹੈ। ਇਕ ਗੱਲ ਯਾਦ ਰੱਖੀਂ, ਅੱਗ ਲੱਗੂ ਇਹੋ ਜਿਹੀ ਲੰਕਾ ਨੂੰ। ਰਹੇਂਗਾ ਬੇਟਾ ਤੂੰ ਵੀ ਵਿਚ ਨਹੀਂ। ਜਿਹੜਾ ਧਨ ਜਿਵੇਂ ਆਵੇ ਉਵੇਂ ਹੀ ਜਾਂਦਾ ਹੁੰਦਾ। ਇਕ ਪੱਕੀ ਗੱਲ ਹੈ। ਹੱਕ ਦਾ ਹੀ ਰਹਿੰਦਾ ਹੁੰਦਾ।

ਇਕ ਵਾਰੀ ਰਾਵਣ ਨੇ, ਸਵਰਗਾਂ ਦੇ ਰਾਜੇ ਇੰਦਰ ਨੂੰ ਅਸ਼ੋਕਾ ਬਾਗ ਵਿਚ ਬੂਟਿਆਂ ਨਾਲ ਬੰਨ੍ਹ ਦਿੱਤਾ, ਗੱਸਿਆਂ ਦੇ ਨਾਲ। ਇਹੋ ਜਿਹਾ ਕਰਦਾ ਹੁੰਦਾ ਸੀ। ਸਵੇਰੇ ਇੰਦਰ ਨੇ ਮੱਥੇ ਤੇ ਹੱਥ ਰੱਖਿਆ, ਅੱਥਰੂ ਡਿੱਗੀ ਜਾਣ, ਰਾਵਣ ਆ ਗਿਆ, ਕੀ ਸੋਚਦਾ। ਕਹਿੰਦਾ ਸੋਚਦਾ ਹਾਂ ਮੈਂ ਕੀ, ਤੇ ਤੂੰ ਕੀ। ਬੜਾ ਹੱਸਿਆ। ਇਹ ਕਿਹੜੀ ਸੋਚਣ ਵਾਲੀ ਗੱਲ ਹੈ। ਤੂੰ ਮੇਰਾ ਨੌਕਰ, ਫੁੱਲਾਂ ਨੂੰ ਪਾਣੀ ਪਾਉਂਣ ਵਾਲਾ, ਮੈਂ ਬਾਦਸ਼ਾਹ ਲੰਕਾ ਦਾ। ਕਹਿੰਦਾ ਨਹੀਂ, ਮੈਂ ਵੈਸੇ ਸੋਚ ਰਿਹਾ ਸੀ ਤੂੰ ਕੀ ਤੇ ਮੈਂ ਕੀ। ਇਹਦਾ ਕੀ ਮਤਲਬ? ਜੇ ਕਹੇਂ ਤਾਂ ਅਰਥ ਦੱਸਾਂ। ਕਹਿੰਦਾ ਹਾਂ ਦੱਸ। ਕਹਿੰਦੇ ਤੇਰੀ ਛੋਟੀ ਜਿਹੀ ਲੰਕਾ ਸੋਨੇ ਦੀ, ਮੇਰਾ ਸਾਰਾ ਸਵਰਗ ਸੋਨੇ ਦਾ। ਤੇਰੇ ਕੋਲ ੧੨-੧੪ ਕੂਹਣੀਆਂ ਫੌਜ ਹੈ, ਮੇਰੇ ਕੋਲ ੩੩ ਕਰੋੜ ਦੇਵਤਾ ਹੈ। ਤੇਰੇ ਕੋਲ ਥੋੜ੍ਹੇ ਜਿਹੇ ਸਾਜ਼ ਵਜਾਉਣ ਵਾਲੇ, ਮੇਰੇ ਕੋਲ ਹਜ਼ਾਰਾਂ। ਪਰ ਜੇ ਮੈਂ ਸਵਰਗ ਵਿਚ ਨਹੀਂ ਰਿਹਾ, ਤੇਰੇ ਬੂਟਿਆਂ ਨੂੰ ਪਾਣੀ ਪਾ ਰਿਹਾਂ

ਇਕ ਦਿਨ ਰਹਿਣਾ ਤੇਰਾ ਵੀ ਕੱਖ ਨਹੀਂ। ਤੂੰ ਵੀ ਨਹੀਂ ਰਹੇਂਗਾ। ਸੋ ਗੁਰੂ ਨਾਨਕ ਜੀ ਆਖਦੇ ਹਨ ਬਈ ਉਹਨੂੰ ਵੀ ਰੋਣਾ ਪਿਆ। ਸੋ ਮੂਰਖ ਰਾਵਣ ਸੋਨੇ ਦੀ ਲੰਕਾ ਗਵਾ ਕੇ ਰੋਇਆ।

*ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥*
*ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥*

(ਅੰਗ ੯੫੪)

ਪੰਜ ਪਾਂਡੋ ਨੁਕਲ, ਸਹਿਦੇਵ, ਭੀਮ, ਅਰਜਨ, ਯੁਧਿਸ਼ਟਰ। ਜੂਆ ਖੇਡਿਆ, ਬਨਵਾਸ ਮਿਲ ਗਿਆ। ਤੇਰ੍ਹਵੇਂ ਸਾਲ ਫੜੇ ਗਏ ਤਾਂ ਫੇਰ ਮੁਢੋਂ। ਕਰਦੇ ਟਕੇ ਟਕੇ ਦੀ ਦਿਹਾੜੀ। ਜਦੋਂ ਇਕੱਠੇ ਹੋਣ ਰੋਣ ਉਦੋਂ। ਉਹ ਹੋ ਹਿੰਦੁਸਤਾਨ ਦੇ ਬਾਦਸ਼ਾਹ, ਨਾ ਜੂਆ ਖੇਡਦੇ ਤੇ ਨਾ ਇਹੋ ਜਿਹੀਆਂ ਗੱਲਾਂ ਵਿਚ ਪੈਂਦੇ। ਜੂਆ ਬਹੁਤ ਬੁਰੀ ਚੀਜ਼ ਹੈ। ਅੱਜ-ਕਲ੍ਹ ਤਾਂ ਕਈ ਪੰਜਾਬੀਆਂ ਦੇ ਮੁੰਡੇ ਖੇਡਣ ਲੱਗ ਪੈਂਦੇ, ਸ਼ੁਰੂ ਕਿਥੋਂ ਹੁੰਦਾ ਤਾਸ਼ ਤੋਂ। ਬਈ ਭਜਨ ਕਰੋ, ਪਾਠ ਕਰੋ, ਚੰਗੇ ਕੰਮ ਕਰੋ। ਕਹਿੰਦੇ ਵਿਹਲੇ। ਜਿਹੜਾ ਵਿਹਲਾ ਉਹ ਸਿੱਖ ਹੀ ਨਹੀਂ, ਜਿਹੜਾ ਸਿੱਖ ਹੈ ਉਹ ਵਿਹਲਾ ਹੀ ਨਹੀਂ।

*ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥*

(ਅੰਗ ੨)

ਕੀਰਤਨ ਕਥਾ ਵਿਚ ਜੁੜੇ, ਜਾਂ ਸਿਮਰਨ ਵਿਚ ਜੁੜੇ, ਜਾਂ ਗੁਰੂ ਕਾ ਇਤਿਹਾਸ ਪੜ੍ਹੇ। ਤਿੰਨ ਗੱਲਾਂ ਗੁਰੂ ਨਾਨਕ ਜੀ ਨੇ ਸਿੱਖ ਵਾਸਤੇ ਜ਼ਰੂਰੀ ਦੱਸੀਆਂ ਨੇ। ਸੋ ਉਹ ਤਾਸ਼ ਖੇਡਦੇ-ਖੇਡਦੇ ਹੌਲੀ-ਹੌਲੀ। ਇਕ ਪਿਤਾ ਚੜ੍ਹਾਈ ਕਰਨ ਲੱਗਾ। ਬੇਟਾ ਕਹਿੰਦਾ ਕੋਈ ਸ਼ਿਖਸ਼ਾ ਬਾਪੂ। ਜਿਵੇਂ ਜੂਆ ਨਾ ਖੇਡੀਂ ਬਹੁਤ ਬੁਰੀ ਚੀਜ਼ ਹੈ। ਕਹਿੰਦੇ ਜੇ ਜੀਅ ਕਰੇ। ਕਹਿੰਦੇ ਸਾਰਿਆਂ ਤੋਂ ਵੱਡੇ ਨਾਲ ਖੇਡ ਲਈਂ। ਸ਼ਹਿਰ ਵਿਚ ਗਿਆ। ਹੀਰਿਆਂ ਨਾਲ ਖੇਡਣ। ਕਹਿੰਦਾ ਵੱਡੇ ਜੁਆਰੀਉ? ਕਹਿੰਦੇ ਨਹੀਂ ਭਰਾਵਾ ਵੱਡੇ ਤਾਂ ਅੱਗੇ ਨੇ। ਉਥੇ ਗਿਆ, ਉਹ ਰੁਪਿਆਂ ਨਾਲ, ਤੁਸੀਂ ਵੱਡਿਉ। ਕਹਿੰਦੇ ਨਹੀਂ। ਵੱਡਿਆਂ ਦਾ ਮੁਹੱਲਾ ਅੱਗੇ ਹੈ। ਉਹ ਠੀਕਰਾਂ ਨਾਲ ਖੇਡਣ। ਤੁਸੀਂ ਵੱਡੇ ਹੋ? ਕਹਿੰਦੇ ਆਹੋ। ਕਹਿੰਦਾ ਤੁਹਾਡੇ ਕੋਲ ਤਾਂ ਹੈ ਕੱਖ ਨਹੀਂ। ਕਹਿੰਦੇ ਹੀਰਿਆਂ ਵਾਲਿਆਂ ਨੇ ਵੀ ਇਥੇ ਹੀ ਆਉਣਾ। ਥੋੜ੍ਹੇ ਦਿਨ ਹੋਰ। ਕਹਿੰਦਾ ਮੇਰੇ ਪਿਉ ਨੇ ਚੰਗਾ ਹੀ ਸਮਝਾਇਆ ਬਈ ਇਹ ਚੰਗੀ ਚੀਜ਼ ਨਹੀਂ।

ਸਾਡੇ ਉਥੇ ਗੁਰਦਾਸਪੁਰ ਵਿਚ, ਸੰਨ ੧੯੬੦ ਵਿਚ ਇਕ ਪ੍ਰੇਮੀ ਨੇ ਜੂਆ ਖੇਡਿਆ। ਮੈਂ ਉਸਦਾ ਐਡਰੈਸ ਇਸ ਕਰਕੇ ਨਹੀਂ ਦੱਸਦਾ ਬਈ ਉਸ ਦੀਆਂ ਰਿਸ਼ਤੇਦਾਰੀਆਂ ਯੂ.ਪੀ. ਤੁਹਾਡੇ (ਐਮ.ਪੀ.) ਵਿਚ ਵੀ ਹਨ। ਇਸ ਕਰਕੇ ਥੋੜ੍ਹਾ ਜਿਹਾ

ਪੜਦਾ ਰੱਖਦਾਂ। ਸੋ ਉਸਨੂੰ ਆਦਤ ਸੀ ਆਲੀਵਾਲ ਦੇ ਬਾਗ ਵਿਚ ਜੂਆ ਖੇਡਣ ਦੀ। ਇਕ ਅੰਮ੍ਰਿਤਸਰ ਦਾ ਜੁਆਰੀ ਸੀ। ਉਸਨੇ, ਸੰਨ ੧੯੬੦ ਵਿਚ ਅਸੀਂ ਛੋਟੇ-ਛੋਟੇ ਹੁੰਦੇ, ਉਦੋਂ ਉਨ੍ਹਾਂ ਦਿਨਾਂ ਦੀ ਗੱਲ ਹੈ। ਉਹ ਕਹਿਣ ਲੱਗਾ ਬਈ ਮੈਂ ਪੰਜ ਹਜ਼ਾਰ ਰੁਪਿਆ ਲਾਉਨਾਂ ਦਾਅ ਤੇ ਉਹ ਕਹਿੰਦਾ ਮੈਂ ਆਪਣੇ ਘਰ ਦੀ ਬੀਬੀ ਲਾਉਨਾਂ। ਉਹ ਜਿਹੜਾ ਅੰਮ੍ਰਿਤਸਰ ਵਾਲਾ ਜੁਆਰੀ ਸੀ, ਉਹ ਚਲਾਕ ਸੀ, ਉਹ ਜਿੱਤ ਗਿਆ। ਉਹ ਕਹਿੰਦਾ, ਕੱਲ੍ਹ ਫੇਰ ਤੂੰ ਲਈ ਆਵੀਂ ਜਿਹੜੀ ਤੇਰੀ ਘਰ ਦੀ ਹੈ। ਉਹ ਕਹਿੰਦਾ, 'ਚੰਗਾ' ਉਹ ਜਿਹੜਾ ਭਾਂਡੇ ਵੀ ਵੇਚ ਛੱਡਦਾ ਹੁੰਦਾ, ਸਾਰਾ ਕੁਝ ਕਰਦਾ, ਉਹ ਬੀਬੀ ਨੂੰ ਕਹਿਣ ਲੱਗਾ ਚੱਲ। ਤੇ ਉਹਦੇ ਦੋ ਲੜਕੇ ਸੀ ਇਕ ਲੜਕੀ 'ਤੇ ਤੂੰ ਚੱਲ, ਤੈਨੂੰ ਕਪੜੇ ਲੈ ਦਿਊਂ ਬਟਾਲੇ ਤੋਂ, ਆਹ ਲੈ ਦੂੰ, ਔਹ ਲੈ ਦੂੰ। ਉਹ ਕਹਿੰਦੀ ਕੋਈ ਹੱਥ ਵੱਜ ਗਿਆ ਹੋਣਾ, ਇਹਨੇ ਤਾਂ ਕਦੇ ਸੁੱਖ ਨਾ ਪੁੱਛੀ। ਵਿਚਾਰੀ ਚਲੀ ਗਈ, ਪਰਜਾਪਤ ਦੇ ਟਾਂਗੇ ਤੇ ਬਹਿ ਕੇ ਬਟਾਲੇ। ਅੱਗੋਂ ਅੰਮ੍ਰਿਤਸਰੋਂ ਆਇਆ ਜੁਆਰੀ। ਕਹਿੰਦਾ, ਫੜ ਲੈ....। ਲੈ ਜਾਹ। ਉਹ ਘਰ ਲੈ ਗਿਆ। ਉਹ ਤਾਂ ਜਿੱਤ ਗਿਆ ਸੀ ਤੇ ਲੈ ਗਿਆ। ਪਤਾ ਨਹੀਂ ਉਹਦੀ ਕੀ ਮੱਤ ਪਲਟੀ, ਉਹ ਘਰ ਜਾ ਕੇ, ਉਹ ਬੀਬੀ ਨੂੰ ਗੁਰਦੁਆਰੇ ਨਾਲ ਲੈ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਅਰਦਾਸ ਕਰਕੇ ਕਹਿਣ ਲੱਗਾ ਸੱਚੇ ਪਾਤਸ਼ਾਹ, ਇਹ ਬੀਬੀ ਅੱਜ ਤੋਂ ਮੇਰੀ ਧਰਮ ਦੀ ਭੈਣ ਹੋਈ, ਤੇ ਮੈਂ ਪਿਉ ਦਾ ਨਹੀਂ ਜੇ ਜੂਆ ਖੇਡਾਂ ਅੱਜ ਤੋਂ ਬਾਅਦ! ਉਹਨੂੰ ਭੈਣ ਬਣਾਇਆ, ਸੱਤ ਸੂਟ ਸਵਾਏ। ਉਨ੍ਹਾਂ ਦਿਨਾਂ ਵਿਚ ਇਕ ਕਪੜੇ ਸੀਣ ਵਾਲੀ ਮਸ਼ੀਨ, ਹੱਥ ਵਾਲੀ ਬੜੀ ਮਸ਼ਹੂਰ, ਬਈ ਫਲਾਣੇ ਨੇ ਮਸ਼ੀਨ ਦਿੱਤੀ, ਉਹ ਲਈ, ਟਾਂਗੇ ਤੇ ਰੱਖ ਕੇ ਬਟਾਲੇ, ਉਧਰੋਂ ਉਹਨੂੰ ਸੱਦਿਆ, ਕਹਿੰਦਾ, ਲੈ ਜੀਜਾ ਜੀ ਆਹ ਮੇਰੀ ਭੈਣ ਲੈ ਜਾ, ਤੂੰ ਵੀ ਨਾ ਅੱਜ ਤੋਂ ਬਾਅਦ ਖੇਡੀਂ। ਸੋ ਇਹ ਕੋਈ ਵੱਡੀ ਗੱਲ ਹੈ। ਦੁਆਪਰ ਵਿਚ ਉਹ ਹਾਰ ਗਏ ਸੀ, ਜਿਹੜੇ ਇੰਨੇ ਸਿਆਣੇ ਸੀ। ਦਰੋਪਤੀ ਹਾਰ ਗਏ ਸੀ। ਇਹ ਇਹੋ ਜਿਹੀ ਕਿਹੜੀ ਗੱਲ ਹੈ। ਜੂਏ ਵਾਲੇ ਕਿਸੇ ਦੇ ਸਕੇ ਨਹੀਂ ਹੁੰਦੇ। ਇਉਂ ਦਸਿਆ :-

**ਧਾਰਨਾ- ਜੂਏ ਵਾਲੀ ਜੀ ਖੇਡ ਬੁਰੀ.............2**

**ਰਾਜ ਹਾਰ ਗਏ ਨੇ ਚੱਕ੍ਰਵਰਤੀ ਰਾਜੇ,**
**ਜੂਏ ਵਾਲੀ ਖੇਡ ਹੈ ਬੁਰੀ..........2**

*ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥*

(ਅੰਗ ੯੫੪)

*ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ॥*

(ਅੰਗ ੧੩੪੪)

ਇਉਂ ਗੁਰੂ ਜੀ ਦੱਸਦੇ ਨੇ

*ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥*

(ਅੰਗ ੧੩੪੪)

ਉਥੇ ਰਿੱਖੀ ਜੀ ਆ ਗਏ, ਵਿਆਸ ਰਿਖੀ ਜੀ। ਕਹਿਣ ਲੱਗਾ, ਮਹਾਰਾਜ ਜਿਹੜਾ ਉਹ ਇਉਂ ਹੋਇਆ, ਮਹਾਂਭਾਰਤ ਦਾ ਯੁੱਧ ਹੋਇਆ, ਜੇ ਮੈਂ ਉਦੋਂ ਕਿਤੇ ਹੁੰਦਾ, ਸਮਝਾ ਦੇਣਾ ਸੀ ਸਾਰਿਆਂ ਨੂੰ। ਲੜਾਈ ਹੋਣ ਹੀ ਨਹੀਂ ਸੀ ਦੇਣੀ। ਕਹਿੰਦੇ, ਬੇਟਾ ਹੋਣੀ ਹੋ ਕੇ ਰਹਿੰਦੀ ਹੁੰਦੀ ਹੈ। ਕੁਝ ਟਲਦੀਆਂ, ਕੁਝ ਨਹੀਂ ਟਲਦੀਆਂ। ਇਹ ਇਹੋ ਜਿਹੇ ਹੀ ਲੇਖ ਸੀ। ਨਹੀਂ, ਕਹਿੰਦੇ ਮੇਰੇ ਵਰਗਾ ਉਨ੍ਹਾਂ ਵਿਚ ਹੈ ਹੀ ਨਹੀਂ ਸੀ। ਮੈਂ ਤਾਂ ਬਿਲਕੁਲ ਟਾਲ ਦੇਣੀ ਸੀ ਗੱਲ। ਇਹ ਹੋਣ ਹੀ ਨਹੀਂ ਸੀ ਦੇਣਾ। ਜਦੋਂ ਜ਼ਿਆਦਾ ਜ਼ਿੱਦ ਕੀਤੀ, ਉਹ ਮਹਾਤਮਾ ਕਹਿਣ ਲੱਗੇ, ਕਾਕਾ ਤੂੰ ਆਪਣਾ ਫ਼ਿਕਰ ਕਰ। ਇਹੋ ਜਿਹੇ ਵੱਡੇ-ਵੱਡੇ ਬਜ਼ੁਰਗਾਂ ਵੱਲ ਤਾਹਨੇ-ਮਿਹਣੇ ਦੇਣਾਂ, ਆਪਣਾ ਫ਼ਿਕਰ ਕਰ, ਬਈ ਤੇਰੇ ਨਾਲ ਕੀ ਹੋਣ ਵਾਲਾ ਹੈ, ਤੈਨੂੰ ਦੱਸ ਦੇਨੇ ਆਂ। ਕਹਿੰਦਾ ਦੱਸੋ। ਕਹਿੰਦੇ ਇਕ ਘੋੜੀ ਖਰੀਂਦੇਗਾ। ਉਹਦੇ ਵਛੇਰੇ ਦੀ ਖੁਸ਼ੀ ਵਿਚ ਯੱਗ ਕਰੇਂਗਾ। ੧੮ ਤੂੰ ਬੁਲਾਏਂਗਾ ਬ੍ਰਾਹਮਣ। ਉਹ ਕਿਸੇ ਕਾਰਨ ਹੱਸ ਪੈਣਗੇ। ਉਹ ਜੋ ਤੂੰ ਵਿਆਹ ਕਰੇਂਗਾ, ਉਸ ਦੀ ਖੁਸ਼ੀ ਵਿਚ ਹੋਣਾ ਸਭ ਕੁਝ। ਉਹ ਫੇਰ ਫੜ-ਫੜ ਕੇ ੧੮ ਬ੍ਰਾਹਮਣ ਉਹ ਤੂੰ ਮਾਰ ਦੇਂਵੇਗਾ। ਤੈਨੂੰ ੧੮ ਕਿਸਮ ਦਾ ਕੋਹੜ ਹੋ ਜਾਏਗਾ। ਫਿਰ ਸਾਨੂੰ ਸੁਨੇਹਾ ਘੱਲੇਂਗਾ। ਅਸੀਂ ਤੈਨੂੰ ਕਥਾ ਸੁਣਾਵਾਂਗੇ। ਕੋਹੜ ਠੀਕ ਹੁੰਦਾ ਜਾਏਗਾ। ਜਦੋਂ ਇਹ ਬਚਨ ਆਏਗਾ, ਹੁਣੇ ਤੈਨੂੰ ਦੱਸ ਦੇਨੇ ਆਂ ਬਈ, ਕਿਸੇ ਮੰਤਰ ਦੇ ਬਲ ਨਾਲ ਭੀਮ ਜੀ ਨੇ ਹਾਥੀ ਫੜ ਫੜ ਪੈਰਾਂ ਤੋਂ, ਅਕਾਸ਼ ਵਿਚ ਸੁੱਟੇ, ਉਤੇ ਜਾਣ ਉਡੇ ਢੇਮਾਂ ਵਾਂਗੂੰ। ਉਹ ਖਰੇ ਕਿਥੇ ਉਨ੍ਹਾਂ ਦੀਆਂ ਹੱਡੀਆਂ ਪਹੁੰਚਾ ਦਿੱਤੀਆਂ, ਅਜੇ ਥੱਲੇ ਨਹੀਂ ਡਿੱਗੀਆਂ। ਉਦੋਂ ਤੂੰ ਨੱਕ ਚੜ੍ਹਾਏਂਗਾ, ਇਹ ਕਥਾ ਗਲਤ ਹੈ। ਤੇਰੇ ਨੱਕ ਤੇ ਕੋਹੜ ਰਹਿ ਜਾਏਗਾ, ਬਾਕੀ ਠੀਕ ਹੋ ਜਾਏਗਾ। ਉਹ ਹੌਲੀ-ਹੌਲੀ ਖੂਨ ਗੰਦਾ ਹੋ ਜਾਏਗਾ, ਬੱਸ ਤੜਫ-ਤੜਫ ਕੇ ਤੂੰ ਮਰੇਂਗਾ। ਕਾਕਾ ਜਿਹੜਾ ਇਲਾਜ ਹੁੰਦਾ ਕਰ ਲਈਂ ਤੂੰ। ਕਹਿੰਦਾ ਕੋਈ ਨਹੀਂ। ਨਾ ਮੈਂ ਵਿਆਹ ਕਰਾਵਾਂ, ਨਾ ਮੈਂ ਐਂ ਕਰਾਂ, ਨਾ ਐਂ। ਸਾਰਾ ਕੁਝ ਹੀ ਹੋਇਆ। ਕੋਹੜ ਵੀ ਹੋਇਆ। ਜਦੋਂ ਫੇਰ ਕਥਾ ਦਾ ਸੁਨੇਹਾ ਘੱਲਿਆ, ਕਹਿੰਦੇ ਸੁਣਾ ਫੇਰ ਹੋਇਆ ਕਿ ਨਹੀਂ ਏਸੇ ਤਰ੍ਹਾਂ? ਹੁਣ ਰਿੱਖੀ ਜੀ ਦੇ ਕੋਲ ਰੋ ਰਿਹਾ ਹੈ, "*ਰਾਜਾ ਜਨਮੇਜਾ ਦੇ ਮਤੀਂ॥*" ਇਉਂ ਗੁਰੂ ਗ੍ਰੰਥ ਸਾਹਿਬ ਜੀ ਦੱਸਦੇ ਨੇ, "*ਬਰਜਿ ਬਿਆਸਿ*

*ਪੜ੍ਹਾਇਆ''* ਵਿਆਸ ਰਿਸ਼ੀ ਜੀ ਬਚਨ ਕਰ ਰਹੇ ਨੇ,

***ਤਿਨਿ੍ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***

**(ਅੰਗ ੧੩੪੪)**

ਧਾਰਨਾ- ਕ੍ਰਿਤ ਨਾ ਚਲੇ ਚਲਾਇਆ ਜੀ,

ਮਤੀਂ ਦੇ ਜਨਮੇਜਾ ਰਾਜਾ.....2....

*''ਰਾਜਾ ਜਨਮੇਜਾ ਦੇ ਮਤਂੀ''* ਵੱਡੀਆਂ ਵੱਡੀਆਂ ਗੱਲਾਂ ਕਰਦਾ, ਇਉਂ ਹੁੰਦਾ ਤਾਂ ਇਉਂ ਹੋ ਜਾਣਾ ਸੀ, ਇਉਂ ਹੁੰਦਾ ਤਾਂ ਮੈਂ ਇਉਂ ਕਰ ਲੈਣਾ ਸੀ, *''ਬਰਜਿ ਬਿਆਸਿ ਪੜ੍ਹਾਇਆ''* ਕਹਿੰਦੇ ਨਹੀਂ, ਇਹ ਗੱਲ ਇਸ ਤਰ੍ਹਾਂ ਨਹੀਂ ਹੋਣੀ, ਉਹ ਵੀ ਰੋਂਦਾ ਹੈ,

***ਰਾਜਾ ਜਨਮੇਜਾ ਦੇ ਮਤਂੀ ਬਰਜਿ ਬਿਆਸਿ ਪੜ੍ਹਾਇਆ॥*** **(ਅੰਗ ੧੩੪੪)**

ਵੱਡੇ ਵੱਡੇ ਔਲੀਏ ਪੀਰ ਰੋ ਰਹੇ ਨੇ। ਪੁੱਛਿਆ ਸੀ ਨਾ ਹਜ਼ਰਤ ਮੂਸਾ ਜੀ ਨੂੰ, ਚੌਂਕੜਾ ਮਾਰੀ ਬੈਠੋ ਹੋ, ਨੇਤਰ ਬੰਦ ਹਨ, ਰੋਂਦੇ ਕਿਉਂ ਹੋ? ਰੋਂਦੇ ਇਸ ਕਰਕੇ ਹਾਂ, ਬਈ ਇਹੋ ਜਿਹੀ ਗਲਤੀ ਨਾ ਹੋਵੇ, ਇਹੋ ਜਿਹੀ ਭੁੱਲ ਨਾ ਹੋ ਜਾਏ, ਕਿਤੇ ਦਰਗਹ ਵਿਚ ਧੱਕੇ ਵੱਜਣ। ਇਸ ਕਰਕੇ —

***ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥***
***ਰੋਵੇ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥***

**(ਅੰਗ ੯੫੪)**

ਜਿਹੜੇ ਗੁਰੂ ਨਾਨਕ ਜੀ ਦੇ ਸਿੱਖ ਹੋਏ, ਗੁਰੂ ਜੀ ਨੇ ਦਾਤੇ ਬਣਾਏ, ਦਾਨ ਕਰੋ, ਭਜਨ ਕਰੋ, ਪਾਠ ਕਰੋ। ਜਿਹੜੇ ਗੋਰਖ ਦੇ ਚੇਲੇ ਹੋਏ, ਹੱਥ ਵਿਚ ਫੜਾਈਆਂ ਚਿਪੀਆਂ, ਬਈ ਮੰਗਦੇ, ਖਾਂਦੇ ਫਿਰੋ। ਤੁਰੇ ਫਿਰੋ ਘਰ ਘਰ। ਸੋ ਉਹ ਰਾਜਾ ਭਰਥਰੀ ਉਜੈਨ ਦਾ ਬਾਦਸ਼ਾਹ ਹੋਇਆ। ਉਹ ਲਿਖਦਾ ਹੈ ਬਈ ਚਾਨਣੀ ਰਾਤ, ਮੈਂ ਦੇਖਿਆ ਬਈ ਹੀਰਾ ਪਿਆ। ਜਦ ਮੈਂ ਹੱਥ ਲਾਇਆ ਉਹ ਕਿਸੇ ਨੇ ਤੰਬਾਕੂ, ਪਾਨ ਖਾ ਕੇ ਥੁੱਕਿਆ ਹੋਇਆ ਸੀ। ਮੈਂ ਆਖਿਆ, ਉਹ ਹੋ ਲਾਹਨਤ ਹੈ ਇਹੋ ਜਿਹੀ ਜ਼ਿੰਦਗੀ ਤੇ

***ਹੀਰੇ ਜੜ੍ਹਤ ਮੰਦਰ ਤਜੈ ਅਰ ਸਖੀਅਨ ਕੇ ਸਾਥ॥***
***ਧ੍ਰਿਗ ਮਨ ਧੋਖੇ ਲਾਲਕੇ ਭਰੇ ਪੀਕ ਕੇ ਹਾਥ॥***

ਅਜੇ ਲਾਲ ਦੀ ਇੱਛਿਆ ਅੰਦਰੋਂ ਨਹੀਂ ਗਈ। ਉਹ ਮੂਰਖਾ ਜੇ ਤੈਨੂੰ ਲਾਲ ਹੀ ਚਾਹੀਦੇ ਸੀ ਤਾਂ ਬਾਦਸ਼ਾਹ ਬਣਿਆ ਰਹਿਣਾ ਸੀ। ਲਾਲ ਜਿਹੜਾ ਤੂੰ ਲੱਭਣ ਚਲਿਆਂ, ਉਹਦੇ ਮੁਕਾਬਲੇ ਇਹ ਲਾਲ ਕੀ ਹੈ? ਤੈਨੂੰ ਥੁੱਕ ਹੀ ਚਾਹੀਦਾ। ਠੀਕ ਹੋਇਆ ਤੇਰੇ

ਨਾਲ ਜੋ ਹੋਇਆ। ਉਦੋਂ ਰਾਜਾ ਬੜਾ ਰੋਇਆ।

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥*

(ਅੰਗ ੧੩੭੭)

ਬਈ ਹੀਰੇ ਲੱਭਦੇ ਫਿਰਦੇ ਨੇ, ਨਾਮ ਤੋਂ ਵੱਡਾ ਹੀਰਾ ਕਿਹੜਾ ਹੈ, ਨਾ ਹੋਇਆ ਨਾ ਹੋਵੇਗਾ। ਸੋ ਉਸ ਵੇਲੇ-

*ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥*

(ਅੰਗ ੯੫੪)

ਲੋਕੀਂ ਕੱਢਦੇ ਨੇ ਗਾਲ੍ਹਾਂ। ਹੈਂ, ਉਜੈਨ ਦਾ ਬਾਦਸ਼ਾਹ, ਖਾਣ ਵਾਸਤੇ ਰੋਟੀ ਨਹੀਂ, ਭਿਛਿਆ ਮੰਗਦਾ ਫਿਰਦਾ। ਇਹੋ ਜਿਹਿਆਂ ਦਾ ਚੇਲਾ ਕਿਉਂ ਬਣਿਆ ਸੀ, ਕੰਨ ਪਾੜ ਕੇ ਮੁੰਦਰਾ ਪਾ ਦਿੱਤੀਆਂ, ਮੰਗਦੇ ਖਾਂਦੇ ਫਿਰੋ। ਬੜੀ ਬੁਰੀ ਗੱਲ ਹੋਈ। ਵਿਚਾਰੇ ਰੋਂਦੇ ਨੇ ਤੇ ਬਣਦਾ ਕੁਝ ਨਹੀਂ। ਬਾਣੀ ਵਿਚ ਇਉਂ ਦਸਿਆ : -

ਧਾਰਨਾ- ਰੋਂਦੇ ਕੰਨ ਪੜਾਏ, ਰਾਜੇ ਰੋਂਦੇ, ਰਾਜੇ ਰੋਂਦੇ...........2

*ਰੋਵਹਿ ਰਾਜੇ ਕੰਨ ਪੜਾਇ ਘਰਿ ਘਰਿ ਮਾਗਹਿ ਭੀਖਿਆ ਜਾਇ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵੈ ਗਿਆਨੁ ਗਵਾਇ॥*

(ਅੰਗ ੯੫੪)

ਰਾਖਨ ਕਹਿੰਦੇ ਰਾਖੀ ਵਾਸਤੇ। ਮੁਗਧ ਕਹੇ ਧਨ ਮੇਰਾ। ਸੂਮ ਨੂੰ ਏਨਾ ਹੀ ਹੁਕਮ ਹੈ, ਬੱਸ ਦੇਖੀ ਜਾ, ਟਕਾ ਖਰਚਣਾ ਨਹੀਂ, ਬੱਸ ਇਕੱਠਾ ਕਰੀ ਜਾ ਤੇ ਦੇਖੀ ਜਾ। ਸੋ—

*ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵੈ ਗਿਆਨੁ ਗਵਾਇ॥*

ਜਦੋਂ ਧਨ ਇਕੱਠਾ ਕੀਤਾ, ਰਾਜੇ ਸਿਕੰਦਰ ਵਾਂਗੂੰ ਇਥੇ ਹੀ ਰਹਿ ਗਿਆ। ਜਮਾਂ ਨੇ ਕੁੱਟ ਕੇ ਅੱਗੇ ਲਾ ਲਿਆ। ਓਹ ਖੱਟੀ ਕੌਡੀ ਨਾਲ ਨਹੀਂ ਗਈ, ਉਦੋਂ ਰੋਂਦਾ ਹੈ।

*'ਪੰਡਿਤ ਰੋਵੈ ਗਿਆਨੁ ਗਵਾਇ॥'*

ਰਾਜੇ ਭੋਜ ਦੀ ਸਭਾ, ਦਸ ਹਜ਼ਾਰ ਫੌਜ ਹੁੰਦੀ, ਚੌਦਾਂ ਸੌ ਵਿਦਵਾਨ ਹੁੰਦਾ, ਉਹਨਾਂ ਵਿਚ ਮੁਖੀ, ਕਾਲੀਦਾਸ ਜੀ। ਉਥੇ ਆ ਗਿਆ ਇਕ ਇਹੋ ਜਿਹਾ ਹੀ ਕੋਈ ਬੜਾ ਵਿਦਵਾਨ, ਪੜ੍ਹਿਆ ਲਿਖਿਆ। ਉਹ ਕਹਿੰਦਾ ਜੀ ਬਹਿਸ ਹੋਏਗੀ। ਹਾਂ, ਕਹਿੰਦਾ ਹੋਏਗੀ। ਗੰਗੇ ਤੇਲੀ ਨੂੰ ਲਿਆਂਦਾ ਤਿਆਰ ਕਰਕੇ। ਉਹ ਇਹੋ ਜਿਹਾ ਹੀ ਸੀ ਸਿਧ

ਪੱਧਰਾ। ਉਥੇ ਨਾ ਵੱਡੇ ਭਾਅ ਜੀ ਕੋਲ ਨਾ ਇਕ ਆਇਆ। ਇਹੋ ਜਿਹੇ ਬਥੇਰੇ ਮੂਰਖ ਮਿਲ ਜਾਂਦੇ ਹੁੰਦੇ। ਉਹ ਕਹਿੰਦੇ ਜਦੋਂ ਮੈਂ ਸਮਾਧੀ ਵਿਚ ਬੈਠਦਾਂ ਤਿੰਨ ਜੋਤਾਂ ਜਗਦੀਆਂ। ਉਥੇ ਇਕ ਫੌਜੀ ਸੀ, ਭਾ ਜੀ ਕਹਿੰਦੇ ਇਹ ਕਹਿੰਦਾ ਮੇਰੇ ਗਿਆਰ੍ਹਾਂ ਜਗਦੀਆਂ, ਦੱਸਦੇ ਬਈ। ਉਨ੍ਹਾਂ ਅਰਾਮ ਕਰਨਾ ਸੀ। ਉਹ ਜੋਤਾਂ ਦਾ ਹੀ ਝਗੜਾ ਤਿੰਨ ਘੰਟੇ ਪਾ ਛੱਡਿਆ। ਉਹ ਜੋਤ ਤਾਂ ਗੱਲ ਹੋਰ ਹੁੰਦੀ ਹੈ। ਐਂ ਸੁਣੀ ਸੁਣਾਈ, ਕਿਤੇ ਗਾਹਾਂ ਦੀ ਗਾਂਹ ਮਹਾਂਪੁਰਖਾਂ ਕੋਲ ਕਰ ਬਹਿੰਦੇ ਨੇ, ਫਿਰ ਪੱਲੇ ਰਹਿੰਦਾ ਕੱਖ ਨਹੀਂ। ਉਹ ਜੋਤ ਇਹੋ ਜਿਹੀ ਨਹੀਂ ਹੁੰਦੀ ਜਿਵੇਂ ਮੋਮਬੱਤੀ ਜਗਦੀ ਹੈ। ਮੱਤ ਕੋਈ ਇਹੋ ਜਿਹੇ ਭਰਮਾਂ ਵਿਚ ਪਇਉ। ਸੋ ਉਹ ਕਿਤੇ ਪੜ੍ਹ ਲਿਆ, ਕਿਤੇ ਸੁਣ ਲਿਆ, ਇਹੋ ਜਿਹੇ ਭਰਮਾਂ ਵਿਚ ਪਿਆ। ਸੋ ਉਪਰ ਵਿਚਾਰ ਹੋ ਰਹੀ ਸੀ, ਉਹ ਆ ਗਿਆ ਵਿਦਵਾਨ। ਉਹਨਾਂ ਗੰਗਾ ਤੇਲੀ ਉਹਨੂੰ ਲੈ ਆਂਦਾ। ਬੜੀ ਸੁਹਣੀ ਵਿਛਾਈ ਸਟੇਜ ਬਣ ਗਈ। ਬੈਠੋ ਜੀ। ਚਰਚਾ ਹੋਵੇਗੀ, ਹਾਂ ਜੀ ਚਰਚਾ। ਜੁੱਤੀ ਸੋਨੇ ਦੀਆਂ ਤਾਰਾਂ ਦੀ ਕੱਢੀ, ਗੰਗੇ ਤੇਲੀ ਨੇ ਉਹ ਪਾ ਕੇ ਪਰਨੇ ਦੇ ਵਿਚ ਬੰਨ੍ਹ ਲਈ। ਜਿਵੇਂ ਪੁਰਾਣੇ ਬੁੱਢੇ। ਉਹ ਸਾਧਸੰਗਤ, ਸਾਡੇ ਪਿੰਡ ਇਕ ਹੁੰਦਾ, ਆਪਣੇ ਪਿੰਡ ਦੀ ਗੱਲ ਹੈ, ਉਹ ਬਜ਼ੁਰਗਾਂ ਦੇ ਬਰਾਬਰ ਦਾ ਹੀ ਸੀ। ਮੈਂ ਪੁਛਿਆ ਚਾਚਾ ਜੀ, ਤੁਹਾਡਾ ਲੜਕਾ ਕਸ਼ਮੀਰ ਸਿੰਘ ਮੇਰੇ ਨਾਲ ਪੜ੍ਹਦਾ, ਇਹਨੇ ਮੈਨੂੰ ਗੱਲ ਦੱਸੀ ਹੈ ਬਈ ਮੇਰੇ ਪਿਤਾ ਕੋਲ ਬੜੀ ਜੁੱਤੀ ਪੁਰਾਣੀ ਹੈ। ਇਹ ਸੱਚੀ ਗੱਲ ਹੈ। ਉਹ ਕਹਿੰਦਾ ਹਾਂ, ਕਹਿੰਦੇ ਸਾਡੇ ਦਾਦੇ ਦਾ ਵੀ ਵਿਆਹ ਇਹਦੇ ਨਾਲ ਹੋਇਆ ਸੀ। ਉਹ ਪਿੰਡ ਵਿਚ ਜਾ ਕੇ ਪਾ ਲੈਣੀ, ਫੇਰ ਪੱਲੇ ਬੰਨ੍ਹ ਕੇ। ਇਹੋ ਜਿਹੇ ਪੁਰਾਣੇ ਕਰਦੇ ਹੁੰਦੇ ਸੀ। ਹੁਣ ਤਾਂ ਖਰਚੇ ਬੜੇ ਵੱਧ ਗਏ। ਇਹੋ ਜਿਹੇ ਕੰਮ ਸੀ। ਖਰਚੇ ਬਹੁਤ ਘੱਟ ਹੁੰਦੇ। ਸੋ ਉਹਨੇ ਪੁਰਾਣੇ ਸੁਭਾਅ ਦੇ ਮੁਤਾਬਿਕ ਬਈ ਜੁੱਤੀ ਮਿਲ ਗਈ ਰਾਜੇ ਕੋਲੋਂ ਸੋਨੇ ਦੀਆਂ ਤਾਰਾਂ ਨਾਲ ਕੱਢੀ। ਵਿਚਾਰੇ ਨੇ ਪੱਲੇ ਬੰਨ੍ਹ ਕੇ ਜੁੱਤੀ ਮੋਢੇ ਦੇ ਪਿੱਛੇ, ਜਾ ਬੈਠਾ ਪੰਡਤਾਂ ਦੇ ਕੋਲ। ਉਹ ਪੁਛਦਾ, ਉਹਨੇ ਸਵਾਲ ਕੀਤਾ। ਕਦੰ ਪੁਸਤਕੰ? ਸੰਸਕ੍ਰਿਤ! ਬਈ ਇਹ ਕਿਹੜਾ ਗ੍ਰੰਥ ਹੈ, ਜਿਹੜਾ ਪੱਲੇ ਬੰਨ੍ਹੀ ਫਿਰਦਾ ਹੈਂ। ਉਹਨੇ ਹਿਸਾਬ ਲਾ ਹੀ ਲਿਆ, ਅਟਾ-ਸਟਾ, ਬਈ ਪੁਸਤਕ ਬਾਰੇ ਪੁਛਦਾ। ਕੰਕਰੰ ਚੂੰਰ ਗ੍ਰੰਥੀ ਉਹ ਤਾਂ ਜੁੱਤੀ ਸੀ ਰੋੜ ਫੇਹਣ ਵਾਲੀ। ਕੰਕਰੰ ਚੂਰਨੰ ਗਰੰਥੰ। ਇਹ ਤਾਂ ਮੈਂ ਪੜ੍ਹਿਆ ਨਹੀਂ। ਚਲੋ ਵੈਸੇ ਗੱਲ ਕਰ ਲੈਨੇ ਆਂ। ਉਹਨੇ ਇਕ ਉਂਗਲ ਖੜੀ ਕੀਤੀ, ਬਈ ਰੱਬ ਇਕ ਹੈ। ਉਹਨੇ ਦੋ ਕੀਤੀਆਂ। ਹਾਂ, ਸਮਝ ਗਿਆ ਪੰਡਿਤ ਆਪੇ ਹੀ, ਦੂਜੀ ਬਈ ਮਾਇਆ ਵੀ ਹੈ। ***"ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥"*** **(ਅੰਗ ੪੬੩)** ਕਹਿੰਦਾ, ਮਹਾਨ ਵਿਦਵਾਨ, ਧੰਨ ਧੰਨ, ਸਤਿਕਾਰਯੋਗ, ਸ਼੍ਰੋਮਣੀ ਪੰਡਿਤਾਂ ਦੇ ਗੰਗਾ ਜੀ ਮਹਾਰਾਜ ਇਕ ਬਚਨ ਮੈਂ ਹੋਰ ਪੁਛਣਾ ਹੈ ਤੇ ਬੱਸ। ਉਹਨੇ ਪੰਜ ਉਂਗਲਾਂ ਖੜੀਆਂ ਕਰ ਦਿੱਤੀਆਂ। ਜਿਸਨੂੰ ਕਹਿੰਦਾ ਸੀ ਗੰਗਾ

ਜੀ ਮਹਾਰਾਜ ਉਸਨੇ ਮੁੱਕੀ ਖੜੀ ਕਰ ਦਿੱਤੀ। ਕਹਿੰਦਾ ਠੀਕ ਹੈ, ਮੈਂ ਹਾਰਿਆ ਤੁਸੀਂ ਜਿੱਤ ਗਏ। ਉਠ ਕੇ ਚਲਾ ਗਿਆ। ਉਹ ਕਹਿੰਦੇ, ਤੂੰ ਕੀ ਕਰਿਆ ਓਏ ਗੰਗਿਆ ਓਏ? ਹੈ ਬੱਲੇ ਓਏ, ਉਹ ਤੂੰ ਕਦੇ ਸਕੂਲ ਨਾ ਗਿਆ। ਪੜ੍ਹਿਆ ਨਾ, ਲਿਖਿਆ ਨਾ। ਅੱਜ ਗੱਲ ਬਣੀ ਕੀ ਕੀਤਾ? ਉਹ ਕਹਿੰਦਾ, ਪੁੱਛਦਾ ਸਾਂ "ਕਦੰ ਪੁਸਤਕੰ।" ਸੰਸਕ੍ਰਿਤ ਸੁਣਾਉਂਦਾ ਸੀ ਮੈਨੂੰ ਪੜ੍ਹ ਪੜ੍ਹ ਕੇ। ਮੈਂ ਪੁਸਤਕ ਤੇ ਸੁਣੀ ਹੋਈ ਸੀ। ਮੈਂ ਆਖਿਆ "ਕਕਰੰ ਚੂਰਨੰ ਗ੍ਰੰਥੰ।" ਮੈਂ ਆਖਿਆ ਇਹ ਗ੍ਰੰਥ ਹੈ। ਕੰਕਰ ਚੂਰਣ ਵਾਲਾ, ਕੰਡੇ ਫੇਹਣ ਵਾਲਾ। ਜੁੱਤੀ ਸੀ ਉਹ ਮੇਰੇ ਕੋਲ। ਕਹਿੰਦੇ ਦੂਸਰਾ ਉਸਨੇ ਸਵਾਲ ਕੀਤਾ, ਉਹਨੇ ਕੀ ਕਿਹਾ ਸੀ ਤੁਹਾਨੂੰ। ਕਹਿੰਦੇ ਉਹਨੇ ਇਕ ਉਂਗਲ ਖੜੀ ਕੀਤੀ, ਕਹਿੰਦਾ, ਤੇਰੀ ਇਕ ਅੱਖ ਕੱਢ ਦੂੰ। ਮੈਂ ਆਖਿਆ ਮੈਂ ਤੇਰੀਆਂ ਦੋਵੇਂ ਕੱਢ ਦੂੰ, ਤਾਂ ਕਹਿੰਦੇ, ਅੱਛਾ। ਫੇਰ ਜਦੋਂ ਮੈਂ ਉਹਨੂੰ ਦਾਬਾ ਮਾਰਿਆ ਤੇਰੀਆਂ ਦੋਵੇਂ ਕੱਢ ਦੂੰ ਤਾਂ ਪਤਾ ਕੀ ਕਹਿੰਦਾ, ਪੰਡਿਤਾਂ ਦੇ ਸ਼੍ਰੋਮਣੀ, ਵਿਦਵਾਨਾਂ ਦੇ ਸ਼੍ਰੋਮਣੀ, ਸਦਾ ਸਤਿਕਾਰਯੋਗ, ਧੰਨ ਧੰਨ ਸ਼੍ਰੋਮਣੀ ਪੰਡਿਤ ਜੀ ਮਹਾਰਾਜ ਗੰਗਾ ਜੀ ਮੈਂ ਇਕ ਸਵਾਲ ਹੋਰ ਕਰਨਾ। ਉਹਨੇ ਮੈਨੂੰ ਚਪੇੜ ਵਿਖਾਈ, ਮੈਂ ਕਿਹਾ ਮਾਰ ਕੇ ਮੁੱਕੀ ਦੰਦ ਸਾਰੇ ਕੱਢ ਦੂੰ। ਕਹਿੰਦਾ, ਚਲਾ ਗਿਆ। ਚਲਾ ਗਿਆ ਤੇ ਚਲਾ ਗਿਆ। ਉਹਨੂੰ ਸੱਦਿਆ ਬਈ ਤੁਹਾਡੇ ਕੀ ਸਮਝ ਵਿਚ ਆਇਆ। ਕਹਿੰਦਾ ਮੈਂ ਕੀ ਦੱਸਾਂ, ਨਹੀਂ ਫਿਰ ਵੀ। ਕਹਿੰਦਾ ਮੈਂ ਉਸ ਵਿਦਵਾਨ ਦੇ ਸਾਹਮਣੇ, ਮੈਂ ਨਹੀਂ ਜੇ ਜਾਣਾ। ਨਹੀਂ ਨਾ ਜਾਇਉ ਤੁਸੀਂ ਗੱਲ ਤਾਂ ਦਸੋ, ਇਥੇ ਰਾਹ ਵਿਚ। ਕਹਿੰਦੇ ਮੈਂ ਬੜੇ ਗ੍ਰੰਥ ਪੜ੍ਹੇ, ਜਦੋਂ ਮੈਂ ਸੁਣਿਆ ਕੰਕਰੰ ਚੂਰਨੰ ਗ੍ਰੰਥ। ਮੈਂ ਕਿਹਾ ਹੁਣ ਨਹੀਂ ਗੱਲ ਬਣਨੀ, ਚੁਪ ਠੀਕ ਹੈ। ਫੇਰ ਮੈਂ ਇਕ ਵਾਹਿਗੁਰੂ ਵੱਲ, ਰੱਬ ਵੱਲ ਇਸ਼ਾਰਾ ਕੀਤਾ ਬਈ ਈਸ਼ਵਰ ਇਕ ਹੈ। ਆਪ ਜੀ ਦੇ ਸਦਾ ਸਤਿਕਾਰਯੋਗ, ਸਾਰੇ ਵਿਦਵਾਨਾਂ ਦੇ ਸ਼੍ਰੋਮਣੀ ਗੰਗਾ ਜੀ ਮਹਾਰਾਜ ਨੇ ਆਖਿਆ ਦੂਜੀ ਮਾਇਆ ਵੀ ਹੈ। ਮੈਂ ਹਾਰ ਗਿਆ ਠੀਕ ਹੈ। ਕਹਿੰਦੇ ਫੇਰ। ਕਹਿੰਦੇ ਮੈਂ ਤਿੰਨੇ ਸਵਾਲ ਕਰਨੇ ਸੀ। ਤੀਜਾ ਮੈਂ ਕਿਹਾ ਬਈ ਇਹ ਸਰੀਰ ਜਿਹੜਾ ਪੰਜਾਂ ਤੱਤਾਂ ਦਾ ਹੈ ਮਹਾਰਾਜ ਪੰਡਿਤ ਜੀ। ਉਨ੍ਹਾਂ ਮੁੱਠੀ ਬੰਦ ਕੀਤੀ। ਪੰਜ ਤੱਤ ਇਕੱਠੇ ਕਰਕੇ ਕਾਇਆ ਸਾਜੀ ਹੈ। ਮੈਂ ਕਿਹਾ ਇਥੇ ਮੇਰੀ ਗੱਲ ਨਹੀਂ ਚਲਣੀ।

ਉਹ ਕਹਿੰਦੇ ਗੱਲ ਤਾਂ ਆਹ ਸੀ। ਮਾਰਿਆ ਮੱਥੇ ਨੂੰ ਹੱਥ, ਜਿਉਂ ਲੱਗਾ ਰੋਣ। ਵਰਾਇਆ ਨਾ ਜਾਵੇ। ਇਹਨਾਂ ਬਾਰੇ ਬਾਣੀ ਇਉਂ ਦੱਸਦੀ ਹੈ।

**ਧਾਰਨਾ-ਰੋਵੇ ਗਿਆਨ ਗਵਾਏ, ਪੰਡਿਤ ਰੋਵੇ,**

**ਪੰਡਿਤ ਰੋਵੇ...........2**

**ਪੰਡਿਤ ਰੋਵੇ ਗਿਆਨ ਗਵਾਏ...........2**

ਬੜਾ ਰੋਇਆ, ਬੜਾ ਰੋਇਆ, ਉਹ ਹੋ, ਬੜੀ ਮਾੜੀ ਗੱਲ ਹੋਈ। ਤਦੇ ਤਾਂ ਕਬੀਰ ਜੀ ਨੇ ਕਿਹਾ "**ਕਬੀਰ ਗਿਆਨਿਉ ਕੇ ਹਮ ਗੁਰੂ ਹੈਂ**"। ਕੋਈ ਗਿਆਨ ਵਾਲਾ ਹੈ ਤਾਂ ਸਾਹਮਣੇ ਕਰੋ ਚਰਚਾ, "**ਮੂਰਖੋਂ ਕੇ ਹਮ ਦਾਸ।**" ਕਹਿੰਦੇ ਜਿਹੜਾ ਹੈ ਹੀ ਮੂਰਖ, ਕਹਿੰਦੇ ਉਹਦੇ ਭਰਾਵਾ ਅਸੀਂ ਦਾਸ ਹਾਂ, ਸਾਡਾ ਗਿਆਨ ਨਹੀਂ ਚਲਦਾ। ਇਕ ਉਹ ਕਣਕ ਗਾਹੁਣ ਵਾਲੀ ਹੁੰਦੀ ਤਰੰਗਲੀ। ਉਹ ਉਹਨੂੰ ਪੰਜਾਂ ਕਹਿੰਦੇ ਹੁੰਦੇ ਪੰਜਾਬੀ ਵਿਚ, ਕਈ ਤਰੰਗਲੀ ਵੀ ਕਹਿੰਦੇ। ਉਹਦੀਆਂ ਸੁਰਾਂ ਹੁੰਦੀਆਂ ਲੋਹੇ ਦੀਆਂ। ਉਹ ਡਾਂਗ ਲੱਗੀ ਹੁੰਦੀ। ਉਹ ਫੜ ਲਈ ਕਿਸੇ ਕਿਸਾਨ ਨੇ ਹੱਥ ਵਿਚ, ਕਹਿੰਦਾ ਤੂੰ ਵੱਡਾ ਭਗਤ ਕਬੀਰ ਬਣਿਆ ਫਿਰਦਾ। ਮੈਂ ਲੱਗਾ ਈ ਮੋਢੇ ਤੇ ਮਾਰਨ। ਦੱਸ ਸੱਜੇ ਪਾਸੇ ਵੱਜੂ ਕਿ ਖੱਬੇ ਪਾਸੇ ਵੱਜੂ। ਮਤਲਬ ਇਹ ਬਈ ਜੇ ਸੱਜੇ ਕਹੂ ਮੈਂ ਖੱਬੇ ਮਾਰ ਦੇਉਂ। ਖੱਬੇ ਕਹੂ ਤਾਂ ਮੈਂ ਸੱਜੇ ਮਾਰ ਦੇਉਂ। ਭਗਤ ਜੀ ਨੇ ਉੱਚਾ ਹੱਥ ਕੀਤਾ। ਕਹਿੰਦੇ ਨਾ ਖੱਬੇ ਨਾ ਸੱਜੇ ਇੱਥੇ ਹੀ ਖੜਾ ਰਹੁ। ਬੱਸ ਜ਼ਬਾਨ ਰਹਿਣ ਦਿੱਤੀ। ਘਰਦਿਆਂ ਨੂੰ ਸੁਨਾਹ ਘਲੇ, ਮਹਾਂਪੁਰਖਾਂ ਨੂੰ ਕਹੋ ਕ੍ਰਿਪਾ ਕਰ ਦੇਣ, ਹੱਥ ਜੁੜ ਗਏ। ਸਰੀਰ ਨਹੀਂ ਹਿਲਦਾ। ਕਹਿੰਦੇ ਫਿਰ ਤੈਨੂੰ ਦਸੀਏ ਕਿਧਰ ਵੱਜੂ। ਸੋ ਇਹੋ ਜਿਹੇ। ਇਕ ਵਾਰੀ ਇਕ ਮਹਾਂਪੁਰਸ਼ ਆਪ ਜੀ ਦੇ ਪਾਸ ਇਕ ਕ੍ਰਿਪਾਨ ਲੈ ਕੇ ਆ ਗਿਆ। ਕਈਆਂ ਨੂੰ ਹਥਿਆਰਾਂ ਤੇ ਬੜਾ ਮਾਣ ਹੁੰਦਾ। ਪਰ ਮਹਾਂਪੁਰਖਾਂ ਕੋਲ ਸ਼ਬਦ ਇਹੋ ਜਿਹਾ ਹੁੰਦਾ। ਕੁਝ ਨਹੀਂ ਚਲਦਾ ਹੁੰਦਾ ਇਹ ਪੱਕੀ ਗੱਲ ਹੈ। ਤਾਂ ਉਹ ਕ੍ਰਿਪਾਨ ਫੜੀ, ਮਾੜਾ ਜਿਹਾ ਉਪਰ ਨੂੰ ਦੇਖਿਆ ਕਹਿੰਦੇ, ਬੱਸ ਠੀਕ ਹੈ, ਉਥੇ ਹੀ, ਨਾ ਅਗਾਂਹ ਤੇ ਨਾ ਪਿਛਾਂਹ। ਵੱਡੇ-ਵੱਡੇ ਮਹਾਂਪੁਰਸ਼ ਹੋਏ। ਵੱਡੀਆਂ ਵੱਡੀਆਂ ਰਾਇਫਲਾਂ ਬੰਦ ਕਰ ਦਿੰਦੇ ਨੇ, ਨਿਗਾਹ ਕਰਨ ਨਾਲ ਹੀ। ਕਹਿੰਦੇ ਘੜਿਚ ਘੜਿਚ ਕਰੀ ਜਾ ਇਹ ਨਹੀਂ ਚਲਣੀ।

ਸੋ ਇਸ ਤਰ੍ਹਾਂ ਉਹ ਹੁਣ ਵਿਚਾਰ ਹੋ ਰਹੀ ਸੀ।

"***ਗਿਆਨ ਗਵਾਇਆ***" ਰੋ ਰਿਹਾ "***ਪੰਡਿਤ ਰੋਵਹਿ ਗਿਆਨੁ ਗਵਾਇ॥***"

(ਅੰਗ ੯੫੪)

ਬੜੀ ਮਾੜੀ ਗੱਲ ਹੋਈ। ਹੁਣ ਕਿਵੇਂ ਹੋ ਸਕਦਾ ਹੈ। ਅੱਗੇ ਗੁਰੂ ਜੀ ਕਹਿਣ ਲੱਗੇ ਸੇਠ ਜੀ "**ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥**" ਬਾਲੀ, ਭਤਾਰਿ ਦਾ ਮਤਲਬ ਪਤੀ। ਪਤੀ ਤੋਂ ਬਿਨਾਂ ਬਾਲੀ ਇਕ ਰਾਜੇ ਦੀ ਲੜਕੀ ਉਹ ਰੋ ਰਹੀ ਹੈ। ਕਿਉਂ ਰੋ ਰਹੀ ਹੈ? ਮੰਗਣੀ ਕੀਤੀ, ਉਹ ਮੁੰਡਾ ਹੀ ਮਰ ਗਿਆ, ਦੂਜੇ ਨਾਲ ਕੀਤੀ ਦੂਜਾ ਵੀ ਮਰ ਗਿਆ, ਤੀਜੇ ਥਾਂ ਕੀਤੀ, ਉਹ ਵੀ ਮਰ ਗਿਆ। ਚੌਥੇ ਦੀ ਵਿਆਹ ਦੀ ਤਰੀਕ ਮਿਥੀ, ਉਹ ਵੀ ਮਰ ਗਿਆ। ਪੰਜਵਾਂ ਜੰਞ ਤਿਆਰ ਹੋਈ, ਉਹ ਵੀ ਮਰ ਗਿਆ। ਛੇਵਾਂ

ਜੰਝ ਲੈ ਕੇ ਜਦੋਂ ਉਧਰ ਬਾਲੀ ਨੂੰ ਵਿਆਹੁਣ ਚਲੇ, ਰਾਹ ਵਿਚ ਸੱਪ ਲੜ ਕੇ ਛੇਵਾਂ ਵੀ ਮਰ ਗਿਆ। ਸਤਵੇਂ ਥਾਂ ਵਿਆਹ ਕੀਤਾ ਨਹਾ ਕੇ ਕਪੜੇ ਹੀ ਪਾ ਰਿਹਾ ਸੀ ਉਹ ਵੀ ਮਰ ਗਿਆ। ਇਉਂ ਕਰਕੇ ਬਾਈ ਰਾਜਿਆਂ ਦੇ ਲੜਕੇ ਮਰੇ। ਹੁਣ ਕੋਈ ਰਿਸ਼ਤੇ ਲਵੇ ਹੀ ਨਾ ਇਹ ਤਾਂ ਜਿਥੇ ਰਿਸ਼ਤਾ ਹੁੰਦਾ ਮੁੰਡਾ ਮਰ ਜਾਂਦਾ, ਜਿਥੇ ਹੁੰਦਾ ਮੁੰਡਾ ਮਰ ਜਾਂਦਾ। ਸਾਰੇ ਗੱਲ ਧੁੰਮੀ। ਉਸ ਵੇਲੇ ਰਾਜੇ ਨੇ ਦੁਖੀ ਹੋ ਕੇ ਰਿਸ਼ੀ ਮੁਨੀ ਬੁਲਾਏ। ਇਹ ਮੇਰੀ ਲੜਕੀ ਹੈ ਤੇ ਕੋਈ ਰਿਸ਼ਤਾ ਨਹੀਂ ਲੈ ਰਿਹਾ, ਜਿਥੇ ਕਰਦੇ ਹਾਂ ਮੁੰਡਾ ਹੀ ਮਰ ਜਾਂਦਾ ਹੈ। ਕੋਈ ਉਪਾਅ ਕੋਈ ਢੰਗ ਤਰੀਕਾ ਦਸੋ। ਮਹਾਤਮਾ ਤ੍ਰਿਕਾਲ-ਦਰਸ਼ੀ ਸੀ। ਉਹ ਜਨਮਾਂ ਜਨਮਾਂ ਦੀਆਂ ਜਾਣਦੇ ਸੀ। ਕਹਿੰਦੇ ਰਾਜਨ ਪਿਛਲੇ ਜਨਮ ਵਿਚ ਵੀ ਇਹਦਾ ਨਾਂ ਬਾਲੀ ਹੁੰਦਾ ਸੀ। ਇਹ ਬੜੇ ਚੰਗੇ ਸ਼ਾਹੂਕਾਰ ਦੀ ਲੜਕੀ ਸੀ। ਕਿਸੇ ਗਰੀਬ ਵੱਲ ਵਿਆਹੀ ਗਈ। ਉਹ ਜਿਹੜਾ ਇਹਦਾ ਪਤੀ ਬਣਿਆ ਸੀ ਉਹ ਬੜਾ ਰੱਬ ਦੀ ਬੰਦਗੀ ਕਰਦਾ ਸੀ, ਬੜਾ ਭਗਤੀ ਵਾਲਾ ਸੀ। ਇਹ ਰੋਜ਼ ਗਾਲ੍ਹਾਂ ਕੱਢੇ। ਮੈਂ ਆਈ ਤਾਂ ਤੁਹਾਡੀ ਗਰੀਬੀ ਗਵਾਈ। ਤੁਸੀਂ ਤਾਂ ਭੁੱਖੇ ਹੀ ਮਰਦੇ ਸੇ। ਤਾਂ ਮੈਂ ਹੀ ਸਭ ਕੁਝ ਲੈ ਕੇ ਆਈ, ਮੇਰੇ ਹੀ ਭਾਗ ਚੰਗੇ। ਉਹ ਬਥੇਰਾ ਸਮਝਾਏ ਬਈ ਜਦੋਂ ਤੂੰ ਹੀ ਸਾਡੇ ਘਰ ਆ ਗਈ ਤਾਂ ਤੇਰੇ ਭਾਗ ਜੋ ਵੀ ਕੁਝ ਹੈ, ਖਹਿੜਾ ਛੱਡੋ, ਆਪਾਂ ਰੱਬ ਦਾ ਭਜਨ ਕਰੀਏ, ਕਹਿੰਦੀ ਨਾ ਤੁਸੀਂ ਤਾਂ ਭੁੱਖੇ ਮਰਦੇ ਸੀ, ਮੈਂ ਆਈ ਤਾਂ ਗਰੀਬੀ ਕੱਟੀ, ਮੈਂ ਆਈ ਤਾਂ ਗਰੀਬੀ ਕੱਟੀ। ਮਹਾਤਮਾ ਕਹਿਣ ਲੱਗੇ ੪੦ ਸਾਲ ਬਾਅਦ ਉਸਦਾ ਪਤੀ ਅੱਜ ਬੋਲਿਆ। ਕਹਿਣ ਲੱਗਾ ਗੱਲ ਸੁਣ ਤੈਨੂੰ ੪੦ ਸਾਲ ਹੋ ਗਏ ਤਾਹਨੇ ਮਿਹਣੇ ਮਾਰਦਿਆਂ ਨੂੰ ਮੈਂ ਕਦੇ ਕੁਝ ਕਿਹਾ? ਕਹਿੰਦੀ ਕਹਿ ਲਉ ਕੀ ਕਹਿਣਾ, ਕੀ ਕਹਿ ਲਉਗੇ ਤੁਸੀਂ, ਕਰ ਲਉ ਜੋ ਕਰਨਾ। ਕਹਿੰਦੇ ਇਹਦਾ ਮਤਲਬ ਇਹ ਨਹੀਂ ਹੈ ਬਈ ਮੈਂ ਤੈਨੂੰ ਕੋਈ ਚਪੇੜ ਮਾਰਨੀ ਹੈ। ਅੱਜ ਮੈਂ ਤੈਨੂੰ ਇਕ ਬਚਨ ਕਰਦਾਂ, ਠੀਕ ਹੈ ਰੱਬ ਦਾ ਭਜਨ ਕਰੀ ਜਾ। ਪੁੰਨਾ ਦੇ ਕਾਰਨ ਤੈਨੂੰ ਸ਼ਾਇਦ ਅੱਗੇ ਜਨਮ ਬੀਬੀ ਦਾ ਮਿਲੇ ਜਾਂ ਮਿਲਦਾ ਰਹੇ, "ਪਰ ਜਦੋਂ ਤੱਕ ਧਰਤੀ, ਜ਼ਮੀਨ, ਅਸਮਾਨ ਰਹਿਣਗੇ ਤੇਰਾ ਵਿਆਹ ਨਹੀਂ ਹੋਏਗਾ, ਤੈਨੂੰ ਪਤੀ ਮਿਲੇਗਾ ਹੀ ਨਹੀਂ।" ਤੈਨੂੰ ਕਦਰ ਹੀ ਹੈ ਨਹੀਂ। ਕਹਿਣ ਲੱਗੇ ਰਾਜਨ ਇਹਨੂੰ ਜੰਗਲ ਵਿਚ ਛੱਡ ਆ। ਉਹ ਜਿਹੜੇ ੨੨ ਮੁੰਡੇ ਮਰੇ ਨੇ, ਰਾਜਿਆਂ ਦਾ ਉਹਦਾ ਸਰਾਪ ਤੈਨੂੰ ਪੈਣਾ ਹੀ ਪੈਣਾ। ਉਹ ਤਾਂ ਬਹੁਤ ਮਾਵਾਂ ਪਿੱਟ ਰਹੀਆਂ ਨੇ, ਰੋ ਰਹੀਆਂ ਨੇ, ਤੇਰਾ ਰਾਜ ਖ਼ਤਮ ਹੋਣ ਦਾ ਖਤਰਾ ਹੈ। ਰਾਜੇ ਨੇ ਬਿਠਾਇਆ ਰੱਥ ਤੇ, ਜੰਗਲ ਵਿਚ ਛੱਡ ਆਇਆ। ਟਾਹਲੀ ਦੀਆਂ ਜੜ੍ਹਾ ਵਿਚ ਬੈਠੀ। ਟਾਹਲੀ ਦਾ ਦਰੱਖਤ ਹੁੰਦਾ ਬੜਾ ਪੱਕਾ। ਪੁਰਾਣੇ ਵੱਡੇ ਵੱਡੇ ਹੁੰਦੇ ਨੇ ਥੱਬੇ-ਥੱਬੇ ਦੇ। ਇਉਂ ਰੋ ਰਹੀ ਹੈ। ਜਦੋਂ ਰੋ ਰਹੀ ਹੈ, ਗੁਰੂ ਨਾਨਕ ਜੀ ਦੀ ਨਿਗਾਹ ਪੈ ਗਈ, ਰੋ ਰਹੀ ਹੈ ਬੀਬੀ। ਸੋ ਗੁਰੂ ਜੀ ਕਹਿਣ ਲੱਗੇ,

***ਬਾਲੀ ਰੋਵੈ ਨਾਹਿ ਭਤਾਰੁ॥*** **(ਅੰਗ ੯੫੪)**

ਪਤੀ ਤੋਂ ਬਿਨਾਂ। ਇਉਂ ਦਸਿਆ ਰੋ ਰਹੀ ਹੈ।

**ਧਾਰਨਾ- ਬਾਲੀ ਰੋਂਦੀ ਏ**

**ਪਤੀ ਨੂੰ ਦੁੱਖ ਦੇ ਕੇ ਜੀ............2**

***ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥***
**(ਅੰਗ ੯੫੪)**

ਗੁਰੂ ਨਾਨਕ ਜੀ ਕਹਿਣ ਲੱਗੇ ਬੀਬੀ ਕਿਉਂ ਦੁਖੀ ਕਰਦੀ ਏਂ ਸੇਠ ਜੀ ਨੂੰ। ਉਹ ਕਿਤੇ ਬਾਲੀ ਵਾਲੀ ਗੱਲ ਨਾ ਹੋ ਜਾਏ। ਉਹਨੇ ਮੱਥਾ ਟੇਕਿਆ ਸੱਚੇ ਪਾਤਸ਼ਾਹ ਖਿਮਾਂ ਕਰੋ। ਅੱਜ ਤੋਂ ਬਾਅਦ ਮੈਂ ਨਾ ਲੜੂੰ। ਪੱਕੀ ਸੁਲਾਹ ਹੋ ਜਾਏਗੀ। ਕੋਈ ਇਹੋ ਜਿਹੀ ਗੱਲ ਨਹੀਂ ਹੈ। ਦੇਖ ਲੈ ਉਹ ਕਿਵੇਂ ਰੋਂਦੀ ਸੀ ਟਾਹਲੀਆਂ ਦੀਆਂ ਜੜ੍ਹਾਂ ਵਿਚ ਬਹਿ ਕੇ।

***"ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥***
***ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥੧॥***
**(ਅੰਗ ੯੫੪)**

ਇਥੇ ਹੀ ਰਾਗ ਰਾਮਕਲੀ ਮਹੱਲੇ ੧ ਦਾ ਸ਼ਬਦ ਜਿਹੜਾ ਹੈ ਪੂਰਾ ਹੁੰਦਾ ਹੈ। ਸੋ ਗੁਰੂ ਜੀ ਕੋਲ ਜੋ ਆਏ ਸੀ ਉਹਨਾਂ ਨੇ ਮਾਫ਼ੀ ਮੰਗੀ, ਮਹਾਰਾਜ ਜੋ ਹੋ ਗਿਆ, ਹੋ ਗਿਆ ਮਾਫ਼ ਕਰੋ। ਗੁਰੂ ਜੀ ਕਹਿੰਦੇ ਸੇਠ ਹੁਣ ਤੂੰ ਦੱਸ। ਸਾਰੇ ਘਰ ਪੁਆੜਾ ਤੂੰ ਪਾਈ ਫਿਰਦਾ। ਗਲਤੀ ਤੇਰੀ ਹੈ, ਅਸੀਂ ਪਹਿਲਾਂ ਵੀ ਦਸਿਆ ਹੈ। ਇਹ ਫੁੱਟ ਚੰਗੀ ਨਹੀਂ ਹੁੰਦੀ। ਤੂੰ ਵੀ ਅਕਲ ਕਰ। ਦੇਖ ਲੈ ਕਿੱਡੇ ਕਿੱਡੇ ਰੋਏ ਨੇ। ਕਿਤੇ ਰੱਬ ਦਾ ਭਜਨ ਕਰਿਆ ਕਰ। ਰੱਬ ਦਾ ਨਾਉਂ ਲਿਆ ਕਰ। ਇਉਂ ਗੁਰੂ ਜੀ ਨੇ ਸਮਝਾਇਆ।

**ਧਾਰਨਾ - ਦੁਖੀਆ ਸਭੁ ਸੰਸਾਰ ਨਾਨਕ ਦੁਖੀਆ, ਸੇਠ ਜੀ ਦੁਖੀਆ...2**

**ਦੁਖੀਆ ਸਭੁ ਸੰਸਾਰ ਨਾਨਕ ਦੁਖੀਆ, ਸੇਠ ਜੀ ਦੁਖੀਆ.....2**

ਗੁਰੂ ਜੀ ਕਹਿਣ ਲੱਗੇ ਸੇਠ ਜੀ ਕਿਸੇ ਕਾਰਨ ਤੋਂ ਹੀ ਦੁੱਖ ਹੁੰਦਾ ਹੈ। ਸੇਠ ਨੇ ਵੀ ਰੋ ਰੋ ਕੇ ਮਾਫੀ ਮੰਗੀ। ਮਹਾਰਾਜ ਠੀਕ ਹੈ। ਆਪ ਹੀ ਤੰਦਰੁਸਤੀ ਬਖ਼ਸ਼ ਸਕਦੇ ਹੋ। ਗੁਰੂ ਨਾਨਕ ਜੀ ਨੇ ਪ੍ਰਸ਼ਾਦਿ ਦਿੱਤਾ। ਉਨ੍ਹਾਂ ਦੀ ਬਿਮਾਰੀ ਦਾ ਇਲਾਜ਼ ਹੋਇਆ। ਰਾਜ਼ੀ ਹੋਏ। ਕਹਿਣ ਲੱਗੇ ਹੁਣ ਤੁਸੀਂ ਚਰਨ ਪਾਹੁਲ ਮਿਲ ਗਈ, ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ, ਇਸ ਦਾ ਸਿਮਰਨ ਕਰਨਾ ਸੇਠ ਜੀ। ਆਏ ਗਏ ਦੀ ਸੇਵਾ ਕਰਨੀ, ਕਿਉਂ ਬਈ ਮਰਦਾਨਿਆਂ, ਹੈ ਕੋਈ ਸੁੱਖੀ, ਸੁੱਖੀ ਨਜ਼ਰ ਆ ਰਿਹਾ। ਨਹੀਂ ਮਹਾਰਾਜ। ਆਹੀ

ਸੀ ਨਾ ਜਿਹੜਾ ਹੱਸ ਹੱਸ ਕੇ ਗੱਲਾਂ ਕਰਦਾ ਸੀ। ਕਈ ਲੋਕ ਰਾਹ ਵਿਚ ਜਾਂਦਿਆਂ ਹੀ ਇਧਰ ਉਧਰ। ਅੱਛੇ-ਅੱਛੇ ਮਕਾਨਾਂ ਵਿਚ ਬੜੇ ਸੁਖੀ ਪ੍ਰਤੀਤ ਦੇਂਦੇ ਨੇ। ਉਨ੍ਹਾਂ ਨੂੰ ਕਿਸੇ ਨੇ ਪੁੱਛ ਕੇ ਨਹੀਂ ਦੇਖਿਆ। ਜਿਵੇਂ ਫੋੜਾ ਹੋਵੇ, ਉਹਨੂੰ ਨਸਤਰ ਮਾੜਾ ਜਿਹਾ ਲਾ ਦਿਉ। ਉਹ ਰੇਸ਼ਾ ਇਉਂ ਚਲਦਾ। ਦਿੱਲੀ ਬੜਾ ਵੱਡਾ ਸ਼ਹਿਰ ਹੈ। ਆਪਣੀ ਇਥੇ ਰਾਜਧਾਨੀ ਹੈ, ਹਿੰਦੁਸਤਾਨ ਦੀ। ਉਥੇ ਵੀ ਦੀਵਾਨ ਹੁੰਦੇ ਨੇ। ਉਥੇ ਫਿਰ ਉਹ ਵੱਡੀਆਂ-ਵੱਡੀਆਂ ਕੋਠੀਆਂ। ਬਟਨ ਦੱਬੋ ਤੇ ਉਪਰ ਚਲੇ ਜਾਉ ਤੇ ਉਥੇ ਮੈਂ ਅੱਖੀਂ ਦੇਖੀ ਗੱਲ ਦੱਸਨਾਂ। ਉਥੇ ਚੌਥੀ ਛੱਤ ਤੇ ਜਾਣਾ, ਪੰਜਵੀਂ ਛੱਤ ਤੇ ਜਾਣਾ। ਉਥੇ ਕੀ ਹੈ, ਅਖੇ ਤੁਹਾਨੂੰ ਯਾਦ ਕਰਦਾ। ਜ਼ਰੂਰ ਮਿਲ ਕੇ ਜਾਇਉ। ਉਹ ਬਟਨ ਦੱਬਿਆ ਉਹ ਪੰਘੂੜਾ ਜਿਹਾ ਲੈ ਗਿਆ ਉਤਾਂਹ। ਉਥੇ ਬੈਠਾ ਮੰਜੀ ਤੇ ਵਿਚਾਰਾ, ਹੈ ਤਾਂ ਸਿੱਖ ਸੀ। ਬਹੁਤ ਦੁੱਖੀ ਬਹੁਤ ਦੁੱਖੀ ਢਾਈ ਕਰੋੜ ਦੀ ਕੋਠੀ। ਤੜਫੇ ਇਉਂ ਜਿਵੇਂ ਭੱਠੀ ਵਿਚ ਦਾਣੇ। ਇੰਨੀਆਂ ਬਿਮਾਰੀਆਂ ਹਾਏ ਹਾਏ ਕਰੇ। ਕਹੇ ਬਾਬਾ ਜੀ ਮੈਂ ਮਰ ਗਿਆ। ਮੇਰੇ ਜਿੰਨਾ ਦੁੱਖੀ ਕੋਈ ਨਹੀਂ ਜੇ ਦੁਨੀਆਂ ਤੇ। ਅੱਜ ਤਿੰਨ ਦਿਨ ਹੋ ਗਏ, ਕਿਸੇ ਰੋਟੀ ਨਹੀਂ ਜੇ ਦਿੱਤੀ। ਕੋਈ ਨਹੀਂ ਜੇ ਪੁੱਛਦਾ। ਪਾਸਾ ਪਰਤਣ ਵਾਲੇ ਨੌਕਰ ਹੈਗੇ, ਕਦੀ ਇਹ ਵੀ ਚਲੇ ਜਾਂਦੇ ਨੇ। ਕੀੜੇ ਪੈ ਗਏ ਸਰੀਰ ਵਿਚ, ਮੇਰੇ ਜਿੰਨਾ ਦੁੱਖੀ ਕੋਈ ਨਹੀਂ। ਮੈਂ ਬੜਾ ਧਨ ਕਮਾਇਆ। ਠੱਗੀਆਂ ਮਾਰੀਆਂ ਤੇ ਕੀੜੇ ਹੀ ਪੈਣੇ ਨੇ। ਠੱਗੀਆਂ ਮਾਰੀਆਂ, ਕਿਤੇ ਮਕੌਈ ਗੋਡ ਕੇ ਸਾਧਸੰਗਤ ਢਾਈ ਕਰੋੜ ਦੀ ਕੋਠੀ ਬਣਦੀ ਹੈ। ਅੱਜ ਪੈਦਲ, ਕਲ੍ਹ ਕਾਰ ਪਰਸੋਂ ਬਟਨ ਦੱਬੋ ਤੇ ਉਤਾਂਹ। ਹੈਂ ਠੱਗੀਆਂ ਮਾਰੀਆਂ ਹੁੰਦੀਆਂ ਫਿਰ ਕੀੜੇ ਹੀ ਪੈਂਦੇ ਹੁੰਦੇ ਨੇ। ਤੁਸੀਂ ਕੋਈ ਅਰਦਾਸ ਕਰੋ ਜਾਨ ਨਿਕਲੇ। ਮੈਂ ਆਖਿਆ ਜਦੋਂ ਹੇਰਾਫੇਰੀ ਕਰਦਾ ਸੈਂ ਉਦੋਂ ਮੈਨੂੰ ਪੁੱਛ ਲੈਣੀ ਸੀ ਸਲਾਹ। ਤੈਨੂੰ ਚੰਗੀ ਸਲਾਹ ਦੇਂਦੇ। ਮੈਨੂੰ ਨਹੀਂ ਐਹੋ ਜਿਹੀਆਂ ਅਰਦਾਸਾਂ ਆਉਂਦੀਆਂ। ਗੁਰੂ ਨਾਨਕ ਜੀ ਨੂੰ ਆਪੇ ਹੀ ਅਰਦਾਸ ਕਰਿਆ ਕਰ। ਜੇ ਮਨਜ਼ੂਰ ਹੋ ਗਈ ਤਾਂ ਮਰ ਮੁੱਕ ਜਾਏਂਗਾ ਨਹੀਂ ਤਾਂ ਤੜਫ਼ ਭਰਾਵਾ ਫੇਰ। ਸੋ ਇਹ ਨਾ ਦੇਖਿਆ ਕਰੋ ਬਈ ਬਹੁਤ ਸੋਹਣੀਆਂ ਕੋਠੀਆਂ ਨੇ, ਬਟਨ ਦੱਬਦੇ ਤੇ ਉਤਾਂਹ ਚਲੇ ਜਾਂਦੇ ਨੇ। ਵਿਚ ਵੇਖੋ ਬਈ ਕੀ ਹੋ ਰਿਹਾ। ਸੋ ਗੁਰੂ ਨਾਨਕ ਜੀ ਸੱਚ ਕਹਿੰਦੇ ਨੇ-

**ਧਾਰਨਾ-ਦੁਖੀਆ ਸਭ ਸੰਸਾਰ, ਨਾਨਕ ਦੁਖੀਆ, ਨਾਨਕ ਦੁਖੀਆ...2**

**ਦੁਖੀਆ ਸਭ ਸੰਸਾਰ, ਨਾਨਕ ਦੁਖੀਆ, ਨਾਨਕ ਦੁਖੀਆ....2**

ਸੋ ਇਸ ਤਰ੍ਹਾਂ ਮਾੜੇ ਕਰਮ ਕਰਨ ਵਾਲੇ, ਠੱਗੀਆਂ ਮਾਰਨ ਵਾਲੇ ਤੇ ਸਾਧੂ ਸੰਤਾਂ ਦੀ ਨਿੰਦਿਆ ਕਰਨ ਵਾਲੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਟਿਚਰਾਂ ਕਰਨ ਵਾਲੇ, ਉਨ੍ਹਾਂ ਦਾ ਮਾੜਾ ਹਾਲ ਹੁੰਦਾ।

ਸਾਡੇ ਉਥੇ ਯੂ.ਪੀ. ਵਿਚ, ਉਥੇ ਵੀ ਦੀਵਾਨਾਂ ਵਿਚ ਮੈਂ ਇਹ ਗੱਲ ਸੁਣਾਉਂਦਾ ਰਹਿਨਾਂ। ਉਥੇ ਪਾਠੀ ਬੜੇ। ਇਕ ਹਰਦੇਵ ਸਿੰਘ ਪਾਠੀ ਹੁੰਦਾ। ਰਾਮਨਗਰ ਪਿੰਡ ਦਾ ਨਾਂ ਹੈ। ਸਪੀਕਰ ਵਾਲੇ ਦਾ ਪਿੰਡ ਹੈ। ਉਥੇ ਦੀਵਾਨ ਲਗਿਆ। ਹੋ ਗਏ ਲਗਭਗ ੨੪ ਸਾਲ। ਉਹ ਸਾਧਸੰਗਤ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਗਤੀ ਲੈ ਕੇ ਵਿਚ ਗਾਂਹ ਮਖੌਲ ਜਿਹੇ ਜੋੜੇ ਹੋਏ। ਉਹਨੂੰ ਸਮਝਾਇਆ। ਕਵੀਸ਼ਰ ਸੀ। ਦੇਖ ਮਖੌਲ ਆਪਣੇ ਬਰਾਬਰ ਦੇ ਨਾਲ ਕਰੀਦਾ ਹੁੰਦਾ। ਇਹ ਕਾਇਦਾ। ਜੇ ਨਹੀਂ ਗੁਜ਼ਾਰਾ ਹੁੰਦਾ, ਹੱਸਣਾ ਖੇਡਣਾ ਤਾਂ। ਗੁਰੂ ਨਾਨਕ ਨਾਲ ਤੇਰਾ ਮਖੌਲ ਨਹੀਂ ਬਣਦਾ। ਦੁਰਭਾਸ਼ਾ ਨੂੰ ਮਖੌਲ ਕੀਤਾ ਸੀ ਸਾਂਭ ਨੇ ਕ੍ਰਿਸ਼ਨ ਦੇ। ਦੇਖਿਆ ਗੱਲ ਗੁਲ ਗਏ ਸਾਰੇ। ਉਹਨੇ, ਜਿਵੇਂ ਗੱਲਬਾਤ ਹੋਈ, ਮੈਂ ਉਵੇਂ ਦੱਸਨਾਂ। ਕਹਿੰਦਾ ਭਾ ਜੀ ਮੈਂ ੧੧ ਬਾਣੀਆਂ ਦਾ ਪਾਠ ਕਰਦਾਂ, ੨੫ ਜਪੁਜੀ ਸਾਹਿਬ ਕਰਦਾਂ। ਮੈਨੂੰ ਕੀ ਹੋ ਜਾਏਗਾ ਜੇ ਮੈਂ ਮਖੌਲ ਕਰ ਲਵਾਂਗਾ। ਮੈਂ ਕਿਹਾ ਗੁਰੂ ਡਾਢਾ ਹੈ। ਮੈਂ ਕਿਹਾ ਇਹ ਗੱਲ ਨਾ ਕਰਿਆ ਕਰ ਤੂੰ ਪਾਠੀ ਹੈਂ। ਕਈ ਪਾਠੀਆਂ ਨੂੰ ਬੜੀ ਭੈੜੀ ਆਦਤ ਹੁੰਦੀ ਹੈ। ਉਨ੍ਹਾਂ ਨੂੰ ਪਾਠ ਜ਼ਬਾਨੀ ਯਾਦ ਹੁੰਦਾ। ਵਿਚੋਂ ਪੰਗਤੀਆਂ ਲੈ ਲੈ ਕੇ ਮਖੌਲ ਕਰਦੇ ਨੇ, ਗੱਲਾਂ ਜੋੜ ਜੋੜ ਕੇ। ਉਹ ਸਾਧਸੰਗਤ ਚਾਰ ਪੰਜ ਮਹੀਨੇ ਬਾਅਦ ਬਿਮਾਰ ਹੋ ਗਿਆ। ਉਸਦਾ ਛੋਟਾ ਭਾਈ, ਉਹਨੇ ਸਨੇਹਾ ਘੱਲਿਆ ਬਈ ਉਹ ਮਾੜਾ ਮੋਟਾ ਬੋਲਦਾ, ਬੜੀ ਬੁਰੀ ਹਾਲਤ ਹੈ। ਡਾਕਟਰਾਂ ਜਵਾਬ ਦੇ ਦਿੱਤਾ। ਘਰ ਪਿਆ, ਤੁਹਾਨੂੰ ਯਾਦ ਕਰਦਾ। ਮੈਂ ਕਿਹਾ ਚੰਗਾ। ਉਦੋਂ ਆਹ ਨਵੀਆਂ ਨਵੀਆਂ ਨਿਕਲੀਆਂ ਸੀ, ਆਹ ਸਾਈਕਲੀਆਂ ਜਿਹੀਆਂ। ਛੋਟੀਆਂ ਮੋਟਰੀ ਸਾਈਕਲੀਆਂ। ਇਹਦੇ ਤੇ ਗਿਆ। ਮੈਂ ਨਾਲ ਆਹ ਸਪੀਕਰ ਵਾਲੇ ਦਾ ਪਿਉ। ਮੈਂ ਕਿਹਾ ਚਲ ਭਾਈ ਉਹਨੂੰ ਮਿਲਕੇ ਆਈਏ। ਮੈਂ ਅੱਖੀਂ ਦੇਖਿਆ। ਮੇਰੇ ਜਾਂਦਿਆਂ ਨੂੰ ਜ਼ਬਾਨ ਬੰਦ ਸੀ। ਪੈਰ ਤੋਂ ਲੈ ਕੇ ਸਿਰ ਤੱਕ ਸਰੀਰ 'ਚ ਕੀੜੇ ਪਹਿਲੀ ਗੱਲ। ਰੇਸ਼ਾ ਕਪੜਿਆਂ ਨੂੰ ਲੱਗਾ ਦੂਸਰੀ ਗੱਲ। ਹਰਦੇਵ ਸਿੰਘ ਦਾ ਆਹ ਹਾਲ ਜਿਹੜਾ ਕਹਿੰਦਾ ਸੀ ਗਿਆਰਾਂ ਬਾਣੀਆਂ। ਮੈਂ ਉਹ ਆਪਣੀ ਜ਼ਬਾਨ ਨਾਲ ਦੱਸ ਨਹੀਂ ਸਕਦਾ, ਜਿਹੜਾ ਗੁਰੂ ਗ੍ਰੰਥ ਸਾਹਿਬ 'ਚੋ ਪੰਗਤੀਆਂ ਲੈ ਕੇ ਮਖੌਲ ਕਰਦਾ ਹੁੰਦਾ ਸੀ। ਸੁਣਦਾ ਹੀ ਨਹੀਂ ਸੀ ਕਿਸੇ ਦੀ। ਫੇਰ ਅੱਖਾਂ ਉਹਦੀਆਂ ਖੁਲ੍ਹੀਆਂ। ਕਹਿੰਦੇ ਸਤਿਸੰਗ ਵਾਲੇ ਭਾਜੀ ਆਏ ਨੇ। ਫੇਰ ਉਸ ਦੀਆਂ ਅੱਖਾਂ ਵਿਚੋਂ ਪਾਣੀ। ਉਹ ਆਪਣੇ ਆਪ ਵਿਚ ਉਠਣਾ ਚਾਹੁੰਦਾ ਸੀ। ਉਹ ਬੜਾ ਹਿਲਦਾ ਸੀ ਤੜਫਦਾ ਸੀ। ਕੁਝ ਬੋਲ ਨਹੀਂ ਸੀ ਸਕਦਾ। ਮੈਂ ਕਿਹਾ ਹੁਣ ਮੇਰਾ ਫਰਜ਼ ਨਹੀਂ ਤੈਨੂੰ ਕੁਝ ਕਹਿਣਾ। ਪਰ ਤੈਨੂੰ, ਜਿਹੜਾ ਗੁਰੂ ਗ੍ਰੰਥ ਸਾਹਿਬ ਨੂੰ ਮਖੌਲ ਕਰਦਾ ਹੁੰਦਾ ਸੀ ਨਾ ਉਹ ਪਾਪ ਲੱਗਾ। ਤੈਨੂੰ ਕੋਈ ਮਾਫ ਨਹੀਂ ਕਰ ਸਕਦਾ। ਤੇਰੀ ਅਰਦਾਸ ਵੀ ਕੋਈ ਨਹੀਂ ਕਰ ਸਕਦਾ। ਮਰਨਾ ਕਿਸੇ ਨੇ ਕਰਕੇ ਐਹੋ ਜਿਹੇ ਪਾਪੀ ਦੀ ਅਰਦਾਸ। ਗੁਰੂ ਨਾਨਕ

ਜਾਣੇ ਤੇ ਤੂੰ ਜਾਣ। ਸੋ ਤੂੰ ਭਰਾ ਹੈਂ। ਤੂੰ ਕਰ ਲੈ ਇਹਦੀ ਅਰਦਾਸ। ਉਹਨੇ ਕੀਤੀ, ਕੁਝ ਸਾਲਾਂ ਬਾਅਦ ਉਹ ਵੀ ਚਲਾਣਾ ਕਰ ਗਿਆ। ਸੋ ਇਸ ਕਰਕੇ ਦੋਵੇਂ ਭਰਾ ਸੇ। ਸੋ ਇਸ ਤਰ੍ਹਾਂ ਕਦੇ ਵੀ ਗੁਰਬਾਣੀ ਨੂੰ ਮਖੌਲ ਨਾ ਕਰੋ, ਗੁਰੂ ਗ੍ਰੰਥ ਸਾਹਿਬ ਨੂੰ ਨਾ। ਕਈਆਂ ਨੇ ਤਾਂ ਕੋਈ ਹੱਦ ਬੰਨਾ ਨਹੀਂ ਛੱਡਿਆ। ਕੋਈ ਜਪੁਜੀ ਸਾਹਿਬ ਤੋਂ ਪੰਗਤੀ ਲੈ ਲਈ, ਟਿਚਰਾਂ ਕਰ ਛੱਡੀਆਂ। ਕੋਈ ਉਧਰੋਂ ਲੈ ਲਈ। ਗੁਰੂ ਨਾਨਕ ਸਰੂਪ ਹਨ। ਗੁਰਗੱਦੀ ਗੁਰੂ ਨਾਨਕ ਜੀ ਦੀ ਗੁਰੂ ਗ੍ਰੰਥ ਸਾਹਿਬ ਕੋਲ ਹੈ। ਜੇ ਤਰਨਾ ਹੈ ਨਮਸਕਾਰ ਕਰੋ। ਗੁਰੂ ਜੀਆਂ ਨੂੰ ਗੁਰੂ ਧਾਰਨ ਕਰੋ। ਮਖੌਲ ਹੁੰਦਾ ਆਪਣੇ ਬਰਾਬਰ ਨਾਲ। ਰੱਬ ਨਾਲ, ਸਾਧੂ, ਸੰਤਾਂ ਨਾਲ ਕਾਹਦਾ ਮਖੌਲ। ਮਰਨਾ ਕਿਸੇ ਨੇ ਕਰਕੇ। ਕੁਲਾਂ ਦੀਆਂ ਕੁਲਾਂ ਨਾਸ਼ ਹੁੰਦੀਆਂ। ਸੋ ਇਸ ਕਰਕੇ ਇਹੋ ਜਿਹੇ ਕਾਰਨਾਂ ਤੋਂ ਇਹੋ ਜਿਹੇ ਰੋਣ ਦੇ ਕਾਰਨ ਬਣਦੇ ਹੁੰਦੇ ਆ। ਸੋ ਗੁਰੂ ਜੀ ਨੇ ਸੇਠ ਤੇ ਕ੍ਰਿਪਾ ਕੀਤੀ। ਜ਼ਿਲ੍ਹਾ ਮਿੰਟਗੁਮਰੀ, ਸਤਘਰੇ ਤਹਿਸੀਲ। ਉਸਦੇ ਘਰ ਸੁੱਖ ਆ ਗਿਆ। ਗੁਰੂ ਜੀ ਦੇ ਸਿੱਖ ਬਣ ਗਏ। ਉਹ ਲਗੇ ਵਾਹਿਗੁਰੂ ਵਾਹਿਗੁਰੂ ਜਪਣ। ਗੁਰੂ ਨਾਨਕ ਜੀ ਅੱਗੇ ਚਲਦੇ ਰਹੇ। ਬੋਲੋ ਭਾਈ ਜੀ ਵਾਹਿਗੁਰੂ। ਐਸੀ ਸਾਖੀ ਹੈ ਗੁਰੂ ਮਹਾਰਾਜ ਜੀ ਦੀ। ਹੁਣ ਗੁਰੂ ਉਸਤੋਤਰ ਪੜ੍ਹੋ ਤੇ ਭਾਈ ਸਾਹਿਬ ਅਨੰਦੁ ਸਾਹਿਬ ਦਾ ਪਾਠ ਕਰ ਲੈਣ। ਫਿਰ ਅਰਦਾਸ ਗੁਰੂ ਚਰਨਾਂ ਵਿਚ ਹੋਏਗੀ। ਫਿਰ ਗੁਰੂ ਜੀਆਂ ਦਾ ਹੁਕਮਨਾਮਾ ਸੁਣਨਾ। ਹੁਕਮਨਾਮਾ ਸੁਣੀਦਾ ਹੁੰਦਾ ਹੈ। ਭਾਵੇਂ ਕਿੰਨੀ ਬਾਣੀ ਯਾਦ ਹੋਵੇ। ਵਿਚ ਬੋਲੀਦਾ ਨਹੀਂ ਹੁੰਦਾ। ਚੁਪ ਕਰਕੇ ਰਹੀਦਾ ਹੁੰਦਾ।

ਇਕ ਵਾਰੀ ਇਕ ਥਾਂ ਦੀਵਾਨ ਲੱਗਾ ਸੀ। ਕਈ ਸ਼ਬਦ ਵਿਚ ਥੋੜ੍ਹੇ ਵਿਚ ਸਰਲ ਵੀ ਹੁੰਦੇ ਨੇ। ਉਹ ਇਕ ਪਾਠੀ ਲੱਗਾ ਪੰਗਤੀ ਪੜ੍ਹਨ। ਮੈਂ ਸੰਸਕ੍ਰਿਤ ਦੇ ਸ਼ੁਰੂ ਕਰ ਦਿੱਤੇ। ਮੈਂ ਆਖਿਆ ਹੁਣ ਪੜ੍ਹ ਨਾਲ ਮੇਰੇ, ਪੜ੍ਹ। ਫੇਰ ਵੇਖੇ ਤਾਂਹ ਤਾਂਹ। ਇੰਜ ਨਹੀਂ ਕਰੀਦਾ ਹੁੰਦਾ। ਸੁਣੀਦਾ ਹੁੰਦਾ ਚੁੱਪ ਕਰਕੇ। ਨਾ ਕਥਾ ਵਿਚ ਬੋਲੀਦਾ ਹੁੰਦਾ। ਸੁਣੀਦੀ ਹੁੰਦੀ ਹੈ। ਜਦੋਂ ਹੁਕਮਨਾਮਾ ਹੋਵੇ ਉਦੋਂ ਵੀ ਚੁੱਪ ਕਰਕੇ ਸੁਣੋ। ਹੁਕਮ ਸੁਣੀਦਾ, ਸੁਣਾਈਦਾ ਥੋੜ੍ਹੀ ਹੈ। ਕਈਆਂ ਨੂੰ ਸ਼ਬਦ ਯਾਦ, ਵਿਚੇ ਅੱਗੇ-ਅੱਗੇ ਪੜ੍ਹੀ ਜਾਂਦੇ ਨੇ। ਲੈ ਬਈ ਤੇਰੇ ਕੋਲੋਂ ਸੁਣ ਲੈਨੇ ਆਂ। ਫੇਰ ਗੁਰੂ ਗ੍ਰੰਥ ਸਾਹਿਬ ਤੋਂ ਹੁਕਮਨਾਮਾ ਲੈਣ ਦੀ ਕੀ ਲੋੜ ਹੈ, ਤੇਰੇ ਕੋਲੋਂ ਹੀ ਸੁਣ ਲੈਨੇ ਆਂ। ਸੋ ਹੁਕਮ ਸੁਣੀਦਾ ਹੁੰਦਾ ਚੁੱਪ ਕਰਕੇ। ਇਹ ਮਰਯਾਦਾ ਹੈ। ਫਿਰ ਪ੍ਰਸ਼ਾਦਿ ਵਰਤੇਗਾ। ਅਗਲੇ ਦੀਵਾਨ ਤੁਹਾਡੇ ਤਿੰਨ ਕੁ ਰਹਿ ਗਏ। ਹੁੰਮ ਹੁੰਮਾ ਕੇ ਆਇਉ। ਸਮੇਂ ਤੋਂ ਲਾਭ ਉਠਾਉਣਾ। ਹੁਣ ਗੁਰੂ ਸਤੋਤਰ ਪੜ੍ਹੋ। ਅੱਜ ਟਾਇਮ ਵੀ ਜ਼ਿਆਦਾ ਹੋ ਗਿਆ। ਤਕਰੀਬਨ ਢਾਈ ਵੱਜਣ ਵਾਲੇ ਆ। ਪੰਜ ਕੁ ਮਿੰਟ ਬਾਕੀ ਰਹਿ ਗਏ। ਅੱਜ ਮੈਂ ਸਵੇਰੇ ਕਿਹਾ ਸੀ, ਮੈਂ ਕਿਹਾ ਅੱਜ ਇਕ ਘੰਟਾ ਕਥਾ ਕਰਾਂਗੇ। ਕੁਝ ਸਿਹਤ

ਨਹੀਂ ਸੀ ਠੀਕ। ਉਹ ਫਿਰ ਇਥੋਂ ਤੁਹਾਡੇ ਡਾਕਟਰ ਨੇ ਦਵਾਈ ਦੇ ਦਿੱਤੀ ਕੁਝ ਠੀਕ। ਚਲੋ ਬਈ ਅੱਜ ਇਕ ਤੋਂ ਦੋ ਲਾ ਲਵਾਂਗੇ। ਇਸ ਕਰਕੇ ਮੈਂ ਪਿੱਛੋਂ ਲੇਟ ਵੀ ਆਇਆ ਸੀ, ਪਰ ਆਪਣਾ ਸੋਚਿਆ ਥੋੜ੍ਹਾ ਹੁੰਦਾ। ਜਿਵੇਂ ਮਹਾਰਾਜ ਨੂੰ ਮਨਜ਼ੂਰ ਉਵੇਂ ਹੀ ਹੁੰਦਾ। ਸੋ ਅੱਧਾ ਘੰਟਾ ਜ਼ਿਆਦਾ ਲੱਗਾ। ਇਹਦਾ ਮਤਲਬ ਇਹ ਹੈ ਬਈ ਦੋ ਘੰਟੇ ਹੀ ਠੀਕ ਹੈ। ਨਾ ਥੋੜ੍ਹਾ ਕਰੀਏ ਨਾ ਰੱਬ ਜ਼ਿਆਦਾ ਲਵਾਏ ਤੇ ਤਦੇ ਹੀ ਠੀਕ ਹੈ। ਹੁਣ ਗੁਰੂ ਉਸਤੋਤਰ ਪੜ੍ਹੋ।

ਅਨੰਦੁ ਸਾਹਿਬ

****

ਗੁਰੂ ਉਸਤੋਤਰ

****

ਅਰਦਾਸ

****

**ਹੁਕਮਨਾਮਾ**

**ਸੋਰਠਿ ਮਹਲਾ ੫ ॥**

**ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥ ੧ ॥ ਸੰਤਹੁ ਰਾਮ ਨਾਮਿ ਨਿਸਤਰੀਐ ॥ ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥ ੧ ॥ ਰਹਾਉ ॥ ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥ ੨ ॥ ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥ ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥ ੩ ॥ ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥ ੪ ॥ ੩ ॥ ੫੩ ॥ (ਅੰਗ ੬੨੨)**

**ਵਾਹਿਗੁਰੂ ਜੀ ਕਾ ਖਾਲਸਾ॥**

**ਵਾਹਿਗੁਰੂ ਜੀ ਕੀ ਫਤਹਿ॥**

★★★

ੴ

# ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ

ਸ਼ਾਨ : (ਬਹੁਤ ਹੀ ਸੁਰੀਲੀ ਸਾਜ਼ਾਂ ਦੀ ਧੁੰਨ)

ਸਤਿਨਾਮ ਸ੍ਰੀ ਵਾਹਿਗੁਰੂ।

ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀਉ ਮਹਾਰਾਜ।

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

(ਅੰਗ ੨੮੯)

ਧਾਰਨਾ- ਸਾਰੀ ਧਰਤ ਸੁਹਾਵੀ ਹੋ ਜਾਵੇ ਮੇਰੇ ਵਿਹੜੇ ਆਜਾ ਵਾਹਿਗੁਰੂ

ਸਾਰੀ ਧਰਤ ਸੁਹਾਵੀ ਹੋ ਜਾਵੇ ਮੇਰੇ ਵਿਹੜੇ ਆ ਜਾ ਮਾਲਕਾ।

*ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥*
*ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥*

(ਅੰਗ ੧੦੯੫)

ਧਾਰਨਾ- ਤਿੰਨੇ ਜੱਗ ਜਿਉਂਦੇ ਨੇ, ਦਾਤਾ ਤੇ ਭਗਤ ਸੂਰਮਾ.....।

ਤਿੰਨੇ ਜੱਗ ਜਿਉਂਦੇ ਨੇ, ਦਾਨੀ ਤੇ ਭਗਤ ਸੂਰਮਾ.....।

ਸਾਧਸੰਗਤ ਸਭ ਮਾਈ ਭਾਈ ਆਪਣੀਆਂ ਬਿਰਤੀਆਂ ਇਕਾਗਰ ਕਰਦੇ ਹੋਏ ਗੱਜ ਵੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ। ਆਪਾਂ ਸਾਰੇ ਹੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਕ੍ਰਿਪਾ ਨਾਲ ਕਲਜੁਗ ਦੇ ਭਿਆਨਕ ਸਮੇਂ ਅੰਦਰ, ਇਕ ਠੰਢੀ ਨਦੀ ਹੈ ਸਾਧਸੰਗਤ, ਇਹਦੇ ਵਿਚ ਆਪਾਂ ਬੈਠੇ ਹਾਂ। ਜਿੰਨਾ ਵੀ ਸਮਾਂ ਹੈ ਵਾਰੀ ਆਈ ਤੇ ਸ਼ਬਦ ਵਿਚ ਬੋਲੋ, ਨਾਲ ਦੇ ਨਾਲ ਵਿਚਾਰ ਕਰੀ ਜਾਣੀ। ਆਪਾਂ ਕਥਾ ਦੇ ਰਸਤੇ ਗੁਰੂ ਮਹਾਰਾਜ ਦੇ ਦਰਸ਼ਨ, ਗੁਰਬਾਣੀ ਰਾਹੀਂ ਗੁਰੂ ਮਹਾਰਾਜ ਦੇ ਦਰਸ਼ਨ ਵਿਚਾਰ ਰਾਹੀਂ,

ਆਪਾਂ ਇਹ ਕਰਨੇ ਹਨ। ਜਿਵੇਂ ਜਿਵੇਂ ਸਾਖੀ ਵਿਚਾਰ ਹੋਵੇ ਨਾਲ ਦੇ ਨਾਲ ਉਸ ਵਿਚ ਧਿਆਨ ਰੱਖਣਾ, ਉਹ ਫਿਰ ਤੱਤ ਜਿਹੜਾ ਹੈ ਨ ਸਮਝ ਵਿਚ ਆ ਜਾਂਦਾ ਹੈ।

ਸੋ ਗੁਰੂ ਮਹਾਰਾਜ ਜੀ ਦੀ ਕਥਾ ਆਪਾਂ ਸ਼ੁਰੂ ਕਰੀਏ, ਅਰਦਾਸ ਕਰੀਏ ਸੱਚੇ ਪਾਤਿਸ਼ਾਹ ਜੀ ਆਪ ਹੀ ਕ੍ਰਿਪਾ ਕਰਨ। ਇਹ ਜਿਹੜੀ ਅੰਮ੍ਰਿਤਸਰ ਵਾਲੀ ਜਗ੍ਹਾ ਹੈ ਨਾ, ਅਕਬਰ ਨੇ ਬਹੁਤ ਸਾਰੀ ਜ਼ਮੀਨ ਇਹ ਪੱਟਾ ਕੱਟਿਆ ਸੀ? ਗੁਰੂ ਅਮਰਦਾਸ ਮਹਾਰਾਜ ਜੀ ਦੇ ਚਰਨਾਂ ਵਿਚ। ਸਮਾਂ ਆਉਣ ਤੇ ਗੁਰੂ ਰਾਮਦਾਸ ਮਹਾਰਾਜ ਜੀ ਨੇ ਇਹ ਸੇਵਾ ਸ਼ੁਰੂ ਕਰਾ ਦਿੱਤੀ। ਉਸ ਤੋਂ ਬਾਅਦ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ੧੪ ਕਿਸਮ ਦੇ ਪੱਥਰ ਲਾਏ ਤੇ ਤਿੰਨ ਕੁ ਸਾਲ ਵਿਚ ਹਰਿਮੰਦਰ ਸਾਹਿਬ ਦੀ ਸੇਵਾ ਜਿਹੜੀ ਸੀ ਸਿਰੇ ਚੜ੍ਹਾਈ। ਸੰਗਤਾਂ ਦੇਸਾਂ ਵਿਦੇਸ਼ਾਂ ਤੋਂ ਹੁੰਮ ਹੁੰਮਾ ਕੇ ਆ ਰਹੀਆਂ ਨੇ, ਕਿਤੇ ਜਾਈਏ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰੀਏ। ਜਿਹੜੇ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਵੱਡੇ ਭਰਾ ਸਨ ਬਾਬਾ ਪ੍ਰਿਥੀਆ ਜੀ, ਬੜੀ ਈਰਖਾ ਕਰਦੇ ਸਨ। ਈਰਖਾ ਚੰਗੀ ਨਹੀਂ ਹੁੰਦੀ। **ਜਿਸ ਦੇ ਅੰਦਰ ਤਾਤ ਪਰਾਈ ਹੋਵੇ ਤਿਸਦਾ ਕਦੇ ਨਾ ਹੋਵੈ ਭਲਾ।** ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਬਚਨ ਹਨ ਜਿਹੜਾ ਈਰਖਾ ਕਰੇ ਉਹਦਾ ਕਦੇ ਵੀ ਭਲਾ ਨਹੀਂ ਹੁੰਦਾ। ਈਰਖਾ ਦਾ ਮਤਲਬ "ਤਾਤ ਪਰਾਈ ਈਰਖਾ ਜਦੋਂ ਪਿਤਾ ਕਰਦਾ ਰਹੇ, ਬੱਚਿਆਂ ਦਾ ਵੀ ਉਹੀ ਸੁਭਾਅ। ਮਿਹਰਬਾਨ ਵੀ ਪ੍ਰਿਥੀਆ ਦਾ ਲੜਕਾ ਗੁਰੂ ਘਰ ਨਾਲ ਬਹੁਤ ਈਰਖਾ ਕਰਦਾ ਹੈ। ਪਰ ਗੁਰੂ ਅਰਜਨ ਦੇਵ ਜੀ ਬਹੁਤ ਪਿਆਰ ਵਾਲੇ ਹਨ। ਸੁਭਾਅ ਆਪਣਾ ਆਪਣਾ ਹੈ। ਕੋਈ ਅੰਬ ਦੀਆਂ ਜੜ੍ਹਾਂ ਵਿਚ ਕੌੜਾ ਪਾਣੀ ਪਾਏ, ਫਲ ਮਿੱਠਾ ਹੀ ਹੁੰਦਾ ਹੈ। ਨਿੰਮ ਦੀਆਂ ਜੜ੍ਹਾਂ ਵਿਚ ਮਿੱਠਾ ਪਾਣੀ ਪਾਈਏ, ਫਲ ਕੌੜਾ ਹੀ ਹੁੰਦਾ ਹੈ। ਸੋ ਇਸ ਤਰ੍ਹਾਂ ਆਪਣਾ ਆਪਣਾ ਸੁਭਾਅ ਹੈ। ਗੁਰਮੁੱਖਾਂ ਦਾ ਆਪਣਾ ਸੁਭਾਅ ਹੈ, ਮਨਮੁੱਖ ਦਾ ਆਪਣਾ ਸੁਭਾਅ ਹੈ।

ਸਾਡੇ ਦੇਸ਼ ਵਿਚ ਇਕ ਰਿਖੀ ਹੋਏ ਹਨ, ਜਿਨ੍ਹਾਂ ਦਾ ਨਾਂ ਸ੍ਰੀ ਸੁਕਦੇਵ ਜੀ ਹੈ। ਜਿਨ੍ਹਾਂ ਦਾ ਜਨਮ ਤ੍ਰੇਤੇ ਜੁਗ ਵਿਜ ਹੋਇਆ। ਨਾਲ ਉਨ੍ਹਾਂ ਦੇ ਇਕ ਹੋਰ ਪ੍ਰੇਮੀ ਹੈ। ਨਦੀ ਦੇ ਕੰਢੇ। ਉਥੇ ਕੀ ਦੇਖਿਆ ਪਾਣੀ ਵਿਚ ਇਕ ਠੂੰਹਾਂ ਰੁੜ੍ਹਦਾ ਜਾਏ, ਉਹਨਾਂ ਉਂਗਲ ਨਾਲ ਬਾਹਰ ਕੱਢਿਆ, ਡੰਗ ਮਾਰਿਆ, ਫਿਰ ਕੱਢਿਆ, ਫਿਰ ਡੰਗ ਮਾਰ ਦਿੱਤਾ। ਫਿਰ ਕੱਢਿਆ ਨਾਲ ਦਾ ਉਹਨਾਂ ਦਾ ਸ਼ਿਸ਼ ਕਹਿਣ ਲੱਗਾ, ਸਵਾਮੀ ਜੀ, ਠੂੰਹੇਂ ਨੂੰ ਮਰਨ ਦਿਉ, ਜਾਣ ਦਿਉ, ਰੁੜ੍ਹਨ ਦਿਉ। ਸੁਕਦੇਵ ਜੀ ਕਹਿਣ ਲੱਗੇ ਨਹੀਂ, ਜੇ ਇਹ ਆਪਣਾ ਸੁਭਾਅ ਨਹੀਂ ਛੱਡਦਾ, ਅਸੀਂ ਆਪਣਾ ਸੁਭਾਅ ਕਿਉਂ ਛੱਡ ਦੇਈਏ। ਗੁਰੂ ਸਾਹਿਬ ਆਖਦੇ ਹਨ, ਜਿਨ੍ਹਾਂ ਲੋਕਾਂ ਨੇ ਨਾਮ ਜਪਣਾ ਹੈ, ਨਿਸੰਗ ਜਪੋ, ਰੱਬ ਦਾ ਭਜਨ

ਕਰੋ, ਪਾਠ ਕਰੋ। ਚੰਗੇ ਗੁਣ ਧਾਰਨ ਕਰੋ ਉਨ੍ਹਾਂ ਨੂੰ ਛੱਡੋ ਨਾ। ਆਪਣਾ ਸੁਭਾਅ ਨਾ ਛੱਡੋ।

*"ਹਰਿ ਜਨੁ ਰਾਮ ਨਾਮ ਗੁਨ ਗਾਵੈ॥*

*ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥*

**(ਅੰਗ ੭੧੯)**

ਜੇ ਕੋਈ ਗੁਰਮੁਖ ਹੈ, ਗੁਰੂ ਨਾਨਕ ਜੀ ਦਾ ਪਿਆਰਾ ਹੈ, ਕੋਈ ਉਸਦੀ ਨਿੰਦਿਆ ਕਰਦਾ ਹੈ, ਕਰੀ ਜਾਏ, ਉਸਨੂੰ ਚਾਹੀਦਾ ਹੈ ਗੁਰੂ ਚਰਨਾਂ ਨਾਲ ਹੋਰ ਪ੍ਰੀਤੀ ਵਧਾਏ। ਗੁਰਬਾਣੀ ਵਿਚ ਇਉਂ ਦੱਸਿਆ ਹੈ।

**ਧਾਰਨਾ - ਜੇ ਕੋਈ ਨਿੰਦ ਕਰੇ ਹਰਿ ਜਨ ਕੀ, ਅਪਨਾ ਗੁਨੁ ਨ ਗਵਾਵੈ ਜੀ....2**

**ਜੇ ਕੋਈ ਨਿੰਦ ਕਰੇ ਹਰਿ ਜਨ ਕੀ, ਅਪਨਾ ਗੁਨੁ ਨ ਗਵਾਵੈ ਜੀ...2**

ਕਿਤਨੀਆਂ ਵੀ ਦੁੱਖ ਤਕਲੀਫਾਂ ਜ਼ਿੰਦਗੀ ਵਿਚ ਆਉਣ, ਗੁਰੂ ਮਹਾਰਾਜ ਕਹਿੰਦੇ ਦੇਖੀਂ ਚੰਗੇ ਗੁਣਾਂ ਨੂੰ ਕਿਤੇ ਛੱਡ ਨਾ ਦੇਵੀਂ। ਜੇ ਬੁਰਿਆਈ ਕਰਨ ਵਾਲਾ ਬੁਰਿਆਈ ਨਹੀਂ ਛੱਡਦਾ, ਤੂੰ ਨੇਕੀ ਕਿਉਂ ਛੱਡਦਾ। ਹੁੰਦਾ ਹੀ ਹੈ ਕੋਈ ਗੁਰੂ ਘਰ ਜਾਏ, ਅੰਮ੍ਰਿਤ ਛਕੇ, ਰਹਿਤ ਰੱਖੇ, ਭਜਨ ਪਾਠ ਕਰੇ, ਉਸਨੂੰ ਕੋਈ ਮਨਮੁਖ ਮਿਲ ਜਾਏ, ਉਹ ਕਹਿੰਦਾ ਛੱਡ, ਇਹੋ ਜਿਹੇ ਕੰਮ, ਤੂੰ ਕੀ ਲੈਣਾ, ਆਪਾਂ ਐਂ ਨਹੀਂ ਇਉਂ ਕਰ ਲੈਨੇ ਆਂ। ਸੋ ਐਸਾ ਨਹੀਂ ਚਾਹੀਦਾ। ਜੇ ਬੁਰੇ ਕਰਮ ਕਰਨ ਵਾਲੇ ਲੋਕ, ਜਿਨ੍ਹਾਂ ਦੇ ਮਾੜੇ ਸੁਭਾਅ, ਜਿਹਦਾ ਫਲ ਦੁੱਖ ਤੇ ਨਰਕ ਹੈ, ਉਹ ਛੱਡਣ ਵਾਸਤੇ ਤਿਆਰ ਨਹੀਂ ਤੇ ਜਿਨ੍ਹਾਂ ਕਰਮਾਂ ਦਾ ਫਲ ਸੁੱਖ ਤੇ ਸਦਾ ਹੀ ਰੱਬ ਦੇ ਘਰ ਵਿਚ ਰਹਿਣਾ ਹੁੰਦਾ ਹੈ ਤਾਂ ਇਹੋ ਜਿਹੇ ਗੁਣ ਕਿਉਂ ਛੱਡੇ? ਜੇ ਬਦੀ ਕਰਨ ਵਾਲਾ ਬਦੀ ਨਹੀਂ ਛੱਡਦਾ, ਨੇਕੀ ਵਾਲਾ ਨੇਕੀ ਛੱਡ ਦੇਵੇ ਇਹ ਤਾਂ ਬੜੀ ਮਾੜੀ ਗੱਲ ਹੈ। ਇਸ ਕਰਕੇ ਉਹ ਵੀ ਨਹੀਂ ਛੱਡਣੀ ਚਾਹੀਦੀ।

ਨਿਗਾਹ ਮਾਰ ਕੇ ਦੇਖੋ ਗੁਰੂ ਘਰ ਵਿਚ ਬੜੇ-ਬੜੇ ਗੁਰਮੁਖ ਲੋਕਾਂ ਨੂੰ ਕਿੰਨੀਆਂ-ਕਿੰਨੀਆਂ ਦੁੱਖ ਤਕਲੀਫਾਂ ਦਿੱਤੀਆਂ ਗਈਆਂ। ਕੋਈ ਆਰੇ ਨਾਲ ਚੀਰਿਆ ਗਿਆ, ਕੋਈ ਦੇਗਾਂ ਵਿਚ ਉਬਾਲਿਆ ਗਿਆ, ਕੋਈ ਰੂੰ ਵਿਚ ਬੰਨ੍ਹ ਕੇ ਸਾੜਿਆ ਗਿਆ, ਕਿਸੇ ਦੀ ਖੱਲ ਲਾਹੀ ਗਈ। ਉਥੇ ਜਿਵੇਂ ਲਾਹੌਰ ਵਿਚ ਖਾਨ ਬਹਾਦਰ ਉਹ ਜਿਹੜਾ ਸੀਗਾ ਸੂਬਾ, ਉਹ ਲੁਹਾਉਂਦਾ ਹੁੰਦਾ ਸੀ ਖੱਲਾਂ। ਇਹ ਗੱਲਾਂ ਖੱਲਾਂ ਲੁਹਾਉਣ ਦੀਆਂ ਭਾਈ ਮਨੀ ਸਿੰਘ ਜੀ ਦੇ ਸਮੇਂ ਹੋਈਆਂ। ਸੋ ਇਹੋ ਜਿਹੇ ਭੈੜੇ ਕਰਮ ਕਰਨ ਵਾਲੇ ਲੋਕ ਜਿੰਨ੍ਹਾਂ ਦਾ ਫਲ ਦੁੱਖ ਤੇ ਨਰਕ, ਉਹ ਜਦੋਂ ਨਹੀਂ ਛੱਡਦੇ, ਜਿਹੜਾ ਭਜਨ, ਪਾਠ ਕਰਦਾ ਹੈ, ਸਿਮਰਨ ਕਰਦਾ ਹੈ, ਗੁਰੂ ਨਾਨਕ ਨਾਲ ਪਿਆਰ ਕਰਦਾ ਹੈ, ਭਲਾ ਉਹ ਕਿਉਂ

ਛੱਡ ਦੇਵੇ। ਕੀ ਉਹਨੇ ਸੁਣਿਆਂ ਨਹੀਂ ਗੁਰੂ ਜੀਆਂ ਦਾ ਇਤਿਹਾਸ। ਕਿਹੋ ਕਿਹੋ ਜਿਹੇ ਕਸ਼ਟਾਂ, ਕਿਹੋ ਕਿਹੋ ਜਿਹੀਆਂ ਦੁੱਖ ਤਕਲੀਫਾਂ। ਸੋ ਇਹ ਵਿਚਾਰ ਦੁਆਰਾ ਹੀ ਸਾਰੀ ਸੋਝੀ ਪਏਗੀ ਨਾ।

ਦੇਖੋ ਨਾ ਗੁਰੂ ਅਰਜਨ ਦੇਵ ਜੀ ਮਹਾਰਾਜ ਪੰਜਵੀਂ ਪਾਤਸ਼ਾਹੀ। ਆਪ ਜੀ ਦਾ ਗੁਰੂ ਨਾਨਕ ਜੋਤ ਹੋਣ ਕਰਕੇ ਗੁਰੂ ਨਾਨਕ ਜੀ ਵਾਲਾ ਹੀ ਸੁਭਾਅ ਹੈ ਤੇ ਉਹ ਨੇਕੀ ਹੀ ਕਰੀ ਜਾਂਦੇ ਨੇ। ਸਾਰੇ ਸੰਸਾਰ ਦਾ ਭਲਾ ਹੀ ਕਰੀ ਜਾਂਦੇ ਨੇ। ਉਧਰ ਮਿਹਰਬਾਨ ਬੜੀ ਈਰਖਾ ਕਰਦਾ ਹੈ। ਭਾਵੇਂ ਸੱਕੇ ਵੱਡੇ ਭਰਾ ਦਾ ਲੜਕਾ ਹੈ। ਸਾਰੇ ਇਕੋ ਜਿਹੇ ਕਿਤੇ ਹੀ ਹੈ ਨਹੀਂ ਤੇ ਇਕੋ ਜਿਹੇ ਨਹੀਂ ਹੁੰਦੇ। ਬੜਾ ਫ਼ਰਕ ਹੁੰਦਾ। ਪਿਉ, ਪੁੱਤਰਾਂ ਦਾ ਵੀ ਸੁਭਾਅ ਵਿਚ ਫਰਕ ਹੋ ਸਕਦਾ। ਪ੍ਰਹਿਲਾਦ ਭਗਤ ਸੀ, ਪਿਤਾ ਰਾਕਸ਼ ਸੀ। ਭਰਾਵਾਂ ਭਰਾਵਾਂ ਦਾ ਵੀ ਫਰਕ ਹੋ ਸਕਦਾ ਹੈ, ਮਾਂ, ਪੁੱਤਰਾਂ ਦਾ ਵੀ ਫਰਕ ਹੋ ਸਕਦਾ ਹੈ। ਸੋ ਇਸ ਕਰਕੇ ਸਾਰੇ ਇਕੋ ਜਿਹੇ ਨਹੀਂ ਹੁੰਦੇ ਹੁੰਦੇ। ਕਿਤਨਾ ਅੰਤਰ ਹੈ। ਪਿਤਾ ਵੀ ਈਰਖਾ ਕਰਦਾ ਹੈ। ਪ੍ਰਿਥੀਆਂ ਤੇ ਉਹਦਾ ਲੜਕਾ ਮਿਹਰਬਾਨ ਉਹ ਉਦੂੰ ਜ਼ਿਆਦਾ ਕਰਦਾ ਹੈ। ਇਥੇ ਹੀ ਬੱਸ ਨਹੀਂ, ਉਹ ਬਾਣੀ ਲਿਖਦਾ ਹੈ ਬਾਅਦ ਵਿਚ ਨਾਮ ਗੁਰੂ ਨਾਨਕ ਜੀ ਦਾ ਲਿਖ ਦਿੰਦਾ ਹੈ। ਕਈ ਅੰਞਾਣ ਲੋਕ ਪੜ੍ਹਦੇ ਹਨ। ਇਸ ਤੇ ਬੜੀਆਂ ਗੱਲਾਂ ਚੱਲੀਆਂ।

ਇਕ ਦਿਨ ਭਾਈ ਗੁਰਦਾਸ ਜੀ ਨੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਕ੍ਰਿਪਾ ਕਰੋ, ਮਿਹਰਬਾਨ ਦੀ ਬਾਣੀ ਤੇ ਪਾਬੰਦੀ ਲਾਈ ਜਾਏ, ਲੋਕ ਪੜ੍ਹਨ ਨਾ। ਗੁਰੂ ਨਾਨਕ ਜੀ ਦੀ ਬਾਣੀ ਪੜ੍ਹਨ, ਤਾਂ ਹੀ ਜਨਮ ਸਫਲਾ ਹੈ ਨਾ। ਗੁਰੂ ਜੀ ਕਹਿਣ ਲੱਗੇ ਬਈ ਤੁਹਾਨੂੰ ਕੀ ਪਹਿਚਾਣ ਹੈ। ਮਹਾਰਾਜ ਅੱਜ ਮੈਂ ਇਕ ਸ਼ਬਦ ਸੁਣਿਆ, ਬਾਅਦ ਵਿਚ ਨਾਮ ਗੁਰੂ ਨਾਨਕ ਜੀ ਦਾ ਹੈ ਤੇ ਉਹ ਸਾਰੇ ਬਚਨ ਜਿਹੜੇ ਲਿਖੇ ਹੋਏ ਹਨ ਉਹ ਮਿਹਰਬਾਨ ਜੀ ਦੇ ਹੀ ਹਨ। ਪਹਿਚਾਣ ਇਸ ਤਰ੍ਹਾਂ ਹੋਈ ਹੈ ਜਿਵੇਂ ਬਹੁਤ ਸਾਰੇ ਪੁਰਸ਼ ਕਿਸੇ ਕੋਠੇ ਵਿਚ ਬੈਠੇ ਹੋਣ, ਉਹ ਆਪਸ ਵਿਚ ਬਚਨ ਬਿਲਾਸ ਕਰਦੇ ਹੋਣ। ਜਿਹੜੀ ਪਤੀਬਰਤਾ ਇਸਤਰੀ ਹੈ ਉਹ ਆਪਣੇ ਪਤੀ ਦੀ ਆਵਾਜ਼ ਪਹਿਚਾਣਦੀ ਹੈ। ਆਹ ਗੱਲ ਜਿਹੜੀ ਆਹ ਬਚਨ ਮੇਰੇ ਪਤੀ ਦਾ ਹੈ। ਸੋ ਅਸੀਂ ਗੁਰੂ ਮਹਾਰਾਜ ਦੇ ਪਿਆਰੇ ਹਾਂ। ਸੋ ਇਹ ਸ਼ਬਦ ਸੁਣ ਕੇ ਸਾਨੂੰ ਇਉਂ ਲਗਿਆ ਬਈ ਇਹ ਮਿਹਰਬਾਨ ਦੀ ਬਾਣੀ ਹੈ। ਇਹ ਗੁਰੂ ਕਿਆਂ ਦੀ ਨਹੀਂ। ਇਸ ਤੇ ਪਾਬੰਦੀ ਲਾਉ। ਲੋਕ ਪੜ੍ਹਨੋਂ ਹੱਟ ਜਾਣਗੇ। ਗੁਰੂ ਜੀ ਕਹਿਣ ਲੱਗੇ ਠੀਕ ਹੈ, ਪਰ ਇਸ ਤੋਂ ਉਚੀਆਂ ਵਿਚਾਰਾਂ ਹਨ। ਉਹ ਕੀ ? ਜੇ ਇਸਦੀ ਬਾਣੀ ਤੇ ਪਾਬੰਦੀ ਲਾ ਦਿੱਤੀ, ਕੱਲ੍ਹ ਨੂੰ ਹੋਰ ਕੋਈ ਲਿਖਣ ਲੱਗ ਗਿਆ। ਲੋਕ ਕਹਿਣਗੇ ਇਹਦੇ

ਤੇ ਤਾਂ ਨਹੀਂ ਪਾਬੰਦੀ ਲਾਈ। ਜੇ ਆਪਾਂ ਉਹਦੇ ਤੇ ਵੀ ਲਾ ਦਿੱਤੀ, ਕੋਈ ਹੋਰ ਲਿਖਣ ਲੱਗ ਗਿਆ। ਫਿਰ ਲੋਕ ਕਹਿਣਗੇ ਇਹਦੇ ਤੇ ਤਾਂ ਪਾਬੰਦੀ ਨਹੀਂ ਲਾਈ, ਖੁਲ੍ਹ ਹੈ।

ਇਸ ਕਰਕੇ ਬਜਾਏ ਇਸ ਤੇ ਪਾਬੰਦੀ ਲਾਉਣ ਦੇ ਬਈ ਕੋਈ ਨਾ ਪੜ੍ਹੇ, ਆਪਾਂ ਇਉਂ ਕਰਦੇ ਹਾਂ, ਗੁਰੂ ਨਾਨਕ ਜੀ ਤੋਂ ਲੈ ਕੇ ਜੋ ਗੁਰੂ ਘਰ ਦੀ ਗੁਰਬਾਣੀ ਹੈ, ਇਹ ਸਾਰੀ ਇਕੱਤਰ ਕਰਕੇ ਇਕ ਨਾਮ ਦਾ ਜਹਾਜ਼ ਕਿਉਂ ਨਾ ਬਣਾ ਲਿਆ ਜਾਏ। ਇਹ ਸਲਾਹ ਸਾਰਿਆਂ ਨੇ ਜਦੋਂ ਸੁਣੀ ਬੜੀ ਖੁਸ਼ੀ ਹੋਈ। ਮਹਾਰਾਜ ਅਗਰ ਇਹੋ ਜਿਹੀ ਗੱਲ ਹੋ ਜਾਏ, ਆਪ ਜੀ ਦੇ ਏਨੇ ਉੱਚੇ ਵਿਚਾਰ ਹਨ। ਇਸ ਵਿਚ ਕੋਈ ਸੰਸਾ ਨਹੀਂ। ਸਾਰੀ ਦੁਨੀਆਂ, ਸਾਰਾ ਸੰਸਾਰ ਸਦਾ ਵਾਸਤੇ ਤਰ ਸਕਦਾ ਹੈ।

ਸੋ ਗੁਰੂ ਜੀ ਨੇ ਗੁਰਬਾਣੀ ਗੁਰੂ ਨਾਨਕ ਜੀ ਤੋਂ ਲੈ ਕੇ ਜੋ ਸੀ, ਭਾਈ ਗੁਰਦਾਸ ਜੀ ਨੂੰ ਕਹਿਣ ਲੱਗੇ, ਤੁਸੀਂ ਲਿਖਾਰੀ ਬਣ ਜਾਉ। ਬਾਬਾ ਬੁੱਢਾ ਸਾਹਿਬ ਤੇ ਕੁਝ ਹੋਰ ਗੁਰਮੁਖ ਆਈ ਗਈ ਸੰਗਤ ਦੀ ਦੇਖ ਰੇਖ ਕਰੋ, ਕਿਉਂਕਿ ਦੂਰੋਂ-ਦੂਰੋਂ ਸੰਗਤ ਆਈ ਹੁੰਦੀ ਹੈ, ਉਨ੍ਹਾਂ ਲੰਗਰ ਵੀ ਛਕਣਾ, ਬਿਸਤਰਾ ਵੀ ਚਾਹੀਦਾ, ਮਕਾਨ ਵੀ ਚਾਹੀਦਾ। ਸੋ ਉਹਨਾਂ ਨੇ ਕੋਈ ਬਚਨ ਵੀ ਕਰਨੇ ਹੋਣੇ ਨੇ, ਉਹ ਸਾਰਾ ਸੰਭਾਲ ਕਰੋ।

ਸੋ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਬਾਣੀ ਲਿਖਾਉਣੀ ਸ਼ੁਰੂ ਕਰ ਦਿੱਤੀ। ਸ੍ਰੀ ਜਪੁਜੀ ਸਾਹਿਬ ਸਭ ਤੋਂ ਪਹਿਲਾਂ ਲਿਖਾਇਆ। ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ, ੧ੴ ਸਤਿਨਾਮ 'ਸ' ਤੋਂ ਬਾਣੀ ਸ਼ੁਰੂ ਹੋਈ ਅਠਾਰਹ, ਦਸ, ਬੀਸ। 'ਸ' ਤੇ ਸਮਾਪਤੀ ਹੈ। ਪਹਿਲੇ ਅੱਠ ਅੰਗ ਜਪੁਜੀ ਸਾਹਿਬ ਦੇ ਛੱਡ ਕੇ ਬਾਕੀ ਸਾਰੇ ਹੀ ਜਪੁਜੀ ਸਾਹਿਬ ਦਾ ਹੀ ਅਰਥ ਹੈ। ਸਾਰਾ ਜਪੁਜੀ ਸਾਹਿਬ ਪੜ੍ਹ ਕੇ ਦੇਖੀਏ ਉਹ ਮੂਲ ਮੰਤਰ ਬਾਰੇ ਦਸਦੇ ਹਨ। ਮੂਲ ਮੰਤਰ ਪੜ੍ਹ ਕੇ ਦੇਖੀਏ ਸਾਰੀ ਗੱਲ ੧ੴ ਤੇ ਹੀ ਮੁੱਕਦੀ ਹੈ। ਦੂਜਾ ਕੋਈ ਹੈ ਹੀ ਨਹੀਂ। ਇਕ ਹੀ ਹੈ ਸੋ ਇਹ ਇਕ ਦਾ ਪਸਾਰਾ, ਇਕ ਦੀ ਸੋਝੀ, ਇਕ ਨਾਲ ਜੁੜਨਾ, ਜਨਮ ਸਫਲਾ ਕਰਨਾ, ਅਨੇਕ ਪ੍ਰਮਾਣ ਦੇ ਕੇ ਇਕ ਬਹੁਤ ਵੱਡਾ ਨਾਮ ਦਾ ਜਹਾਜ਼, ਜਿਹੜਾ ਪੂਰਾਂ ਦੇ ਪੂਰ ਪਾਰ ਕਰੀ ਜਾਵੇ, ਸੰਸਾਰ ਸਮੁੰਦਰ ਵਿਚ ਕੋਈ ਡੁੱਬ ਨਾ ਸਕੇ। ਇੱਡਾ ਵੱਡਾ ਕੰਮ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਕੀਤਾ। ਭਾਈ ਸਾਹਿਬ ਭਾਈ ਗੁਰਦਾਸ ਜੋ ਕਿ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਿਆ ਤੇ ਗੁਰੂ ਅਰਜਨ ਦੇਵ ਮਹਾਰਾਜ ਜੀ ਆਪ ਉਥੇ ਅੰਮ੍ਰਿਤਸਰ ਲਿਖਵਾ ਰਹੇ ਹਨ।

***ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥***

(ਅੰਗ ੧੨੯੧)

ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਲਿਖਿਆ ਉਹ ਵੀ ਧੰਨ ਹਨ। ਉਰਿ ਹਿਰਦੇ ਨੂੰ ਕਹਿੰਦੇ ਨੇ। ਜਿਨ੍ਹਾਂ ਵਾਹਿਗੁਰੂ ਦਾ ਨਾਮ ਹਿਰਦੇ ਵਿਚ ਲਿਖ ਲਿਆ ਉਹ ਲੋਕ ਵੀ ਧੰਨ ਹਨ।

ਦੇਖੋ ਨਾ ਜਦੋਂ ਗੁਰੂ ਨਾਨਕ ਦੇਵ ਜੀ, ਭਾਈ ਬਾਲਾ, ਮਰਦਾਨਾ ਸਮੁੰਦਰਾਂ ਦੇ ਕੰਢੇ ਗਏ, ਮਰਦਾਨਾ ਕਹਿਣ ਲੱਗਿਆ ਮਹਾਰਾਜ ਇਹ ਪਾਣੀ ਬੜਾ ਗਹਿਰਾ ਹੈ। ਇਹਦੇ ਉਤੇ ਪੁਲ ਪੱਥਰਾਂ ਦਾ ਕਿਵੇਂ ਬਣ ਗਿਆ, ਰਾਮ ਚੰਦਰ ਜੀ ਦੇ ਸਮੇਂ।

ਗੁਰੂ ਨਾਨਕ ਜੀ ਕਹਿਣ ਲੱਗੇ ਮਰਦਾਨਾ ਜੀ ਜਿਹੜਾ ਪੱਥਰ ਪਾਣੀ ਤੇ ਰਖਿਆ ਜਾਂਦਾ ਸੀ ਉਹ ਡੁੱਬ ਜਾਂਦਾ ਸੀ। ਰਾਮ ਚੰਦਰ ਜੀ ਨੇ ਬਚਨ ਕੀਤਾ ਪੱਥਰਾਂ ਦੇ ਉਤੇ ਰਾਮ ਨਾਮ ਲਿਖੋ। ਉਹ ਲਿਖ ਕੇ ਜਦੋਂ ਪੱਥਰ ਪਾਣੀ ਤੇ ਰਖੇ ਗਏ ਫਿਰ ਕੋਈ ਨਹੀਂ ਡੁਬਿਆ। ਇਸ ਤਰ੍ਹਾਂ ਪੁੱਲ ਬਣਾਇਆ। ਜਿਵੇਂ ਪੱਥਰ ਤੇ ਰੱਬ ਦਾ ਨਾਮ ਲਿਖ ਕੇ ਸਮੁੰਦਰ ਵਿਚ ਤਰਦੇ ਰਹੇ, ਇਸੇ ਤਰ੍ਹਾਂ ਜੇ ਹਿਰਦੇ ਵਿਚ ਇਸਨੂੰ ਲਿਖ ਲਿਆ ਜਾਏ ਮਰਦਾਨਾ ਜੀ, ਇਹ ਜੀਵ ਸੰਸਾਰ ਸਮੁੰਦਰ ਤੋਂ ਸਹਿਜੇ ਹੀ ਤਰ ਜਾਂਦਾ ਹੈ।

ਤਦੇ ਹੀ ਬਾਣੀ ਵਿਚ ਇਉਂ ਦਸਿਆ ਹੈ-

**ਧਾਰਨਾ - ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ....2.......**

**ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ.......2.......**

ਜਿਨ੍ਹਾਂ ਨੇ ਹਿਰਦੇ ਵਿਚ ਵਾਹਿਗੁਰੂ ਗੁਰਮੰਤਰ ਲਿਖ ਲਿਆ ਉਹ ਵੀ ਧੰਨ। ਜਿਨ੍ਹਾਂ ਨੇ ਗੁਰਬਾਣੀ ਹਿਰਦੇ ਵਿਚ ਲਿਖ ਲਈ '**ਹਿਰਦੈ ਤਿੰਨਾ ਸਮਾਣੀ॥** ਉਹ ਵੀ ਧੰਨ। ਜਿਨ੍ਹਾਂ ਨੇ ਸਿਮਰਨ ਕੀਤਾ ਉਹ ਵੀ ਧੰਨ।


ਸੋ ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖ ਰਹੇ ਹਨ, ਭਾਈ ਸਾਹਿਬ ਭਾਈ ਗੁਰਦਾਸ ਗੁਰੂ ਘਰ ਦੇ ਵੇਦ ਵਿਆਸ ਉਹ ਵੀ ਧੰਨ। ਇਉਂ ਲਿਖਦਿਆਂ ਲਿਖਦਿਆਂ ਜਦੋਂ ਰੋਜ਼ ਗੁਰਬਾਣੀ ਲਿਖੀ ਜਾ ਰਹੀ ਹੈ, ਦੋ ਪ੍ਰੇਮੀ ਉਥੋਂ ਬਨਾਰਸ ਤੋਂ ਕਾਂਸ਼ੀ ਤੋਂ ਆਏ। ਆ ਕੇ ਅਰਜ਼ ਕੀਤੀ ਮਹਾਰਾਜ ਸਾਡੇ ਵੱਡੇ ਬਜ਼ੁਰਗਾਂ ਨੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਸੀ। ਅਸੀਂ ਚਾਰ ਸਲੋਕ ਜੋ ਸਾਡੇ ਘਰ ਵਿਚ ਗੁਰੂ ਨਾਨਕ ਜੀ ਦੀ ਬਾਣੀ ਸੀ ਉਹ ਲੈ ਕੇ ਆਏ ਹਾਂ।

***ਪੜਿ ਪੁਸ੍ਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥***

(ਅੰਗ ੧੩੫੩)




ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ



ਸ਼ੇਖ ਬਾਬਾ ਫਰੀਦ ਜੀ




ਬੁੱਢਾ ਸਾਹਿਬ ਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਮੀਰੀ-ਪੀਰੀ ਦੀਆਂ ਕਿਰਪਾਨਾਂ ਪਹਿਨਾਉਂਦੇ



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ



ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ , ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੈ ਕੇ ਜਾਂਦੇ ਹੋਏ।



ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਭਾਈ ਗੁਰਦਾਸ ਜੀ ਪਾਸੋਂ ਗੁਰਬਾਣੀ ਲਿਖਵਾਂਦੇ ਹੋਏ।



ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੱਤੀ ਤੱਵੀ 'ਤੇ ਬੈਠਦੇ ਹੋਏ।

ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਇਹ ਵੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਦਰਜ ਕਰਵਾ ਦਿੱਤੀ। ਉਹਨਾਂ ਨੇ ਬੇਨਤੀ ਕੀਤੀ, ਮਹਾਰਾਜ ਸਾਡੀ ਪ੍ਰਾਰਥਨਾ ਹੈ, ਅਰਦਾਸ ਹੈ, ਅਸੀਂ ਰੋਜ਼ ਹੀ ਦੇਖਦੇ ਹਾਂ ਲੋਕ ਮਰ ਮਰ ਕੇ ਜਾ ਰਹੇ ਹਨ। ਭਲਾਂ ਰੂਹਾਂ ਕਿਥੇ ਜਾ ਰਹੀਆਂ ਹਨ? ਗੁਰੂ ਜੀ ਕਹਿਣ ਲੱਗੇ "ਗੁਰਮੰਤਰ ਹੀਣਸ ਜੋ ਪ੍ਰਾਣੀ ਨਖਿੱਧ ਜੂਨਾਂ ਵਿਚ ਮਰ ਮਰ ਕੇ ਲੋਕ ਨਿਗੁਰੇ ਜਾ ਰਹੇ ਨੇ, ਕੁੱਤੇ, ਬਿੱਲੇ, ਗਧੇ, ਖੋਤੇ, ਸੱਪ ਸਲੂੰਗੜੇ ਲੱਖ ਚੌਰਾਸੀ ਵਿਚ ਧੱਕੇ ਖਾਂਦੀਆਂ ਰੂਹਾਂ। ਜੇ ਗੁਰੂ ਵਾਲੇ ਬਣ ਜਾਣ, ਨਾਮ ਜਪਣ ਲਗ ਜਾਣ, ਇਥੇ ਨਾਮ ਦਾ, ਸੇਵਾ ਦਾ, ਸਿਮਰਨ ਦਾ ਲਾਹਾ ਖੱਟ ਲੈਣ ਤਾਂ ਭਾਈ ਪ੍ਰੇਮੀਓ ਜਨਮ ਸਫਲਾ ਹੋ ਜਾਏਗਾ। ਤਦੇ ਹੀ ਇਉਂ ਦਸਿਆ ਹੈ-

**ਧਾਰਨਾ- ਈਹਾ ਖਾਟਿ ਚਲਹੁ ਹਰਿ ਲਾਹਾ, ਆਗੈ ਬਸਨੁ ਸੁਹੇਲਾ ਜੀ....2....।**

**ਆਗੈ ਬਸਨੁ ਸੁਹੇਲਾ ਜੀ, ਆਗੈ ਬਸਨੁ ਸੁਹੇਲਾ ਜੀ....2....।**

**ਆਗੈ ਬਸਨੁ ਸੁਹੇਲਾ ਜੀ, ਆਗੈ ਬਸਨੁ ਸੁਹੇਲਾ ਜੀ....2....।**

***ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥***

**(ਅੰਗ ੧੩)**

ਗੁਰੂ ਜੀ ਕਹਿਣ ਲੱਗੇ ਭਾਈ ਗੁਰਬਾਣੀ ਦਾ ਅਤੇ ਸੇਵਾ ਸਿਮਰਨ ਦਾ ਲਾਹਾ ਖੱਟਣਾ ਹੈ।

ਜਿਹੜੇ ਇਉਂ ਨਹੀਂ ਕਰਦੇ, ਉਹ ਤਾਂ ਦੁਖੀ ਹੁੰਦੇ ਹਨ।

ਜ਼ਿੰਦਗੀ ਬਤੀਤ ਕਰਕੇ ਮਰ ਮੁੱਕ ਗਏ, ਉਹ ਤਾਂ ਭਾਈ ਲੱਖ ਚੌਰਾਸੀ ਜੂਨਾਂ ਵਿਚ ਧੱਕੇ ਖਾਂਦੇ ਫਿਰਦੇ ਨੇ, ਆਹ ਹਾਲ ਹੈ। ਉਹ ਵੀ ਦੋਵੇਂ ਭਰਾ ਕ੍ਰਿਸ਼ਨ ਲਾਲ ਤੇ ਲਾਲ ਚੰਦ ਗੁਰੂ ਕੇ ਸਿੱਖ ਹੋਏ।

ਜਿਥੇ ਜਿਥੇ ਗੁਰੂ ਤੇਗ ਬਹਾਦਰ ਮਹਾਰਾਜ ਜੀ ਨੌਵੀਂ ਪਾਤਸ਼ਾਹੀ, ਗੁਰੂ ਜੀਆਂ ਦੀ ਗੁਰਬਾਣੀ ਲਿਖੀ ਜਾਣੀ ਸੀ ਸਲੋਕ ਮਹਲਾ ੯, ਉਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਉਹ ਜਗ੍ਹਾ, ਉਹ ਅੰਗ ਖਾਲੀ ਛੱਡ ਦਿੱਤੇ। ਪਹਿਲਾ ਸਰੂਪ ਇਸ ਗੱਲ ਦੀ ਗਵਾਹੀ ਅੱਜ ਵੀ ਦੇ ਰਿਹਾ ਹੈ ਕਿ ਉਥੇ ਗੁਰੂ ਜੀਆਂ ਨੇ ਗੁਰਬਾਣੀ ਨਹੀਂ ਲਿਖਵਾਈ। ਸਗੋਂ ਆਪ ਜੀ ਆਖਣ ਲੱਗੇ ਨੌਂਵੇਂ ਜਾਮੇ ਵਿਚ ਆਵਾਂਗੇ, ਜੋ ਗੁਰਬਾਣੀ ਉਚਾਰਨ ਕਰਾਂਗੇ ਉਸਨੂੰ ਦਸਵੇਂ ਜਾਮੇ ਵਿਚ ਯਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਗੁਰੂ ਕੀ ਕਾਂਸ਼ੀ

ਦਮਦਮਾ ਸਾਹਿਬ, ਉਹ ਗੁਰਬਾਣੀ ਦਰਜ ਕਰਾਈ ਜਾਏਗੀ। ਉਹ ਸਾਰਾ ਕੁਝ ਇਸੇ ਤਰ੍ਹਾਂ ਹੀ ਹੋਇਆ ਸੀ।

ਸੋ ਜਦੋਂ ੧੪੩੦ ਅੰਗ, ਇਹ ਨਾਮ ਦਾ ਜਹਾਜ਼ ਸਾਰੇ ਸੰਸਾਰ ਨੂੰ ਪਾਰ ਕਰਨ ਵਾਸਤੇ ਤਿਆਰ ਹੋ ਗਿਆ, ਗੁਰੂ ਜੀ ਕਹਿਣ ਲੱਗੇ ਭਾਈ ਬੰਨੋ ਨੂੰ ਬੜੇ ਸਤਿਕਾਰ ਸਹਿਤ ਗੁਰੂ ਨਾਨਕ ਦਾ ਸਰੂਪ ਜਾਣ ਕੇ ਲਾਹੌਰ ਲੈ ਕੇ ਜਾਉ। ਸੋ ਇਸਦੀ ਜਿਲਦ ਬਣਾ ਕੇ ਲੈ ਆਉ। ਉਹ ਲੈ ਗਿਆ। ਭਾਵੇਂ ਉਸਨੇ ਇਕ ਸਰੂਪ ਹੋਰ ਉਹ ਦੇਖ ਦੇਖ ਕੇ ਲਿਖ ਲਿਆ, ਗੁਰੂ ਜੀ ਨੇ ਇਹ ਗੱਲ ਪ੍ਰਵਾਨ ਨਹੀਂ ਕੀਤੀ। ਇਹ ਚੰਗਾ ਨਹੀਂ ਕੀਤਾ। ਠੀਕ ਨਹੀਂ ਕੀਤਾ। ਉਹ ਖਾਰੀ ਬੀੜ ਕਹਿਲਾਈ।

ਸੋ ਜੋ ਗੁਰੂ ਮਹਾਰਾਜ ਨੇ ਸਰੂਪ ਲਿਖਵਾਇਆ ਸੀ, ਉਸਦਾ ਪ੍ਰਕਾਸ਼ ਸੰਮਤ ੧੬੬੧ ਨੂੰ ਸ੍ਰੀ ਹਰਿਮੰਦਰ ਸਾਹਿਬ ਜੋ ਕਿ ਇਸਦੇ ਦਰਸ਼ਨਾਂ ਬਾਰੇ ਰੋਜ਼ ਅਰਦਾਸ ਹੁੰਦੀ ਹੈ, ਸਿੱਖ ਸੰਗਤਾਂ ਕਰਦੀਆਂ ਹਨ, ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ। ਅੱਖਾਂ ਨਾਲ ਦਰਸ਼ਨ ਕਰੋ, ਇਸ਼ਨਾਨ ਕਰੋ, ਜਾ ਕੇ ਮੱਥਾ ਟੇਕੋ ਉਥੇ। ਹੁਣ ਤਾਂ ਅੱਜ-ਕੱਲ੍ਹ ਜਾਣਾ ਕੋਈ ਔਖਾ ਹੀ ਨਹੀਂ। ਗੱਡੀਆਂ, ਮੋਟਰਾਂ ਹੋ ਗਈਆਂ। ਪਹਿਲਾਂ ਤਾਂ ਲੋਕ ਪੈਦਲ ਵੀ ਬੜੇ ਜਾਂਦੇ ਹੁੰਦੇ ਸੀ।

ਕਈ ਲੋਕ ਸਾਰੀ ਸਾਰੀ ਜ਼ਿੰਦਗੀ ਅਰਦਾਸ ਕਰੀ ਜਾਣਗੇ ਪਰ ਵਕਤ ਹੀ ਨਹੀਂ ਲਗਦਾ। ਕੰਮਾਂ, ਧੰਦਿਆਂ ਨੇ ਐਹੋ ਜਿਹਾ ਜੱਫਾ ਮਾਰਿਆ। ਜਾਂਦੇ ਹੀ ਨਹੀਂ। ਗੁਰੂਧਾਮਾਂ ਤੇ ਜਾਣਾ ਚਾਹੀਦਾ ਹੈ। ਦਰਸ਼ਨ ਮੇਲੇ ਕਰਨੇ ਚਾਹੀਦੇ ਨੇ। ਬੜਾ ਪਤਾ ਲਗਦਾ, ਸੋਝੀ ਪੈਂਦੀ ਹੈ।

ਸੋ ਉਥੇ ਫਿਰ ਜਦੋਂ ਇਹ ਬਚਨ ਆਇਆ ਬਈ ਹੁਣ ਗ੍ਰੰਥੀ ਕੌਣ ਹੋਵੇ, ਸਭ ਤੋਂ ਪਹਿਲਾਂ ਹੁਕਮਨਾਮਾ ਲਵੇ, ਸੁਖ ਆਸਨ ਕਰੇ, ਪ੍ਰਕਾਸ਼ ਕਰੇ ਗੁਰੂ ਗ੍ਰੰਥ ਸਾਹਿਬ ਜੀ ਦਾ। ਗੁਰੂ ਅਰਜਨ ਦੇਵ ਮਹਾਰਾਜ ਜੀ ਕਹਿਣ ਲੱਗੇ ਇਹ ਬਈ ਬ੍ਰਹਮ-ਗਿਆਨ ਦੇ ਬਚਨ ਹਨ, ਯਾਨੀ ਵਾਹਿਗੁਰੂ ਵਲੋਂ ਆਈ ਹੋਈ ਬਾਣੀ, ਵਾਹਿਗੁਰੂ ਦਾ ਰੂਪ ਹੈ। ਐਂ ਸਮਝ ਲਉ-

***ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥***

**(ਅੰਗ ੫੧੫)**

ਸੋ ਬਾਬਾ ਬੁੱਢਾ ਸਾਹਿਬ ਜੀ ਬ੍ਰਹਮ-ਗਿਆਨੀ ਹਨ, ਜਿਨ੍ਹਾਂ ਤੇ ਗੁਰੂ

ਨਾਨਕ ਜੀ ਦੀ ਬੜੀ ਕ੍ਰਿਪਾ ਹੈ, ਸੋ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠਣ ਦੇ ਲਾਇਕ ਹਨ, ਇਹ ਸੋਭਾ ਪਾਉਂਦੇ ਹਨ।

ਬਾਬਾ ਬੁੱਢਾ ਜੀ ਗੁਰੂ ਜੀ ਦੀ ਆਗਿਆ ਮੰਨ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੇ। ਦੇਖੋ ਇਹ ਸਾਧਸੰਗਤ ਇਹ ਪਦਵੀ ਬ੍ਰਹਮ ਗਿਆਨੀਆਂ ਦੀ ਹੈ। ਇਹ ਮਾਸ ਖਾਣ ਵਾਲੇ, ਸ਼ਰਾਬਾਂ ਪੀਣ ਵਾਲੇ, ਤੰਬਾਕੂ ਖਾਣ ਵਾਲੇ, ਇਹ ਮੂਰਖਾਂ ਲੋਕਾਂ ਦਾ ਕੰਮ ਨਹੀਂ ਹੈ। ਹਾਂ ਅੰਮ੍ਰਿਤਧਾਰੀ ਹੋਵੇ, ਰਹਿਤ ਮਰਿਆਦਾ ਵਿਚ ਪੂਰਾ ਹੋਵੇ। ਉਹ ਗੁਰੂ ਜੀ ਦੀ ਹਜ਼ੂਰੀ ਵਿਚ ਬੈਠੇ, ਉਹ ਹੁਕਮਨਾਮਾ ਲਵੇ, ਜਿਹੜਾ ਸਵੇਰੇ ਉਠਦਾ ਹੋਵੇ, ਸਿਮਰਨ ਕਰੇ, ਭਜਨ ਪਾਠ ਕਰਦਾ ਹੋਵੇ, ਪੰਜਾਂ ਚੋਰਾਂ ਤੋਂ, ਪੰਜਾਂ ਕਲੇਸ਼ਾਂ ਤੋਂ ਬਚਿਆ ਹੋਇਆ ਹੋਵੇ।

ਸੋ ਏਸ ਤਰ੍ਹਾਂ ਸਭ ਤੋਂ ਪਹਿਲੇ ਬਾਬਾ ਬੁੱਢਾ ਸਾਹਿਬ ਜੀ ਗ੍ਰੰਥੀ ਹੋਏ,

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥ ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥ ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ॥ ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ॥ ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ॥ ੧ ॥* (ਅੰਗ ੭੮੩)

ਸਭ ਤੋਂ ਪਹਿਲਾਂ ਹੁਕਮਨਾਮਾ ਇਹ ਸੰਮਤ ੧੬੬੧ ਬਿਕ੍ਰਮੀ ਜਿਹੜਾ ਚਲਦਾ ਹੈ, ਸ੍ਰੀ ਅੰਮ੍ਰਿਤਸਰ ਆਇਆ। ਸਾਰਿਆਂ ਨੇ ਨਮਸਕਾਰ ਕੀਤੀ, ਮੱਥਾ ਟੇਕਿਆ, ਕੜਾਹ ਪ੍ਰਸ਼ਾਦਿ ਜੋ ਕਿ ਗੁਰੂ ਨਾਨਕ ਜੀ ਤੋਂ ਚਲਿਆ ਹੈ, ਇਹ ਵਰਤਾਇਆ ਗਿਆ। ਉਸ ਵੇਲੇ ਸ਼ਾਮ ਦਾ ਵਕਤ ਹੋਇਆ। ਉਥੇ ਗੁਰੂ ਜੀ ਆਰਾਮ ਕਰਦੇ ਹੁੰਦੇ ਸੀ ਗੁਰੂ ਅਰਜਨ ਦੇਵ ਮਹਾਰਾਜ। ਆਪ ਜੀ ਕਹਿਣ ਲੱਗੇ ਗੁਰਮੁਖੋ ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੁੰਦਰ ਪਲੰਘ ਤੇ ਬਿਰਾਜਣਗੇ ਤੇ ਆਪਾਂ ਬਈ ਥੱਲੇ ਹੀ ਠੀਕ ਹਾਂ। ਇਸ ਕਰਕੇ ਇਤਨਾ ਸਤਿਕਾਰ ਕੀਤਾ ਆਉਣ ਵਾਲੇ ਸਮੇਂ ਵਿਚ ਕਿਸੇ ਨੂੰ ਭਰਮ ਭੁਲੇਖਾ ਨਾ ਰਹੇ ਤੇ ਰੱਬ ਦੀ ਜੋਤ ਦਾ ਸਾਰੇ ਹੀ ਸਤਿਕਾਰ ਕਰਦੇ ਰਹਿਣ ਤਦੇ ਹੀ ਸੁਖੀ ਰਹਿਣਗੇ ਨਾ।

ਉਥੇ ਪਾਕਿਸਤਾਨ ਵਿਚ ਇਕ ਮਹਾਂਪੁਰਸ਼ ਚਤਰ ਦਾਸ ਹੁੰਦੇ ਸੇ, ਅੱਜ

ਤੋਂ ੮੦ ਸਾਲ ਪਹਿਲਾਂ ਦੀ ਗੱਲ ਹੈ। ਉਹ ਸੰਗਤ ਵਿਚ ਆਮ ਆਖਦੇ ਹੁੰਦੇ ਸੀ ਭਾਈ ਜੇ ਗੁਰਦੁਆਰਾ ਸਾਹਿਬ ਨੇੜੇ ਹੈ, ਆਪਣੇ ਮਕਾਨਾਂ ਦੀਆਂ ਛੱਤਾਂ ਵੀ ਨੀਵੀਆਂ ਰਖੋ। ਉੱਚੀਆਂ ਨਾ ਰੱਖੋ। ਬੜਾ ਸਤਿਕਾਰ ਰਖੋ। ਜਿਨ੍ਹਾਂ ਲੋਕਾਂ ਨੇ, ਉਹ ਸੰਤ ਦਸਦੇ ਹੁੰਦੇ ਸਨ, ਗੁਰਦੁਆਰਿਆਂ ਦੇ ਨੇੜੇ ਚੁਬਾਰੇ ਚਬੂਰੇ ਬਣਾਏ, ਉੱਚੇ ਰਹਿਣ ਦਾ ਇਹੋ ਜਿਹਾ ਕੁਝ ਕੀਤਾ, ਉਹ ਖਾਲੀ ਹੋ ਗਏ, ਸਤਿਕਾਰ ਹੀ ਕਰਨਾ ਚਾਹੀਦਾ, ਵੱਧ ਤੋਂ ਵੱਧ, ਸਭ ਤੋਂ ਵੱਧ। ਗੁਰਬਾਣੀ ਹੀ ਜੀਵ ਨੂੰ ਤਾਰਦੀ ਹੈ। ਜਿਹੜੀ ਚੀਜ਼ ਜਿਤਨੇ ਸਤਿਕਾਰ ਦੇ ਲਾਇਕ ਹੈ, ਉਹਦਾ ਉਤਨਾ ਸਤਿਕਾਰ ਨਾ ਕੀਤਾ ਜਾਵੇ ਤਾਂ ਬੇ-ਇਨਸਾਫੀ ਹੈ। ਇਸ ਕਰਕੇ ਗੁਰੂ ਨਾਨਕ ਜੋਤ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸਿੱਖ ਸੰਗਤਾਂ ਨੂੰ ਇਹ ਅੱਛੀ ਤਰ੍ਹਾਂ ਪ੍ਰੈਕਟੀਕਲ ਇਹ ਦੱਸ ਦਿੱਤਾ ਕਿ ਗੁਰਬਾਣੀ ਦਾ ਸਤਿਕਾਰ ਇਉਂ ਕਰੀਦਾ ਹੈ।

ਸਮਾਂ ਗੁਜ਼ਰਦਾ ਗਿਆ। ਇਹ ਸ਼ਿਕਾਇਤਾਂ ਇਧਰ ਉਧਰ ਲੱਗਣ ਲੱਗੀਆਂ। ਕਈ ਦੋਖੀ ਲੋਕ ਗੁਰੂ ਘਰ ਨਾਲ ਈਰਖਾ ਕਰਨ ਲੱਗੇ। ਇਨ੍ਹਾਂ ਨੇ ਇਉਂ ਨਾਮ ਦਾ ਜਹਾਜ਼ ਬਣਾ ਲਿਆ ਹੈ, ਉਹ ਕਰ ਲਿਆ ਹੈ, ਆਹ ਕਰ ਲਿਆ ਹੈ।

ਉਧਰ (ਗੁਰੂ) ਹਰਿਗੋਬਿੰਦ ਮਹਾਰਾਜ, ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸਾਹਿਬਜ਼ਾਦੇ ਹਨ ਤੇ ਉਹ ਉਨ੍ਹਾਂ ਦਿਨਾਂ ਵਿਚ ੧੦-੧੧-੧੨ ਸਾਲ ਦੀ ਉਮਰ ਵਿਚ ਮੰਗਣੀ ਹੋ ਜਾਂਦੀ ਹੁੰਦੀ, ਵਿਆਹ ਹੋ ਜਾਂਦੇ ਹੁੰਦੇ। ਇਹੋ ਜਿਹੇ ਰਸਮੇਂ ਰਿਵਾਜ ਸੀ। ਇਧਰ ਦੀਵਾਨ ਚੰਦੂ ਮੱਲ, ਉਹ ਜਹਾਂਗੀਰ ਦਾ ਵਜ਼ੀਰ ਸੀ। ਉਹਨਾਂ ਦਿਨਾਂ ਵਿਚ ਰਾਜਾ ਜਹਾਂਗੀਰ ਸੀ। ਚੰਦੂ ਮੱਲ ਦੀ ਲੜਕੀ, ਉਸਦਾ ਨਾਂ ਸਦਾ ਕੌਰ ਸੀ। ਉਸਨੇ ਚਾਹਿਆ ਬਈ ਕੋਈ ਚੰਗਾ ਘਰ ਹੋਵੇ, ਮੈਂ ਹਿੰਦੁਸਤਾਨ ਵਿਚ ਮੰਨਿਆ, ਪਰਮੰਨਿਆ ਬੰਦਾ ਹਾਂ, ਤੇ ਇਹੋ ਜਿਹੇ ਥਾਂ ਤੇ ਰਿਸ਼ਤਾ ਹੋ ਜਾਵੇ ਜਿਹੜਾ ਮੇਰੇ ਨਾਲੋਂ ਘੱਟ ਨਾ ਹੋਵੇ। ਦੋ ਤਿੰਨ ਬੰਦੇ, ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾ ਪੜ੍ਹਾ ਕੇ ਭੇਜੇ। ਕੋਈ ਚੰਗਾ ਘਰ ਦੇਖੋ। ਉਹ ਲੱਭਦੇ-ਲੱਭਦੇ ਇਧਰ ਉਧਰ। ਜੇ ਲੜਕਾ ਦੇਖਣ, ਕੋਈ ਮਾਂ ਪਿਉ ਵਿਚ ਕਮੀ। ਜੇ ਉਹ ਦੇਖਣ ਕੋਈ ਕਾਰੋਬਾਰ ਵਿਚ ਕਮੀ। ਕੋਈ ਹੋਰ ਗਲ, ਦੇਖਣ ਕਿਸੇ ਹੋਰ ਗੱਲ ਵਿਚ ਕਮੀ।

ਸਿਆਣੇ ਬਜ਼ੁਰਗ ਕਹਿੰਦੇ ਨੇ ਗੁਰੂ ਨਾਨਕ ਦੇ ਘਰ ਤੋਂ ਬਿਨਾ ਬਾਕੀ ਤਾਂ

ਬਈ ਸਾਰੇ ਸੰਸਾਰ ਵਿਚ ਇਹੀ ਹਾਲ ਹੈ। ਕਿਤੇ ਕੋਈ ਗੱਲ ਹੈ, ਕਿਤੇ ਕੋਈ ਗੱਲ ਹੈ। ਸਾਰੀਆਂ ਗੱਲਾਂ ਤਾਂ ਰੱਬ ਦੇ ਘਰ, ਗੁਰੂ ਘਰ ਵਿਚ ਹੀ ਪੂਰੀਆਂ ਹਨ। ਹੋਰ ਤਾਂ ਕਿਤੇ ਹੋ ਨਹੀਂ ਸਕਦੀਆਂ। ਉਹ ਲੱਭਦੇ-ਲੱਭਦੇ ਸ੍ਰੀ ਅੰਮ੍ਰਿਤਸਰ ਇਥੇ ਆ ਗਏ। ਸਾਹਿਬਜ਼ਾਦੇ ਦੇ ਦੂਰੋਂ ਦਰਸ਼ਨ ਕੀਤੇ, ਅੱਖਾਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਰਹਿ ਗਈਆਂ। ਇਹ ਕੌਣ ਹਨ ? ਇਨ੍ਹਾਂ ਦੇ ਮਾਤਾ ਪਿਤਾ ਕੌਣ ਹਨ? ਇਨ੍ਹਾਂ ਦਾ ਨਾਂ ਕੀ ਹੈ ? ਕਿਸੇ ਸਿੱਖ ਨੂੰ ਪੁਛਿਆ। ਉਨ੍ਹਾਂ ਦਸਿਆ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ, ਗੁਰੂ ਨਾਨਕ ਜੋਤ, ਪੰਜਵੀਂ ਪਾਤਸ਼ਾਹੀ, ਉਨ੍ਹਾਂ ਦੇ ਸਾਹਿਬਜ਼ਾਦੇ ਸ੍ਰੀ ਹਰਿਗੋਬਿੰਦ ਜੀ ਹਨ। ਬਹੁਤ ਅੱਛਾ। ਇਹਨਾਂ ਦੀ ਮੰਗਣੀ ਵਿਆਹ ਹੋਇਆ ? ਕਹਿੰਦੇ ਨਹੀਂ। ਫਿਰ ਅਸੀਂ ਕੋਈ ਬਚਨ ਕਰੀਏ ? ਕਹਿੰਦੇ ਕਰ ਲਉ। ਟਾਇਮ ਜਦੋਂ ਲਿਆ ਗੁਰੂ ਮਹਾਰਾਜ ਕੋਲੋਂ, ਗੁਰੂ ਜੀ ਕਹਿਣ ਲੱਗੇ ਕੋਈ ਨਹੀਂ ਤੁਸੀਂ ਸਮਾਂ ਦੇ ਦਿਉ। ਆ ਕੇ ਉਨ੍ਹਾਂ ਨੇ ਨਮਸ਼ਕਾਰ ਕੀਤੀ। ਹੱਥ ਜੋੜ ਕੇ ਬੇਨਤੀ ਕੀਤੀ, ਗਰੀਬ ਨਿਵਾਜ਼ ਅਸੀਂ ਦਿੱਲੀ ਤੋਂ ਆਏ ਹਾਂ। ਚੰਦੂ ਮੱਲ ਦੀ ਲੜਕੀ ਉਹ ਰਿਸ਼ਤਾ ਕਰਨਾ ਚਾਹੁੰਦਾ। ਬੜੇ ਥਾਂ ਦੇਖੇ ਹਨ। ਹੁਣ ਇਸ ਘਰ ਦੀ ਸੋਭਾ ਸੁਣ ਕੇ ਆਏ ਹਾਂ, ਤਦੇ ਇਉਂ ਦਸਿਆ ਹੈ।

**ਧਾਰਨਾ - ਉੱਚਾ ਦਰ ਬਾਬੇ ਨਾਨਕ ਦਾ.....2....।**

**ਮੈਂ ਸੋਭਾ ਸੁਣਕੇ ਆਇਆ ਉੱਚਾ ਦਰ ਬਾਬੇ ਨਾਨਕ ਦਾ,**

ਸੋ ਮਹਾਰਾਜ ਬੜੀ ਸੋਭਾ ਸੁਣੀ ਹੈ ਆਪ ਜੀ ਦੇ ਘਰ ਦੀ। ਸਾਹਿਬਜ਼ਾਦੇ ਬਾਰੇ ਬੇਨਤੀ ਹੈ ਜੇ ਮੰਗਣੀ ਹੋਈ ਨਹੀਂ ਅਸੀਂ ਕਰਨੀ ਚਾਹੁੰਦੇ ਹਾਂ। ਗੁਰੂ ਜੀ ਕਹਿਣ ਲੱਗੇ ਠੀਕ ਹੈ। ਸਾਹਿਬਜ਼ਾਦਾ ਵੀ ਸਾਨੂੰ ਪਸੰਦ ਹੈ। ਫਿਰ ਰੱਬ ਦਾ ਘਰ। ਆਹ ਤਾਂ ਕੋਈ ਸੁੱਤੇ ਹੀ ਭਾਗ ਜਾਗ ਪਏ। ਅਮਕੇ ਦਿਨ ਅਸੀਂ ਸ਼ਗਨ ਲੈ ਕੇ ਆ ਰਹੇ ਹਾਂ। ਜਿਵੇਂ ਰਸਮੋ-ਰਿਵਾਜ਼, ਜਿਵੇਂ ਆਪ ਜੀ ਦਾ ਹੁਕਮ ਹੋਏਗਾ ਹੋ ਜਾਏਗਾ। ਗੁਰੂ ਜੀ ਕਹਿਣ ਲੱਗੇ ਠੀਕ ਹੈ। ਉਹ ਤਿੰਨੇ ਚਾਰੇ ਵਾਪਸ ਜਦੋਂ ਦਿੱਲੀ ਗਏ। ਚੰਦੂ ਨੂੰ ਸਾਰੀ ਗੱਲ ਦੱਸੀ। ਇਉਂ ਕਰਕੇ ਗੁਰੂ ਅਰਜਨ ਦੇਵ ਜੀ ਨਾਂ ਹੈ, ਉਨ੍ਹਾਂ ਦਾ ਸਾਹਿਬਜ਼ਾਦਾ ਹਰਿਗੋਬਿੰਦ ਜੀ ਹੈ। ਅੰਮ੍ਰਿਤਸਰ ਵਿਚ ਦਰਸ਼ਨ ਦੇ ਰਹੇ ਹਨ। ਸੰਗਤਾਂ ਹੁੰਮ ਹੁੰਮਾ ਕੇ ਆ ਰਹੀਆਂ ਹਨ। ਸੰਸਾਰ ਨੂੰ ਤਾਰ ਰਹੇ ਨੇ। ਇਉਂ ਕਰਕੇ ਹਰਿਮੰਦਰ ਸਾਹਿਬ ਬਣਾਇਆ। ਗੁਰੂ ਨਾਨਕ ਜੀ ਦੀ ਗੁਰਗੱਦੀ ਤੇ ਦਰਸ਼ਨ ਦੇ ਰਹੇ ਹਨ। ਬਜਾਏ ਸ਼ਰਧਾ ਵਿਚ ਆਉਣ ਦੇ,

ਮਨਮੁਖ ਸੀ, ਉਹ ਹੋਰ ਹੀ ਤਰ੍ਹਾਂ ਬੋਲਿਆ। ਹੈਂ ਉਥੇ ਹਾਂ ਕਰ ਆਏ, ਇਹੋ ਜਿਹੇ ਥਾਂ ਤੇ ਮੈਂ ਤੁਹਾਨੂੰ ਕਿਹਾ ਸੀ ? ਤੁਹਾਨੂੰ ਕਿਹਾ ਸੀ ਕੋਈ ਮੇਰੇ ਵਰਗਾ ਦੇਖਣਾ, ਇਹੋ ਜਿਹਾ ਬੜੀ ਮਾੜੀ ਗੱਲ ਕੀਤੀ। ਜਿਵੇਂ ਕਿਸੇ ਸੁੰਦਰ ਚੁਬਾਰੇ ਦੀ ਇੱਟ ਮੋਰੀ ਨਾਲ ਲਾਉਣ ਵਾਲੀ ਗੱਲ। ਬੜੀ ਮਾੜੀ ਗੱਲ ਹੋਈ। ਇਹ ਨਹੀਂ ਸੀ ਤੁਸੀਂ ਕਰਨਾਂ ਕਵੀ ਸੰਤੋਖ ਸਿੰਘ ਜੀ ਨੇ ਮੋਰੀ ਦਾ ਅਰਥ ਸਾਧਸੰਗਤ ਗੰਦੀ ਨਾਲੀ ਲਿਖਿਆ। ਸੋ ਇਸਦੇ ਅਰਥ ਕਈ ਹਨ। ਗੁਰਬਾਣੀ ਪੜ੍ਹ ਕੇ ਦੇਖੀਏ, ਸਮੇਂ ਸਮੇਂ ਨਾਲ ਅਰਥ ਬਦਲਦੇ ਚਲੇ ਜਾ ਰਹੇ ਹਨ। ਉਹ ਗੱਲ ਲੰਮੀ ਹੈ।

ਸੋ ਇਸ ਤਰ੍ਹਾਂ ਉਥੇ ਕਈ ਸਿੱਖ ਦਿੱਲੀ ਵਿਚ ਗੁਰੂ ਨਾਨਕ ਨਾਮ ਲੇਵਾ ਸਨ। ਇਕ ਸਿੱਖ ਜੋ ਕਿ ਸੁਣ ਰਿਹਾ ਸੀ, ਉਸਨੇ ਗੁਰੂ ਸਾਹਿਬ ਨੂੰ ਸੰਗਤ ਇਕੱਤਰ ਕਰਕੇ ਸੰਗਤ ਵਲੋਂ ਮਹਾਰਾਜ ਨੂੰ ਚਿੱਠੀ ਲਿਖ ਦਿੱਤੀ। ਚਿੱਠੀ ਵੀ ਅੰਮ੍ਰਿਤਸਰ ਆ ਗਈ ਤੇ ਸ਼ਗਨ ਲੈ ਕੇ ਚੰਦੂ ਦੇ ਬੰਦੇ, ਬਾਅਦ ਵਿਚ ਉਹਨੂੰ ਪਤਾ ਲੱਗਾ, ਕਹਿਣ ਲੱਗਾ ਉਹ ਹੋ ਇਹ ਤਾਂ ਬੜੀ ਮਾੜੀ ਗੱਲ ਹੋਈ, ਆਹ ਗੱਲ ਹੋਈ, ਆਪਾਂ ਉਥੇ ਹੀ ਕਰਨਾ, ਜ਼ਰੂਰੀ ਹੀ ਕਰਨਾ ਹੈ ਜਿਵੇਂ ਵੀ ਹੈ। ਗੁਰੂ ਨਾਨਕ ਦਾ ਘਰ ਹੈ। ਲੋਕ ਪ੍ਰਲੋਕ ਸੋਭਾ ਹੋਏਗੀ। ਉਹ ਹੋਏਗਾ, ਆਹ ਹੋਏਗਾ।

ਉਹਦੇ ਬੰਦੇ ਵੀ ਆ ਗਏ ਤੇ ਚਿੱਠੀ ਵੀ ਆ ਗਈ। ਚਿੱਠੀ ਗੁਰੂ ਸਾਹਿਬ ਨੇ ਪੜ੍ਹੀ। ਬਾਬਾ ਬੁੱਢਾ ਸਾਹਿਬ, ਬਾਬਾ ਬਿਧੀ ਚੰਦ, ਲੰਗਾਹਾ, ਪਰਾਣਾ, ਜੇਠਾ, ਪਿਲੰਗਾ, ਇਹੋ ਜਿਹੇ ਗੁਰਮੁਖ ਹੁੰਦੇ। ਉਨ੍ਹਾਂ ਨਾਲ ਵਿਚਾਰ ਕੀਤੀ। ਕਹਿਣ ਲੱਗੇ ਮਹਾਰਾਜ ਸੰਗਤ ਵਲੋਂ ਚਿੱਠੀ ਆਈ ਹੈ, ਜਿਵੇਂ ਸੱਚੇ ਪਾਤਿਸ਼ਾਹ ਆਪ ਜੀ ਨੂੰ ਠੀਕ ਲੱਗੇ।

ਗੁਰੂ ਜੀ ਕਹਿੰਦੇ ਅਸੀਂ ਆਪਣਾ ਬਚਨ ਤਾਂ ਕੈਂਸਲ ਕਰ ਸਕਦੇ ਹਾਂ, ਸੰਗਤ ਦਾ ਕਿਹਾ ਹੋਇਆ, ਆਪਣੇ ਪਿਆਰਿਆਂ ਦਾ ਕਿਹਾ ਹੋਇਆ, ਇਹ ਤਾਂ ਜੁਗੋ ਜੁਗ ਬਈ ਮਰਿਆਦਾ ਚਲੀ ਆਉਂਦੀ ਹੈ ਇਹਨੂੰ ਅਸੀਂ ਭੰਗ ਨਹੀਂ ਕਰਾਂਗੇ। ਉਹਨਾਂ ਨੂੰ ਨਾਂਹ ਕਰ ਦਿੱਤੀ। ਤੁਸੀਂ ਖਾਲੀ ਜਾ ਸਕਦੇ ਹੋ। ਰਿਸ਼ਤਾ ਨਹੀਂ ਹੋਏਗਾ। ਉਹ ਕਹਿੰਦੇ ਨਹੀਂ ਬੇਨਤੀ ਕਰਦੇ ਹਾਂ, ਹੱਥ ਜੋੜਦੇ ਹਾਂ। ਬਈ ਕੁਝ ਭੀ ਹੈ। ਉਹ ਵਜ਼ੀਰ ਆਪਣੇ ਵਰਗਾ ਲੱਭ ਲਏ। ਅਸੀਂ ਆਪਣੇ ਵਰਗਾ ਦੇਖ ਲਵਾਂਗੇ ਸਾਨੂੰ ਲੋੜ ਨਹੀਂ ਹੈ। ਉਸੇ ਵੇਲੇ ਹੀ ਡੱਲੇ ਨਗਰ ਦਾ ਜੋ ਕਿ

ਪੁਰਾਣੇ ਸਮੇਂ ਵਿਚ ਗੁਰੂ ਅਮਰਦਾਸ ਮਹਾਰਾਜ ਜੀ ਦਾ ਸੇਵਕ ਸਿੱਖ, ਉਹਨਾਂ ਦੀ ਅੰਸਾਂ ਵਿਚ ਨਰੈਣ ਦਾਸ ਨੇ ਉਠ ਕੇ ਅਰਜ਼ ਕੀਤੀ, ਮਹਾਰਾਜ, ਦਾਸ ਦੀ ਪੁੱਤਰੀ ਹੈ ਜੇ ਹੁਕਮ ਹੋਵੇ।

ਗੁਰੂ ਜੀ ਕਹਿੰਦੇ ਹਾਂ ਆਹ ਠੀਕ ਹੈ। ਤੁਸੀਂ ਜਾਉ ਬਈ। ਉਹ ਵਾਪਸ ਚਲੇ ਗਏ। ਗੁਰੂ ਜੀ ਕਹਿਣ ਲੱਗੇ ਕੁਝ ਵੀ ਹੈ, ਅਸੀਂ ਬਚਨ, ਸੰਗਤਾਂ ਦੀ ਕੀਤੀ ਹੋਈ ਅਰਦਾਸ ਇਹ ਨਹੀਂ ਮੋੜ ਸਕਦੇ।

ਜਦੋਂ ਜਾ ਕੇ ਦਿੱਲੀ ਉਨ੍ਹਾਂ ਸਾਰੀ ਗੱਲ ਦੱਸੀ। ਕਹਿਣ ਲੱਗਾ ਮੈਂ ਇੰਨੀ ਹਿੰਮਤ ਰਖਦਾਂ ਕਰਾ ਕੇ ਛੱਡੂੰ। ਕੁਝ ਵੀ ਹੋ ਜਾਏ। ਉਹ ਮੈਂ ਵਜ਼ੀਰ ਰਾਜੇ ਦਾ। ਮੇਰੀ ਪਹੁੰਚ ਬੜੀ ਹੈ, ਔਹ ਹੈ, ਆਹ ਹੈ। ਇਹੋ ਜਿਹੀਆਂ ਗੱਲਾਂ ਬੜੀਆਂ ਬੜੀਆਂ। ਮੈਂ ਇਹੋ ਜਿਹੀਆਂ ਗੱਲਾਂ ਕਰਨਾ ਜਾਣਦਾ। ਕੌਣ ਹੋ ਸਕਦਾ ਹੈ ਜਿਹੜਾ ਮੇਰੀ ਗੱਲ ਨਾ ਮੰਨੇ ? ਹਾਂ ਜਿਹਨੂੰ ਜੀਅ ਕਰੇ ਮੈਂ ਜਿਹੜੀ ਗੱਲ ਮਰਜ਼ੀ ਮਨਾ ਕੇ ਛੱਡਾਂ। ਕੌਣ ਅੜ ਸਕਦਾ ਹੈ ਮੇਰੇ ਅੱਗੇ। ਬੜਾ ਅੱਗਬਬੂਲਾ ਹੋਇਆ। ਚਿੱਠੀ ਲਿਖ ਦਿੱਤੀ ਇਹ ਤੁਹਾਨੂੰ ਗੱਲ ਮੰਨਣੀ ਪਏਗੀ। ਜੋ ਮੈਂ ਕਹਾਂਗਾ ਉਹ ਗੁਰੂ ਸਾਹਿਬ ਨੂੰ, ਕਹਿਣ ਲੱਗਾ, ਤੁਹਾਨੂੰ ਮੰਨਣਾ ਪਏਗਾ। ਇਥੇ ਤੁਹਾਡੀ ਕਿਸੇ ਦੀ ਨਹੀਂ ਚਲੇਗੀ।

ਗੁਰੂ ਜੀ ਨੇ ਮੋੜਵਾਂ ਉੱਤਰ ਦਿੱਤਾ, ਨਹੀਂ ਬਈ ਜੋ ਜੁਗਾਂ-ਜੁਗਾਂਤਰਾਂ ਤੋਂ ਚਲਿਆ ਆ ਰਿਹਾ ਉਹੀ ਹੋਏਗਾ।

**ਧਾਰਨਾ - ਮੇਰੀ ਬੱਧੀ ਹੋਈ ਭਗਤ ਛੁਡਾਉਂਦੇ ਨੇ, ਭਗਤਾਂ ਦੀ ਬੱਧੀ ਨਾ ਛੁੱਟਦੀ।**

**ਮੇਰੀ ਬੱਧੀ ਹੋਈ ਭਗਤ ਛੁਡਾਉਂਦੇ ਨੇ, ਭਗਤਾਂ ਦੀ ਬੱਧੀ ਨਾ ਛੁੱਟਦੀ।**

ਗੁਰੂ ਜੀ ਕਹਿੰਦੇ ਮੈਂ ਆਪਣਾ ਕਿਹਾ ਹੋਇਆ ਬਚਨ, ਉਹ ਤਾਂ ਬਦਲ ਸਕਦਾ ਹਾਂ, ਪਰ ਜੋ ਗੁਰੂ ਨਾਨਕ ਨਾਮ ਲੇਵਾ ਸਾਧਸੰਗਤ, ਤੇ ਗੁਰੂ ਨਾਨਕ ਜੀ ਦੇ ਪਿਆਰੇ ਗੁਰਮੁਖ, ਗੁਰਸਿੱਖ, ਭਗਤ, ਭਲਾ ਉਨ੍ਹਾਂ ਦਾ ਕਿਹਾ ਕਿਵੇਂ ਟਲ ਜਾਏਗਾ? ਇਹ ਨਹੀਂ ਹੋ ਸਕਦਾ। ਇਹ ਤਾਂ ਸੰਗਤ, ਇਕ ਇਕ ਦਾ ਕਿਹਾ ਕਿਵੇਂ ਮੰਨਦੇ ਹਾਂ।

ਉਥੇ ਲਾਹੌਰ ਵਿਚ ਇਕ ਹੋਇਆ ਭਾਈ ਬੁੱਧੂ। ਉਹਨੇ ਕਰਜ਼ਾ ਲੈ ਕੇ ਬੜੇ ਇੱਟਾਂ ਦੇ ਆਵੇ ਪੱਕਣ ਵਾਸਤੇ ਰੱਖੇ। ਉਸ ਵੇਲੇ ਬੇਨਤੀ ਕੀਤੀ ਮਹਾਰਾਜ ਕ੍ਰਿਪਾ

ਕਰੋ। ਗੁਰੂ ਜੀ ਕਹਿਣ ਲੱਗੇ ਹਾਂ ਜਿਵੇਂ ਕਹੋਂ। ਲੰਗਰ ਚਲ ਜਾਏਗਾ। ਕਥਾ ਹੋਏਗੀ। ਆਪ ਚਰਨ ਪਾਉ। ਮਿਹਰ ਕਰੋ, ਬਖ਼ਸ਼ਿਸ਼ ਕਰੋ।

ਗੁਰੂ ਜੀ ਉਥੇ ਗਏ ਹੋਏ ਸੀ। ਸਾਰਾ ਕੁਝ ਹੋਇਆ, ਲੰਗਰ ਵੀ ਚਲਿਆ। ਗੁਰੂ ਜੀ ਵੀ ਆਏ। ਅਰਦਾਸ ਵੀ ਹੋਣ ਲੱਗੀ। ਉਧਰ ਭਾਈ ਲੱਖੂ, ਪਹਿਲਾਂ ਤਾਂ ਚੋਰੀਆਂ ਕਰਦਾ ਹੁੰਦਾ। ਜਦੋਂ ਗੁਰਮੁਖ ਤੋਂ ਸੋਝੀ ਪਈ, ਭਾਈ ਪਰਾਣੇ ਵਰਗਿਆਂ ਤੋਂ, ਗੁਰੂ ਅੰਗਦ ਸਾਹਿਬ ਜੀ ਦਾ ਸਿੱਖ ਬਣਿਆ। ਲਗਾ ਜਪੁਜੀ ਸਾਹਿਬ ਦੇ ਪਾਠ ਕਰਨ। ਪਹਿਲਾਂ ੧ ਪਾਠ, ਫਿਰ ੫ ਪਾਠ, ਫਿਰ ੧੧ ਪਾਠ, ਫਿਰ ੨੧ ਪਾਠ, ਫਿਰ ੫੧, ਫਿਰ ੮੧, ਫਿਰ ੧੦੦ ਪਾਠ ਰੋਜ਼ ਦਾ ਜਪੁਜੀ ਸਾਹਿਬ ਦਾ ਕਰਨ ਲੱਗਾ।

ਲਾਹੌਰ ਵਿਚ ਜਿਹਨੇ ਲੰਗਰ ਛਕਾਉਣਾ ੨੧ ਪਾਠ ਜਪੁਜੀ ਸਾਹਿਬ ਦੇ ਜਿਸ ਘਰ ਵਿਚ ਹੁੰਦੇ ਹੋਣਗੇ, ਉਥੇ ਲੰਗਰ ਛਕਿਆ ਜਾਏਗਾ। ਲੱਗੇ ਲੋਕ ਪਾਠ ਕਰਨ, ਫਿਰ ਵੀ ਵਾਰੀ ਨਾ ਆਏ। ਕਹਿੰਦੇ ਬਈ ਹੁਣ ਤਾਂ ੫੧-੫੧ ਪਾਠ ਕਰਦੇ ਆ ਲੋਕ, ਉਥੇ ਲੰਗਰ ਛਕਿਆ ਜਾਂਦਾ, ਉਥੇ ਕਥਾ ਵਿਚਾਰਾਂ ਹੁੰਦੀਆਂ।

ਇਉਂ ਲਾਹੌਰ ਜ਼ਿਲੇ ਦੇ ਇਲਾਕੇ ਵਿਚ ਸਾਰੇ ਤਮਾਮ ਗੁਰਬਾਣੀ ਪੜ੍ਹਨ ਲਾ ਛੱਡੇ। ਜਪੁਜੀ ਸਾਹਿਬ ਦਾ ਪਾਠ ਕਰਨ ਲਾ ਛੱਡੇ। ਉਸਨੂੰ ਪਤਾ ਲੱਗਾ ਗੁਰੂ ਮਹਾਰਾਜ ਦਰਸ਼ਨ ਦੇ ਰਹੇ ਨੇ। ਚਲੋ ਆਪਾਂ ਵੀ ਚਲਦੇ ਆਂ। ਉਹ ਜਿਸਨੇ ਆਵੇ ਪੱਕਣ ਰੱਖੇ ਸੀ, ਬੁੱਧੂ ਸ਼ਾਹ, ਉਸਦੀ ਨਿਗਾਹ ਪਈ, ਕਹਿਣ ਲੱਗੇ ਕਿਵੇਂ ਖੜਾਂ ? ਮੈਂ ਲੰਗਰ ਛਕਣ ਵਾਸਤੇ ਆਇਆਂ। ਗੁਰੂ ਕਾ ਲੰਗਰ ਵਰਤ ਰਿਹਾ, ਕਿਸੇ ਮਨੁੱਖ ਦਾ ਤਾਂ ਹੈ ਨਹੀਂ। ਅਰਦਾਸ ਤਾਂ ਇਹੀ ਕੀਤੀ ਜਾਂਦੀ ਹੈ, ਬਈ ਗੁਰੂ ਕਾ ਹੀ ਹੈ ਦਾਨਾ ਪਾਣੀ, ਸੇਵਾ ਸਿੱਖਾਂ ਦੀ ਹੁੰਦੀ ਜਿਹੜੇ ਕਰਦੇ ਨੇ। ਬੁੱਧੂ ਕਹਿੰਦਾ ਬਹਿ ਜਾਹ ਪਰ੍ਹਾਂ ਹੋ ਕੇ, ਤੇਰੇ ਵਰਗਿਆਂ ਵਾਸਤੇ, ਇਹੋ ਜਿਹੇ ਕਲ੍ਹ ਚੋਰੀਆਂ ਕਰਦਾ, ਅੱਜ ਰੱਬ ਦਾ ਭਗਤ ਬਣਿਆ ਫਿਰਦਾ। ਸੋ ਉਸਨੇ ਗੱਲ ਨਾ ਸਮਝੀ, ਬੇਵਜ੍ਹਾ ਕੁਝ ਆਖ ਦਿੱਤਾ। ਹੁਣ ਜਦੋਂ ਅਰਦਾਸ ਹੋਈ ਬਈ ਬੁੱਧੂ ਸ਼ਾਹ ਦੇ ਆਵੇ ਪੱਕ ਜਾਣ, ਇੱਟਾਂ ਸੋਹਣੀਆਂ ਪੱਕ ਜਾਣ, ਇਹਨੂੰ ਬਹੁਤਾ ਮੁਨਾਫਾ ਹੋਵੇ, ਗੁਰੂ ਕਿਆਂ ਦੇ ਚਰਨ ਪੁਆਏ, ਸੰਗਤਾਂ ਦੇ ਪੁਆਏ। ਅਰਦਾਸ ਹੋ ਰਹੀ ਹੈ। ਉਹ ਕਹਿੰਦਾ ਨਹੀਂ, ਕੱਚੇ ਰਹਿਣਗੇ ਕੱਚੇ। ਆਵੇ ਤਾਂ ਕੱਚੇ ਹੀ ਰਹਿਣਗੇ, ਜਿੰਨੀਆਂ ਮਰਜ਼ੀ ਅਰਦਾਸਾਂ ਕਰੋ।

ਉਹ ਚਲਿਆ ਗਿਆ। ਆਵਿਆਂ ਨੂੰ ਅੱਗ ਦੇ ਦਿੱਤੀ ਗਈ। ਉਧਰੋਂ ਬਰਸਾਤ ਦੇ ਦਿਨ ਨੇੜੇ, ਉਧਰੋਂ ਆਵੇ ਖੋਲ੍ਹਣ ਲੱਗੇ। ਜਿਹੜਾ ਖੋਲ੍ਹਣ ਉਹੀ ਕੱਚਾ, ਜਿਹੜਾ ਖੋਲ੍ਹਣ ਉਹੀ ਕੱਚਾ। ਰੋ ਪਿਆ ਬੁੱਧੂ ਸ਼ਾਹ। ਕੀ ਕੀਤਾ ਜਾਏ। ਸ੍ਰੀ ਅੰਮ੍ਰਿਤਸਰ ਗਿਆ, ਮਹਾਰਾਜ ਲੰਗਰ ਵੀ ਸੰਗਤਾਂ ਨੂੰ, ਯਥਾ-ਸ਼ਕਤ ਸੇਵਾ ਜੋ ਹੋਈ ਕੀਤੀ, ਅਰਦਾਸ ਵੀ ਕੀਤੀ। ਬਚਨ ਵੀ ਆਪ ਜੀ ਦੇ ਹਨ ਇੱਟਾਂ ਪੱਕ ਜਾਣਗੀਆਂ, ਕਰਜ਼ਾ ਚੁੱਕ ਕੇ ਕੰਮ ਕੀਤਾ ਹੈ, ਫੇਰ ਕੱਚੀਆਂ ਰਹਿ ਗਈਆਂ।

ਗੁਰੂ ਜੀ ਕਹਿਣ ਲੱਗੇ, ਕਿਸੇ ਗੁਰਮੁਖ ਦਾ ਦਿਲ ਦੁਖਾਇਆ ਹੋਣਾ। ਨਹੀਂ ਮਹਾਰਾਜ ਬੜੀ ਸੇਵਾ ਕੀਤੀ। ਨਹੀਂ, ਨਹੀਂ ਇਹ ਕੋਈ ਗਲਤੀ ਜ਼ਰੂਰ। ਜਦੋਂ ਨਾ ਹੀ ਸਮਝ ਵਿਚ ਆਇਆ। ਗੁਰੂ ਜੀ ਕਹਿਣ ਲੱਗੇ ਭਾਈ ਲੱਖੂ ਆਇਆ ਸੀ। ਹਾਂ ਮਹਾਰਾਜ। ਫਿਰ ਕੀ ਕਿਹਾ ਸੀ। ਸਾਰੀ ਗੱਲ ਦੱਸੀ। ਉਹਨੇ ਕੀ ਬਚਨ ਕੀਤਾ ਸੀ। ਹੇ ਗੁਰੂ ਜੀ ਤੁਸੀਂ ਆਪ ਗੁਰੂ ਨਾਨਕ ਤੇ ਉਹ ਸਿੱਖ। ਉਹਦਾ ਕਿਹਾ ਕਿਵੇਂ ਹੋ ਜਾਏਗਾ। ਕਹਿੰਦੇ ਇਹ ਗੱਲ ਤੇਰੇ ਸਮਝ ਵਿਚ ਨਹੀਂ ਆਉਣੀ। ਇਹ ਗੁਰੂ ਪੀਰਾਂ ਦੀ ਮਰਿਆਦਾ ਹੈ। ਜੁਗਾਂ ਜੁਗਾਂਤਰਾਂ ਤੋਂ ਚਲੀ ਆ ਰਹੀ ਹੈ।

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***

**(ਅੰਗ ੧੨੫੨-੫੩)**

ਇਹ ਗੱਲ ਨਹੀਂ ਹੋ ਸਕਦੀ। ਬੜਾ ਰੋ ਰਿਹਾ। ਉਹ ਹੋ। ਬੜੀ ਮਾੜੀ ਗੱਲ ਹੋਈ। ਇਸ ਦੀ ਕਿਸੇ ਨਾ ਕਿਸੇ ਤਰ੍ਹਾਂ ਮੈਨੂੰ ਮਾਫੀ ਮਿਲ ਸਕਦੀ ਹੈ। ਗੁਰੂ ਜੀ ਕਹਿੰਦੇ ਨਹੀਂ। ਫਿਰ ਤਾਂ ਮੇਰਾ ਤਾਂ ਕਰਜ਼ਾ ਹੀ ਨਹੀਂ ਲਹਿਣਾ। ਕਹਿੰਦੇ ਰੋ ਨਾ। ਸਿੱਖ ਦਾ ਬਚਨ ਅਸੀਂ ਨਹੀਂ ਟਾਲ ਸਕਦੇ। ਇੱਟਾਂ ਕੱਚੀਆਂ ਹੀ ਰਹਿਣਗੀਆਂ। ਉਹ ਚਲ ਤੈਨੂੰ ਪੈਸੇ ਹੀ ਚਾਹੀਦੇ ਨੇ ਨਾ, ਵਿਕ ਤੇਰੀਆਂ ਭਾਈ ਪੱਕਿਆਂ ਦੇ ਭਾਅ ਜਾਣਗੀਆਂ। ਇਉਂ ਦਸਿਆ।

**ਧਾਰਨਾ - ਹੁਣ ਤਾਂ ਰਹਿਣਗੇ ਕੱਚੇ ਤੇਰੇ ਆਵੇ, ਪੱਕਿਆਂ ਦੇ ਭਾਅ ਵੇਚ ਲਈਂ ......।**

**ਹੁਣ ਤਾਂ ਰਹਿਣਗੇ ਕੱਚੇ ਤੇਰੇ ਆਵੇ, ਪੱਕਿਆਂ ਦੇ ਭਾਅ ਵੇਚ ਲਈਂ ....।**

ਏਸੇ ਤਰ੍ਹਾਂ ਹੀ ਹੋਇਆ। ਬਰਸਾਤ ਬਹੁਤ ਪਈ। ਜ਼ਿਆਦਾ ਬਾਰਸ਼ ਹੋਣ ਕਰਕੇ ਕਿਲ੍ਹੇ ਦੀ ਕੰਧ ਢਹਿ ਗਈ। ਉਸ ਵੇਲੇ ਸੂਬਾ ਕਹਿਣ ਲੱਗਾ ਛੇਤੀ-

ਛੇਤੀ ਇੱਟਾਂ ਲਿਆਉ। ਦਸਿਆ ਬਈ ਸਰਕਾਰ ਕੱਚੀਆਂ ਨੇ ਪੈਸੇ ਪੱਕੀਆਂ ਦੇ ਮੰਗਦਾ ਹੈ। ਉਹ ਕਹਿੰਦਾ ਜਿਹੋ ਜਿਹੀਆਂ ਵੀ ਹਨ ਲਿਆ ਕੇ ਨੀਂਹਾਂ ਭਰੋ ਬੱਸ। ਪੈਸੇ ਵੀ ਪੂਰੇ ਮਿਲ ਗਏ, ਇੱਟਾਂ ਰਹੀਆਂ ਵੀ ਕੱਚੀਆਂ। ਗੁਰੂ ਜੀ ਕਹਿਣ ਲੱਗੇ ਇਹ ਗੱਲ ਕਿਵੇਂ ਹੋਏਗੀ। ਅਸੀਂ ਆਪਣੇ ਪਿਆਰਿਆਂ ਦਾ ਕਿਹਾ ਨਹੀਂ ਬਦਲ ਸਕਦੇ।

ਗੁਰੂ ਜੀ ਨੇ ਜੋ ਉਹ ਰਿਸ਼ਤਾ ਸੀ ਉਹ ਨਾਂਹ ਕੀਤੀ ਹੋਈ। ਉਹ ਹੁਣ ਚੰਦੂ ਸੋਚਦਾ ਬਈ ਕਿਵੇਂ ਕੀਤਾ ਜਾਏ। ਕਈ ਸਕੀਮਾਂ ਘੜਦਾ। ਕਦੇ ਕੋਈ ਗੱਲ, ਕਦੇ ਕੋਈ ਗੱਲ, ਕਦੇ ਕੋਈ ਗੱਲ। ਜਹਾਂਗੀਰ ਨੂੰ ਦੇਖੋ ਸਰਕਾਰ, ਮੀਆਂ ਮੀਰ ਵਰਗੇ, ਇਸਲਾਮ ਵਿਚ ਮੰਨੇ-ਪ੍ਰਮੰਨੇ, ਉੱਚ ਕੋਟੀ ਦੇ ਪੀਰ ਹਨ। ਇਕ ਤਾਂ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਨੀਂਹ ਦੀ ਇੱਟ ਰੱਖੀ। ਗੁਰੂ ਜੀਆਂ ਨੇ ਉਹਦੇ ਕੋਲੋਂ ਰਖਾਈ। ਫਿਰ ਦੇਖੋ ਕਿਵੇਂ ਮੱਥੇ ਟੇਕਦਾ ਹੈ। ਤੁਹਾਡੇ ਲੋਕ ਵੀ ਬਹੁਤ ਸਾਰੇ ਉਥੇ ਜਾਂਦੇ ਹਨ। ਸੋ ਇਸ ਗੱਲ ਦੀ ਵਿਚਾਰ ਕਰੋ। ਸਾਰੇ ਸਿੱਖ ਹੀ ਬਣਦੇ ਜਾਂਦੇ ਹਨ।

ਉਹ ਹੁਣ ਕੀ ਵਿਚਾਰ ਕਰੇ। ਸੁਣ ਛੱਡਦਾ। ਕਿਤੇ ਚੁਗਲੀਆਂ ਉਧਰੋਂ ਲਗਦੀਆਂ, ਕਿਤੇ ਉਧਰੋਂ ਲਗਦੀਆਂ, ਕਈ ਗੱਲਾਂ ਹੋ ਰਹੀਆਂ। ਐਸਾ ਇਕ ਦਿਨ ਹੋਇਆ ਕਹਿਣ ਲੱਗਾ ਚਲੋ। ਗਰਮੀਆਂ ਦੇ ਦਿਨ ਸੀ, ਉਧਰ ਕਸ਼ਮੀਰ ਵੱਲ ਚਲਦੇ ਹਾਂ। ਠੰਢਾ ਇਲਾਕਾ।

ਕਸ਼ਮੀਰ ਪੁਰਾਣੇ ਲੋਕਾਂ ਨੇ ਮਾਤ-ਲੋਕ ਦਾ ਸਵਰਗ ਮੰਨਿਆ। ਬੜੇ ਫੁੱਲ ਬੂਟੇ ਨੇ ਉਥੇ, ਬੜੀ ਠੰਢ ਹੈ। ਅੱਛਾ ਹੈ ਸਾਰਾ। ਕੁਦਰਤੀ ਬਹੁਤ ਇਹੋ ਜਿਹੇ ਜੜੀਆਂ, ਬੂਟੀਆਂ, ਫਲ ਫੁੱਲ ਹਨ। ਜਦੋਂ ਦਰਿਆ ਪਾਰ ਹੋਇਆ ਉਥੇ ਉਹਨੂੰ ਰਾਤ ਪੈ ਗਈ। ਉਹ ਘੋੜੇ ਭਾਵੇਂ ਇਹਨੇ ਆਪ ਹੀ ਇਧਰ ਉਧਰ ਕਰ ਛੱਡੇ, ਹੁਣ ਹਜ਼ਾਰਾਂ ਲੱਖਾਂ ਵਿਚ ਕੀ ਪਤਾ ਲੱਗਦਾ ਤੇ ਉਹ ਸਵੇਰੇ, ਜੀ ਘੋੜੇ ਖੁੱਲ੍ਹ ਗਏ, ਘੋੜੇ ਖੁੱਲ੍ਹ ਗਏ, ਘੋੜੇ ਖੁੱਲ੍ਹ ਗਏ, ਘੋੜੇ ਖੁੱਲ੍ਹ ਗਏ। ਕੌਣ ਲੈ ਗਿਆ? ਚੋਰ ਲੈ ਗਏ। ਜਹਾਂਗੀਰ ਕਹਿਣ ਲੱਗਿਆ ਹੈਂ ਮੇਰਾ ਡਰ ਨਹੀਂ ਹੈ ਕਿਸੇ ਨੂੰ। ਆਪਣੇ ਘੋੜੇ ਲੈ ਕੌਣ ਗਿਆ। ਹਿੰਮਤ ਕਿਹਦੀ ਪੈ ਗਈ।

ਉਹ ਜਹਾਂ-ਪਨਾਹ ਹਿੰਮਤ ! ਅੰਮ੍ਰਿਤਸਰ ਬੜੇ ਚੋਰ ਰਹਿੰਦੇ ਹਨ। ਉਥੇ ਇਕ ਗੁਰੂ ਅਰਜਨ ਦੇਵ ਜੀ ਹੈ। ਉਹ ਆਪਣੇ ਆਪ ਨੂੰ ਗੁਰੂ ਨਾਨਕ ਸੰਗਤਾਂ ਵਿਚ ਇਉਂ ਦੱਸਦਾ ਹੈ। ਉਥੇ ਬੜੇ-ਬੜੇ ਡਾਕੂ ਵੱਡੇ-ਵੱਡੇ ਚੋਰ ਰਹਿੰਦੇ। ਹੇਂ ਗੁਰੂ

ਲੋਕ, ਉਥੇ ਚੋਰਾਂ ਦਾ ਕੀ ਕੰਮ। ਸਰਕਾਰ ਚੋਰ ! ਉਹਨਾਂ ਚੋਰਾਂ ਨੂੰ ਪਤਾ ਨਹੀਂ ਕੀ ਪੜ੍ਹਾਉਂਦੇ ਨੇ। ਬੜੇ-ਬੜੇ ਦੂਰ ਦੇਸ਼ਾਂ ਵਿਦੇਸ਼ਾਂ ਵਿਚ ਘੱਲਦੇ ਨੇ, ਜਾਉ ਧੰਨ ਇਕੱਠਾ ਕਰ ਕੇ ਲਿਆਉ ਜਿਵੇਂ ਵੀ ਲਿਆਉ।

ਉਹ ਜਿਹੜੇ ਪੰਜ ਸੌ ਗੁਰਮੁਖ, ਗੁਰਸਿੱਖ, ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਸਿੱਖੀ ਪ੍ਰਚਾਰ ਵਾਸਤੇ ਹਿੰਦੁਸਤਾਨ ਵਿਚ ਪੰਜ ਸੌ ਸਿੱਖ ਇਲਹਿਦਾ, ਇਲਹਿਦਾ, ਥਾਵਾਂ ਤੇ ਭੇਜੇ ਸੀ, ਜਾ ਕੇ ਨਾਮ ਜਪੋ, ਜਪਾਉ ਸੰਗਤਾਂ ਨੂੰ। ਚੰਦੂ ਉਹਨਾਂ ਨੂੰ ਚੋਰ ਦੱਸਦਾ ਹੈ।

ਜਿਵੇਂ ਗੁਰੂ ਅਮਰਦਾਸ ਮਹਾਰਾਜ ਨੇ ੨੨ ਗੁਰਸਿੱਖ ਤੇ ੭੨ ਮਾਈਆਂ ਬੀਬੀਆਂ ਭੇਜੀਆਂ ਸੀ, ਜਿਨ੍ਹਾਂ ਵਿਚੋਂ ਇਕ ਆਸਾਮ ਵਿਚ ਮਾਈ ਸੀ। ਜਿਹਦਾ ਲੜਕਾ ਭਾਈ ਨੱਥਾ ਬੜਾ ਗੁਰਮੁਖ ਪਿਆਰਾ ਧਰਮ ਪ੍ਰਚਾਰ ਕਰਦਾ ਹੁੰਦਾ। ਪਰ ਵਿਚ ਵਿਚ ਕਥਾ ਦੇ ਗਾਲ੍ਹਾਂ ਵੀ ਕੱਢੀ ਜਾਂਦਾ ਹੁੰਦਾ। ਉਸਦੀ ਗੱਲ ਦਾ ਕੋਈ ਉੱਤਰ ਤਾਂ ਨਾ ਦੇਵੇ।

ਗੁਰੂ ਤੇਗ ਬਹਾਦਰ ਮਹਾਰਾਜ ਜੀ ਆਸਾਮ ਵਿਚ ਧੋਬੜੀ ਸਾਹਿਬ, ਇਸ ਇਲਾਕੇ ਵਿਚ ਆਏ। ਸੰਗਤ ਨੇ ਅਰਜ਼ ਕੀਤੀ ਮਹਾਰਾਜ ਬਾਕੀ ਤਾਂ ਇਨ੍ਹਾਂ ਦਾ ਸਾਰਾ ਕੁਝ ਠੀਕ ਹੈ, ਇਹਦੀ ਮਾਤਾ ਗੁਰੂ ਸਾਹਿਬ ਨੇ ਭੇਜੀ ਸੀ, ਉਹਦਾ ਪੁੱਤਰ ਹੈ, ਬੜੀ ਸਿਆਣੀ ਉਮਰ ਦਾ ਹੈ, ਬੜਾ ਬਜ਼ੁਰਗ ਹੈ। ਸਾਧੂ ਸੰਤ ਹੈ, ਬੜਾ ਮਹਾਂਪੁਰਖ ਹੈ। ਬੜਾ ਚੰਗਾ, ਬੜਾ ਅੱਛਾ ਸਿੱਖੀ ਪ੍ਰਚਾਰ। ਪਰ ਜਿਹੜਾ ਵਿਚ ਵਿਚ ਗਾਲ੍ਹਾਂ ਕੱਢਦਾ ਹੈ, ਬੜੀ ਮਾੜੀ ਗੱਲ ਹੈ। ਗੁਰੂ ਜੀ ਕਹਿਣ ਲੱਗੇ ਅੱਛਾ ! ਕਹਿਣ ਲੱਗੇ ਭਾਈ ਨੱਥਿਆ ਬਈ ਗਾਲ੍ਹਾਂ ਨਾ ਕੱਢਿਆ ਕਰ, ਬਾਕੀ ਤੇਰਾ ਸਭ ਠੀਕ ਹੈ। ਉਹਨੇ ਵੱਡੀ ਸਾਰੀ ਕੱਢੀ। ਸੁਭਾਅ ਬਣਿਆ ਹੋਇਆ ਸੀ। ਕਹਿੰਦਾ ਸੱਚੇ ਪਾਤਿਸ਼ਾਹ ਕੌਣ ਕਹਿੰਦਾ ਮੈਂ ਗਾਲ੍ਹਾਂ ਕੱਢਦਾ ਹਾਂ। ਮੈਂ ਤਾਂ ਕਦੇ ਨਹੀਂ ਕੱਢੀ। ਗੁਰੂ ਜੀ ਬੜੇ ਹੱਸੇ ਕਹਿਣ ਲੱਗੇ ਸਾਧਸੰਗਤ ਜਿਹੜਾ ਇਹਦੀ ਗਾਲ੍ਹ ਸੁਣੇਗਾ, ਉਹਦੇ ਵੀ ਪਾਪਾਂ ਦਾ ਨਾਸ਼ ਹੋ ਜਾਏਗਾ। ਉਲਟਾ ਬਚਨ ਦਿੱਤਾ। ਇਹ ਗਾਲ੍ਹਾਂ ਨਹੀਂ ਕੱਢਦਾ ਕੋਈ ਹੋਰ ਹੀ ਗੱਲ ਹੈ।

ਸੋ ਇਸ ਤਰ੍ਹਾਂ ਜਿਵੇਂ ਗੁਰੂ ਅਮਰਦਾਸ ਮਹਾਰਾਜ ਨੇ ੭੨ ਮਾਈਆਂ ਬੀਬੀਆਂ ਤੇ ੨੨ ਗੁਰਸਿੱਖ ਸਿੱਖੀ ਪ੍ਰਚਾਰ ਵਾਸਤੇ ਭੇਜੇ ਸਨ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ੫੦੦ ਗੁਰਸਿੱਖ ਸਿੱਖੀ ਪ੍ਰਚਾਰ ਵਾਸਤੇ ਭੇਜੇ ਸਨ।

ਬਈ ਇਹ ਦੱਸਦਾ ਹੈ। ਚੰਦੂ ਕਹਿੰਦਾ ਸਰਕਾਰ ਮੈਂ ਸੁਣਿਆ ੫੦੦ ਚੋਰ

ਹਿੰਦੁਸਤਾਨ ਵਿਚ ਘੱਲ ਦਿੱਤਾ ਥਾਂ ਥਾਂ ਤੇ, ਜਾਉ ਪੈਸਾ ਇਕੱਠਾ ਕਰ ਕੇ ਲਿਆਉ। ਬੜਾ ਉਸ ਗੱਲ ਨੂੰ ਤੋੜ ਮਰੋੜ ਕੇ ਇਧਰ ਦੀ ਐਂ, ਇਧਰ ਦੀ ਐਂ। ਹੈਂ ਗੁਰੂ ਲੋਕ ਇਹੋ ਜਿਹੀ ਗੱਲ ਨਹੀਂ ਕਰਦੇ। ਮੇਰੇ ਮੰਨਣ ਵਿਚ ਨਹੀਂ ਆ ਰਿਹਾ। ਮੰਨੋ ਜਾਂ ਨਾ ਮੰਨੋ। ਘੋੜੇ ਖੋਲ੍ਹੇ ਤਾਂ ਗੁਰੂ ਅਰਜਨ ਦੇਵ ਜੀ ਦੇ ਜਿਹੜੇ ਉਥੇ ਰੱਖੇ ਹੋਏ ਚੋਰ ਹਨ, ਉਨ੍ਹਾਂ ਨੇ ਖੋਲ੍ਹੇ। ਅੱਛਾ ਇਹੋ ਜਿਹੀ ਗੱਲ ਹੈ। ਇਹ ਤਾਂ ਸਾਡੇ ਜਿਹੜੇ ਪਿਤਾ ਜੀ ਹੋਏ ਨੇ ਅਕਬਰ ਉਨ੍ਹਾਂ ਨੇ ਇਹ ਬੜੀ ਜ਼ਮੀਨ ਦਿੱਤੀ ਸੀ। ਜੇ ਉਹਨਾਂ ਨੂੰ ਲੰਗਰ ਵਾਸਤੇ ਕੋਈ ਰਸਦ ਚਾਹੀਦੀ ਹੈ, ਪੈਸਾ ਟਕਾ ਚਾਹੀਦਾ ਹੈ, ਹੋਰ ਕਈ ਸੈਂਕੜੇ ਮੁਰੱਬੇ ਜ਼ਮੀਨ ਆਪਾਂ ਉਨ੍ਹਾਂ ਨੂੰ ਦੇ ਦੇਂਦੇ ਹਾਂ। ਉਨ੍ਹਾਂ ਨੂੰ ਕਹੋ ਬਈ ਗੁਰੂ ਨਾਨਕ ਜੀ ਵਾਲੇ ਹੀ ਕੰਮ ਕਰਨ। ਇਹੋ ਜਿਹੀ ਗੱਲ ਮੇਰੇ ਮੰਨਣ ਵਿਚ ਆ ਨਹੀਂ ਰਹੀ। ਜੇ ਹੈ ਵੀ ਉਨ੍ਹਾਂ ਨੂੰ ਚਾਹੀਦਾ ਨਹੀਂ ਹੈ।

ਚੰਦੂ ਕਹਿੰਦਾ, ਨਾ ਉਨ੍ਹਾਂ ਨੇ ਨਹੀਂ ਸੁਣਨੀ ਕਿਸੇ ਦੀ। ਤਾਂ ਕੋਈ ਆਵੇ ਬੱਸ ਇਕ ਬਚਨ ਰਟਿਆ ਹੋਇਆ ਹੈ।

ਵੇਖਣਾ ਹੀ ਨਹੀਂ ਬਈ ਚੋਰ ਹੈ, ਸਾਧ ਹੈ, ਕੌਣ ਹੈ ਕੌਣ ਨਹੀਂ।

ਬੱਸ ਕੋਈ ਆਵੇ ਇਹੋ ਜਿਹੀ ਗੱਲ। ਕਹਿੰਦੇ ਅੱਛਾ ! ਚਲੋ ਇਕ ਵਾਰੀ ਫਿਰ ਉਨ੍ਹਾਂ ਨੂੰ ਮੈਨੂੰ ਮਿਲਾਉ। ਮੈਂ ਲਾਹੌਰ ਜਾਣਾ। ਉਧਰ ਗਿਆ। ਮਾਮਲੇ ਇਕੱਠੇ ਕਰਦਾ ਹੈ।

ਉਥੋਂ ਫਿਰ ਚਿੱਠੀ ਅੰਮ੍ਰਿਤਸਰ ਆ ਗਈ। ਗੁਰੂ ਮਹਾਰਾਜ ਨੇ ਪੜ੍ਹੀ। ਉਸ ਵੇਲੇ ਥੋੜੇ ਜਿਹੇ ਗੁਰਮੁਖਾਂ ਵਿਚ ਇਹ ਵਿਚਾਰ ਹੋਈ। ਹੌਲੀ-ਹੌਲੀ ਇਹ ਕੀ ਕੁਝ ਲਿਖਿਆ ਹੈ। ਮਹਾਰਾਜ ਕਹਿਣ ਲੱਗੇ ਦੇਖੋ, ਬਿੱਧ ਬਣਦੀ ਹੁੰਦੀ ਹੈ। ਜਿਵੇਂ ਵਾਹਿਗੁਰੂ ਨੂੰ ਮਨਜ਼ੂਰ ਹੈ ਉਸੇ ਤਰ੍ਹਾਂ ਹੁੰਦਾ ਹੁੰਦਾ ਹੈ। ਸੋ ਇਸ ਕਰਕੇ ਛੇਵੀਂ ਪਾਤਸ਼ਾਹੀ, ਜਿਹੜੇ ਸ੍ਰੀ ਹਰਿਗੋਬਿੰਦ ਜੀ ਹਨ, ਉਨ੍ਹਾਂ ਨੂੰ ਗੁਰ ਪਦਵੀ ਦੇਣ ਲੱਗੇ ਹਨ। ਉਹਨਾਂ ਦਾ ਜਿਨ੍ਹਾਂ ਦਾ ਵਿਆਹ ਉਥੇ ਡੱਲੇ ਨਗਰ ਭਾਈ ਨਰੈਣ ਦਾਸ, ਉਹ ਗੁਰੂ ਜੀ ਦੇ ਸਹੁਰਾ ਪਿਤਾ ਜੀ ਲਗਦੇ ਹਨ। ਸੋ ਜਿਥੇ ਕੋਠਾ ਸਾਹਿਬ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਬਿਰਾਜਮਾਨ ਹੁੰਦੇ ਸੇ ਉਥੇ ਬਿਠਾ ਕੇ ਪੰਜ ਪੈਸੇ ਨਾਰੀਅਲ ਰੱਖ ਕੇ, ਪ੍ਰਕਰਮਾਂ ਕਰਕੇ, ਮੱਥਾ ਟੇਕ ਕੇ ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿਣ ਲੱਗੇ ਤੁਸੀਂ ਗੁਰਗੱਦੀ ਦਾ ਤਿਲਕ ਲਾਉ। ਬੱਸ ਇੰਨਾ ਹੀ ਹੁਕਮ ਸੀ। ਇਹ ਸਰੀਰ ਸਦਾ ਨਹੀਂ ਰਹਿੰਦੇ ਹੁੰਦੇ। ਸਰੀਰ ਦਾ ਅੰਤ

ਹੈ। ਅਸੀਂ ਤਾਂ ਕਿਤੇ ਜਾਣਾ ਨਹੀਂ। ਗੁਰੂ ਕਿਤੇ ਜਾਂਦਾ ਨਹੀਂ ਆਉਂਦਾ ਨਹੀਂ। ਗੁਰੂ ਸ਼ਬਦ ਸਰੂਪ ਹੈ। ਪਰ ਫਿਰ ਵੀ ਬੜੀ ਚਿੰਤਾ ਹੋਈ। ਭਾਈ ਗੁਰਦਾਸ, ਬਾਬਾ ਬੁੱਢਾ ਜੀ ਸਿਆਣੇ ਸਿਆਣੇ ਗੁਰਮੁਖ, ਸੰਗਤ ਨੂੰ ਇਸ ਗੱਲ ਦਾ ਪਤਾ ਲੱਗਾ, ਗੁਰੂ ਸਾਹਿਬ ਦੇ ਬਚਨ ਸੁਣੇ ਬਈ ਗੁਰਗੱਦੀ ਤੇ ਹੁਣ ਗੁਰੂ ਹਰਿਗੋਬਿੰਦ ਜੀ ਹਨ, ਗੁਰੂ ਸਾਹਿਬ ਨੇ ਆਖ ਦਿੱਤਾ ਹੈ ਛੇਵੀਂ ਪਾਤਸ਼ਾਹੀ। ਇਹ ਗੱਲ ਕਿਵੇਂ ਹੋਏਗੀ। ਬੜੀ ਚਿੰਤਾ ਫੈਲੀ। ਪਲੋ-ਪਲੀ ਇਕ ਦੂਜੇ ਨੂੰ ਭਲਾਂ ਇਹੋ ਜਿਹੀ ਗੱਲ। ਸਾਰੇ ਕਿਵੇਂ ਹੋ ਰਿਹਾ। ਨੇਤਰਾਂ ਚੋਂ ਜਲ ਜਾ ਰਿਹਾ ਹੈ। ਗੁਰੂ ਮਹਾਰਾਜ ਨੇ ਸਾਰੀ ਸੰਗਤ ਨੂੰ ਧੀਰਜ ਦਿੱਤੀ।

**ਧਾਰਨਾ – ਰਹਣੁ ਨ ਪਾਵਹਿ ਜੀ ਸੁਰਿ ਨਰ ਦੇਵਾ, ਸੁਰਿ ਨਰ ਦੇਵਾ............।**

**ਰਹਣੁ ਨ ਪਾਵਹਿ ਜੀ ਸੁਰਿ ਨਰ ਦੇਵਾ, ਸੁਰਿ ਨਰ ਦੇਵਾ.....2........।**

**ਰਹਣੁ ਨ ਪਾਵਹਿ ਜੀ ਸੁਰਿ ਨਰ ਦੇਵਾ, ਸੁਰਿ ਨਰ ਦੇਵਾ...2..।**

***ਰਹਣੁ ਨ ਪਾਵਹਿ ਸੁਰਿ ਨਰ ਦੇਵਾ॥***
***ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ॥੧॥***
***ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ॥***

**(ਅੰਗ ੭੪੦)**

ਜਿਨ੍ਹਾਂ ਨਾਮ ਜਪਿਆ ਸਦਾ ਹੀ ਜਿੰਦੇ ਨੇ, ਉਹ ਚਮਕਦੇ ਨੇ ਸੰਸਾਰ ਤੇ ਸੂਰਜ ਤਾਰਿਆਂ ਦੀ ਨਿਆਈਂ।

***ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ॥***
***ਸਾਧਸੰਗਿ ਤਿਨ੍ਹੀ ਦਰਸਨੁ ਪਾਇਆ॥ ੧ ॥ ਰਹਾਉ ॥***
***ਬਾਦਿਸਾਹ ਸਾਹ ਵਾਪਾਰੀ ਮਰਨਾ॥ ਜੋ ਦੀਸੈ ਸੋ ਕਾਲਹਿ ਖਰਨਾ॥ ੨॥***
***ਕੂੜੈ ਮੋਹਿ ਲਪਟਿ ਲਪਟਾਨਾ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ॥ ੩॥***
***ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ॥ ਨਾਮੁ ਤੇਰਾ ਜਪੀ ਦਿਨੁ ਰਾਤਿ॥ ੪॥***

**(ਅੰਗ ੭੪੦)**

ਗੁਰੂ ਜੀ ਕਹਿਣ ਲੱਗੇ ਸਰੀਰ ਤਾਂ ਸਦਾ ਨਹੀਂ ਰਹਿੰਦਾ। ਗੁਰੂ ਤਾਂ ਸਾਧ-ਸੰਗਤ ਸ਼ਬਦ ਰੂਪ ਹੈ। ਉਸ ਨਾਲ ਪਿਆਰ ਕਰੋ, ਵਾਹਿਗੁਰੂ ਜੀ ਨਾਲ ਜੁੜੋ। ਇਹੀ ਬਚਨ ਰਾਜੇ ਸ਼ਿਵਨਾਭ ਨੂੰ ਗੁਰੂ ਨਾਨਕ ਜੀ ਨੇ ਕਹੇ ਸੀ। ਕਹਿਣ ਲੱਗੇ

ਰਾਜਨ ਗੁਰੂ ਸਰੀਰ ਨਹੀਂ ਹੁੰਦਾ। ਗੁਰੂ ਸ਼ਬਦ ਹੁੰਦਾ। ਉਸਨੇ ਅਰਜ਼ ਕੀਤੀ ਮਹਾਰਾਜ ਆਪ ਸਰੀਰ ਹੀ ਨਜ਼ਰ ਆ ਰਹੇ ਹੋ। ਗੁਰੂ ਜੀ ਕਹਿੰਦੇ ਲੈ ਤੇਰਾ ਅਜੇ ਭੁਲੇਖਾ ਦੂਰ ਨਹੀਂ ਹੋਇਆ। ਉਸ ਵੇਲੇ ਬਚਨ ਹੋਇਆ ਢਾਈ ਗਜ਼ ਕਪੜਾ ਲਿਆ। ਗੁਰੂ ਜੀ ਖੜੇ ਹਨ। ਕਹਿਣ ਲੱਗੇ ਰਾਜਨ ਸਾਡੇ ਲੱਕ ਨੂੰ ਕਮਰਕੱਸਾ ਬੰਨ੍ਹ ਦੇ। ਉਹ ਇਉਂ ਹੱਥ 'ਚ ਮੁੜ ਕੇ ਕਪੜਾ ਆ ਜਾਵੇ, ਜਿਵੇਂ ਹਵਾ ਚੋਂ, ਉਹ ਬੱਝਦਾ ਹੀ ਨਹੀਂ। ਮਹਾਰਾਜ ਕਹਿੰਦੇ ਰਾਜਨ ਜੇ ਅਸੀਂ ਸਰੀਰ ਹੁੰਦੇ। ਸਾਡੇ ਇਹ ਕਮਰ ਨੂੰ, ਲੱਕ ਨੂੰ ਕਮਰਕੱਸਾ ਬੱਝ ਜਾਂਦਾ। ਬੱਝਾ ਨਹੀਂ। ਤੈਨੂੰ ਦਸਿਆ ਹੈ, ਗੁਰੂ ਸ਼ਬਦ ਹੁੰਦਾ, ਜੋਤੀ ਸਰੂਪ ਹੁੰਦਾ ਹੈ। ਗੁਰੂ ਸਰੀਰ ਹੁੰਦਾ ਹੀ ਨਹੀਂ।

ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ, ਦਸਵੀਂ ਪਾਤਸ਼ਾਹੀ ਨੰਦੇੜ, ਇਹੀ ਉਪਦੇਸ਼ ਦਿੱਤਾ ਸੀ ਸਿੱਖਾਂ ਨੂੰ। ਜਦੋਂ ਆਪ ਜੀ ਕਨਾਤ ਦੇ ਉਹਲੇ ਜਾਣ ਲੱਗੇ, ਚਿਖਾ ਤਿਆਰ ਸੀ, ਉਸ ਵੇਲੇ ਜਥੇਦਾਰ ਸੰਤੋਖ ਸਿੰਘ, ਕਿਉਂਕਿ ਬਾਬਾ ਦਇਆ ਸਿੰਘ ਜੀ ੧੬ ਦਿਨ ਪਹਿਲਾਂ ਸੱਚਖੰਡ ਜਾ ਚੁੱਕੇ ਸਨ। ਉਹ ਕਹਿਣ ਲੱਗੇ ਖਾਲਸਾ ਜੀ ਆਉ ਗੁਰੂ ਮਹਾਰਾਜ ਜੀ ਦੇ ਚਰਨਾਂ ਨੂੰ ਜੱਫਾ ਮਾਰ ਲਈਏ। ਭੱਜ ਕੇ ਚਰਨਾਂ ਨੂੰ ਜੱਫਾ ਮਾਰਿਆ। ਆਪਾਂ ਜਾਣ ਹੀ ਨਹੀਂ ਦੇਣਾ। ਕੁਝ ਕਹੀ ਜਾਣ। ਉਹ ਹੱਥ ਛਾਤੀ ਨੂੰ ਆ ਵੱਜੇ। ਮਹਾਰਾਜ ਹੱਸ ਪਏ। ਕਹਿਣ ਲੱਗੇ ਸੰਤੋਖ ਸਿੰਘ ਕਿੰਨਾ ਤੁਹਾਨੂੰ ਸਮਝਾਇਆ ਗੁਰੂ ਸਰੀਰ ਨਹੀਂ ਹੁੰਦਾ। ਇਹ ਤਾਂ ਤੁਹਾਨੂੰ ਦਰਸ਼ਨ ਦੇਣ ਵਾਸਤੇ ਆਪਣੀ ਜੋਗ ਮਾਇਆ ਦੇ ਬਲ ਨਾਲ ਇਹ ਸਰੀਰ ਬਣਾਇਆ ਹੋਇਆ ਸੀ। ਗੁਰੂ ਜੋਤੀ ਸਰੂਪ ਸ਼ਬਦ ਹੁੰਦਾ ਹੈ। ਉਹਦੇ ਨਾਲ ਜੁੜੋ।

ਮਹਾਰਾਜ ਸਾਡਾ ਸਰੀਰ ਕਰਕੇ ਵੀ ਇਉਂ ਬੜਾ ਪਿਆਰ ਹੈ। ਗੁਰੂ ਜੀ ਕਹਿੰਦੇ ਫਿਰ ਪੰਜ ਗੁਰਮੁਖਾਂ, ਗੁਰਸਿੱਖਾਂ ਦੇ ਜਿਹੜੇ ਰਹਿਤ ਮਰਿਆਦਾ ਵਾਲੇ ਹੋਣ ਉਨ੍ਹਾਂ ਦੇ ਦਰਸ਼ਨ ਕਰ ਲਈਂ ਮੇਰੇ ਹੀ ਹੋ ਜਾਣਗੇ। ਮਹਾਰਾਜ ਜੇ ਨਾ ਮਿਲਣ, ਚੌਹ ਦੇ, ਤਿੰਨਾਂ ਦੇ। ਹੁੰਦੇ-ਹੁੰਦੇ ਜਦੋਂ ਗੱਲ ਆਈ ਇਕ ਤੇ ਗੁਰੂ ਜੀ ਕਹਿਣ ਲੱਗੇ ਸਿਖਾ ਜੇ ਤੇਰਾ ਦੇਹ ਅਭਿਆਸ ਟੁੱਟਿਆ ਹੋਵੇ, ਆਤਮ ਰਸ ਨੂੰ ਜਾਣਦਾ ਹੋਵੇ, ਬ੍ਰਹਮ-ਗਿਆਨੀ ਦੀ ਅਵਸਥਾ ਤੈਨੂੰ ਪ੍ਰਾਪਤ ਹੋਵੇ,

***"ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ***
***ਪ੍ਰਭ ਮਹਿ ਮੋਹਿ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

ਸਿੱਖਾ ਆਪਣੇ ਦਰਸ਼ਨ ਕਰ ਲਈਂ ਮੇਰੇ ਹੀ ਦਰਸ਼ਨ ਹਨ। ਕਿਸੇ

ਅਵਸਥਾ ਦਾ ਜਿਕਰ ਕੀਤਾ ਹੈ। ਇਹ ਨਹੀਂ ਹੈ ਬਈ ਕਪੜੇ ਛਪੜੇ ਪਾ ਕੇ, ਇਹੋ ਜਿਹਾ ਕੁਝ ਹੋਰ ਹੀ ਕੁਝ ਕਰਕੇ, ਉਹ ਗੁਰੂ ਦੇ ਦਰਸ਼ਨ ਹਨ ਕਿਸੇ ਬਹੁਤ ਉੱਚੀ ਅਵਸਥਾ ਦਾ ਜ਼ਿਕਰ ਹੈ। ਜਿਸਨੂੰ ਕਿਹਾ *"ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥"* (ਅੰਗ ੨੭੩) ਆਤਮ ਦੇ ਰਸ ਨੂੰ ਜਾਨਣ ਵਾਲਾ। ਗੁਰੂ ਜੀ ਕਹਿੰਦੇ ਉਹਦੇ ਵਿਚ, ਮੇਰੇ ਵਿਚ, ਰੱਬ ਵਿਚ ਫਰਕ ਹੀ ਕੋਈ ਨਹੀਂ। ਐਹੋ ਜਿਹੀ ਅਵਸਥਾ ਕਮਾਈਂ, ਇੰਨੀ ਬੰਦਗੀ ਕਰੀਂ, ਇੰਨਾ ਸਿਮਰਨ ਕਰੀਂ, ਤੇਰੇ ਦਰਸ਼ਨ ਮੇਰੇ ਹੀ ਦਰਸ਼ਨ ਹਨ।

ਸੋ ਵਿਚਾਰ ਹੋ ਰਹੀ ਸੀ ਗੁਰੂ ਜੀ ਸਮਝਾ ਰਹੇ ਹਨ ਸੰਗਤਾਂ ਵਿਚ, ਕਹਿਣ ਲੱਗੇ ਦੇਖੋ ਗੁਰਬਾਣੀ ਗੁਰੂ ਸਰੂਪ ਹੈ, ਇਸਦਾ ਜਾਪ ਕਰੋ, ਭਜਨ ਕਰੋ, ਪਾਠ ਕਰੋ, ਵਾਹਿਗੁਰੂ ਸ਼ਬਦ ਨਾਲ ਜੁੜੋ। 'ਵਾਹਿਗੁਰੂ' ਗੁਰਮੰਤਰ ਹੈ ਗੁਰੂ ਘਰ ਵਿਚ।

ਸਿੱਧਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ। ਮਹਾਰਾਜ, ਸਾਡੇ ਜਿਹੜੇ ਜੋਗੀ ਲੋਕ ਹਨ ਗੁਰਮੰਤਰ, ਮਾਲਾ ਮੰਤਰ ਔਰ ਮੂਲਮੰਤਰ ਇਨ੍ਹਾਂ ਦਾ ਅਸੀਂ ਜਾਪ ਕਰਦੇ ਹਾਂ ਗੁਰੂ ਨਾਨਕ ਦੇ ਘਰ ਵਿਚ ? ਗੁਰੂ ਜੀ ਕਹਿਣ ਲੱਗੇ ਗੁਰੂ ਨਾਨਕ ਦੇ ਘਰ ਵਿਚ 'ਵਾਹਿਗੁਰੂ' ਗੁਰਮੰਤਰ ਹੈ। *"ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈਂ ਖੋਈ॥"* (ਵਾਰ ੧੩/ਪਉੜੀ ੨)

**ਮੂਲ ਮੰਤ੍ਰ**

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ਜਪੁ॥**
**ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥**

**(ਅੰਗ ੧)**

ਮਾਲਾ ਮੰਤ੍ਰ, ਗੁਰੂ ਜੀ ਕਹਿਣ ਲੱਗੇ ਉਹ ਜਪੁਜੀ ਸਾਹਿਬ ਹੈ ੩੮ ਪਉੜੀਆਂ ਗੁਰੂ ਨਾਨਕ ਦੇ ਘਰ ਵਿਚ। ਗੁਰਮੰਤ੍ਰ, ਮੂਲ ਮੰਤਰ, ਜਪੁਜੀ ਸਾਹਿਬ ਮਾਲਾ-ਮੰਤਰ ਹੈ ਜੋਗੀ ਰਾਜ।

ਸੋ ਗੁਰੂ ਜੀ ਕਹਿਣ ਲੱਗੇ ਤੁਸੀਂ ਗੁਰਬਾਣੀ ਦਾ ਪਾਠ, ਵਾਹਿਗੁਰੂ ਦਾ ਸਿਮਰਨ, ਸ਼ਬਦ ਦਾ ਜਾਪ ਕਰੋ, ਤੇ ਉਹੀ ਗੁਰੂ ਸਰੂਪ ਹੈ। ਗੁਰੂ ਸਰੀਰ ਨਹੀਂ

ਹੁੰਦਾ, ਸ਼ਬਦ ਹੁੰਦਾ ਹੈ।

ਪਰ ਫਿਰ ਵੀ ਸਾਧਸੰਗਤ ਦੇਖਣ ਨੂੰ ਜਦੋਂ ਗੁਰੂ ਨਾਨਕ ਦੇਵ ਮਹਾਰਾਜ ਜੀ ਜੋਤੀ ਜੋਤ ਸਮਾਏ, ਗੁਰੂ ਅੰਗਦ ਸਾਹਿਬ ਮਹਾਰਾਜ, ਕਿਵੇਂ ਨੇਤਰਾਂ ਵਿਚ ਜਲ ਜਾਈ ਜਾਂਦਾ, ਉਨ੍ਹਾਂ ਦਾ ਰੂਪ ਹੁੰਦੇ ਹੋਏ, ਉਧਰ ਬੈਠੇ ਨੇ ਦਰਵਾਜ਼ਾ ਬੰਦ, ਬਈ ਸਾਡੇ ਕੋਈ ਮੱਥੇ ਹੀ ਨਾ ਲੱਗੇ। ਬਾਬਾ ਬੁਢਾ ਸਾਹਿਬ ਜੀ ਨੇ ਕਿਹਾ ਮਹਾਰਾਜ ਸੰਗਤਾਂ ਨੂੰ ਦਰਸ਼ਨ ਦਿਉ। ਕਹਿੰਦੇ ਨਹੀਂ ਬਾਬਾ ਜੀ ਨਹੀਂ। ਇਹ ਗੱਲ ਨਹੀਂ। ਗੁਰੂ ਨਾਨਕ ਜੀ ਬਾਰੇ ਬਚਨ ਕਰੀ ਜਾਂਦੇ ਹਨ। ਫਿਰ ਬੇਨਤੀ ਕੀਤੀ ਕਹਿਣ ਲੱਗੇ ਨਹੀਂ।

*"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*

(ਪੰਨਾ ੮੩)

ਫਿਰ ਉਨ੍ਹਾਂ ਨੇ ਬੇਨਤੀ ਕੀਤੀ, ਮਹਾਰਾਜ ਗੁਰੂ ਨਾਨਕ ਜੀ ਦੇ ਹੀ ਬਚਨ ਹਨ ਆਪ ਕ੍ਰਿਪਾ ਕਰਕੇ ਦਰਸ਼ਨ ਦਿਉ। ਫਿਰ ਉਹਨਾਂ ਨੇ ਦਰਸ਼ਨ ਦਿੱਤੇ ਸੀ।

ਸੋ ਇਸੇ ਕਰਕੇ ਜਦੋਂ ਗੁਰੂ ਮਹਾਰਾਜ ਨੇ ਤਿਆਰੀ ਕੀਤੀ। ਸੰਗਤਾਂ ਬੜੇ ਵੈਰਾਗ ਵਿਚ ਰੋ ਰਹੀਆਂ। ਬੇਨਤੀ ਕਰਦੇ ਹਨ ਮਹਾਰਾਜ ਇਹੋ ਜਿਹੀ ਗੱਲ ਨਾ ਹੋਏ। ਸਾਡੇ ਵਾਸਤੇ ਬਹੁਤ ਔਖਾ ਹੋ ਜਾਏਗਾ। ਤਦੇ ਹੀ ਇਉਂ ਦਸਿਆ ਹੈ-

**ਧਾਰਨਾ - ਝੱਲਿਆ ਨਹੀਂ ਜਾਣਾ ਸਤਿਗੁਰ ਤੇਰਾ ਵਿਛੋੜਾ.......2.......।**

**ਝੱਲਿਆ ਨਹੀਂ ਜਾਣਾ ਸਤਿਗੁਰ ਤੇਰਾ ਵਿਛੋੜਾ........2......।**

**ਤੇਰਾ ਵਿਛੋੜਾ ਸਤਿਗੁਰ ਤੇਰਾ ਵਿਛੋੜਾ..................।**

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ॥*

(ਅੰਗ ੧੧੦੦)

ਗੁਰੂ ਮਹਾਰਾਜ ਨੇ ਸਾਰਿਆਂ ਨੂੰ ਧੀਰਜ ਦਿੱਤੀ, ਗੁਰੂ ਕੇ ਮਹਿਲ ਯਾਨੀ ਮਾਤਾ ਗੰਗਾ ਜੀ ਨੂੰ ਵੀ ਧੀਰਜ ਦਿੱਤੀ। ਸਾਹਿਬਜ਼ਾਦੇ ਨੂੰ ਵੀ ਧੀਰਜ ਦਿੱਤੀ।

ਸੰਗਤਾਂ ਨੂੰ ਵੀ ਕਹਿਣ ਲੱਗੇ ਧੀਰਜ ਕਰੋ। ਗੁਰਬਾਣੀ ਹੀ ਗੁਰੂ ਸਰੂਪ ਹੈ ਗੁਰਬਾਣੀ ਨਾਲ ਜੁੜੋ। ਉਸ ਦਾ ਜਾਪ ਕਰੋ। ਸਰੀਰ ਤੇ ਬਈ ਸਦਾ ਨਹੀਂ

ਰਹਿੰਦੇ ਹੁੰਦੇ। ਪੰਜ ਗੁਰਮੁਖਾਂ ਨੂੰ ਨਾਲ ਲਿਆ। ਬਾਬਾ ਬਿਧੀ ਚੰਦ ਜੀ, ਦੂਸਰੇ ਗੁਰਮੁਖ ਲੰਗਾਹਾ ਜੀ, ਤੀਸਰੇ ਭਾਈ ਜੇਠਾ ਜੀ, ਚੌਥੇ ਭਾਈ ਪਰਾਣਾ ਜੀ, ਪੰਜਵੇਂ ਭਾਈ ਪੈੜਾ ਜੀ, ਸੋ ਇਉਂ ਬਾਬਾ ਬਿਧੀ ਚੰਦ, ਲੰਗਾਹਾ, ਜੇਠਾ, ਪਰਾਣਾ, ਪੈੜਾ ਜੀ ਇਹੋ ਜਿਹੇ ਗੁਰਮੁਖ। ਇਹ ਪੰਜ ਨਾਲ ਗੁਰੂ ਜੀ ਨੇ ਲੈ ਲਏ। ਕਹਿੰਦੇ ਤੁਸੀਂ ਸਾਡੇ ਨਾਲ ਚਲੋ। ਸੁਨੇਹਾ ਘੱਲਿਆ ਅਗੋਂ ਗੋਇੰਦਵਾਲ ਸਾਹਿਬ। ਮੋਹਰੀ ਜੀ ਦੇ ਸਪੁੱਤਰ ਹਨ। ਅਰਥ ਮੱਲ ਬਈ ਤੁਸੀਂ ਉਥੇ ਲਾਹੌਰ ਆਉਣਾ। ਉਹ ਵੀ ਬੜੀ ਛੇਤੀ-ਛੇਤੀ ਆ ਰਹੇ ਹਨ। ਗੁਰੂ ਜੀ ਚਲ ਪਏ ਇਨ੍ਹਾਂ ਨੂੰ ਨਾਲ ਲੈ ਕੇ ਪੰਜ ਗੁਰਮੁਖਾਂ ਨੂੰ ਬਾਬਾ ਬਿਧੀ ਚੰਦ, ਲੰਗਾਹਾ, ਪ੍ਰਾਣਾ, ਜੇਠਾ, ਪੈੜਾ ਇਹੋ ਜਿਹੇ ਸਿੱਖ। ਇਹੋ ਜਿਹੇ ਨਾਂ ਪੁਰਾਣਿਆਂ ਜ਼ਮਾਨਿਆਂ ਵਿਚ ਹੁੰਦੇ ਸੀ। ਜਦੋਂ ਤਿਆਰੀ ਕੀਤੀ ਗੁਰਸਿੱਖਾਂ ਸਮੇਤ ਸ੍ਰੀ ਅੰਮ੍ਰਿਤਸਰ ਤੋਂ ਚਲੇ ਭਲਾ ਸੰਗਤਾਂ ਦੇ ਵੈਰਾਗ ਨੂੰ ਕੌਣ ਰੋਕੇ। ਸਾਰੇ ਇਕ ਜ਼ਬਾਨ ਵਿਚ ਇਕ ਅਰਦਾਸ ਵਜੋਂ ਉਨ੍ਹਾਂ ਨੇ ਇਉਂ ਬੇਨਤੀ ਕੀਤੀ-

**ਧਾਰਨਾ - ਦੱਸੀਂ ਪ੍ਰੀਤਮਾ ਕਦੋਂ ਹੋਣਗੇ ਦੀਦਾਰੇ,**

**ਦੱਸੀਂ ਪਿਆਰਿਆ ਕਦੋਂ ਹੋਣਗੇ ਦੀਦਾਰੇ।**

**ਹਉ ਰਹਿ ਨਾ ਸਕਾਂ ਬਿਨ ਦੇਖੇ ਮੇਰੇ ਪ੍ਰੀਤਮਾ..........।**

ਗੁਰੂ ਮਹਾਰਾਜ ਨੇ ਸਾਰਿਆਂ ਦੇ ਸਿਰ ਤੇ ਹੱਥ ਰੱਖੀ ਜਾਂਦੇ ਨੇ, ਪਿਆਰ ਦੇਈ ਜਾਂਦੇ ਨੇ, ਵਾਹਿਗੁਰੂ ਚਿੱਤ ਆਵੇ, ਵਾਹਿਗੁਰੂ ਯਾਦ ਆਵੇ, ਸਿਮਰਨ ਵਿਚ ਜੁੜੇ ਰਹਿਣਾ। ਗੁਰੂ ਹਰਿਗੋਬਿੰਦ ਵਿਚ ਹੀ, ਗੁਰੂ ਜੀ ਕਹਿੰਦੇ ਸਾਡੇ ਦਰਸ਼ਨ। ਬੱਸ ਉਹੀ ਸਾਡਾ ਸਰੂਪ ਹੈ। ਜਦੋਂ ਦੂਰ ਤੱਕ ਗੁਰੂ ਸਾਹਿਬ ਨਜ਼ਰ ਆਉਂਦੇ ਰਹੇ, ਸੰਗਤ ਹੱਥ ਜੋੜ ਕੇ ਖੜੀ ਰਹੀ।

ਪੰਜ ਗੁਰਸਿੱਖਾਂ ਸਮੇਤ ਗੁਰੂ ਮਹਾਰਾਜ ਰਸਤੇ ਵਿਚ ਇਕ ਦਿਨ ਰੁਕ ਕੇ ਲਾਹੌਰ ਭਾਈ ਸਿੱਧੂ ਗੁਰਮੁਖ ਪਿਅਰੇ ਦੇ ਘਰ ਪਹੁੰਚ ਗਏ। ਪੰਜ ਗੁਰਸਿੱਖਾਂ ਸਮੇਤ ਭਾਈ ਸਿੱਧੂ ਜੀ, ਉਥੇ ਉਸਨੂੰ ਬੜੀ ਖੁਸ਼ੀ ਹੋਈ ਬਈ ਗੁਰੂ ਮਹਾਰਾਜ ਆਏ ਹਨ, ਬੜੀ ਸੇਵਾ ਕਰਾਂਗੇ ਦਰਸ਼ਨ ਕਰਾਂਗੇ।

ਜਦੋਂ ਪਤਾ ਲੱਗਾ ਬਈ ਲਾਹੌਰੋਂ ਚਿੱਠੀ ਗਈ ਉਹਦੇ ਵਿਚ ਦੋ ਲੱਖ ਜੁਰਮਾਨਾ ਲਿਖਿਆ ਹੈ। ਗੁਰੂ ਘਰ ਵਾਸਤੇ ਇਉਂ ਹੈ ਬੜਾ ਫਿਕਰ। ਵਾਹਿਗੁਰੂ ਕ੍ਰਿਪਾ ਹੀ ਰਖੇ। ਪਤਾ ਨਹੀਂ ਕੀ ਗੱਲ ਹੈ। ਭਾਈ ਸਿੱਧੂ ਇਉਂ ਸੋਚਦਾ ਬਈ

ਕਿਵੇਂ ਹੋਏਗਾ।

ਅਗਲਾ ਦਿਨ ਹੋਇਆ। ਸੰਗਤਾਂ ਹੁੰਮ ਹੁੰਮਾ ਕੇ ਆ ਰਹੀਆਂ, ਗੁਰੂ ਕੇ ਦਰਸ਼ਨ ਕਰ ਰਹੀਆਂ ਨੇ। ਉਧਰ ਜਹਾਂਗੀਰ ਨੂੰ ਚੁਗਲਖੋਰ ਕਹਿ ਰਿਹਾ ਹੈ, ਦੇਖੋ ਉਹ ਸਿੱਖ ਦੇ ਘਰ ਆਏ ਹਨ ਲੋਕੀਂ ਮੱਥੇ ਟੇਕੀ ਜਾਂਦੇ ਨੇ, ਪੈਸੇ ਇਕੱਠੇ ਕਰੀ ਜਾਂਦੇ ਹਨ। ਤੁਹਾਡਾ ਜਿਹੜੀ ਚਿੱਠੀ ਘੱਲੀ ਸੀ, ਸ਼ਾਹੀ-ਹੁਕਮ, ਕਾਹਦੀ ਪਰਵਾਹ ਹੈ, ਇਹਨਾਂ ਲੋਕਾਂ ਨੂੰ।

ਜਹਾਂਗੀਰ ਨੇ ਇਕ ਚੰਗੇ ਸੁਭਾਅ ਦਾ ਸੀ ਵਜ਼ੀਰ ਖਾਂ ਫੌਜ ਵਿਚ, ਉਹਨੂੰ ਘੱਲਿਆ ਬਈ ਤੂੰ ਜਾਹ। ਉਸਨੇ ਆ ਕੇ ਪਹਿਲਾਂ ਨਮਸਕਾਰ ਕੀਤੀ ਗਰੀਬ ਨਿਵਾਜ਼, ਮੈਂ ਤਾਂ ਸੁਨੇਹਾ ਦੇਣ ਵਾਲਾ ਹਾਂ ਰਾਜੇ ਦਾ। ਸੱਚੇ ਪਾਤਿਸ਼ਾਹ ਆਪ ਚਲੋ ਦਰਸ਼ਨ ਦਿਉ। ਪਰ ਜੋ ਚੁਗਲ ਚੁਗਲੀਆਂ ਲਾ ਰਿਹਾ, ਇਹ ਆਪ ਜਾਣਦੇ ਹੀ ਹੋ। ਅੰਤਰਜਾਮੀ ਹੋ।

ਰਾਜਿਆਂ ਦੇ ਕੰਨ ਹੁੰਦੇ ਨੇ, ਅੱਖਾਂ ਤਾਂ ਹੁੰਦੀਆਂ ਹੀ ਨਹੀਂ, ਅੰਨ੍ਹੇ ਹੁੰਦੇ ਨੇ। ਅੰਨ੍ਹੇ ਇਸ ਕਰਕੇ ਹੁੰਦੇ ਨੇ ਇਹ ਸੋਝੀ ਤਾਂ ਹੁੰਦੀ ਨਹੀਂ, ਜੋ ਕੁਝ ਸੁਣ ਲੈਂਦੇ ਨੇ ਉਹ ਮੰਨ ਲੈਂਦੇ ਨੇ। ਸੋ ਚੁਗਲ ਚੁਗਲੀਆਂ ਲਾਈ ਜਾਂਦਾ ਉਹ ਹੈ ਜੀ ਆਹ ਹੈ ਜੀ ਫਲਾਣਾ, ਢਿਮਕਾਣਾ।

ਗੁਰੂ ਜੀ ਕਹਿੰਦੇ ਕੋਈ ਗੱਲ ਨਹੀਂ। ਜਦੋਂ ਚਲੇ ਗਏ ਜਹਾਂਗੀਰ ਨੇ ਪਹਿਲਾਂ ਤਾਂ ਬੜੇ ਸਤਿਕਾਰ ਨਾਲ ਗੁਰੂ ਜੀਆਂ ਨੂੰ ਬਿਠਾਇਆ। ਸ੍ਰੀ ਅਰਜਨ ਦੇਵ ਜਾਂ ਗੁਰੂ ਅਰਜਨ ਦੇਵ ਤੁਹਾਡਾ ਹੀ ਨਾਂ ਹੈ ? ਮਹਾਰਾਜ ਕਹਿੰਦੇ ਹਾਂ। ਚੋਰ ਤੁਸੀਂ ਰਖੇ ਹੋਏ ਨੇ ਅੰਮ੍ਰਿਤਸਰ ? ਮਹਾਰਾਜ ਕਹਿੰਦੇ ਸਾਡੇ ਕੋਲ ਕੋਈ ਚੋਰ ਨਹੀਂ। ਸਾਡਾ ਤਾਂ ਇਹ ਉਪਦੇਸ਼ ਹੈ।

***ਚੋਰ ਕੀ ਹਾਮਾ ਭਰੇ ਨ ਕੋਇ॥*** (ਪੰਨਾ ੬੬੨)

ਹੋਰ ਵੀ ਕੋਈ ਚੋਰ ਦੀ ਹਾਮੀ ਨਾ ਭਰੇ ਕਿਸੇ ਚੋਰ ਦੀ।

***ਚੋਰੁ ਕੀਆ ਚੰਗਾ ਕਿਉ ਹੋਇ॥*** (ਪੰਨਾ ੬੬੨)

ਉਹ ਤਾਂ ਗੁਰਮੁਖਾਂ ਦੀ ਸਾਧ ਸੰਗਤ ਹੈ ਗੁਰੂ ਨਾਨਕ ਨਾਮ ਲੇਵਾ। ਅੱਛਾ। ਇਕ ਹੋਰ ਗੱਲ ਦਸੋ ਬਈ ਜੋ ਤੁਹਾਨੂੰ ਜੁਰਮਾਨਾ ਲਿਖਿਆ ਹੈ ਦੋ ਲੱਖ ! ਜੇ ਤੁਸੀਂ ਉਹ ਦੇ ਦਿਉ। ਚਲੋ ਅੱਗੋਂ ਚੋਰ ਨਾ ਰੱਖੋ।

ਮਹਾਰਾਜ ਕਹਿੰਦੇ ਜੁਰਮਾਨਾ ਕਾਹਦਾ ਦੇ ਦੇਈਏ, ਜਦੋਂ ਚੋਰ ਹੈ ਹੀ

ਕੋਈ ਨਹੀਂ। ਸੰਗਤ ਹੈ।

ਉਹ ਕਹਿਣ ਲੱਗਾ ਇਕ ਗੱਲ ਮੈਂ ਹੋਰ ਸੁਣੀ ਹੈ ਬਈ, ਜਹਾਂਗੀਰ ਕਹਿਣ ਲੱਗਾ, ਬਈ ਜਿਹੜੇ ਮੀਆਂ ਮੀਰ ਜੀ ਹਨ ਇਸਲਾਮ ਵਿਚ ਬੜੇ ਉੱਚ-ਕੋਟੀ ਦੇ ਫਕੀਰ, ਮੈਂ ਸੁਣਿਆ ਤੁਸੀਂ ਉਨ੍ਹਾਂ ਕੋਲੋਂ ਨੀਂਹ ਰਖਾਈ। ਉਹ ਤੁਹਨੂੰ ਬੜੇ ਮੱਥੇ ਟੇਕਦਾ ਹੈ। ਇਸਲਾਮ ਵਾਲੇ ਵੀ ਆ ਆ ਟੇਕਦੇ ਨੇ।

ਜਿਵੇਂ ਉਹ ਗੱਲ ਕਰਦਾ ਸੀ ਫਿਰ ਗੁਰੂ ਸਾਹਿਬ ਵੀ ਉਸੇ ਤਰ੍ਹਾਂ ਹੀ ਉੱਤਰ ਦੇਣ ਲੱਗ ਗਏ ਹਾਂ ਕੀ? ਮੀਆਂ ਮੀਰ ਵਰਗੇ ਤੁਹਾਨੂੰ ਕਿਉਂ ਮੱਥੇ ਟੇਕਦੇ?

ਕਹਿੰਦੇ ਮੀਆਂ ਮੀਰ ਨੂੰ ਪੁਛੋ। ਜਿਹੜੇ ਤੁਹਾਡੇ ਧਰਮ ਦੇ ਮੱਥੇ ਟੇਕਦੇ ਉਨ੍ਹਾਂ ਨੂੰ ਪੁਛੋ ਕਿਉਂ ਟੇਕਦੇ ਨੇ। ਹੁਣ ਜਦੋਂ ਉਹ ਜਿਵੇਂ ਚਾਹੁੰਦਾ ਸੀ ਉਵੇਂ ਉੱਤਰ ਮਿਲਦਾ ਹੈ, ਜ਼ਬਾਨ ਬੰਦ ਹੋ ਗਈ। ਇਉਂ ਤਾਂ ਗੱਲ ਨਹੀਂ।

ਉਹ ਕਹਿਣ ਲੱਗਾ ਚੰਦੂ ਬਈ ਮੇਰੀ ਗੱਲ ਸੁਣੋ, ਇਹਨਾਂ ਇਉਂ ਨਹੀਂ ਮੰਨਣਾ। ਪੈਸੇ ਮੈਂ ਲੈ ਦੇਊਂ। ਇਹਨਾਂ ਨੂੰ ਯਾਸਾ ਕਾਨੂੰਨ ਵਿਚ ਬੰਦ ਕਰੋ। ਬੱਸ। ਮੇਰੇ ਹਵਾਲ ਕਰੋ। ਮੈਂ ਇਹਨਾਂ ਕੋਲੋਂ ਦੋ ਲੱਖ ਰੁਪਿਆ ਲੈ ਕੇ ਸ਼ਾਹੀ ਖਜ਼ਾਨੇ ਵਿਚ ਜਮ੍ਹਾਂ ਕਰਕੇ ਦੋ ਚਾਰ ਦਿਨ ਦੇ ਬਾਅਦ ਆਪ ਜੀ ਨੂੰ ਮੈਂ ਉਥੇ ਆ ਕੇ ਮਿਲੂੰ ਕਸ਼ਮੀਰ ਵਿਚ।

ਜਹਾਂਗੀਰ ਨੇ ਲਿਖ ਦਿੱਤਾ, ਦਸਤਖ਼ਤ ਕਰ ਦਿੱਤੇ, ਮੋਹਰ ਲਾ ਦਿੱਤੀ। ਗੁਰੂ ਅਰਜਨ ਦੇਵ ਜੀ ਨੂੰ ਯਾਸਾ ਕਾਨੂੰਨ ਵਿਚ ਚੰਦੂ ਦੇ ਹਵਾਲੇ ਕਰਕੇ ਬੰਦ ਕੀਤਾ ਜਾ ਰਿਹਾ ਹੈ। ਹੁਣ ਉਹ ਜਹਾਂਗੀਰ ਤਾਂ ਅੱਗੇ ਗਿਆ। ਚੰਦੂ ਲੈ ਕੇ ਆਪਣੇ ਘਰ ਆ ਗਿਆ ਹਵੇਲੀ ਵਿਚ। ਇਕ ਕੋਠੇ ਵਿਚ ਗੁਰੂ ਜੀਆਂ ਨੂੰ, ਇਕ ਵਿਚ ਉਹ ਪੰਜ ਗੁਰਮੁਖ ਪਿਆਰੇ, ਉਨ੍ਹਾਂ ਨੂੰ ਬੰਦ ਕਰ ਦਿੱਤਾ। ਉਸ ਵੇਲੇ ਸਵੇਰੇ ਉਹ ਦਿਖਾ ਦਿੱਤਾ ਜਹਾਂਗੀਰ ਦਾ ਲਿਖਿਆ। ਮਹਾਰਾਜ ਆਹ ਦੇਖ ਲਉ। ਆਪ ਜਾਣਦੇ ਹੀ ਹੋ ਯਾਸਾ ਕਾਨੂੰਨ ਵਿਚ ਕਿਹੜੀਆਂ-ਕਿਹੜੀਆਂ ਸਜ਼ਾਵਾਂ ਮੈਂ ਤੁਹਾਨੂੰ ਦੇ ਸਕਦਾਂ। ਯਾਦ ਰਹੇ ਯਾਸਾ ਕਾਨੂੰਨ ਅਕਬਰ ਨੇ ਬਣਾਇਆ ਸੀ ਕਿਸੇ ਪੀਰ ਫਕੀਰ ਨੂੰ ਸਜ਼ਾ ਦੇਣੀ ਹੋਵੇ, ਖ਼ੂਨ ਨਾ ਡੁੱਲ੍ਹੇ, ਪਰ ਸਜ਼ਾ ਦੇਈ ਜਾਣੀ ਇਸ ਨੂੰ ਯਾਸਾ ਕਾਨੂੰਨ ਕਹਿੰਦੇ ਹਨ। ਚਲੋ ਕੁਝ ਮੈਂ ਪੈਸੇ ਮਾਫ ਕਰਾ ਦਿੰਦਾਂ, ਥੋੜੇ ਦੇ ਦਿਉ, ਨਾਲੇ ਉਹ ਰਿਸਤਾ ਲੈ ਲਉ। ਜਿਵੇਂ ਮੈਂ ਕਹਿਨਾਂ ਇਵੇਂ ਕਰੋ। ਮੇਰੀ ਗੱਲ ਮੰਨੋ।

ਗੁਰੂ ਜੀ ਕਹਿੰਦੇ ਨਹੀਂ ਚੰਦੂ ਜਿਵੇਂ ਤੈਨੂੰ ਠੀਕ ਲਗਦਾ ਕਰ ਲੈ। ਇਹ ਕੁਝ ਨਹੀਂ ਹੋਏਗਾ। ਇਸ ਤਰ੍ਹਾਂ ਨਹੀਂ ਮੰਨਿਆ ਜਾਏਗਾ।

ਫਿਰ ਉਸਨੇ ਜੇਠ ਦਾ ਮਹੀਨਾ ਸੰਮਤ ੧੬੬੩ ਚੜ੍ਹਿਆ ਹੋਇਆ। ਜੇਠ ਵਿਚ ਬੜੀ ਗਰਮੀ ਹੁੰਦੀ ਹੈ। ਅਗਲੇ ਦਿਨ ਸਵੇਰੇ ਤੋਂ ਸਾਰਾ ਦਿਨ ਧੁੱਪੇ ਬਿਠਾਇਆ ਗਿਆ ਤੇ ਦੇਖੋ ਮੈਂ ਅਜੇ ਕੰਮ ਸ਼ੁਰੂ ਹੀ ਕੀਤਾ।

ਸਿੱਖ ਜਿਹੜੇ ਉਹ ਬਾਹਰ ਆਉਂਦੇ ਨੇ, ਨਹੀਂ ਅਸੀਂ ਧਰਤੀ ਤੇ ਲੇਟਾਂਗੇ, ਮਹਾਰਾਜ ਆਪਣੇ ਚਰਨ ਸਾਡੇ ਸਿਰਾਂ ਤੇ ਰੱਖਣਗੇ। ਉਹ ਉਹਦੇ ਜਿਹੜੇ ਚੰਦੂ ਦੇ ਬੰਦੇ ਸੇ, ਪੁਲਿਸ ਉਹ ਡੰਡਿਆਂ ਨਾਲ ਕੁਟਦੀ ਹੈ।

ਗੁਰੂ ਜੀ ਕਹਿੰਦੇ ਕਿਉਂ ਮਾਰ ਖਾਂਦੇ ਓ। ਦੇਖੀ ਜਾਉ ਜਿਵੇਂ ਹੋ ਰਿਹਾ। ਜਿਵੇਂ ਮੈਂ ਦੇਖ ਰਿਹਾਂ ਤੁਸੀਂ ਵੀ ਦੇਖੀ ਜਾਉ।

ਅਗਲੇ ਦਿਨ ਬਹੁਤ ਸੜਦੀ ਬਲਦੀ ਰੇਤ ਤੱਤੀ ਉਸ ਉਪਰ ਸਾਰਾ ਦਿਨ ਬਿਠਾਇਆ ਗਿਆ। ਸਿੱਖ ਫਿਰ ਦੌੜ ਦੌੜ ਕੇ ਆ ਰਹੇ ਹਨ, ਰੋ ਰਹੇ ਹਨ। ਨਹੀਂ ਮਹਾਰਾਜ ਅਸੀਂ ਲਿਟਦੇ ਹਾਂ। ਸਾਡੇ ਸਿਰਾਂ ਤੇ ਆਪਣੇ ਚਰਨ ਰਖੋ। ਇਹ ਕਿਉਂ ਐਸਾ ਹੋ ਰਿਹਾ ਹੈ। ਰੋ ਰਹੇ ਨੇ ਵੈਰਾਗ ਵਿਚ ਪਿਆਰ ਵਿਚ। ਗੁਰੂ ਜੀ ਕਹਿੰਦੇ ਗੁਰਮੁਖੋ ਕਿਉਂ ਡੰਡਿਆਂ ਦੀ ਮਾਰ ਖਾਂਦੇ ਹੋ। ਦੇਖੀ ਜਾਉ ਜੋ ਕੁਝ ਹੁੰਦਾ। ਮਹਾਰਾਜ ਬਰਦਾਸ਼ਤ ਨਹੀਂ ਹੁੰਦਾ। ਆਪ ਜੀ ਨੂੰ ਇਹ ਦੁੱਖ ਇਹ ਲੋਕ ਦੇਣ। ਇਹੋ ਜਿਹਾ ਕਸ਼ਟ ਹੋਵੇ, ਇਹ ਗੱਲ ਠੀਕ ਨਹੀਂ। ਗੁਰੂ ਜੀ ਕਹਿੰਦੇ ਨਹੀਂ ਜਰੋ।

*"ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥*

(ਅੰਗ ੧੩੮੧)

ਸੋ ਦੇਖੀ ਜਾਉ-

ਉਸ ਤੋਂ ਅਗਲਾ ਦਿਨ ਹੋਇਆ ਯਾਨੀ ਤੀਸਰਾ ਦਿਨ ਹੋ ਗਿਆ। ਉਸ ਵੇਲੇ ਦੇਗ ਵਿਚ ਜਲ ਗਰਮ ਕੀਤਾ ਗਿਆ। ਅੱਧਾ ਦਿਨ ਗੁਰੂ ਮਹਾਰਾਜ ਦੇਗ ਵਿਚ ਜਦੋਂ ਉਹ ਬਿਠਾਉਣ ਲੱਗੇ, ਭਾਈ ਪਰਾਣੇ ਵਰਗੇ ਕਹਿ ਰਹੇ ਨੇ ਮਹਾਰਾਜ ਆਗਿਆ ਦੇ ਦਿਉ। ਹੁਕਮ ਕਰ ਦਿਉ ਦਾਸ ਨੂੰ ਹੁਣੇ ਦਿੱਲੀ ਤੇ ਲਾਹੌਰ ਗਰਕ ਕਰ ਦਿਆਂ। ਮਹਾਰਾਜ ਕਹਿੰਦੇ ਨਹੀਂ। ਇਹ ਕਿਥੋਂ ਲੈ ਲਈਆਂ ਸ਼ਕਤੀਆਂ ਇੱਡੀਆਂ ਇੱਡੀਆਂ ਵੱਡੀਆਂ ਦਿੱਲੀ ਤੇ ਲਾਹੌਰ ਗਰਕ ਕਰਨ

ਵਾਲੀਆਂ। ਗਰੀਬ-ਨਿਵਾਜ਼ ਤੁਹਾਡੇ ਹੀ ਚਰਨਾਂ ਵਿਚ ਰਹਿ ਕੇ ਤੁਹਾਡੀ ਕ੍ਰਿਪਾ ਨਾਲ। ਫਿਰ ਅਸੀਂ ਨਹੀਂ ਸੀ ਕਰ ਸਕਦੇ। ਨਹੀਂ ਕੁਝ ਵੀ ਨਹੀਂ ਕਰਨਾ। ਅੱਧੇ ਦਿਨ ਤੋਂ ਬਾਅਦ ਚੰਦੂ ਨੇ ਜਦੋਂ ਗੁਰੂ ਜੀਆਂ ਨੂੰ ਦੇਗ ਵਿਚੋਂ ਕੱਢਿਆ, ਫਿਰ ਕੋਠੇ ਵਿਚ ਬੰਦ ਕਰ ਦਿੱਤਾ ਗਿਆ।

ਉਸਦੀ ਨੂੰਹ ਉਹ ਕਿਸੇ ਸਿੱਖ ਦੀ ਲੜਕੀ ਸੀ। ਬੜੀ ਸਿਆਣੀ ਸੀ। ਬੜੀ ਸਮਝਦਾਰ ਸੀ। ਉਹ ਬੜਾ ਦੁੱਖ ਮੰਨਦੀ ਹੈ। ਬੜਾ ਰੋ ਰਹੀ ਹੈ। ਉਸਨੇ ਰਾਤ ਦੇ ਸਮੇਂ ਆ ਕੇ ਅਰਜ਼ ਕੀਤੀ ਮਹਾਰਾਜ ਮੈਂ ਸ਼ਰਬਤ ਲੈ ਕੇ ਆਈ ਹਾਂ, ਗੁੜ ਦਾ ਜਲ। ਇ ਹ ਛਕੋ। ਮੇਰਾ ਸਹੁਰਾ ਬੜਾ ਪਾਪੀ ਹੈ। ਬੜੇ ਪਾਪ ਕਰਦਾ ਹੈ। ਪਤਾ ਨਹੀਂ ਕਿਹੜੇ ਮਾੜੇ ਕਰਮ ਦੇ ਕਾਰਨ ਮੇਰਾ ਵਿਆਹ ਇਹਦੇ ਲੜਕੇ ਨਾਲ ਹੋ ਗਿਆ। ਮਹਾਰਾਜ ਬੜੀ ਮਾੜੀ ਗੱਲ ਹੋ ਰਹੀ ਹੈ ਇਥੇ। ਕ੍ਰਿਪਾ ਕਰੋ ਆਹ ਜਲ ਛਕ ਲਉ।

ਮਹਾਰਾਜ ਕਹਿੰਦੇ, ਦੇਖ ਬੇਟਾ, ਇਹ ਇਹੋ ਜਿਹੇ ਲੋਕਾਂ ਦੇ ਘਰ ਦਾ ਤਾਂ ਅਸੀਂ ਕੁਝ ਵੀ ਨਹੀਂ ਛੱਕਣਾ। ਤੂੰ ਮਨ ਵਿਚ ਕੋਈ ਗੱਲ ਨਾ ਲਿਆ। ਰੱਬ ਦਾ ਭਜਨ ਕਰ।

ਉਸ ਤੋਂ ਅਗਲਾ ਦਿਨ ਹੋਇਆ ਯਾਨੀ ਚੌਥਾ ਦਿਨ ਹੋਇਆ। ਜਿਹੜਾ ਦੁਸ਼ਟ ਹੁੰਦਾ ਹੈ, ਮਨਮੁਖ ਹੁੰਦਾ ਹੈ, ਜ਼ੁਲਮ ਕਰਨ ਵਾਲਾ ਹੁੰਦਾ ਹੈ, ਉਹ ਕੋਈ ਹਿਸਾਬ ਕਿਤਾਬ ਨਹੀਂ ਲਾਉਂਦਾ ਹੁੰਦਾ ਪਾਪ ਦਾ। ਬਾਣੀ ਵਿਚ ਇਉਂ ਦਸਿਆ ਹੈ।

ਧਾਰਨਾ – ਪਾਪੀ ਬੰਦਿਆਂ ਨੂੰ ਪਾਪ ਪਿਆਰਾ, ਭਗਤੀ ਨਾ ਭਾਵੇ ਰੱਬ ਦੀ ...2..।

ਪਾਪੀ ਬੰਦਿਆਂ ਨੂੰ ਪਾਪ ਪਿਆਰਾ, ਭਗਤੀ ਨਾ ਭਾਵੇ ਰੱਬ ਦੀ ...2....।

*ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥*
*ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ॥*

(ਅੰਗ ੧੩੬੮)

ਮੱਖੀ ਗੰਦੇ ਥਾਂ ਤੇ ਜਾਏਗੀ। ਸੁਗੰਧੀ ਉਹਨੂੰ ਚੰਗੀ ਨਹੀਂ ਲੱਗਦੀ। ਪਾਪ ਕਰਨ ਵਾਲੇ ਨੂੰ ਪਾਪ ਹੀ ਚੰਗਾ ਲੱਗਦਾ। ਪਾਪ ਦਾ ਹੱਦ-ਬੰਨਾ ਨਹੀਂ ਛੱਡ ਰਿਹਾ ਚੰਦੂ।

ਅੱਜ ਚੌਥਾ ਦਿਨ ਚੜ੍ਹਿਆ। ਉਸਨੇ ਚੂਲ੍ਹਾ ਪੁੱਟਿਆ। ਉਹਦੇ ਉਤੇ ਲੋਹ ਰੱਖੀ ਲੋਹੇ ਦੀ। ਲੱਕੜਾਂ ਮੰਗਾਈਆਂ। ਉਹਦੇ ਵਿਚ ਅੱਗ ਜਾਲੀ, ਫਿਰ ਚੰਦੂ ਨੇ ਪੁੱਛਿਆ ਜੁਰਮਾਨਾ ਦੇ ਦਿਉ, ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਪਾ ਦਿਉ, ਨਾਲੇ ਰਿਸ਼ਤੇ ਦੀ ਹਾਂ ਕਰ ਦਿਉ, ਨਹੀਂ ਤੇ ਮੈਂ ਤੁਹਾਡੇ ਨਾਲ ਬਹੁਤ ਬੁਰੀ ਤਰ੍ਹਾਂ ਪੇਸ਼ ਆਵਾਂਗਾ।

ਗੁਰੂ ਜੀ ਕਹਿੰਦੇ ਚੰਦੂ ਨਹੀਂ ਤੈਨੂੰ ਜਿਵੇਂ ਠੀਕ ਲੱਗਦਾ ਉਵੇਂ ਹੀ ਕਰ ਲੈ। ਉਸ ਵੇਲੇ ਇਕ ਬੰਨੇ ਤਾਂ ਉਹ ਮਨਮੁਖ, ਪਾਪੀ ਲੋਕ, ਆਪਣੀ ਗੱਲ ਮਨਾ ਰਿਹਾ ਹੈ ਗੁਰੂ ਮਹਾਰਾਜ ਨੂੰ। ਇਕ ਬੰਨੇ ਜੇ ਨਹੀਂ ਮੰਨਣੀ ਤਾਂ ਫਿਰ ਤੱਤੀ ਲੋਹ ਤੇ ਬੈਠੋ। ਫਿਰ ਤੁਹਾਨੂੰ ਦੱਸਨਾਂ ਬਈ ਕਿਵੇਂ ਕਰੀਦਾ ਹੁੰਦਾ। ਉਹ ਜਿਹੜੇ ਚੰਦੂ ਦੀ ਪੁਲਿਸ ਸੀ ਬੰਦੇ ਸਿਪਾਹੀ ਉਥੇ ਨਾਲ ਸੀ ਕਹਿਣ ਲੱਗਾ, ਇਹਨਾਂ ਨੂੰ ਫੜ ਕੇ ਲੋਹ ਤੇ ਬਿਠਾਉ।

ਗੁਰੂ ਮਹਾਰਾਜ ਕਹਿਣ ਲੱਗੇ ਕੀ ਕਾਹਲਾ ਪੈਨਾਂ। ਅਸੀਂ ਆਪੇ ਹੀ ਬਹਿ ਜਾਨੇ ਆਂ। ਆਪ ਜੀ ਦੇ ਹੱਥ ਵਿਚ ੧੦੮ ਮਣਕੇ ਹੀਰਿਆਂ ਦੀ ਮਾਲਾ, ਸੁੰਦਰ ਸਰੂਪ ਗੁਰੂ ਨਾਨਕ ਜੀ ਜੈਸਾ, ਚਰਨਾਂ ਵਿਚ ਖੜਾਵਾਂ, ਬਹੁਤ ਸੁੰਦਰ ਚੋਲਾ, ਸੀਸ ਤੇ ਦਸਤਾਰ ਗੁਰੂ ਨਾਨਕ ਜੀ ਵਾਂਗੂੰ ਸਜਾਉਂਦੇ ਹੁੰਦੇ। ਉਹੀ ਜੋਤ ਪੰਜਵਾਂ ਜਾਮਾਂ! ਸੱਜਾ ਚਰਨ ਰਖਿਆ, ਖੱਬਾ ਰੱਖਿਆ, ਖੜੇ ਹੋ ਗਏ, ਫਿਰ ਬੈਠ ਗਏ। ਬੈਠਣ ਦੀ ਦੇਰ ਸੀ, ਇਹ ਦੁਸ਼ਟ ਨੇ ਘੱਟ ਨਹੀਂ ਕੀਤੀ। ਉਹ ਜਿਹੜੀ ਤੱਤੀ ਰੇਤ ਸੀ ਉਹ ਮਹਾਰਾਜ ਦੇ ਸੀਸ ਵਿਚ ਪਾਉਣੀ ਸ਼ੁਰੂ ਕਰ ਦਿੱਤੀ। ਇਉਂ ਪੜ੍ਹ ਲਉ-

ਧਾਰਨਾ - ਸਿੱਖਾ ਸਿੱਖੀ ਸਿਦਕ ਨਿਭਾਉਣ ਦੀਆਂ,
ਮੰਜ਼ਲਾਂ ਨੇ ਦੂਰ ਭੁੱਲ ਜਾਵੀਂ ਨਾ.................।

ਗੁਰੂ ਅਰਜਨ ਦੇਵ ਤੱਤੀ ਲੋਹ ਉਤੇ ਬੈਠ ਗਏ..............।
ਗੁਰੂ ਅਰਜਨ ਦੇਵ ਤੱਤੀ ਲੋਹ ਉਤੇ ਬੈਠ ਗਏ,
ਗੁਰੂ ਨਾਨਕ ਵਾਲੀ ਜੋਤ ਤੱਤੀ ਲੋਹ ਉਤੇ ਬੈਠ ਗਏ...........।
ਤੱਤੀ ਰੇਤ ਜ਼ਾਲਮਾਂ ਨੇ ਸੀਸ ਉਤੇ ਪਾਈ ਏ,
ਤੱਤੀ ਰੇਤ ਪਾਪੀਆਂ ਨੇ ਸੀਸ ਉਤੇ ਪਾਈ ਏ ...........।

ਤੱਤੀ ਰੇਤ ਜ਼ਾਲਮਾਂ ਨੇ ਸੀਸ ਉਤੇ ਪਾਈ ਏ,
ਤੱਤੀ ਰੇਤ ਪਾਪੀਆਂ ਨੇ ਸੀਸ ਉਤੇ ਪਾਈ ਏ ..............।
ਹੇਠਾਂ ਤੱਪਦੇ ਤੰਦੂਰ ਭੁੱਲ ਜਾਈਂ ਨਾ।
ਸਿੱਖਾ, ਸਿੱਖੀ, ਸਿਦਕ ਨਿਭਾਉਣ ਦੀਆਂ
ਮੰਜ਼ਲਾਂ ਨੇ ਦੂਰ ਭੁੱਲ ਜਾਵੀਂ ਨਾ।

ਧੰਨ ਸ੍ਰੀ ਗੁਰੂ ਅਰਜਨ ਸਾਹਿਬ ................ ਏਸ ਤਰ੍ਹਾਂ ਜਦੋਂ ਏਸ ਤਰ੍ਹਾਂ ਦੇ ਨਾਲ ਹੋਇਆ। ਮੀਆਂ ਮੀਰ ਜੀ ਨੂੰ ਪਤਾ ਲੱਗਾ ਉਹ ਰੋਂਦਾ ਹੀ ਆ ਰਿਹਾ। ਉਹ ਮਹਾਰਾਜ ਦੇ ਸਾਹਮਣੇ ਆ ਕੇ ਡਿੱਗ ਹੀ ਪਿਆ। ਹੱਥ ਜੋੜੇ ਲੰਮੇ ਪੈ ਕੇ ਅਸ਼ਟਾਂਗ ਨਮਸਕਾਰ ਕੀਤੀ, ਰੋ ਰਿਹਾ ਹੈ। ਬਾਹਵਾਂ ਖੜੀਆਂ ਕਰਕੇ ਰੋ ਰਿਹਾ। ਸੱਚੇ ਪਾਤਿਸ਼ਾਹ ਕਿਉਂ ਹੋ ਰਿਹਾ ਇਸ ਤਰ੍ਹਾਂ। ਮੈਨੂੰ ਹੁਕਮ ਕਰ ਦਿਉ। ਜਿਵੇਂ ਕਹੋ ਮੈਂ ਉਵੇਂ ਕਰ ਦੇਨਾਂ। ਕਹਿਣ ਲਗੇ ਪੀਰ ਸਾਈਂ ਜਦੋਂ ਤੁਹਾਡੇ ਕੋਲੋਂ ਇੱਟ ਰਖਾਈ ਸੀ ਹਰਿਮੰਦਰ ਸਾਹਿਬ ਦੀ, ਕਿੰਨੀ ਖੁਸ਼ੀ ਮਨਾਈ ਸੀ ਤੁਸੀਂ ਇੱਟ ਰੱਖੀ ਸੀ ਤੇ। ਹਾਂ ਮਹਾਰਾਜ ਕਹਿੰਦੇ ਇਕ ਨੀਂਹ ਇਹ ਵੀ ਰੱਖ ਰਹੇ ਹਾਂ। ਅੱਜ ਨੀਂਹ ਰੱਖ ਰਹੇ ਹਾਂ ਡੂੰਘੀ, ਡੂੰਘੀ ਨੀਂਹ ਰੱਖ ਰਹੇ ਹਾਂ।

ਮਹਾਰਾਜ ਉਹ ਤਾਂ ਹਰਿਮੰਦਰ ਸਾਹਿਬ ਦੀ। ਇਹ ਕਾਹਦੀ ਹੈ। ਕਹਿੰਦੇ ਸ਼ਹੀਦੀ ਦੀ ਹੈ। ਸ਼ਹੀਦੀ ਦੀ ਨੀਂਹ ਰੱਖ ਰਹੇ ਹਾਂ। ਤਦੇ ਹੀ ਦਸਿਆ ਨਾ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਮਹਾਰਾਜ।

ਕਹਿਣ ਲੱਗੇ ਨਹੀਂ ਦੇਖਿਆ ਜਾਂਦਾ। ਪੀਰ ਲੋਕੋ ਫਿਰ ਚਲੇ ਜਾਉ। ਰੋਂਦਾ ਹੋਇਆ ਪੁੱਠੀ ਪੈਰੀਂ ਗਿਆ।

ਉਧਰ ਉਨ੍ਹਾਂ ਸਮਿਆਂ ਵਿਚ ਸੁਮੇਰ ਪਰਬਤ ਦੇ ਇਲਾਕੇ ਵਿਚ ਗੋਰਖ ਨਾਥ ਸਿੱਧਾਂ ਦਾ ਗੁਰੂ ਸਮਾਧੀ ਲਾ ਕੇ ਬੈਠਾ। ਨਰਾਇਣ ਦਾ ਜਾਪ ਕਰਨ ਵਾਲਾ। ਇਹ ਲੋਕ ਜਿਹੜੇ ਸਨ ਨਾਰਾਇਣ ਦਾ ਜਾਪ ਕਰਦੇ ਹਨ। ਨਰਾਇਣ ਰੱਬ ਨੂੰ ਕਹਿੰਦੇ ਨੇ **"ਆਪਿ ਨਰਾਇਣ ਕਲਾ ਧਾਰਿ॥"** ਵਾਹਿਗੁਰੂ ਗੁਰੂ ਨਾਨਕ ਜੀ ਹੀ ਹੈ। ਜਦੋਂ ਉਹਨੇ ਸਮਾਧੀ ਲਾਈ। ਉਹ ਜਿੱਥੇ ਉਹਨੂੰ ਸ਼ਬਦ ਸੁਣਦੇ ਸੀ, ਗੋਰਖ ਨਾਥ ਜਿਸਨੇ ਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਸੀ, ਗੁਰੂ ਨਾਨਕ ਜੀ ਦਾ ਹੀ ਪਿਆਰਾ ਹੋ ਗਿਆ ਸੀ। ਜਿਥੇ ਉਸਨੂੰ ਨਾਮ ਸੁਣਦਾ ਸੀ ਬਹੁਤ ਕੁਝ, ਉਥੇ ਕੀ ਦੇਖਦਾ ਅੱਗ ਹੀ ਅੱਗ, ਅੱਗ ਹੀ ਅੱਗ, ਅੱਗ ਹੀ ਅੱਗ ਹੈ।

ਹੈਂ, ਇਹ ਗੱਲ ਕੀ ਹੋ ਗਈ। ਉਸ ਵੇਲੇ ਧਿਆਨ ਮਾਰਿਆ ਮਾਤ-ਲੋਕ ਵੱਲ ਤਾਂ ਗੁਰੂ ਮਹਾਰਾਜ ਤੱਤੀ ਲੋਹ ਤੇ ਬੈਠੇ ਨਜ਼ਰ ਆਏ। ਜਿਉਂ ਉਡਿਆ ਸਣੇ ਸਰੀਰ ਪਲਾਂ ਵਿਚ ਪਹੁੰਚਿਆ ਲਾਹੌਰ।

ਦੇਖਿਆ ਬੜਾ ਸਖ਼ਤ ਪਹਿਰਾ। ਇਕ ਦਮ ਗੁਪਤ ਹੋ ਕੇ ਮਹਾਰਾਜ ਦੇ ਕੋਲ ਪ੍ਰਗਟ ਹੋ ਕੇ ਉੱਚੀ ਉੱਚੀ ਰੋ ਰਿਹਾ ਹੈ। ਮਹਾਰਾਜ ਬੜੀ ਦੂਰ ਤੋਂ ਆਇਆਂ ਹਾਂ। ਪਹਿਲੇ ਜਾਮੇ ਵਿਚ ਆਪ ਜੀ ਦੇ ਦਰਸ਼ਨ ਕੀਤੇ ਬੜੇ ਬਚਨ ਬਿਲਾਸ ਹੋਏ। ਪਹਿਲਾਂ ਸਾਨੂੰ ਸੋਝੀ ਨਹੀਂ ਸੀ ਪਤਾ ਨਹੀਂ ਸੀ। ਆਪ ਵਿਚ ਰੱਬ ਵਿਚ ਕੋਈ ਫਰਕ ਨਹੀਂ ਹੈ। ਮੈਨੂੰ ਹੁਕਮ ਕਰੋ, ਮੈਂ ਤੁਹਾਡਾ ਹੀ ਸੇਵਕ ਹਾਂ। ਹੁਣੇ ਕਹੋ ਮੈਂ ਦਿੱਲੀ ਤੇ ਲਾਹੌਰ ਗਰਕ ਕਰ ਦਿਆਂ, ਲੱਭੇ ਹੀ ਨਾ ਗਿਆ ਕਿਧਰ। ਗੁਰੂ ਜੀ ਕਹਿੰਦੇ, ਨਹੀਂ ਗੋਰਖ ਜੀ, ਇਹ ਗੱਲ ਨਹੀਂ ਕਰਨੀ। ਤੇਰੀਆਂ ਅੱਖਾਂ ਅਜੇ ਬੰਦ ਹਨ, ਉਪਰ ਨੂੰ ਦੇਖ। ਕੀ ਦੇਖਦਾ ਹੈ। ਪ੍ਰਲੋਕ ਵਿਚ, ਸਾਰੇ ਮੰਡਲਾਂ ਵਿਚ ਧੰਨ ਧੰਨ ਹੋ ਰਹੀ ਹੈ। ਕੀ ਹੋ ਰਿਹਾ ਹੈ ਸਾਰੇ ਪੜ੍ਹੋ :-

**ਧਾਰਨਾ – ਜਪਿਉ ਜਿਨ ਅਰਜਨ ਦੇਵ ਗੁਰੂ .........।**

**ਫਿਰਿ ਸੰਕਟ ਜੋਨ ਗਰਭਿ ਨਾ ਆਇਉ।**

***ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥***

(ਅੰਗ ੧੪੦੯)

***ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ ਹਰਿ॥***

(ਅੰਗ ੧੪੦੯)

ਪ੍ਰਲੋਕ ਵਿਚ ਸਾਰੇ ਮੰਡਲਾਂ ਵਿਚ ਧੰਨ ਗੁਰੂ ਅਰਜਨ ਦੇਵ, ਧੰਨ ਗੁਰੂ ਅਰਜਨ ਦੇਵ, ਧੰਨ ਗੁਰੂ ਅਰਜਨ ਦੇਵ ਸਾਰੇ ਹੋ ਰਹੀ ਹੈ। ਦੇਖ ਕੇ ਹੈਰਾਨ ਹੋ ਗਿਆ। ਨਮਸਕਾਰ ਕੀਤੀ ਮਹਾਰਾਜ ਮੇਰੇ ਕੋਲੋਂ ਨਹੀਂ ਇਹ ਦੇਖਿਆ ਜਾ ਰਿਹਾ, ਕਿਵੇਂ ਬਰਦਾਸ਼ਤ ਕਰਾਂ। ਬਚਨ ਹੋਇਆ ਜੋਗੀ ਰਾਜ, ਨਹੀਂ ਦੇਖਿਆ ਜਾਂਦਾ ਚਲੇ ਜਾਉ ਫਿਰ। ਇਹ ਪੁੱਠੀਂ ਪੈਰੀਂ ਮੱਥੇ ਟੇਕਦਾ ਗੁਪਤ ਹੋ ਕੇ ਸ਼ਹਿਰੋਂ ਬਾਹਰ ਪ੍ਰਗਟ ਹੋ ਕੇ ਸਰੀਰ ਧਾਰਨ ਕਰਕੇ ਫਿਰ ਆਪਣੀ ਜਗ੍ਹਾ ਤੇ ਜਾ ਰਿਹਾ, ਜਾਂਦਾ ਰੋਂਦਾ ਜਾ ਰਿਹਾ। ਹੈਂ ਕਿਥੋਂ ਤੱਕ ਐਂ ਹੋ ਰਿਹਾ।

ਭਾਈ ਪਿਰਾਣਾ ਜੀ ਕਹਿਣ ਲੱਗੇ ਮਹਾਰਾਜ ਕਿਸੇ ਨਾ ਕਿਸੇ ਗੱਲ ਦੀ ਹੱਦ ਹੁੰਦੀ ਹੈ। ਹੁਣ ਤੇ ਹੱਦ ਤੋਂ ਅਗਾਂਹ ਹੋ ਰਿਹਾ ਹੈ।

ਮਹਾਰਾਜ ਕਹਿੰਦੇ ਨਹੀਂ ਸਿੱਖਾ ਬਿਲਕੁਲ ਨਹੀਂ, ਕੁਝ ਨਹੀਂ ਕਰਨਾ। ਧੀਰਜ ਰੱਖ, ਧੀਰਜ ਰੱਖ, ਇਸ ਤਰ੍ਹਾਂ ਨਹੀਂ ਕਰਨਾ। ਸੋ ਉਹ ਰੇਤਾ ਪਾਈ ਗਈ ਸੀਸ ਵਿਚ, ਮਹਾਰਾਜ ਜੀ ਦੇ ਸਰੀਰ ਤੇ ਛਾਲੇ ਛਾਲੇ। ਫਿਰ ਜਦੋਂ ਲੋਹ ਤੋਂ ਲਾਹਿਆ ਗਿਆ, ਸਿੱਖਾਂ ਦੇ ਨਾਲ ਸੱਜਾ ਹੱਥ ਖੱਬੇ ਮੋਢੇ ਤੇ ਖੱਬਾ ਹੱਥ ਸੱਜੇ ਮੋਢੇ ਤੇ। ਹੌਲੀ-ਹੌਲੀ ਉਸ ਕੋਠੀ ਵਿਚ ਫਿਰ ਚਲੇ ਗਏ। ਅੱਜ ਚਾਰ ਦਿਨ ਹੋ ਗਏ।

ਚੰਦੂ ਦੀ ਨੂੰਹ ਜਿਨ੍ਹਾਂ ਉਹਦੇ ਕੋਲ ਸੋਨਾ ਸੀ ਲੈ ਕੇ ਆ ਕੇ ਪਹਿਰੇ ਵਾਲਿਆਂ ਨੂੰ ਦਿੱਤਾ। ਮੈਂ ਮਹਾਰਾਜ ਦੇ ਦਰਸ਼ਨ ਕਰਨੇ ਨੇ ਬੱਸ। ਰੋ ਰਹੀ ਹੈ, ਮਹਾਰਾਜ ਮੇਰੀ ਮੌਤ ਕਿਉਂ ਨਾ ਹੋ ਗਈ। ਜਦੋਂ ਇਥੇ ਰਿਸ਼ਤਾ ਹੋਇਆ ਸੀ ਪਾਪੀਆਂ ਦੇ, ਮਰ ਕਿਉਂ ਨਾ ਗਈ। ਮੇਰੇ ਵਾਸਤੇ ਬਹੁਤ ਔਖਾ ਹੈ। ਮੈਂ ਤਾਂ ਜੀਉਂਦੀ ਨਹੀਂ ਰਹਿ ਸਕਦੀ। ਮੇਰੇ ਦਿਲ ਦੀ ਭਾਵਨਾ ਆਪ ਜਾਣਦੇ ਹੋ, ਅੰਤਰਜਾਮੀ ਹੋ।

ਗੁਰੂ ਜੀ ਕਹਿੰਦੇ ਹਾਂ, ਅਸੀਂ ਜਾਣਦੇ ਹਾਂ। ਬੇਟਾ....। ਤੇਰਾ ਪ੍ਰੇਮ ਜਾਣਦੇ ਹਾਂ।

ਮਹਾਰਾਜ ਹੁਣ ਗਾਈਂ ਦੀ ਖੱਲ ਲੁਹਾ ਰਿਹਾ ਉਹ ਪਾਪੀ ਮੇਰਾ ਸਹੁਰਾ। ਕਹਿੰਦਾ ਮਹਾਰਾਜ ਨੂੰ ਕਲ੍ਹ ਗਾਂਈਂ ਦੀ ਖੱਲ ਵਿਚ ਮੜ੍ਹ ਦਿਆਂਗੇ। ਹੌਲੀ-ਹੌਲੀ ਸੁਕੇਗੀ ਫਿਰ ਦੇਖਾਂਗੇ ਕਿਵੇਂ ਜਾਨ ਨਿਕਲਦੀ ਹੈ। ਇਹੋ ਜਿਹੀਆਂ ਗਲਾਂ ਕਰਦਾ ਹੈ। ਮਹਾਰਾਜ ਕ੍ਰਿਪਾ ਕਰੋ, ਬਹੁਤ ਹੱਦ ਤੋਂ ਪਰ੍ਹੇ ਹੋ ਗਿਆ।

ਗੁਰੂ ਜੀ ਕਹਿਣ ਲੱਗੇ ਪਾਠ ਕਰੀ ਜਾ ਜਪੁਜੀ ਸਾਹਿਬ ਦਾ। ਕੱਲ੍ਹ ਅਸੀਂ ਜਾਣਾ ਹੈ। ਜਾਣ ਲਗੇ ਨਾਲ ਲੈ ਜਾਵਾਂਗੇ। ਜੇ ਨਹੀਂ ਰਿਹਾ ਜਾਂਦਾ ਤਾਂ।

ਸੋ ਅਗਲਾ ਪੰਜਵਾਂ ਦਿਨ ਹੋਇਆ। ਚੰਦੂ ਪਾਪੀ ਫਿਰ ਪੁਛਦਾ ਮੇਰੇ ਆਖੇ ਲੱਗੋਗੇ? ਮਹਾਰਾਜ ਕਹਿੰਦੇ ਤੇਰੇ ਨਹੀਂ ਲੱਗਾਂਗੇ। ਗੁਰੂ ਨਾਨਕ ਜੀ ਦੇ ਲਗ ਰਹੇ ਹਾਂ ਤੇ ਲੱਗਾਂਗੇ। ਅਕਾਲ ਪੁਰਖ ਦੇ ਹੁਕਮ ਵਿਚ ਚਲ ਰਹੇ ਹਾਂ, ਤੇਰੇ ਹੁਕਮ ਵਿਚ ਨਹੀਂ ਚੱਲਾਂਗੇ। ਜੋ ਜੀਅ ਕਰਦਾ ਕਰ।

ਚੰਦੂ ਕਹਿੰਦਾ ਮੈਂ ਇਉਂ ਕਰ ਦਿਆਂਗਾ, ਇਉਂ ਕਰਾਂਗਾ। ਤੁਸੀਂ ਦੱਸੋ ਬਈ ਚਾਹੁੰਦੇ ਕੀ ਹੋ ?

ਮਹਾਰਾਜ ਕਹਿੰਦੇ ਕੁਝ ਨਹੀਂ।

ਪੰਜ ਦਿਨ ਹੋ ਗਏ ਹਨ। ਅਸੀਂ ਇਸ਼ਨਾਨ ਕਰਨਾ ਚਾਹੁੰਦੇ ਹਾਂ ਹੋਰ ਕੁਝ ਵੀ ਨਹੀਂ ਚਾਹੁੰਦੇ ਬੱਸ। ਦਸ ਬੰਦੇ ਪਹਿਰੇ ਵਾਲੇ, ਨਾਲ ਪੰਜ ਗੁਰਮੁਖ। ਮਹਾਰਾਜ ਕਹਿੰਦੇ ਇਹ ਸਿੱਖ ਸਾਡੇ ਨਾਲ ਜਾਣਗੇ। ਰਾਵੀ ਵਲ ਨੂੰ ਜਾ ਰਹੇ ਹਨ।

ਪਾਪੀ ਸੋਚਦਾ ਹੈ, ਚਲੋ ਇਸ਼ਨਾਨ ਕਰਨਗੇ, ਠੰਢਾ ਪਾਣੀ ਸੜੇ ਸਰੀਰ ਤੇ ਪਏਗਾ ਹੋਰ ਵੀ ਦੁਖੀ ਹੋਣਗੇ। ਆਪੇ ਹੀ ਇਹਨੇ ਇਹੋ ਜਿਹੀ ਗੱਲ ਕਰ ਲਈ।

ਰਸਤੇ ਵਿਚ ਕਿਸੇ ਨੇ ਚੰਦੂ ਨੂੰ, ਜਹਾਂਗੀਰ ਨੂੰ ਖੁਸ਼ ਕਰਨ ਵਾਸਤੇ ਇਹੋ ਜਿਹੇ ਲੋਕ ਇਹੋ ਜਿਹੇ ਮੌਕੇ ਤੇ ਹੁੰਦੇ ਨੇ। ਬਈ ਪਤਾ ਲਗੇਗਾ, ਬੜੇ ਖੁਸ਼ ਹੋਣਗੇ, ਅਸੀਂ ਆਹ ਕੁਝ ਕਰ ਰਹੇ ਹਾਂ। ਵਾਹਵਾ ਇਹਦੇ ਕੋਲ ਜੋ ਕੁਝ ਹੈ ਇਹਨੇ ਵੀ ਕੀਤਾ। ਛੋਟਾ ਜਿਹਾ ਪੱਥਰ ਦਾ ਰੋੜਾ ਸੀ ਨਿੱਕਾ ਜਿਹਾ, ਉਹ ਕੋਈ ਪਸ਼ੂ ਚਾਰਨ ਵਾਲੇ ਨੇ, ਜਹਾਂਗੀਰ, ਚੰਦੂ ਦੇ ਹਮਾਇਤੀ ਨੇ ਮਹਾਰਾਜ ਦੇ ਸੀਸ ਵਿਚ ਮਾਰਿਆ। ਉਹ ਜਿਹੜੇ ਸਿੱਖ ਸੀ ਪੰਜ, ਜਿਨ੍ਹਾਂ ਵਿਚ ਭਾਈ ਪਰਾਣਾ ਜੀ, ਅੱਗੇ ਵੀ ਉਹਨੇ ਕਿਹਾ ਸੀ, ਉਹ ਕਹਿਣ ਲੱਗਾ ਮਹਾਰਾਜ ਹੱਦ, ਬੇ-ਹੱਦ ਉਦੋਂ ਵੀ ਅਗਾਂਹ ਹੋ ਗਿਆ। ਕਹਿਣ ਲੱਗਾ ਹੁਣ ਮੈਂ ਲੱਗਾਂ ਛੈਣੇ ਵਜਾਉਣ ਦਿੱਲੀ ਤੇ ਲਾਹੌਰ ਦੇ, ਦੇਖੋ ਜਾਂਦੇ ਕਿਧਰ ਨੂੰ ਨੇ।

ਗੁਰੂ ਮਹਾਰਾਜ ਨੇ ਹੱਥ ਉਹਦੇ ਹੱਥ ਨਾਲ ਲਾਇਆ। ਕਹਿੰਦੇ ਗੱਲ ਸੁਣ ਤੂੰ ਬ੍ਰਹਮ ਗਿਆਨੀ ਹੈਂ।

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*

(ਅੰਗ ੨੭੨)

ਧੀਰਜ ਧਰਤੀ ਵਰਗੀ ਰੱਖ। ਕੋਈ ਗੱਲ ਨਹੀਂ,

ਰਾਵੀ ਵੱਲ ਨੂੰ ਤੁਰਿਆ ਚੱਲ।

**ਧਾਰਨਾ – ਧਰਤੀ ਵਰਗੀ ਧੀਰਜ, ਬ੍ਰਹਮ ਗਿਆਨੀ ਦੀ.......2........।**

**ਧਰਤੀ ਵਰਗੀ ਧੀਰਜ, ਬ੍ਰਹਮ ਗਿਆਨੀ ਦੀ........2.......।**

ਗੁਰਮੁਖਾ-

*ਬ੍ਰਹਮ ਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*

(ਅੰਗ ੨੭੨)

ਸਿੱਖਾਂ ਨੇ ਗੁਰੂ ਜੀ ਨੂੰ ਰਾਵੀ 'ਤੇ ਇਸ਼ਨਾਨ ਕਰਵਾਇਆ ਅਤੇ ਉਸ ਸਮੇਂ ਗੁਰੂ ਜੀ ਕੁੱਛਾ ਦੇ ਆਸਨ (ਭਾਵ ਸੁਕੇ ਘਾਹ) ਤੇ ਬੈਠੇ ਅਤੇ ਬਚਨ ਕੀਤਾ ਸਾਡੇ ਸਰੀਰ ਛੱਡ ਜਾਣ ਤੋਂ ਬਾਅਦ ਜਲ ਪ੍ਰਵਾਹ ਕਰ ਦੇਣਾ। ਅਸੀਂ ਹੁਣ ਸੱਚਖੰਡ ਚਲੇ ਹਾਂ। ਤੁਸੀਂ ਅੱਜ ਦੀ ਰਾਤ ਲਾਹੌਰ ਧਰਮਸ਼ਾਲਾ ਵਿਚ ਰਹਿਣਾ ਅਤੇ ਸੰਗਤਾਂ ਨੂੰ ਧੀਰਜ ਦੇਣੀ। ਕੱਲ ਸਵੇਰੇ ਸ੍ਰੀ ਅੰਮ੍ਰਿਤਸਰ ਚਲੇ ਜਾਣਾ ਹੌਂਸਲਾ ਰੱਖ ਕੇ ਸਾਹਿਬਜ਼ਾਦੇ ਅਤੇ ਸੰਗਤਾਂ ਨੂੰ ਸਾਰੀ ਵਾਰਤਾ ਦੱਸ ਦੇਣੀ। ਹੁਣ ਅਸੀਂ ਜਪੁਜੀ ਸਾਹਿਬ ਜੀ ਦਾ ਬੋਲ ਕੇ ਪਾਠ ਕਰਾਂਗੇ। ਤੁਸੀਂ ਸਾਡੇ ਨਾਲ ਮਨ ਹੀ ਮਨ ਵਿਚ ਪਾਠ ਕਰੀ ਜਾਣਾ। ਜਦੋਂ ਗੁਰੂ ਅਰਜਨ ਦੇਵ ਜੀ ਨੇ ਜਪੁਜੀ ਸਾਹਿਬ ਜੀ ਦਾ ਪਾਠ ਸ਼ੁਰੂ ਕੀਤਾ ੧ੴ ਸਤਿਨਾਮ ਸ਼ਬਦ ਬੋਲਿਆ ਤਾਂ ਸ੍ਰੀ ਗੋਰਖਨਾਥ ਜੀ ੮੪ ਸਿੱਧਾ ਨੂੰ ਨਾਲ ਲੈ ਕੇ ਰਾਵੀ ਦੇ ਕੰਢੇ ਹੱਥ ਜੋੜ ਕੇ ਖੜ੍ਹੇ ਹਨ ਅਤੇ ਬਾਕੀ ਸਿੱਧ ਵੀ ਹੱਥ ਜੋੜ ਕੇ ਗੁਰੂ ਜੀ ਦੀ ਉਸਤਤੀ ਕਰ ਰਹੇ ਸਨ। ਜੋ ਤੁਸੀਂ ਭਾਣਾ ਮੰਨਿਆ ਸਾਡੇ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ। ਸਵਰਗ ਆਦਿ ਕਈ ਪੁਰੀਆਂ ਦੇ ਦੇਵਤੇ ਅਤੇ ਸ਼ਿਵਜੀ, ਵਿਸ਼ਨੂੰ ਜੀ, ਬਰਮਾ ਜੀ, ਸਵਰਗਾ ਦਾ ਰਾਜਾ ਇੰਦਰ ਆਪਣੇ-ਆਪਣੇ ਮੰਡਲਾਂ ਦੇ ਦੇਵਤਿਆਂ ਸਮੇਤ ਹੱਥ ਜੋੜੀ ਖੜ੍ਹੇ ਹਨ। ਉਸ ਸਮੇਂ ਸਾਧ-ਸੰਗਤ ਸਾਰੇ ਲਾਹੌਰ ਦੇ ਇਲਾਕੇ ਵਿਚ ਸੁਗੰਧੀਆਂ ਫੈਲ ਗਈਆਂ। ਉਧਰ ਚੰਦੂ ਦੀ ਨੂੰਹ ਚੜ੍ਹਾਈ ਕਰ ਗਈ ਉੱਚਕੋਟੀ ਦੇ ਦੇਵਤੇ ਉਸ ਨੂੰ ਨਾਲ ਬੈਕੁੰਠ ਧਾਮ ਵਿਚ ਲੈ ਗਏ। ਇਧਰ ਗੁਰੂ ਜੀ ਨੇ ਇਹ ਬਚਨ ਕਹੇ **"ਕੇਤੀ ਛੁਟੀ ਨਾਲ"**, ਤਾਂ ਸਰੀਰ ਵਿਚੋਂ ਸਹਿਜੇ ਹੀ ਨਿਕਲ ਗਏ। ਆਪ ਜੀ ਦਾ ਪਵਿੱਤਰ ਸਰੀਰ ਬਾਬਾ ਬਿਧੀ ਚੰਦ ਅਤੇ ਪਰਾਨਾ ਜੀ ਨੇ ਮੋਢਿਆ ਤੇ ਚੁੱਕ ਕੇ ਰਾਵੀ ਦੇ ਡੂੰਘੇ ਪਾਣੀ ਵਿਚ ਜਲ ਪ੍ਰਵਾਹ ਕਰ ਦਿੱਤਾ। ਆਪ ਜੀ ਦਾ ਪਵਿੱਤਰ ਸਰੀਰ ਫਿਰ ਜਲ ਵਿਚ ਨਜ਼ਰ ਨਹੀਂ ਆਇਆ।

*ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।*

(ਭਾਈ ਗੁਰਦਾਸ ਜੀ ਵਾਰ ੧/੪੦)

ਬਹੁਤ ਹੀ ਸੁੰਦਰ ਬਿਬਾਨ ਵਿਚ ਗੁਰੂ ਅਰਜਨ ਦੇਵ ਜੀ ਬੈਠੇ ਸਾਰਿਆਂ ਮੰਡਲਾਂ ਵਿਚ ਧੰਨ ਗੁਰੂ ਅਰਜਨ ਦੇਵ ਜੀ ਸਾਰੇ ਸਵਰਗ ਮੰਡਲਾਂ ਵਿਚ ਦੇਵਤਿਆਂ ਨੇ ਧੰਨ ਗੁਰੂ ਅਰਜਨ ਦੇਵ ਜੀ ਧੰਨ ਗੁਰੂ ਅਰਜਨ ਦੇਵ ਜੀ ਦੀ ਜੈ ਜੈ ਕਾਰ ਬੁਲਾਈ। ਇਵੇਂ ਅੱਗੇ

ਜਾਂਦਿਆਂ ਦੇਵਤੇ ਆਪੋ-ਆਪਣੀ ਪੂਰੀਆਂ ਨੂੰ ਤੁਰੇ ਜਾਂਦੇ ਸਵਰਗਾਂ ਦੇ ਰਾਜੇ ਇੰਦਰ ਨੇ ਆਪਣੇ ਗਣਾ ਸਮੇਤ ਨਮਸ਼ਕਾਰ ਕੀਤੀ ਆਖਿਆ ਗਰੀਬ ਨਿਵਾਜ਼ ਇਸ ਤੋਂ ਅੱਗੇ ਨਹੀਂ ਜਾ ਸਕਦਾ ਮੈਨੂੰ ਛੁੱਟੀਆਂ ਬਖਸ਼ੋ ਉਸ ਤੋਂ ਅੱਗੇ ਬਰਮਾ ਜੀ ਨੇ ਆਪਣੇ ਦੇਵਤਿਆਂ ਸਮੇਤ ਹੱਥ ਜੋੜ ਕੇ ਬੇਨਤੀ ਕੀਤੀ ਫਿਰ ਸ਼ਿਵਜੀ ਆਏ ਆਪਣੇ ਗਣਾ ਸਮੇਤ ਬੇਨਤੀ ਕੀਤੀ ਆਪ ਜੀ ਨੂੰ ਪਤਾ ਹੀ ਮੈਂ ਇਸ ਤੋਂ ਅੱਗੇ ਨਹੀਂ ਜਾ ਸਕਦਾ ਤਾਂ ਗੁਰੂ ਜੀ ਦਾ ਬਿਬਾਨ ਬੈਕੁੰਠ ਧਾਮ ਤੋਂ ਅੱਗੇ ਲੰਘ ਰਿਹਾ ਸੀ ਤਾਂ ਵਿਸ਼ਨੂੰ ਜੀ ਨੇ ਆਪਣੇ ਮੰਡਲ ਦੇ ਦੇਵਤਿਆਂ ਸਮੇਤ ਹੱਥ ਜੋੜ ਕੇ ਬੇਨਤੀ ਕੀਤੀ ਗੁਰੂ ਨਾਨਕ ਸਰੂਪ ਸ੍ਰੀ ਗੁਰੂ ਜੀਓ। ਆਪ ਧੰਨ ਹੋ, ਜਿੰਨਾਂ ਨੇ ਸੰਸਾਰ ਵਿਚ ਉਹ ਵੱਡੇ-ਵੱਡੇ ਪਰਉਪਕਾਰ ਕੀਤੇ ਜੋ ਕੋਈ ਪਿਛਲੇ ਜੁਗਾਂ ਵਿਚ ਵੀ ਨਹੀਂ ਕਰ ਸਕਿਆ ਅੱਗੇ ਅਕਾਲ ਪੁਰਖ ਦੀ ਸੀਮਾ ਸ਼ੁਰੂ ਹੋਣ ਵਾਲੀ ਹੈ ਜੋ ਕਿ ਆਪ ਜੀ ਦਾ ਆਪਣਾ ਹੀ ਸਰੂਪ ਹੈ ਮੈਂ ਉਸ ਵਿਚ ਇਕ ਕਦਮ ਵੀ ਨਹੀਂ ਜਾ ਸਕਦਾ ਮੈਨੂੰ ਛੁੱਟੀਆਂ ਬਖਸ਼ੋ ਤਾਂ ਹੀ ਤਾਂ ਸਾਧ ਸੰਗਤ ਜੀ ਗੁਰਬਾਣੀ ਵਿਚ ਦਸਿਆ ਹੈ।

***ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥***
***ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥***

(ਅੰਗ ੨੩੭)

ਇਉ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਾਹਾਰਾਜ **"ਸਚ ਖੰਡਿ ਵਸੈ ਨਿਰੰਕਾਰੁ॥ ਕਰਿ ਕਰਿ ਵੇਖੈ ਨਦਰਿ ਨਿਹਾਲ॥" ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥** ਅਤੇ ਇਧਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਰੂਪ ਵਿਚ ਦਰਸ਼ਨ ਦੇ ਰਹੇ ਹਨ।

***ਅਰਜਨ ਕਾਇਆ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।***

**(ਭਾਈ ਗੁਰਦਾਸ ਜੀ ਵਾਰ ੧/੪੦)**

ਅੰਮ੍ਰਿਤਸਰ ਆ ਕੇ ਜਦੋਂ ਸਾਰੀ ਗੱਲ ਦੱਸੀ ਬਈ ਇਸ ਤਰ੍ਹਾਂ ਹੋਇਆ, ਫਿਰ ਇਸ ਤਰ੍ਹਾਂ ਹੋਇਆ, ਫਿਰ ਇਸ ਤਰ੍ਹਾਂ ਹੋਇਆ, ਫਿਰ ਇਉਂ ਹੋਇਆ। ਕਿਹੜਾ ਸਿੱਖ ਉਸ ਵੇਲੇ ਸੀ ਜਿਸ ਦਾ ਹੌਂਸਲਾ ਰਹਿ ਗਿਆ ਹੋਵੇ।

ਗੁਰੂ ਮਹਾਰਾਜ ਨੂੰ ਗੁਰੂ ਜੀ ਦੇ ਬਚਨ ਦੱਸੇ, ਵੱਡੀ ਧੀਰਜ ਰੱਖਣੀ। ਉਸ ਵੇਲੇ ਮਾਤਾ ਗੰਗਾ ਜੀ, ਗੁਰੂ ਹਰਿਗੋਬਿੰਦ ਮਹਾਰਾਜ ਦੇ ਮਾਤਾ ਜੀ, ਪਤਾ ਨਹੀਂ ਲੋਕਾਂ ਦਾ ਸ਼ੰਕਾ ਦੂਰ ਕਰਨ ਵਾਸਤੇ ਜਾਂ ਉਹੀ ਜਾਨਣ, ਉਨ੍ਹਾਂ ਨੇ ਇਹ ਬਚਨ ਕਿਉਂ ਕੀਤੇ। ਕਹਿਣ ਲੱਗੇ ਬਾਬਾ ਬੁੱਢਾ ਸਾਹਿਬ ਜੀ ਨੂੰ, ਬਾਬਾ ਜੀ, ਕਬੀਰ ਜੀ ਤੇ ਸੰਕਟ ਬਣਿਆ ਮਹਾਰਾਜ ਆ ਗਏ। ਨਾਮਦੇਵ ਤੇ ਬਣਿਆ ਸਾਰੇ ਬੰਧਨ

ਖੁਲ੍ਹ ਗਏ। **"ਗਰੁੜ ਚੜ੍ਹ ਗੋਬਿੰਦ ਆਇਲਾ"॥** ਸਧਨੇ ਤੇ ਬਣਿਆ ਕੰਧ ਫਟ ਗਈ। ਪ੍ਰਹਿਲਾਦ ਤੇ ਸੰਕਟ ਬਣਿਆ, ਥਾਵਾਂ ਥਾਵਾਂ ਤੇ ਰਾਖੀ ਅੱਗ ਚੋਂ ਪਾਣੀ ਚੋਂ, ਸਾਰੇ ਥਾਵਾਂ ਤੇ ਕੀਤੀ। ਇਕ ਗੱਲ ਬਾਬਾ ਜੀ ਦਸੋ, ਜਦੋਂ ਹਰਿਗੋਬਿੰਦ ਜੀ ਦੇ ਪਿਤਾ ਜੀ ਤੱਤੀ ਲੋਹ ਤੇ ਬੈਠੇ ਸੀ, ਉਦੋਂ ਰੱਬ ਕਿਥੇ ਗਿਆ ਸੀ?

ਕਹਿਣ ਲੱਗੇ ਮਾਤਾ ਜੀ ਆਪ ਜੀ ਦਾ ਬਚਨ ਠੀਕ ਹੈ। ਨਾਮਦੇਵ ਵਾਰੀ ਵੀ ਰੱਬ ਆਇਆ, ਸਧਨੇ ਵਾਰੀ ਵੀ ਆਇਆ, ਕਬੀਰ ਵਾਰੀ ਵੀ ਆਇਆ, ਪ੍ਰਹਿਲਾਦ ਵਾਰੀ ਵੀ ਆਇਆ, ਨਾਮਦੇਵ ਵਾਰੀ ਵੀ ਆਇਆ। ਚੌਹਾਂ ਜੁਗਾਂ ਵਿਚ ਆਉਂਦਾ ਰਿਹਾ। ਪਰ ਜਿਹੜਾ ਰੱਬ ਭਗਤਾਂ ਦੀ ਮਦਦ ਕਰਨ ਆਉਂਦਾ ਸੀ, ਉਹ ਆਪ ਬੈਠਾ ਸੀ, ਤੱਤੀ ਲੋਹ ਤੇ, ਤੇ ਆਉਣਾ ਕਿਸਨੇ ਸੀ। ਉਹ ਆਪ ਬੈਠਾ ਸੀ ਇਉਂ ਦਸਿਆ। ਤਦੇ ਬਾਣੀ ਵਿਚ ਦਸਿਆ ਨਾ- ***"ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥"*** (ਅੰਗ ੧੪੦੯) ਜਿਨ੍ਹਾਂ ਵਿਚ ਰੱਬ ਵਿਚ ਫਰਕ ਹੀ ਕੋਈ ਨਹੀਂ, ਇਕੋ ਹੀ ਜੋਤ ਹੈ।

ਕੁਝ ਸਮਾਂ ਬੀਤਿਆ ਕਥਾ, ਕੀਰਤਨ ਵਿਚਾਰਾਂ ਵਿਚ। ਚੰਦੂ ਨੇ ਫਿਰ ਗੁਰੂ ਹਰਿਗੋਬਿੰਦ ਜੀ ਨੂੰ ਚਿੱਠੀ ਘੱਲ ਦਿੱਤੀ। ਤੁਹਾਡੇ ਪਿਤਾ ਨਾਲ ਕੀ ਹੋਇਆ ਤੁਹਾਨੂੰ ਪਤਾ ਹੈ। ਤੁਹਾਡੇ ਨਾਲ ਮੈਂ ਕੀ ਕਰ ਸਕਦਾ ਹਾਂ ਚੰਗੀ ਤਰ੍ਹਾਂ ਸੁਣ ਲਉ। ਅਜੇ ਵੀ ਮੇਰੀ ਗੱਲ ਮੰਨ ਲਉ।

ਗੁਰੂ ਹਰਿਗੋਬਿੰਦ ਮਹਾਰਾਜ ਨੇ ਚਿੱਠੀ ਦਾ ਮੂੰਹ-ਤੋੜਵਾਂ ਜਵਾਬ ਦਿੱਤਾ। ਚੰਦੂ ਗੱਲ ਸੁਣ ਕੰਨ ਖੋਲ੍ਹ ਕੇ। ਜਿਥੇ ਸਮੁੰਦਰ ਹੈ, ਪਹਾੜ ਹੋ ਸਕਦੇ ਨੇ। ਜਿਥੇ ਪਹਾੜ ਹੈ ਉਥੇ ਸਮੁੰਦਰ ਹੋ ਸਕਦਾ ਹੈ। ਸੂਰਜ ਲਹਿੰਦੇ ਵਲੋਂ ਚੜ੍ਹ ਸਕਦਾ ਹੈ, ਕੋਈ ਵੱਡੀ ਗੱਲ ਨਹੀਂ, ਪਰ ਦੁਸ਼ਟਾ ਗੱਲ ਇਹ ਹੈ ਸਾਡੇ ਪਿਤਾ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਕਹੇ ਹੋਏ ਬਚਨ ਉਹ ਜ਼ਰਾ ਇਧਰ ਦੇ ਉਧਰ ਕਦੇ ਵੀ ਨਹੀਂ ਹੋ ਸਕਦੇ। ਤੈਨੂੰ ਜਿਵੇਂ ਠੀਕ ਲਗਦਾ, ਕਰ ਲੈ।

ਉਸਨੇ ਕਈ ਵਿਉਂਤਾਂ ਘੜੀਆਂ। ਜਹਾਂਗੀਰ ਨਾਲ ਗੱਲ ਕੀਤੀ, ਇਉਂ ਕਰਨਾ ਚਾਹੀਦਾ, ਇਥੇ ਬੁਲਾਇਆ ਜਾਏ। ਤੁਹਾਡੇ ਤੇ ਸਾੜ੍ਹਸਤੀ ਹੈ। ਬੜੀ ਲੰਮੀ ਕਥਾ ਹੈ।

ਗੁਰੂ ਜੀ ਦਿੱਲੀ ਵੀ ਗਏ। ਕਹਿੰਦੇ ਸਾੜ੍ਹਸਤੀ ਹੈ ਪਰ ਹੁਣ ਜਿਹਦੇ ਤੇ ਹੈ ਨਾ ਉਹਦੇ ਤੇ ਹੀ ਹੈ। ਗਵਾਲੀਅਰ ਆਪ ਜੀ ੪੫ ਦਿਨ ਉਥੇ ਰਹੇ। ੫੨ ਰਾਜੇ ਛੁਡਾਏ। ਉਨ੍ਹਾਂ ਰਾਜਿਆਂ ਨੂੰ ਦਿੱਲੀ ਲਿਆਂਦਾ। ਉਨ੍ਹਾਂ ਨੇ ਜਹਾਂਗੀਰ ਕੋਲੋਂ

ਮਾਫੀ ਮੰਗੀ। ਥਾਵਾਂ ਥਾਵਾਂ ਤੇ ਗਏ।

ਜਹਾਂਗੀਰ ਕਹਿਣ ਲੱਗਾ, ਮਹਾਰਾਜ ਆਪ ਜੀ ਦੇ ਹੱਥ ਵਿਚ ਮਾਲਾ ਹੈ। ਇਹਦਾ ਇਕ ਮਣਕਾ ਮੈਨੂੰ ਦੇ ਦਿਓ। ਮੈਂ ਇਹ ਮੇਰੂ ਮਣਕਾ ਉਤੇ ਬੰਨ੍ਹ ਲਵਾਂਗਾ, ਭਜਨ ਕਰਾਂਗਾ ਇਹਦੇ ਨਾਲ।

ਗੁਰੂ ਹਰਿਗੋਬਿੰਦ ਜੀ ਕਹਿਣ ਲੱਗੇ ਰਾਜਨ ੧੦੮ ਮਣਕੇ ਹੀਰਿਆਂ ਦੀ ਮਾਲਾ ਸਾਡੇ ਗੁਰੂ ਪਿਤਾ ਜੀ ਦੀ ਤੇਰੇ ਵਜ਼ੀਰ ਚੰਦੂ ਮਲ ਕੋਲ ਹੈ। ਤੂੰ ਉਹ ਸਾਰੀ ਕਿਉਂ ਨਹੀਂ ਲੈ ਲੈਂਦਾ। ਇਕ ਮਣਕੇ ਦੀ ਕਿਹੜੀ ਗੱਲ ਹੈ।

ਉਹ ਚੰਦੂ ਨੂੰ ਕਹਿਣ ਲੱਗਾ ਲਿਆ। ਉਹ ਕਹਿੰਦਾ ਮੈਂ ਤਾਂ ਲਈ ਨਹੀਂ। ਇਹ ਐਵੇਂ ਝੂਠ ਦਸੀ ਜਾਂਦੇ ਨੇ। ਜਦੋਂ ਉਹਦੇ ਘਰ ਦੀ ਤਲਾਸ਼ੀ ਹੋਈ ਉਹ ਮਾਲਾ ਨਿਕਲ ਆਈ।

ਉਸਨੇ ਜਹਾਂਗੀਰ ਨੇ ਸੋਚਿਆ ਬਈ ਮੈਂ ਬਹੁਤ ਕੁਝ ਕਰ ਚੁਕਿਆਂ ਹੁਣ ਥੋੜਾ ਰੁਖ ਬਦਲਾਂ। ਇਸ ਕਰਕੇ ਕਹਿਣ ਲਗਿਆ ਮਹਾਰਾਜ ਇਸ ਦੁਸ਼ਟ ਨੂੰ ਤਾਂ ਹੁਣ ਕਾਬੂ ਕਰ ਲਉ, ਜਿਵੇਂ ਤੁਹਾਨੂੰ ਠੀਕ ਲਗਦਾ ਕਰੋ। ਇਹ ਬੜੀਆਂ ਚੁਗਲੀਆਂ ਲਾਉਂਦਾ ਹੁੰਦਾ ਸੀ। ਉਹ ਐਂ ਕਰਦੇ ਨੇ, ਚੋਰ ਰਖਦੇ ਨੇ, ਔਹ ਕਰਦੇ ਨੇ, ਆਹ ਕਰਦੇ ਨੇ।

ਗੁਰੂ ਜੀ ਨੇ ਇਸ਼ਾਰਾ ਕੀਤਾ ਬਾਬਾ ਬਿਧੀ ਚੰਦ ਵਲ ਬਈ ਹੁਣ ਕੀ ਦੇਖਦੇ ਹੋ। ਝੱਟ ਚੰਦੂ ਨੂੰ ਫੜਕੇ, ਨੱਥ ਪਾ ਕੇ, ਉਹਨੂੰ ਕੁੱਤਿਆਂ ਦੇ ਵਿਚ ਜਰੂਟ ਕਰਕੇ ਉਹ ਲਾ ਲਿਆ ਅੱਗੇ। ਹੁਣ ਗੁਰੂ ਸਾਹਿਬ ਚਲ ਪਏ ਸ੍ਰੀ ਅੰਮ੍ਰਿਤਸਰ ਵੱਲ ਨੂੰ। ਜਹਾਂਗੀਰ ਨੇ ਬੇਨਤੀ ਕੀਤੀ, ਮਹਾਰਾਜ ਮੈਂ ਵੀ ਅੱਗੇ ਕਸ਼ਮੀਰ ਵੱਲ ਨੂੰ ਜਾਣਾ। ਗੁਰੂ ਜੀ ਕਹਿੰਦੇ ਤੂੰ ਵੀ ਆਈ ਜਾ। ਉਹ ਆਪਣੇ ਤੰਬੂ ਲਾਂਈ ਆਉਂਦਾ, ਗੁਰੂ ਜੀ ਆਪਣੇ ਹਿਸਾਬ ਨਾਲ।

ਹੁਣ ਜਿਹੜਾ ਆਉਂਦਾ ਪੰਜ ਜੁੱਤੀਆਂ ਚੰਦੂ ਦੇ ਮਾਰਦਾ। ਜਿਹੜਾ ਕਹਿੰਦਾ ਮੇਰੀ ਚਲਦੀ ਬੜੀ ਹੈ, ਔਹ ਹੈ, ਆਹ ਹੈ। ਹੁੰਦੇ ਹੁੰਦੇ ਗੁਰੂ ਮਹਾਰਾਜ ਜਦੋਂ ਅੰਮ੍ਰਿਤਸਰ ਆਏ ਸਾਰੀ ਸੰਗਤਾਂ ਨੇ ਦੀਪਮਾਲਾ ਕੀਤੀ। ਬੜੀਆਂ ਖੁਸ਼ੀਆਂ ਮਨਾਈਆਂ। ਮਾਤਾ ਗੰਗਾ ਜੀ ਨੂੰ ਗੁਰੂ ਹਰਿਗੋਬਿੰਦ ਮਹਾਰਾਜ ਜੀ ਮਿਲੇ, ਮਾਤਾ ਜੀ ਤੁਹਾਡਾ ਸੰਦੇਸਾਂ ਵੀ ਮਿਲ ਗਿਆ ਸੀ ਜਿਹੜਾ ਸ਼ੇਰ ਬਣਕੇ ਭਾਈ ਪਿਰਾਣਾ ਜਹਾਂਗੀਰ ਤੇ ਚੜ੍ਹਿਆ ਸੀ, ਉਸਨੂੰ ਕਹਿਣ ਲੱਗੇ ਐ ਨਹੀਂ ਕਰੀਦਾ

ਹੁੰਦਾ। ਮਹਾਰਾਜ ਮਾਤਾ ਜੀ ਦਾ ਬਚਨ ਸੀ ਇਸ ਕਰਕੇ। ਕਹਿਣ ਲੱਗੇ ਅੱਛਾ ਫਿਰ ਕੋਈ ਗੱਲ ਨਹੀਂ।

ਹੁਣ ਇਹ ਜਿਹੜਾ ਚੰਦੂ, ਜਿਹਨੂੰ ਨੱਥ ਪਾਈ ਹੋਈ ਸੀ। ਸਿੱਖਾਂ ਨੇ ਆਗਿਆ ਲੈ ਲਈ ਬਈ ਮਹਾਰਾਜ ਇਸਨੂੰ ਲਾਹੌਰ ਹੀ ਲਿਜਾਇਆ ਜਾਵੇ ਤਾਂ ਚੰਗੀ ਗੱਲ ਹੈ। ਕਹਿੰਦੇ ਜਿਵੇਂ ਤੁਹਾਨੂੰ ਠੀਕ ਲਗਦਾ। ਉਹ ਹੁਣ ਜਿਹੜਾ ਕਹਿੰਦਾ ਸੀ ਮੇਰੀ ਹਿੰਦੁਸਤਾਨ ਵਿਚ ਬੜੀ ਚਲਦੀ ਹੈ ਹੁਣ ਕੋਈ ਵੀ ਉਹਦਾ ਸਾਥੀ ਨਹੀਂ। ਪਾਪ ਦਾ ਫੈਸਲਾ ਇਉਂ ਹੈ, ਬਾਣੀ ਵਿਚ ਦਸਿਆ ਹੈ-

**ਧਾਰਨਾ -ਤੇਰਾ ਕੋਈ ਵੀ ਨਾ ਬੇਲੀ ਹੋਵੇ,**
**ਪਾਪਾਂ ਦੇ ਕਮਾਣ ਵਾਲਿਆ.......2**
**ਤੇਰਾ ਕੋਈ ਵੀ ਨਾ ਬੇਲੀ ਹੋਵੇ,**
**ਪਾਪਾਂ ਦੇ ਕਮਾਣ ਵਾਲਿਆ.......2**

***ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥***
***ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥***
***ਗੁਨ ਗੋਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ॥***
***ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ॥***
***ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ॥੧॥***

(ਅੰਗ ੫੪੬)

ਜਿਸ ਸਤਾ ਦੇ ਵਿਚ ਆ ਕੇ ਬਈ ਇਉਂ ਕਰ ਦਿਆਂਗਾ ਕੋਈ ਪੁਛਦਾ ਇਹੋ ਜਿਹੇ ਸਮੇਂ। ਹੁਣ ਚੰਦੂ ਨੂੰ ਜੁੱਤੀਆਂ ਵੱਜਦੀਆਂ। ਲਾਹੌਰ ਲੈ ਗਏ। ਗੱਲ ਵਿਚ ਪਾਇਆ ਚੰਦੂ ਦੇ ਛਿਤਰਾਂ ਦਾ ਹਾਰ ਸਿੱਖਾਂ ਨੇ ਤੇ ਨੱਥ ਅੱਗੇ ਹੀ ਪਾਈ ਹੋਈ ਹੈ। ਖੋਤੇ ਤੇ ਚਾੜ੍ਹ ਦਿੱਤਾ। ਮੂੰਹ ਕਰ ਦਿੱਤਾ ਕਾਲਾ। ਬਾਣੀ ਵਿਚ ਇਉਂ ਦਸਿਆ ਪ੍ਰਤੱਖ ਲਾਹੌਰ ਦੇ ਲੋਕ ਦੇਖ ਰਹੇ ਨੇ-

**ਧਾਰਨਾ- ਮੂੰਹ ਕਾਲੇ ਨਿੰਦਕਾ ਦੇ, ਨਰਕੇ ਜਾਣਗੇ ਜੀ.....2....।**
**ਮੂੰਹ ਕਾਲੇ ਦੋਖੀਆਂ ਦੇ, ਨਰਕੇ ਜਾਣਗੇ ਜੀ.....2....।**

ਮੂੰਹ ਕਾਲੇ ਨਿੰਦਕਾਂ ਦੇ, ਨਰਕੇ ਜਾਣਗੇ ਜੀ.....2....।

ਮੂੰਹ ਕਾਲੇ ਪਾਪੀਆਂ ਦੇ ਨਰਕੇ ਜਾਣਗੇ ਜੀ.....2....।

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥*

(ਅੰਗ ੭੫੫)

*ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥*
*ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ॥*
*ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ॥*
*ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥*
*ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ॥ ੨॥*

(ਅੰਗ ੬੪੯)

ਇਥੇ ਵੀ ਇਹੋ ਜਿਹਾ ਸਬੱਬ ਬਣ ਗਿਆ। ਮੂੰਹ ਕਾਲਾ ਕਰਕੇ, ਖੋਤੇ ਤੇ ਚਾੜ੍ਹ ਦਿੱਤਾ। ਚੰਦੂ ਦੇ ਗਲ ਵਿਚ ਛਿਤਰਾਂ ਦਾ ਹਾਰ, ਕੁੱਟ ਪੈਂਦੀ, ਗਲੀ ਗਲੀ ਵਿਚ ਫੇਰਿਆ ਜਾਂਦਾ, ਛੋਟੇ-ਛੋਟੇ ਬੱਚੇ ਉਹ ਤਾਂ ਬਹੁਤੇ ਹੀ ਜ਼ਿਆਦਾ ਖੁਸ਼ ਨੇ। ਬਾਕੀ ਸੰਗਤਾਂ ਤਾਂ ਖੁਸ਼ ਹੈ ਹੀ। ਗਲੀ-ਗਲੀ ਫੇਰਿਆ ਜਾ ਰਿਹਾ। ਉਸ ਵੇਲੇ ਭੜਭੂੰਜਾ ਜਿਨ੍ਹੇ ਗੁਰੂ ਮਹਾਰਾਜ ਜੀ ਦੇ ਸੀਸ ਵਿਚ ਰੇਤਾ ਪਾਇਆ ਸੀ, ਜਦੋਂ ਉਹਦੀ ਗਲੀ ਚੋਂ ਲੰਘਾਇਆ ਜਾ ਰਿਹਾ ਹੈ ਖੋਤੇ ਤੇ ਚਾੜ੍ਹ ਕੇ, ਸਿੱਖਾਂ ਨੂੰ ਉਹਨੇ ਬੇਨਤੀ ਕੀਤੀ, ਗੁਰਮੁਖੋ ਇਹ ਇਧਰ ਨੂੰ ਲਿਆਉ। ਜਿਧਰ ਉਹ ਉਹਦੀ ਗਲੀ ਸੀ। ਉਹ ਕਹਿਣ ਲੱਗੇ ਠੀਕ ਹੈ। ਇਧਰ ਨੂੰ ਉਹ ਕੜਛਾ ਉਹਨੇ ਗਰਮ-ਗਰਮ ਉਹ ਹੱਥ 'ਚ ਫੜਿਆ। ਕਹਿਣ ਲੱਗਾ ਗੱਲ ਸੁਣ ਓਏ ਦੁਸ਼ਟਾ, ਮੇਰੀ ਆਤਮਾ ਮਨ ਰੋ ਰਿਹਾ ਸੀ। ਮੇਰਾ ਜੀਅ ਨਹੀਂ ਸੀ ਕਰਦਾ, ਪਰ ਉਸ ਵੇਲੇ ਤੇਰੀ ਚਲਦੀ ਸੀ। ਮੈਨੂੰ ਤੂੰ ਰੋਣ ਵੀ ਨਹੀਂ ਸੀ ਦਿੰਦਾ। ਵਿਚੇ-ਵਿਚ ਮੈਂ ਰੋਂਦਾ ਸੀ। ਜਦੋਂ ਗੁਰੂ ਨਾਨਕ ਦੀ ਜੋਤ ਦੇ ਸੀਸ ਵਿਚ ਮੈਂ ਰੇਤਾ ਪਾਉਂਦਾ ਸੀ। ਪਰ ਉਹਨੇ ਉਹ ਦੋਨਾਂ ਹੱਥਾਂ ਨਾਲ ਉਹ ਕੜਛਾ ਚੰਦੂ ਦੇ ਸਿਰ ਵਿਚ ਮਾਰਿਆ। ਸਿਰ ਫੀਤੀ-ਫੀਤੀ ਹੋ ਕੇ ਧਰਤੀ ਤੇ ਡਿਗਾ, ਇਉਂ ਤੜਫ ਰਿਹਾ ਜਿਵੇਂ ਪਾਣੀ ਤੋਂ ਬਿਨਾਂ ਮੱਛੀ। ਧਰਮਰਾਜਾ ਨੇ ਜਮਾਂ ਨੂੰ ਕਿਹਾ ਬਈ ਇਸ ਚੰਦੂ ਪਾਪੀ ਨੂੰ ਲਿਆਉ ਸਦਾ ਵਾਸਤੇ ਕੁੰਭੀ ਨਰਕ ਵਿਚ ਸੁੱਟ ਦਿੱਤਾ ਜਾਏ।

ਲੋਕ ਵੀ ਗਿਆ ਪ੍ਰਲੋਕ ਵੀ ਗਿਆ।

***ਮਨਮੁਖਿ ਆਵੈ ਮਨਮੁਖਿ ਜਾਵੈ॥ ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥ ੧੨॥***

**(ਅੰਗ ੧੦੭੩)**

ਸੋ ਗੁਰੂ ਅਰਜਨ ਦੇਵ ਮਹਾਰਾਜ ਪੰਜਵੀਂ ਪਾਤਸ਼ਾਹੀ ਜਿਨ੍ਹਾਂ ਨੇ ਨਾਮ ਦਾ ਜਹਾਜ਼ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕੀਤਾ, ਤਿਆਰ ਕਰਕੇ ਕਿਤੇ ਚਲੇ ਨਹੀਂ ਗਏ। ਸਗੋਂ ਉਸਦੇ ਵਿਚ ਹੀ ਸਮਾ ਗਏ।

ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਗੁਰੂ ਗ੍ਰੰਥ ਸਾਹਿਬ ਵਿਚੋਂ, ਅੱਖਰ ਅੱਖਰ ਵਿਚੋਂ ਹੁੰਦੇ ਹਨ। ਪਰ ਉਹ ਅੱਖਾਂ ਚਾਹੀਦੀਆਂ ਹਨ, ਤਦੇ ਹੀ ਹੈ ਨਾ। ਇਹ ਗੁਰਬਾਣੀ ਗੁਰੂ ਸਰੂਪ ਹੈ।

ਸੋ ਇਸ ਕਰਕੇ ਜੇ ਸਾਡਾ ਪਿਆਰ ਹੈ, ਆਪਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰੀਏ। ਦਸੇ ਪਾਤਸ਼ਾਹੀਆਂ ਦੀ ਜੋਤ ਗੁਰੂ ਮਹਾਰਾਜ ਹਨ। ਫਿਰ ਸਾਡੇ ਗੁਰੂ, ਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਦਸੇ ਪਾਤਸ਼ਾਹੀਆਂ ਇਕੋ ਹੀ ਗੱਲ ਹੈ।

ਕੱਲ੍ਹ ਇਥੇ ਅੰਮ੍ਰਿਤ ਛਕਾਇਆ ਜਾਣਾ ਹੈ। ਤਕਰੀਬਨ ੧੧ ਵਜੇ। ਕਕਾਰ ਵੀ ਸਵੇਰੇ ਛੇਤੀ ਮਿਲਣੇ ਸ਼ੁਰੂ ਹੋ ਜਾਣਗੇ। ਸੋ ਆਪ ਜਿਤਨੇ ਵੀ ਨਿਗੁਰੇ ਹੋ, ਜੇ ਕਹੋ ਮਨ ਨੂੰ ਮਨਾਉਣਾ, ਮਨ ਤਾਂ ਮੰਨਦਾ ਹੀ ਨਹੀਂ ਹੁੰਦਾ, **"ਮਨ ਕੇ ਮਤੇ ਨਾ ਚਲੀਏ, ਮਨ ਕੇ ਮਤੇ ਅਨੇਕ। ਮਨ ਕੇ ਮਾਰੇ ਮਰ ਗਏ, ਕਾਜ਼ੀ, ਮੁਲਾ ਸੇਖ਼।"** ਇਉਂ ਵੀ ਕਈ ਪੜ੍ਹਦੇ ਹੁੰਦੇ। ਮਨ ਆਈ ਕਦੇ ਨਹੀਂ ਕਰਨੀ ਚਾਹੀਦੀ।

ਜਿਹੜੇ ਗੁਰਬਾਣੀ ਪੜ੍ਹਨੀ ਜਾਣਦੇ ਆ, ਦੂਜਿਆਂ ਨੂੰ ਪੜ੍ਹਾਉ।

ਜਿਹੜਾ ਪੜ੍ਹਨਾ ਨਹੀਂ ਜਾਣਦਾ ਓ,ਅ ਪੜ੍ਹਾਉ। ਉਸਨੂੰ ਗੁਰਬਾਣੀ ਪੜ੍ਹਾਉ। ਹੌਲੀ-ਹੌਲੀ ਪੜ੍ਹ ਜਾਏਗਾ। ਉਹ ਇਕ ਸ਼ਬਦ ਜਿਹੜੇ ਪੰਜ ਪਿਆਰੇ ਦੇਂਦੇ ਨੇ, ਇਕ ਸ਼ਬਦ ਜਿਹੜਾ ਹੈ ਉਹ ਗੁਰੂ ਘਰ ਵਿਚ ਮਿਲਦਾ, ਉਹ ਨਾਮ ਦੇਂਦੇ ਨੇ। ਨਿਗੁਰਾ ਗੁਰੂ ਵਾਲਾ ਬਣ ਜਾਏ। ਜਿਵੇਂ ਕੋਈ ਸੱਤ ਮੰਦਰ ਵੱਡੇ-ਵੱਡੇ, ਇੱਟਾਂ ਦੇ ਨਹੀਂ ਸੋਨੇ ਦੇ ਬਣਾ ਕੇ ਦਾਨ ਕਰ ਦੇਵੇ। ਭਾਈ ਗੁਰਦਾਸ ਜੀ ਲਿਖਦੇ ਏਡਾ ਵੱਡਾ ਪੁੰਨ ਹੈ।

ਜੇ ਆਪ ਹੀ ਮਰ ਗਏ ਦੁਨੀਆਂ ਤੋਂ ਨਿਗੁਰੇ ਹੋਰ ਕਿਸੇ ਨੂੰ ਕੀ

ਸਮਝਾਉਂਦਾ ਹੈ।''

ਅਨੰਦਪੁਰ ਸਾਹਿਬ ਵਿਚ ਇਕ ਵਾਰੀ ਗੁਰੂ ਜੀਆਂ ਨੇ ਬਚਨ ਕੀਤਾ ਸੀ, ਸਾਹਿਬ ਗੁਰੂ ਗੋਬਿੰਦ ਸਿੰਘ ਮਹਾਰਾਜ ਕਹਿਣ ਲੱਗੇ, ਗੁਰਮੁਖੋ ਤੁਸੀਂ ਗੁਰੂ ਵਾਲੇ ਬਣੋ। ਇਕ ਹੋਰ ਪੰਜ ਜਾਣਿਆਂ ਨੂੰ ਤਿਆਰ ਕਰੋ। ਉਹਨਾਂ ਨੂੰ ਰਹਿਤ ਮਰਯਾਦਾ ਵਿਚ ਪ੍ਰਪੱਕ ਰੱਖਣ ਵਾਸਤੇ ਸਮਝਾਏ ਯਾਨੀ ਗੁਰੂ ਵਾਲਾ ਬਣਾਏ। ਜਦੋਂ ਸਰੀਰ ਕਰਕੇ ਉਸਦੀ ਉਮਰ ਪੂਰੀ ਹੋਵੇਗੀ, ਗੁਰੂ ਜੀ ਕਹਿੰਦੇ ਉਸਨੂੰ ਅਸੀਂ ਆਪ ਲੈਣ ਆਵਾਂਗੇ।

ਜਿਨ੍ਹਾਂ ਨੇ ਲੱਖਾਂ ਲੱਖਾਂ ਨੂੰ ਛਕਾਇਆ ਉਨ੍ਹਾਂ ਦੀ ਤਾਂ ਗੱਲ ਹੀ ਛੱਡੋ। ਅਸੀਂ ਆਪਣੇ ਆਪਣੇ ਪਰਿਵਾਰ ਦੇ ਤਾਂ ਜ਼ੁੰਮੇਵਾਰ ਬਣ ਸਕਦੇ ਹਾਂ ਨਾ। ਬਈ ਸਾਡੇ ਘਰ ਵਿਚ ਕੋਈ ਨਿਗੁਰਾ ਨਾ ਰਹਿ ਜਾਏ।

***ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥੧੩॥***

**(ਅੰਗ ੪੩੫)**

ਜਿਥੇ ਨਿਗੁਰਾ ਬੰਦਾ ਬਹਿ ਜਾਏ ਸਵਾ ਗਜ਼ ਧਰਤੀ ਅਸ਼ੁੱਧ ਹੋ ਜਾਂਦੀ ਹੈ। ਭ੍ਰਿਸ਼ਟ ਹੋ ਜਾਂਦੀ ਹੈ, ਇਸ ਕਰਕੇ-

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ੧ ॥***

**(ਅੰਗ ੫੯)**

ਵੱਡਿਆਂ-ਵੱਡਿਆਂ ਨੂੰ, ਬਰਮਾ ਜੀ ਨੂੰ, ਜਿਸਦੀ ਲੱਖਾਂ ਲੱਖਾਂ ਸਾਲ ਉਮਰ ਹੈ, ਇੰਨੀਆਂ ਇੰਨੀਆਂ ਲੰਮੀਆਂ ਉਮਰਾਂ ਵਾਲੇ। **"ਪੂਛਹੁ ਬਰਮੇ ਨਾਰਦੇ।"** ਨਾਰਦਮੁਨੀ ਨੂੰ ਪੁੱਛ ਲਉ। ਗੁਰੂ ਜੀ ਕਹਿੰਦੇ ਨਾਰਦ, ਬਰਮਾ ਦਾ ਪੁੱਤਰ ਹੈ। ਵਿਆਸ ਜੀ ਨੂੰ ਜਿਸਦੀ ਬੜੀ ਲੰਮੀ ਉਮਰ ਹੈ ਇਹੋ ਜਿਹੇ ਲੋਕਾਂ ਨੂੰ ਪੁੱਛ ਕੇ ਦੇਖ ਲਉ। ਭਲਾ ਗੁਰੂ ਤੋਂ ਬਿਨਾਂ ਵੀ ਕਦੀ ਕਿਸੇ ਦੀ ਗਤੀ ਹੋਈ ਹੈ?

ਸੋ ਕਲਜੁਗ ਦੇ ਵਿਚ ਗੁਰੂ ਨਾਨਕ ਜੀ ਦਾ ਰਾਜ ਹੈ।

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***
***ਗੁਰ ਕੇ ਚਰਨ ਰਿਦੈ ਲੈ ਧਾਰਉ॥ ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥ ੧॥***
***ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ ੧॥ ਰਹਾਉ ॥***
***ਭੂਲੇ ਕਉ ਗੁਰਿ ਮਾਰਗਿ ਪਾਇਆ॥ ਅਵਰ ਤਿਆਗਿ ਹਰਿ ਭਗਤੀ ਲਾਇਆ॥***

***ਜਨਮ ਮਰਨ ਕੀ ਤ੍ਰਾਸ ਮਿਟਾਈ॥ ਗੁਰ ਪੂਰੇ ਕੀ ਬੇਅੰਤ ਵਡਾਈ॥੨॥***

**(ਅੰਗ ੮੬੪)**

ਜਿਹੜਾ ਅੰਮ੍ਰਿਤ ਛੱਕ ਕੇ, ਸੁਰਤੀ, ਬਿਰਤੀ ਇਕਾਗਰ ਕਰਕੇ, ਗੁਰੂ ਸ਼ਬਦ ਦਾ, ਗੁਰੂ ਮਹਾਰਾਜ ਦਾ ਧਿਆਨ ਧਰਕੇ

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***

***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥***

**(ਅੰਗ ੮੬੪)**

ਸਿਮਰਨ ਕਰਦਾ ਹੈ, ਧਿਆਨ ਕਰਦਾ ਹੈ, ਵਾਹਿਗੁਰੂ ਦਾ ਜਾਪ ਕਰਦਾ ਹੈ, ਉਸਨੂੰ ਕਿੱਡਾ ਵੱਡਾ ਫਲ ਦਸਿਆ ਹੈ। ਕਿੰਨਾ ਵੱਡਾ **"ਜੈਸੇ ਅਠਸਠ ਤੀਰਥ ਪਰਸ ਕੀਏ॥"** ਜਿਵੇਂ ਕਿਸੇ ਨੇ ਅਠਸਠ ਤੀਰਥਾਂ ਦਾ ਇਸ਼ਨਾਨ ਕੀਤਾ ਹੋਵੇ। **"ਜੁੱਗ ਚਾਰ ਚੜੈ ਕੈਲਾਸ ਰਹਿਉ॥"** ਜਿਵੇਂ ਕਿਸੇ ਨੇ ਕੈਲਾਸ਼ ਪਰਬਤ ਤੇ ੪੩ ਲੱਖ ੨੦ ਹਜ਼ਾਰ ਸਾਲ, ਚਾਰ ਜੁਗ ਤਪੱਸਿਆ ਕੀਤੀ ਹੋਵੇ, ਇਹ ਵੀ ਪੁੰਨ ਇਕੱਠਾ ਕਰੋ।

ਜਿਵੇਂ ਕਿਸੇ ਬੰਦੇ ਨੇ ਕੁਰਕਸ਼ੇਤਰ ਵਿਚ ਜਾ ਕੇ ਇਕ ਲੱਖ ਅਸਮੇਧ ਯੱਗ ਕੀਤਾ ਹੋਵੇ, ਇਹ ਵੀ ਪੁੰਨ ਇਕੱਠਾ ਕਰੋ। "ਜੈਸੇ ਲਾਖ ਬਾਰ ਕੁਰਛੇਤਰ ਮੇਂ"

ਜਿਵੇਂ ਕਿਸੇ ਨੇ ਕਰੋੜ ਵਰ੍ਹਾ ਨਿਗੁਰੇ ਰਹਿ ਕੇ, ਪੁੱਠੇ ਲਮਕ ਕੇ ਤਪੱਸਿਆ ਕੀਤੀ ਹੋਵੇ, ਧੂਣੀਆਂ, ਤਾਈਆਂ ਹੋਣ, ਪੁੱਠਾ ਲਮਕਿਆ ਹੋਵੇ, ਇਹ ਵੀ ਪੁੰਨ ਇਕੱਠਾ ਕਰੋ।

*"ਫੁਨਿ ਅੰਮ੍ਰਿਤ ਨਾਮ ਵਿਸ਼ੇਸ਼ ਇਤਿ-------"*

ਜਿਨ੍ਹਾਂ ਨੇ ਗੁਰੂ ਵਾਲੇ ਬਣ ਕੇ ਵਾਹਿਗੁਰੂ ਦਾ ਸਿਮਰਨ ਕੀਤਾ ਹੈ, ਇਹ ਜਿਹੜੀਆਂ ਪਿੱਛੇ ਗੱਲਾਂ ਦੱਸੀਆਂ, ਇਨ੍ਹਾਂ ਸਾਰੀਆਂ ਨਾਲੋਂ ਜ਼ਿਆਦਾ ਫਲ ਹੈ। ਜਿਹੜਾ ਸੰਗਤ ਵਿਚ ਆ ਕੇ ਗੁਰੂ ਚਰਨਾਂ ਵਿਚ ਸੌ ਪ੍ਰਸੈਂਟ ਧਿਆਨ ਟਿਕਾ ਕੇ ਗੁਰੂ ਸ਼ਬਦ ਵਿਚ ਬੋਲਦਾ ਹੈ, ਗੁਰਬਾਣੀ ਪੜ੍ਹਦਾ ਹੈ, ਬਚਨ ਸੁਣਦਾ ਹੈ, ਉਹਦੇ ਬਾਰੇ ਦਸਿਆ

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***

**(ਅੰਗ ੫੪੬)**

ਕਰੋੜਾਂ ਕਰੋੜਾਂ ਅਸਮੇਧ ਯਗਾਂ ਦਾ ਫਲ, ਜੋ ਕਿ ਪਿਛਲੇ ਜੁਗਾਂ ਵਿਚ ਕਰਦੇ ਹੁੰਦੇ ਸੀ।

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥*

(ਅੰਗ ੩੪੬)

ਸਤਿਜੁਗ ਵਿਚ ਤਪੱਸਿਆ, ਤ੍ਰੇਤੇ ਵਿਚ ਜਿਹੜਾ ਜੱਗ ਕਰੇ ਉਹਦੀ ਤਪੱਸਿਆ ਪੂਰੀ ਹੁੰਦੀ, ਨਹੀਂ ਹੁੰਦੀ, ਨਹੀਂ ਹੁੰਦੀ।

ਰਿਖੀ ਮੁਨੀ ਉਹਨਾਂ ਨੂੰ ਵੀ ਆਪਣੀ ਤਪੱਸਿਆ, ਬੰਦਗੀ ਥਾਂਇੰ ਪਾਉਂਣ ਵਾਸਤੇ ਅਸਮੇਧ ਯੱਗ ਕਰਨੇ ਪਏ। ਰਾਕਸ਼ ਵਿਘਨ ਪਾਉਂਦੇ ਹੁੰਦੇ।

ਵਿਸ਼ਨੂੰ ਅਵਤਾਰ ਤ੍ਰੇਤੇ ਵਿਚ ਸ੍ਰੀ ਰਾਮ ਚੰਦਰ ਹੋਏ ਨੇ। ਵਿਸ਼ਨੂੰ ਦਾ ਅਵਤਾਰ ਹੁੰਦੇ ਹੋਏ, ਚੌਦਾਂ ਕਲਾਂ ਸੰਪੂਰਨ ਹੁੰਦੇ ਹੋਏ ਫੇਰ ਵੀ ਅਸਮੇਧ ਯੱਗ ਕਰਨੇ ਪਏ। ੨੧ ਅਸਮੇਧ ਯੱਗ ਕੀਤੇ। ਹੋਰ ਵੀ ਕੀਤੇ। ਤਦੇ ਹੀ ਰਾਮ ਰਾਜ ਸਾਰੇ ਦੇਸ਼ ਵਿਚ ਹੋਇਆ ਸੀ ਨਾ। ਸੋ ਇਸ ਕਰਕੇ ਉਨ੍ਹਾਂ ਨੂੰ ਵੀ ਕਰਨੇ ਪਏ। ਮਰਿਯਾਦਾ ਹੀ ਇਹ ਸੀ।

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥* (ਅੰਗ ੩੪੬)

ਅਵਤਾਰ ਲੋਕਾਂ ਨੂੰ ਵੀ ਪੂਜਾ ਕਰਨੀ ਪਈ।

ਜੁੱਗ ਆ ਗਿਆ ਕਲਜੁਗ, ਕਲਾ ਤੇ ਕਲੇਸ਼।

*ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥*
*ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥*

(ਅੰਗ ੩੪੬)

ਕਲਜੁਗ ਵਿਚ ਨਾਨਕ ਨਾਮ ਸੁਖਾਲਾ। ਕਲਜੁਗ ਵਿਚ ਨਾਮ ਦੀ ਮਹਿਮਾ ਦੱਸੀ ਹੈ।

ਮਰਦਾਨੇ ਨੇ ਬੇਨਤੀ ਕੀਤੀ ਸੀ ਮਹਾਰਾਜ, ਸੱਚੇ ਪਾਤਿਸ਼ਾਹ ਆਪ ਜੀ ਨਾਮ ਤੇ ਹੀ ਜ਼ੋਰ ਦਿੰਦੇ ਹੋ। ਪਿਛਲੇ ਜੁਗਾਂ ਵਿਚ ਬੜੇ ਯੱਗ ਹੁੰਦੇ, ਪੂਜਾ ਹੁੰਦੀ ਇਹੋ ਜਿਹਾ ਕੁਝ।

ਗੁਰੂ ਨਾਨਕ ਜੀ ਕਹਿਣ ਲੱਗੇ ਮਰਦਾਨਿਆਂ ਬੜੀ ਚੰਗੀ ਗੱਲ ਪੁਛੀ ਹੈ। ਤਮਾਮ ਦੁਨੀਆਂ ਦੇ ਭਲੇ ਦੀ ਤੈਨੂੰ ਦੱਸਦੇ ਹਾਂ। ਚਾਰ ਬੰਦੇ ਕਿਸੇ ਹਕੀਮ ਕੋਲ ਆਏ। ਇਕ ਕਹਿਣ ਲੱਗਾ ਮੇਰੇ ਢਿੱਡ ਪੀੜ ਹੁੰਦੀ ਹੈ। ਉਹ ਕਹਿਣ ਲੱਗਾ ਆਹ ਲੈ ਦੁਆਈ ੧੦੦ ਪੈਸੇ ਦੀ ਹੈ। ਇਹਦੇ ਵਿਚ ਜੁਵਾਇਣ ਮਿਲਾ ਕੇ

ਖਾ ਲਈਂ ਠੀਕ ਹੋ ਜਾਏਂਗਾ। ਦੂਜਾ ਕਹਿੰਦਾ ਮੈਨੂੰ ਢਿੱਡ ਪੀੜ ਹੈ। ਕਹਿੰਦਾ ਆਹ ਲੈ ਦਵਾਈ ਇਹ ੫੦ ਪੈਸੇ ਦੀ ਹੈ। ਇਹਦੇ ਵਿਚ ਜੁਵਾਇਣ ਮਿਲਾ ਕੇ ਖਾ ਲਵੀਂ। ਉਹਦੇ ਵੀ ਢਿੱਡ ਪੀੜ ਹੱਟ ਗਈ। ਤੀਜਾ ਆ ਗਿਆ ਬਈ ਮੈਨੂੰ ਵੀ ਢਿੱਡ ਪੀੜ ਹੁੰਦੀ ਹੈ। ਕਹਿੰਦੇ ਦਵਾਈ ਹੈ, ਪੰਜ ਰੁਪਏ ਦੀ। ਇਹਦੇ ਵਿਚ ਜੁਵਾਇਣ ਪਾ ਕੇ ਖਾ ਲਈਂ ਠੀਕ ਹੋ ਜਾਏਂਗਾ। ਉਹ ਵੀ ਠੀਕ ਹੋ ਗਿਆ। ਚੌਥਾ ਆ ਗਿਆ, ਮੇਰੇ ਵੀ ਹਕੀਮ ਜੀ ਢਿੱਡ ਪੀੜ ਹੁੰਦੀ ਹੈ। ਕਹਿੰਦੇ ਬਈ ਪੰਜ ਪੈਸੇ ਦੀ ਪੁੜੀ ਹੈ, ਅਖੇ ਮੇਰੇ ਕੋਲ ਤਾਂ ਪੰਜ ਪੈਸੇ ਨਹੀਂ। ਕਹਿੰਦੇ ਫਿਰ ਜੁਵਾਇਣ ਖਾ ਲਈਂ, ਹੱਟ ਜਾਏਗੀ, ਖੁਆਉਣੀ ਤਾਂ ਜੁਵਾਇਣ ਹੀ ਹੈ। ਉਹ ਕਹਿਣ ਲੱਗਾ ਹਕੀਮ ਜੀ ਮੇਰੇ ਕੋਲ ਤਾਂ ਜੁਵਾਇਣ ਵੀ ਹੈ ਨਹੀਂ। ਹਕੀਮ ਨੇ ਜੁਵਾਇਣ ਵੀ ਕੋਲੋਂ ਹੀ ਦਿੱਤੀ।

ਗੁਰੂ ਨਾਨਕ ਜੀ ਕਹਿਣ ਲੱਗੇ ਮਰਦਾਨਾ ਜੀ ਸਤਿਜੁਗ ਵਿਚ ਜਪਾਉਣਾ ਤਾਂ ਨਾਮ ਹੀ ਸੀ। ਨਾਲ ਵੱਡੇ-ਵੱਡੇ ਯੋਗਾ ਅਭਿਆਸ ਲਾ ਦਿੱਤੇ।

ਕਰੋ ਲੱਖਾਂ ਸਾਲ ਤਪੱਸਿਆ, ਲੰਮੀਆਂ ਉਮਰਾਂ ਬੈਠੇ ਰਹੋ ੮੮-੮੮ ਹਜ਼ਾਰ ਸਾਲ ਜੇ ਰੱਬ ਨੂੰ ਮਿਲਣਾ ਹੈ।

ਫਿਰ ਤ੍ਰੇਤੇ ਵਿਚ ਮਰਦਾਨਾ ਜੀ ਨਾਲ ਯੱਗ ਲਾ ਦਿੱਤੇ। ਲਾਉ ਲੱਖਾਂ ਰੁਪਿਆ ਨੱਠੇ ਭੱਜੇ ਫਿਰੋ। ਕਰੋ ਯੱਗ ਤਾਂ ਤੁਹਾਡੀ ਭਗਤੀ ਥਾਂ ਪਏਗੀ। ਜਪਾਉਣਾ ਤਾਂ ਨਾਮ ਹੀ ਹੈ।

ਦੁਆਪਰ ਵਿਚ ਮਰਦਾਨਾ ਜੀ ਨਾਲ ਪੂਜਾ ਲਾ ਦਿੱਤੀ।

ਹੁਣ ਆ ਗਿਆ ਕਲਜੁਗ। ਸਤਿਜੁਗ ਸਤਿ, ਤ੍ਰੇਤਾ ਯੱਗੀ। ਗੁਰੂ ਜੀ ਕਹਿੰਦੇ ਦੁਆਪਰ ਪੂਜਾ ਚਾਰ। ਤਿੰਨੋਂ ਜੁਗ ਤੀਨੇ ਦ੍ਰਿੜੇ ਕਲਿ ਕੇਵਲ ਨਾਮ ਆਧਾਰ। ਮਰਦਾਨਾ ਜੀ, ਹੁਣ ਤਾਂ ਕਲਜੁਗ ਵਿਚ ਜੁਵਾਇਣ ਵੀ ਹੈ ਨਹੀਂ ਲੋਕਾਂ ਕੋਲ।

ਸੋ ਨਾਮ ਹੀ ਤੱਤ ਸਾਰ ਵਸਤੂ ਹੈ। ***ਨਾਨਕ ਕੈ ਘਰਿ ਕੇਵਲ ਨਾਮ॥*** (ਅੰਗ ੧੧੩੬) ਜਪਾਉਣਾ ਨਾਮ ਹੀ ਹੈ ਵਾਹਿਗੁਰੂ ਦਾ ਸਿਮਰਨ, ਗੁਰੂ ਜੀ ਕਹਿਣ ਲੱਗੇ, ਸਿਮਰਨ ਕਰੋ ਕਲਜੁਗ ਵਿਚ, ਨਾਮ ਵਿਚ ਹੀ ਪੂਜਾ, ਨਾਮ ਵਿਚ ਹੀ ਯਗ, ਨਾਮ ਵਿਚ ਹੀ ਤਪੱਸਿਆ। ਇਉਂ ਥੋੜੇ ਅੱਖਰਾਂ ਵਿਚ ਗੁਰੂ ਨਾਨਕ ਜੀ ਨੇ ਸਾਰਾ ਕੁਝ ਦੱਸ ਦਿੱਤਾ।

ਧਾਰਨਾ - ਸਤਿਨਾਮ, ਸਤਿਨਾਮ, ਸਤਿਨਾਮ ਜੀ,
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਜੀ......2.....।

ਸੋ ਸਾਰ ਤੱਤ ਵਸਤੂ ਗੁਰੂ ਵਾਲੇ ਬਣਕੇ ਵਾਹਿਗੁਰੂ ਦਾ ਜਾਪ ਕਰੋ। ਇਥੇ ਵੀ ਸੁਖੀ ਅੱਗੇ ਵੀ ਸੁਖੀ

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*

(ਅੰਗ ੫੧੭)

ਅੱਗੇ ਵੀ ਦਰਗਹ ਵਿਚ ਥਾਂ। ਵਾਹਿਗੁਰੂ ਦਾ ਜਾਪ ਇਹ ਸ਼੍ਰੋਮਣੀ ਹੈ। ਪਰ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਕੇ ਕਰੋ।

ਸਾਧਸੰਗਤ ਢਾਈ ਵੱਜ ਗਏ। ਘੜੀ ਉਪਰ ਜਾ ਰਹੀ ਹੈ। ਪਤਾ ਨਹੀਂ ਤੇਜ਼ ਹੋ ਗਈਆਂ ਘੜੀਆਂ ਜਾਂ ਧਿਆਨ ਨਹੀਂ ਦਿੱਤਾ। ਸਮਾਂ ਜ਼ਿਆਦਾ ਹੋ ਰਿਹਾ। ਬਹੁਤ ਸਾਰੇ ਗੁਰੂ ਇਤਿਹਾਸ ਵਿਚ ਸੈਂਕੜੇ ਬਚਨ ਛੁੱਟ ਗਏ।

ਸਾਰਟ ਕੱਟ, ਥੋੜੇ ਅੱਖਰਾਂ ਵਿਚ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਸ਼ਹੀਦੀ ਔਰ ਆਪਾਂ ਗੁਰੂ ਜੀ ਦੇ ਦਰਸ਼ਨ ਕੀਤੇ ਹਨ।

ਸੰਗਤਾਂ ਨੇ ਦੂਰ ਜਾਣਾ ਹੈ।

ਕਲ੍ਹ ਆਪ ਜੀ ਦਾ ਇਕ ਦੀਵਾਨ ਹੋਰ ਰਹਿ ਗਿਆ। ਸੋ ਕੱਲ੍ਹ ਛੇਤੀ ਆਉਣਾ। ਫਿਰ ਕਿਤੇ ਸਾਲ ਬਾਅਦ ਹੀ ਗੁਰੂ ਮਹਾਰਾਜ ਜੀ ਦੀ ਕ੍ਰਿਪਾ ਨਾਲ ਹੀ ਇਥੇ ਸਮਾਗਮ ਹੁੰਦਾ ਹੈ ਅਤੇ ਤੁਹਾਡੇ ਦਰਸ਼ਨ ਹੁੰਦੇ ਹਨ।

ਸੋ ਕਲ੍ਹ ਸਾਰੇ ਕੰਮ-ਧੰਦੇ ਛੱਡ ਕੇ ਸਵੱਖਤੇ ਹੁੰਮ ਹੁੰਮਾ ਕੇ ਪਹੁੰਚਣਾ। ਕੱਲ੍ਹ ਅੰਮ੍ਰਿਤ ਵੀ ਨਾਲ ਦੇ ਨਾਲ ਛਕਾਇਆ ਜਾਏਗਾ ਤੇ ਸਮਾਂ ਕਾਫ਼ੀ ਹੋ ਗਿਆ। ਸੰਗਤਾਂ ਨੇ ਦੂਰ ਜਾਣਾ ਹੁੰਦਾ ਹੈ।

ਮੈਨੂੰ ਕਹਿੰਦੇ ਸੀ ਬਈ ਦੋ ਵਜੇ ਤੱਕ ਸਾਰੀ ਸਮਾਪਤੀ ਕਰ ਦਿਉ। ਸਾਧ-ਸੰਗਤ ਮੇਰੇ ਵੱਸ ਦਾ ਹੀ ਨਹੀਂ। ਮੈਂ ਬੜੀ ਕੋਸ਼ਿਸ਼ ਕੀਤੀ ਹੈ। ਪਰ ਨਹੀਂ ਫਿਰ ਵੀ ਆਪ ਮਾਫ ਕਰਨਾ ਟਾਇਮ ਜ਼ਿਆਦਾ ਹੋ ਗਿਆ ਹੈ।

ਚਲੋ ਸੁਆਸ ਲੇਖੇ ਵਿਚ ਪਏ। ਗੁਰੂ ਯਾਦ ਵਿਚ ਸਮਾਂ ਗੁਜ਼ਰਿਆ। ਲੇਖੇ ਵਿਚ ਹੈ ਸੋ ਇਹੋ ਜਿਹੀ ਕੋਈ ਗੱਲ ਨਹੀਂ।

ਤੇ ਹੁਣ ਭਾਈ ਸਾਹਿਬ ਆਨੰਦੁ ਸਾਹਿਬ ਦਾ ਪਾਠ ਕਰ ਲੈਣ। ਆਪ ਸਭ ਮਾਈ ਭਾਈ ਗੁਰੂ ਉਸਤੋਤਰ ਪੜ੍ਹੋ।

ਦੇਖੋ ਘਰ ਦੇ ਕੰਮਾਂ ਵਿਚ ਵੀ ਤਾਂ ਲੇਟ ਹੋ ਹੀ ਜਾਂਦੇ ਹਾਂ। ਆਪਾਂ ਰਾਤ ਕਣਕਾਂ ਨੂੰ ਪਾਣੀ ਲਾਉਂਦੇ ਆਂ। ਗੰਨਿਆਂ ਨੂੰ, ਝੋਨਿਆਂ ਨੂੰ, ਰਾਤ ਦਿਨ ਨੱਠੇ ਹੀ ਭੱਜੇ ਫਿਰਦੇ ਆਂ। ਜੇ ਗੁਰੂ ਦਰਬਾਰ ਵਿਚ ਥੋੜ੍ਹਾ ਜਿਹਾ ਸਮਾਂ ਜ਼ਿਆਦਾ ਹੋ ਹੀ ਗਿਆ ਹੈ, ਇਹੋ ਜਿਹੀ ਕੋਈ ਗੱਲ ਨਹੀਂ।

ਸੋ ਆਪ ਜਿਹੜੇ ਹੁਣ ਤੱਕ ਨਹੀਂ ਬੋਲੇ, ਕੋਈ ਰਸਨਾ ਖਾਲੀ ਨਾ ਰਹੇ। ਫਿਰ ਅਰਦਾਸ ਵਿਚ ਜੁੜੋ।

ਹੁਣ ਗੁਰੂ ਉਸਤੋਤਰ ਪੜੋ!

ਅਨੰਦੁ ਸਾਹਿਬ

****

ਗੁਰੂ ਉਸਤੋਤਰ

****

*ਧੰਨ ਹੈ ਧੰਨ ਹੈ ਧੰਨ ਹੈ ਗੁਰੂ ਨਾਨਕ ਸਾਹਿਬ ਜੀ ਧੰਨ ਹੈ।*

ਅਰਦਾਸ

****

**ਹੁਕਮਨਾਮਾ**

**ਸੋਰਠਿ ਮਹਲਾ ੫ ਘਰੁ ੩ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥**

**ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥ ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥ ੧ ॥ ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥ ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥ ੨ ॥ ੧ ॥ ੬੫ ॥**

**(ਅੰਗ ੬੨੫)**

***

# ਬਾਬਾ ਫਰੀਦ ਜੀ

ਸ਼ਾਨ...................(ਬਹੁਤ ਸੁਰੀਲੀ ਸਾਜਾਂ ਦੀ ਧੁੰਨ)

ਸਤਿਨਾਮ ਸ੍ਰੀ ਵਾਹਿਗੁਰੂ

*ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀਉ ਮਹਾਰਾਜ।*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
**(ਅੰਗ ੨੮੯)**

ਧਾਰਨਾ-ਲੇਖੇ ਵਿਚ ਲਾ ਲਉ ਜੀ,
ਜਨਮ ਤੁਮਾਰੇ ਲੇਖੇ॥....2....।

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ ਕਾਰਨ ਕਵਨ ਅਬੋਲ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥ ੨॥੧॥*
**(ਅੰਗ ੬੯੪)**

ਧਾਰਨਾ - ਆਸਾਂ ਲਗ ਜੀ, ਜੀਵਾਂ ਵਾਹਿਗੁਰੂ।
ਮੈਨੂੰ ਚਿਰ ਹੋਇਆ ਦਰਸ਼ਨ ਦੇਖੇ.......2......।

ਸਤਿਕਾਰਯੋਗ ਸਾਧ ਸੰਗਤ, ਆਪ ਸਭ ਮਾਈ-ਭਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜਿਨ੍ਹਾਂ ਦੀ ਕਿਰਪਾ ਦਾ ਸਦਕਾ ਆਪਾਂ ਸਾਰੇ ਹੀ; ਆਪਣੇ ਸਮੇਂ ਨੂੰ ਆਪਣੇ ਸਵਾਸਾਂ ਨੂੰ ਸਫਲੇ ਬਣਾ ਰਹੇ ਹਾਂ। ਵਾਰੀ ਆਈ ਤੇ ਸ਼ਬਦ ਵਿਚ ਬੋਲੋ। ਨਾਲ ਦੇ ਨਾਲ

ਵਿਚਾਰ ਕਰੀ ਜਾਣਾ।

ਵਿਚਾਰ ਕਰਨਾ ਬੁੱਧ ਦਾ ਧਰਮ ਹੈ। ਇਹ ਕਈ ਕਿਸਮ ਦੀ ਹੁੰਦੀ ਹੈ। ਇਕ ਤਾਂ ਹੁੰਦੀ ਹੈ ਮਲੀਨ ਬੁੱਧ।

ਗੰਦੇ ਪਾਣੀ ਦੀਆਂ ਲਹਿਰਾਂ ਵੀ ਗੰਦੀਆਂ।

***ਮਲੀਨ ਬੁੱਧ ਹਸ਼ਨਈ ਜੋ ਕ੍ਰਿਪਾ ਗੋਬਿੰਦ ਭਈ॥***

ਦੂਸਰੀ ਹੁੰਦੀ ਹੈ ਨਰਮਦਾ ਬੁੱਧ,

ਸੁਣਿਆ ਤੇ ਭੁਲ ਗਿਆ, ਸੁਣਿਆ ਤੇ ਭੁਲ ਗਿਆ।

ਤੀਸਰੀ ਹੁੰਦੀ ਹੈ, ਚਮੜਾ ਬੁੱਧ, ਭੋਗ ਪਿਆ ਤੇ ਭੁੱਲ ਗਿਆ।

ਚੌਥੀ ਹੁੰਦੀ ਹੈ, ਤੇਲਿਆ ਬੁੱਧ, ਕਈਆਂ ਨੂੰ ਸਾਰੀ ਰਹਿਤ-ਮਰਿਆਦਾ ਯਾਦ ਹੁੰਦੀ ਹੈ। ਜ਼ਬਾਨੀ, ਪਰ ਰੱਖ ਦੇ ਨਹੀਂ, ਮਰਿਆਦਾ ਵਿਚ ਚਲਿਆਂ ਹੀ ਗੁਜ਼ਾਰਾ ਹੋਣਾ ਹੈ।

ਤੱਦੇ ਹੀ ਜਨਮ ਸਫਲਾ ਹੋਣਾ ਹੈ।

ਪੰਜਵੀਂ ਹੁੰਦੀ ਹੈ ਤੀਖਣ ਬੁੱਧ-ਕਿਸੇ ਦਾ ਬਚਨ ਕੱਟਣ ਵਾਸਤੇ ਬੜੇ ਹੁਸ਼ਿਆਰ ਜਿਹੇ ਬਣਕੇ ਰਹਿਣਾ।

ਛੇਵੀਂ ਹੁੰਦੀ ਹੈ, ਸਰੇਸ਼ਟ ਬੁੱਧ - ਵਿਰਲੇ-ਵਿਰਲੇ ਐਸੇ ਹੁੰਦੇ ਨੇ।

ਸਤਵੀਂ ਹੁੰਦੀ ਹੈ, ਬਿਬੇਕ ਬੁੱਧ, ਜਿਹੜੀ ਸਾਨੂੰ ਚਾਹੀਦੀ ਹੈ।

***ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥***

**(ਅੰਗ ੬੪੧)**

***ਆਪ ਅਪਨੀ ਬੁਧ ਹੈ ਜੇਤੀ॥*** **(ਚੌਪਈ ਸਾਹਿਬ)**

ਸੋ ਨਾਲ ਦੇ ਨਾਲ ਵਿਚਾਰ ਕਰੀ ਜਾਣਾ। ਵਿਚਾਰ ਹੋਰ ਹੀ ਸੀ ਸਿਮਰਨ ਕਰਨਾ ਚਾਹੀਦਾ ਹੈ। ਨਾਮ ਜਪਣਾ ਚਾਹੀਦਾ ਹੈ। ਬੜੀ ਚੰਗੀ ਗੱਲ ਹੈ। ਜੇ ਕੋਈ ਕਰ ਸਕੇ।

***"ਪਿਤਾ ਪਾਛੈ ਚੋਬੀਸ, ਬੀਸ ਮਾਤਾ ਕੇ ਜਾਨੋਂ।***
***ਖੋੜਸ ਤੁਲਾ ਮਹਾਨ, ਦਹ ਦਸ ਸੁਤਾ ਪਛਾਨੋਂ।***
***ਇਕਾਦਸ਼ੀ ਕੁਲ ਭੈਣ, ਦਸ ਭੂਆ ਕੇ ਲੇਖੇ।***
***ਮਾਤ ਭੈਣ ਕੁਲ ਆਠ, ਸੁਤ ਸ੍ਰਿਮਤ ਕਰ ਲੇਖੇ।***
***ਤਤ ਬੇਤਾ ਬੀਚਾਰ ਕਰ ਐਸੇ ਕਹਿਉ।***

***ਭਗਤ ਹੋਤ ਜਿਸ ਬੰਸ ਮਹਿੰ, ਇਕ ਸੌ ਇਕ ਕੁਲ ਉਪਰਿਉ।***

**(ਭਗਤ ਜੀ)**

ਦੋ ਕੁਲਾਂ ਤਾਰਨ ਵਾਲੇ ਵੀ ਹੁੰਦੇ ਨੇ, ਇਕੀ ਕੁਲਾਂ ਤਾਰਨ ਵਾਲੇ ਵੀ ਹੁੰਦੇ ਨੇ।

***ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥***

**(ਅੰਗ ੧੧੩੩)**

ਇਕੀ ਕੁਲਾਂ ਤਰੀਆਂ ਸੀ ਪ੍ਰਹਿਲਾਦ ਦੀਆਂ। ਸੋ ਬੰਦਗੀ ਜਿਹੜੀ ਹੈ, ਕਿਵੇਂ-ਕਿਵੇਂ ਲੋਕ ਕਰਦੇ ਹੁੰਦੇ ? ਬੜੀਆਂ ਬੜੀਆਂ ਝਾਲਾਂ ਝਲਦੇ।

ਗੁਰੂ ਨਾਨਕ ਜੀ ਨੇ ਭਗਤੀ ਮਾਰਗ, ਸੌਖਾ ਮਾਰਗ ਚਲਾਇਆ। ਉਹ ਵੀ ਨੌ ਕਿਸਮ ਦੀ ਹੈ। ਸਿਮਰਨ ਕਰੋ, ਬੰਦਗੀ ਕਰੋ।

***"ਕਿਰਤ ਵਿਰਤ ਕਰਿ ਧਰਮ ਦੀ, ਪੈਰੀ ਚੱਲ ਸਤਸੰਗ ਮਿਲੇਹੀ"***

ਧਰਮ ਦੀ ਕਿਰਤ ਕਰਦੇ ਹੋਏ, ਪੈਰਾਂ ਨਾਲ ਚਲ ਕੇ ਸਾਧ ਸੰਗਤ ਵਿਚ ਜਾਉ। ਗੁਰੂ ਘਰ ਜਾਉ। ਉਥੇ ਜਾ ਕੇ ਗੁਰੂਬਾਣੀ, ਗੁਰੂ ਮਹਾਰਾਜ ਦੀ ਧਿਆਨ ਨਾਲ ਸਰਵਣ ਕਰੋ। ਫਿਰ ਉਸ ਨੂੰ ਅਮਲ ਵਿਚ ਲਿਆਉਂਦਿਆਂ, ਫਿਰ ਕਿਤੇ ਜਾ ਕੇ ਉਹ ਵਸਤੂ ਮਿਲਦੀ ਹੈ। ਜਿਸ ਦੀ ਇਹ ਭਾਲ ਵਿਚ ਹੈ। ਸੋ ਇਸ ਕਰਕੇ ਜਿਹੜਾ ਸਿਮਰਨ ਕਰਦਾ ਹੈ। ਉਸ ਦੀ ਮਾਤਾ ਨੂੰ ਵੀ ਧੰਨ ਆਖਿਆ ਹੈ।

***ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥***
***ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥***
***ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥***
***ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥੧॥ਰਹਾਉ॥***

**(ਅੰਗ ੪੮੮)**

ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ। ਬਈ ਉਹਨਾਂ ਦਾ ਤਾਂ ਧਰਤੀ ਨੂੰ ਬੋਝ ਹੈ। ਭਾਰ ਹੈ, ਇਉਂ ਦੱਸਿਆ ਹੈ -

**ਧਾਰਨਾ - ਧਰਤੀ ਨੂੰ ਭਾਰੇ ਨੇ, ਨਾਮ ਨਹੀਂ ਜਪਦੇ ਜਿਹੜੇ।....2....।**

***ਭਾਰੇ ਭੁਈਂ ਅਕਿਰਤਘਣ ਮੰਦੀ ਹੂੰ ਮੰਦੇ"***

**(ਵਾਰ ੩੫/੮)**

ਹੋਰ ਧਰਤੀ ਨੂੰ ਕਿਸੇ ਚੀਜ਼ ਦਾ ਭਾਰ ਹੈ ਨਹੀਂ। ਅਕ੍ਰਿਤਘਣ ਬੰਦਿਆਂ ਦਾ ਹੈ।

"ਭਾਰੇ ਭੁਈਂ ਅਕਿਰਤਘਣ"

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥ ੧ ॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥
(ਅੰਗ ੪੮੮)

ਉਸ ਦੀ ਮਾਤਾ ਵੀ ਧੰਨ ਹੈ।

ਪੁਰਾਤਨ ਗ੍ਰੰਥਾਂਕਾਰਾਂ ਨੇ, ਵਿਦਵਾਨਾਂ ਨੇ, ਉੱਚ-ਕੋਟੀ ਦੇ ਮਹਾਂਪੁਰਖਾਂ ਨੇ, ਸਾਡੇ ਦੇਸ਼ ਵਿਚ ਢਾਈ ਮਾਤਾ ਮੰਨੀਆਂ ਨੇ।

ਅੱਧੀ ਧ੍ਰੂ ਦੀ। ਚੰਗੇ ਪਾਸੇ ਲਾਇਆ ਸੀ। ਫਿਰ ਸੋਚਦੀ ਹੈ ਕਿ ਕੋਈ ਜਾਨਵਰ ਹੀ ਨਾ ਖਾ ਜਾਏ, ਵਿਚਾਰੇ ਨੂੰ। ਅੱਧੇ ਨੰਬਰ ਕੱਟੇ ਗਏ।

ਦੂਸਰੀ ਮਾਤਾ ਮੈਨਾਵੰਤੀ ਗੋਪੀ ਚੰਦ ਦੀ ਹੈ। ਗੋਪੀ ਚੰਦ ਦੀਆਂ ੧੪ ਰਾਣੀਆਂ ਸਨ। ਬਹੁਤ ਸਮਝਾਇਆ, ਬੇਟਾ ਇਹ ਸਰੀਰ ਤਾਂ ਰਹਿਣਾ ਨਹੀਂ।

ਰੱਬ ਦੀ ਬੰਦਗੀ ਕਰ ਮੇਰਾ ਵੀ ਭਲਾ ਤੇ ਤੇਰਾ ਵੀ ਭਲਾ। ਗੋਪੀ ਚੰਦ ਕਹਿਣ ਲੱਗਾ— ਮਾਤਾ, ਤੇਰੀਆਂ ਨੂੰਹਾਂ ਤੈਨੂੰ ਵੱਧ ਘੱਟ ਬੋਲਣਗੀਆਂ।

ਕੁਝ ਵੀ ਹੈ ਮੈਂ ਸਹਿ ਲਵਾਂਗੀ। ਤੂੰ ਰੱਬ ਦੀ ਬੰਦਗੀ ਕਰ। ਜਦੋਂ ਬੰਦਗੀ ਕਰਨ ਵਾਸਤੇ ਨਿਕਲਿਆ ਬੜੀ ਖੁਸ਼ੀ ਹੋਈ। ਚੰਗੀ ਗੱਲ ਹੈ। ਬਥੇਰਾ ਏਧਰ-ਉਧਰ ਇਹ ਵੀ ਯਾਦ ਰਹੇ।

ਖੱਪ-ਖਪੱਈਆ ਉਸ ਨੇ ਕੀਤਾ। ਵੈਰਾਗੀ ਬੰਦਾ ਸੀ। ਹੌਲੀ-ਹੌਲੀ ਗੱਲ ਬਣ ਹੀ ਗਈ। ਤੀਸਰੀ ਮਾਤਾ ਹੈ ਫਰੀਦ ਦੀ।

ਫਰੀਦ ਜੀ ਦੋ ਭਰਾ ਸਨ। ਕਹਿਣ ਲੱਗੀ— ਫਰੀਦਾ ! ਰੱਬ ਦੀ ਬੰਦਗੀ ਕਰਿਆ ਕਰ।

ਮਾਤਾ ਜੀ ਰੱਬ ਕੀ ਦੇਵੇਗਾ ?

ਸਵਾਲ ਵੀ ਉਸ ਦਾ ਠੀਕ ਸੀ। ਉਹ ਕਹਿਣ ਲੱਗੀ— ਤੈਨੂੰ ਚਾਹੀਦਾ ਕੀ ਹੈ ?

ਕਹਿਣ ਲੱਗਾ— ਮੈਨੂੰ ਤਾਂ ਚਾਹੀਦਾ ਗੁੜ।

ਬੱਸ ! ਰੱਬ ਗੁੜ ਦੇ ਦੇਵੇਗਾ।

ਤੂੰ ਤੱਸਵੀ ਫੇਰਿਆ ਕਰ ਮਾਲਾ। ਉਹ ਰੋਜ਼ ਹੀ ਉਸ ਦੇ ਆਸਣ ਦੇ ਹੇਠਾਂ ਗੁੜ

ਰੱਖ ਛੱਡਦੀ ਹੈ।

ਜਦੋਂ ਉਹਨੇ ਅੱਖਾਂ ਖੋਲ੍ਹਣੀਆਂ, ਗੁੜ ਦੀ ਰੋੜੀ ਪਈ ਹੋਣੀ। ਖਾ ਲੈਣੀ, ਬੜਾ ਖੁਸ਼। ਛੋਟੇ-ਛੋਟੇ ਬੱਚਿਆਂ ਨੂੰ ਮਿੱਠਾ ਪਿਆਰਾ ਹੀ ਹੈ। ਇਉਂ ਸਮਾਂ ਗੁਜ਼ਰਦਾ ਜਾ ਰਿਹਾ ਹੈ। ਇਕ ਦਿਨ ਕਿਤੇ ਵਾਂਢੇ ਜਾਣਾ ਸੀ। ਕੋਈ ਬਜ਼ੁਰਗ ਚੜ੍ਹਾਈ ਕਰ ਗਿਆ ਹੋਣਾ ਹੈ। ਗੁਆਂਢਣ ਨੂੰ ਕਹਿਣ ਲੱਗੀ— ਭੈਣ, ਗੁੜ ਰੱਖ ਦੇਈਂ। ਕਹਿੰਦੀ ਬਹੁਤ ਅੱਛਾ !

ਪਰ ਉਹਨੇ ਰੱਖਿਆ ਨਹੀਂ।

ਫਰੀਦ ਨੇ ਸਵੇਰੇ ਉਠ ਕੇ ਨਹਾ-ਧੋ ਕੇ ਆਸਣ ਵਿਛਾਇਆ ਰੋਜ਼ ਦੀ ਤਰ੍ਹਾਂ ਮਾਲਾ ਫੇਰੀ। ਰੱਬ ਦੀ ਬੰਦਗੀ ਕੀਤੀ। ਜਾਂ ਅੱਖਾਂ ਖੁਲ੍ਹੀਆਂ, ਸਾਰੇ ਹੀ ਭਾਂਡੇ ਗੁੜ ਦੇ ਭਰੇ, ਜਿਧਰ ਦੇਖੇ ਗੁੜ ਹੀ ਗੁੜ।

ਮਾਤਾ ਆਈ ! ਫਰੀਦਾ ਰੱਬ ਦੀ ਬੰਦਗੀ ਕੀਤੀ ? ਕਹਿੰਦੇ ਹਾਂ ਮਾਤਾ।

ਗੁੜ ਮਿਲਿਆ ? ਬਹੁਤ ਜਾਦਾ ਮਿਲਿਆ। ਉਸ ਨੇ ਦੇਖਿਆ ਠੀਕ ਹੈ ਇਸ ਦੀ ਕੋਈ ਪੁਰਾਣੀ ਬੰਦਗੀ ਹੈ। ਜੋ ਰੱਬ ਇਸਦੇ ਬੰਦਗੀ ਕਰਨ ਵਿਚ ਮਦਦ ਕਰਦਾ ਹੈ। ਕਿਉਂਕਿ ਫਰੀਦ ਜੀ ਨੂੰ ਕਈ ਜਨਮ ਹੋ ਗਏ ਸਨ, ਬੰਦਗੀ ਕਰਦਿਆਂ।

ਪਿਛਲੇ ਜਨਮ ਵਿਚ ਵੀ ਇਸ ਦਾ ਨਾਂ ਫਰੀਦ ਹੀ ਹੁੰਦਾ ਸੀ, ਹੁਣ ਵੀ ਫਰੀਦ ਹੀ ਹੈ।

*"ਈਹਾਂ ਨਾਮ ਸੋ ਜਪੈ, ਜੋ ਜਪੁ ਆਇਆ ਹੋਇ॥"*

ਜਿਸ ਨੇ ਸਿਮਰਨ ਕੀਤਾ ਹੁੰਦਾ ਹੈ। ਜੇ ਵਿਚ ਵਿਚਾਲੇ ਗੱਲ ਰਹਿ ਵੀ ਜਾਏ। ਅਗਲੇ ਜਨਮ ਵਿਚ ਸਾਰੀ ਜ਼ਿੰਮੇਦਾਰੀ ਰੱਬ ਦੀ ਹੈ।

ਕਿਹੋ ਜਿਹੀ ਮਾਤਾ, ਕਿਹੋ ਜਿਹਾ ਪਿਤਾ, ਕਿਹੋ ਜਿਹਾ ਪ੍ਰਵਾਰ, ਕਿਹੋ ਜਿਹੀ ਸੰਗਤ ਇਸ ਨੂੰ ਦੇਣੀ ਹੈ।

ਤਾਂਕਿ ਰਹਿੰਦਾ ਸਫਰ ਜਿਹੜਾ ਹੈ ਜੀਵ ਆਤਮਾ ਦਾ ਇਹ ਮੁੱਕਾ ਲਵੇ। ਇਹ ਡਿਊਟੀ ਰੱਬ ਦੀ ਹੈ। ਮਾਤਾ ਬੜੀ ਖੁਸ਼ ਹੋਈ, ਸਿਮਰਨ ਕਰਦਾ ਹੈ ਬੱਚਾ, ਚੰਗਾ ਹੈ। ਕੁਝ ਸਮਾਂ ਗੁਜ਼ਰਿਆ, ਕਹਿਣ ਲੱਗੀ, ਫਰੀਦਾ ! ਸਾਡੇ ਰਾਸ਼ਨ ਨਹੀਂ ਹੈ ਅਰਦਾਸ ਕਰ। ਰੱਬ ਇਕ ਡੰਗ ਦਾ ਦੇ ਦੇਵੇ। ਉਹਨੇ ਅਰਦਾਸ ਕਰ ਦਿੱਤੀ। ਸਾਰੇ ਘਰ ਵਿਚ ਰਾਸ਼ਨ ਹੀ ਰਾਸ਼ਨ। ਆਟਾ, ਚੌਲ, ਗੁੜ, ਤੇਲ ਆਦਿ।

ਮਾਤਾ ਕਹਿਣ ਲੱਗੀ— ਬੇਟਾ, ਥੋੜਾ ਜਿਹਾ ਮੰਗਿਆ ਸੀ।

ਤੁਸੀਂ ਕਹਿੰਦੇ ਓ ਰੱਬ ਬਹੁਤ ਵੱਡਾ ਹੈ। ਉਹਨੇ ਆਪਣੇ ਹਿਸਾਬ ਨਾਲ ਦੇ ਦਿੱਤਾ ਹੋਣਾ ਹੈ। *"ਜੇਵਡੁ ਆਪਿ ਤੇਵਡ ਤੇਰੀ ਦਾਤਿ॥"* (ਅੰਗ ੯)

ਉਹਨੇ ਆਪਣੇ ਹਿਸਾਬ ਨਾਲ ਦਿੱਤਾ ਹੋਣੈ। ਫਿਰ ਕਹਿਣ ਲੱਗੀ, ਫਰੀਦਾ !

ਅਰਦਾਸਾਂ ਪੂਰੀਆਂ ਹੋ ਜਾਣੀਆਂ, ਰੱਬ ਨੇ ਗੁੜ ਦੇ ਦੇਣਾ, ਇਹ ਕੋਈ ਰੱਬ ਦੀ ਪ੍ਰਾਪਤੀ ਨਹੀਂ। ਰੱਬ ਦੀ ਪ੍ਰਾਪਤੀ ਬੇਟਾ ਬਹੁਤ ਦੂਰ ਹੈ। ਬੜੀ ਦੂਰ ਦੀ ਗੱਲ ਹੈ। ਮੈਂ ਕੀ ਕਰਾਂ ?

ਕਹਿੰਦੀ ਜਾਹ......। ਜੰਗਲਾਂ ਵਿਚ ਜਾ ਕੇ ਤਪੱਸਿਆ ਕਰ। ਫਰੀਦ ਜੀ ਗੁਰੂ ਨਾਨਕ ਜੀ ਨਾਲੋਂ ੩੦੦ ਸਾਲ ਪਹਿਲੋਂ ਹੋਏ ਹਨ।

ਜਿਹੜਾ ਫਰੀਦ ਗੁਰੂ ਨਾਨਕ ਜੀ ਨੂੰ ਮਿਲਿਆ ਸੀ, ਉਹ ਫਰੀਦ ਦੀ ਜਗ੍ਹਾ ਤੇ ਗਿਆਰ੍ਹਵਾਂ ਫਰੀਦ ਸੀ। ਦਸ ਇਕ ਗਿਆਰ੍ਹਾਂ।

ਉਥੇ ਤਪੱਸਿਆ ਕਰ, ਬੰਦਗੀ ਕਰ, ਫਿਰ ਰੱਬ ਮਿਲੇਗਾ।

ਬਹੁਤ ਅੱਛਾ-ਅੱਛਾ। ਮਾਤਾ ਤੋਂ ਲਈ ਆਗਿਆ। ਉਹਦੀ ਮਾਂ ਕਿੰਨੀ ਚੰਗੀ ਹੋਵੇਗੀ।

ਕਈ ਮਾਵਾਂ ਉਹ ਬੱਚਿਆਂ ਦੇ ਸਿਰ ਹੀ ਮੂੰਨਾ ਦਿੰਦੀਆਂ ਨੇ। ਪਤਾ ਹੀ ਨਹੀਂ।

ਬੜੇ ਸਾਲ ਹੋ ਗਏ ਆਪਣੇ ਹੀ ਬਿਲਾਸਪੁਰ, ਤਹਿਸੀਲ ਵਿਚ, ਇਕ ਛੋਟੇ ਬੱਚੇ ਦਾ ਮਾਈ ਨੇ ਸਿਰ ਮੁੰਨ ਦਿੱਤਾ ਸੀ।

ਉਸ ਨੂੰ ਪੁਛਿਆ ਕੀ ਗੱਲ .......... ਇਸ ਤਰ੍ਹਾਂ ਕਿਉਂ ਕੀਤਾ? ਉਹ ਕਹਿਣ ਲੱਗੀ ਜੀ ਇਹਦੇ ਸਿਰ ਵਿਚ ਜੂੰਆਂ ਸੀ। ਨਵਾਹੁਣਾ ਪੈਂਦਾ ਹੈ।

ਇਸ ਕਰਕੇ ਮੈਂ ਕੰਮ ਮੁਕਾਇਆ ਹੈ।...... ਹਾਂ ਨਵਾਹੁਣਾ ਵੀ ਪੈਣਾ ਹੈ, ਇਸ ਦੇ ਕਪੜੇ ਵੀ ਬਨਾਉਣੇ ਪੈਣੇ ਨੇ, ਇਹਨੂੰ ਰੋਟੀ ਵੀ ਖਵਾਉਣੀ ਪੈਣੀ ਹੈਂ, ਇਹਨੂੰ ਪੜ੍ਹਾਉਣਾ ਵੀ ਪੈਣੈ, ਵਿਆਹੁਣਾ ਵੀ ਪੈਣੈ, ਇਹਦੇ ਬੜੇ ਕੰਮ ਕਰਨੇ ਨੇ, ਸਾਰਾ ਕੁਝ ਕਰਨਾ ਹੀ ਪੈਣਾ ਹੈ। ਤੇ ਜੇ ਹੁੰਦਾ ਹੀ ਨਾ ............।

ਨਾ ਨਵਾਹੁਣਾ ਪੈਂਦਾ, ਨਾ ਕਪੜੇ ਦੇਣੇ ਪੈਂਦੇ,

ਨਾ ਪੜ੍ਹਾਹੁਣਾ ਪੈਂਦਾ, ਬਾਕੀ ਵੀ ਤਾਂ ਬਹੁਤ ਕੰਮ ਹਨ। ਕਹਿਣ ਲੱਗੀ ਗਲਤੀ ਹੋ ਗਈ।

ਕਈ ਮਾਵਾਂ, ਇਹੋ ਜਿਹੀਆਂ ਨੇ, ਇਹ ਸੋਚਦੀਆਂ ਹੀ ਨਹੀਂ ਕਿ ਸਿੱਖੀ ਮਿਲੀ

ਕਿਵੇਂ ਹੈ।

ਉਹ ਵੀ ਤੇ ਮਾਈਆਂ ਬੀਬੀਆਂ ਹੀ ਸਨ ਨਾ, ਜਿਨ੍ਹਾਂ ਨੇ ਬੱਚਿਆਂ ਦੇ ਆਪਣੇ ਗਲਾਂ ਵਿਚ ਹਾਰ ਪੁਵਾ ਲਏ। ਤੇ ਮੁਖੋਂ ਸੀ - ਨਹੀਂ ਉਚਾਰਿਆ।

ਗੁਰੂ ਮਹਾਰਾਜ ਜੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਉਹਨਾਂ ਦਾ ਹੀ ਨਾਂ, ਅਰਦਾਸ ਵਿਚ ਹੈ ਨਾ।

ਸੋ ਇਹ ਕਿੰਨੀ ਚੰਗੀ ਮਾਤਾ ਹੈ।

ਚਾਹੁੰਦੀ ਹੈ ਮੇਰਾ ਬੱਚਾ ਅਮਰ ਹੋ ਜਾਏ। ਦੁਬਾਰਾ ਦੁਨੀਆਂ ਵਿਚ ਆਏ ਹੀ ਨਾ।

ਨਾ ਇਸਦਾ ਜਨਮ ਹੋਏ।

ਮੇਰਾ ਵੀ ਜਨਮ ਸਫਲਾ ਅਤੇ ਇਹਦਾ ਵੀ ਸਫਲਾ। ਇਹੋ ਜਿਹੀਆਂ ਮਾਈਆਂ ਬੀਬੀਆਂ ਨੂੰ ਬਾਣੀ ਵਿਚ ਧੰਨ ਦਸਿਆ ਹੈ।

**ਧਾਰਨਾ- ਧੰਨ ਧੰਨ ਨੇ ਉਹਨਾਂ ਦੀਆਂ ਮਾਵਾਂ,**

**ਜਿੰਨਾਂ ਦੇ ਬੱਚੇ ਨਾਮ ਜਪਦੇ......2......।**

***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥***

(ਅੰਗ ੪੮੮)

ਚੰਗੇ ਪਾਸੇ ਕਿਸੇ ਨੂੰ ਲਾਉਣਾ। ਫਿਰ ਰੱਬ ਵਾਲੇ ਪਾਸੇ। ਇਹ ਬਹੁਤ ਵੱਡਾ ਪੁੰਨ ਹੈ।

ਫਰੀਦ ਜੀ ਦੇ ਮਨ ਵਿਚ ਬੜਾ ਤੀਬਰ ਬੈਰਾਗ ਸੀ। ਇਹ ਤਿੰਨ ਕਿਸਮ ਦਾ ਹੁੰਦਾ।

ਇਕ ਤਾਂ ਬੈਰਾਗ ਹੁੰਦੈ ਗੱਧੇ ਵਰਗਾ।

ਗੱਧੇ ਤੇ ਜਦੋਂ ਵਜ਼ਨ ਲੱਦਿਆ ਹੋਵੇ, ਭਾਰ, ਅੱਖਾਂ ਚੋਂ ਪਾਣੀ, ਪਸੀਨਾ ਆਇਆ ਹੁੰਦਾ ਹੈ। ਬੜਾ ਦੁਖੀ। ਹੇ ਰੱਬਾ...... ਕੱਦ ਭਾਰ ਲੱਥੇ ਮੈਂ ਸੁਖੀ ਹੋਵਾਂ। ਜਦੋਂ ਬੋਝ ਲਹਿ ਗਿਆ ਬੱਸ ਫੇਰ ਰੂੜੀਆਂ ਤੇ ਲੇਟਦਾ, ਮਾਰਦਾ ਦੁਲੱਤੇ।

ਜਿਨ੍ਹਾਂ ਲੋਕਾਂ ਨੂੰ ਕਿਸੇ ਕਿਸਮ ਦਾ ਕੋਈ ਦੁਖ ਲਗਿਆ ਹੈ ਦੁਖ ਰੂਪੀ ਬੋਝ ਹੈ। ਚਾਹੁੰਦੇ ਨੇ ਦੁਖ ਲਹਿ ਜਾਏ। ਜਾਂ ਲਹਿ ਗਿਆ, ਉਹ ਕੁਰੀਤੀਆਂ ਫਿਰ ਗੁਰਦੁਆਰੇ ਮੱਥਾ ਟੇਕਣ ਵੀ ਨਹੀਂ ਜਾਣਾ।

ਦੂਸਰਾ ਹੁੰਦਾ ਹੈ, ਤੀਬਰ ਬੈਰਾਗ।

ਕਿਉਂਕਿ ਫਕੀਰੀ ਤਿੰਨ ਕਿਸਮ ਦੀ ਹੈ, ਰੇਖ ਦੀ, ਭੇਖ ਦੀ, ਪਿਛੋਂ ਮੁੜ-ਮੁੜ

ਦੇਖਦੀ। ਤੀਸਰਾ ਤੀਬਰਤਰ ਬੈਰਾਗ ਹੁੰਦਾ ਹੈ। ਪਿਛੇ ਮੁੜਕੇ ਨਹੀਂ ਵੇਖਣਾ, ਅੱਗੇ ਹੀ ਅੱਗੇ, ਅੱਗੇ ਹੀ ਅੱਗੇ। ਸੋ ਫਰੀਦ ਜੀ ਦੇ ਮਨ ਵਿਚ ਤੀਬਰਤਰ ਵੈਰਾਗ ਸੀ, ਨੇਤਰਾਂ ਚੋਂ ਜਲ ਆਉਂਦਾ ਹੈ। ਰੱਬ ਨੂੰ ਲੱਭੇ ਕਿਥੋਂ, ਮਾਤਾ ਨੇ ਏਨਾ ਤਾਂ ਕਿਹਾ ਬੰਦਗੀ ਕਰ, ਰੋਂਦਾ ਕਿਉਂ ਸੀ ਵੈਰਾਗ ਨਾਲ। ਉਹਦੇ ਨੇਤਰਾਂ ਚੋਂ ਜਲ ਇਸ ਕਰਕੇ ਜਾਂਦਾ ਸੀ।

ਪਿਛਲੇ ਜਨਮ ਦੀ ਕੀਤੀ ਹੋਈ ਕਮਾਈ।

ਉਸਨੂੰ ਅੰਦਰੋਂ ਟੁੰਬਦੀ ਹੈ। ਰੱਬ ਨੂੰ ਮਿਲੇ ਦੇਰ ਹੋ ਰਹੀ ਹੈ, ਛੇਤੀ ਮਿਲ।

ਤਦੇ ਹੀ ਆਖਿਆ ਹੈ ਨਾ।

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥੩੬॥***

**(ਅੰਗ ੧੩੭੯)**

ਮੜ੍ਹੀਆਂ ਵਰਗੇ ਹਿਰਦੇ ਨੇ, ਹਿਰਦੇ।

ਜਿਥੇ ਰੋਜ਼ ਮੁਰਦੇ ਫੂਕੇ ਜਾਣ, ਉਥੇ ਫਸਲ ਨਹੀਂ ਹੁੰਦੀ। ਇਸੇ ਤਰ੍ਹਾਂ ਜਿਸ ਹਿਰਦੇ ਵਿਚ ਰੋਜ਼ ਨਿੰਦਿਆ, ਚੁਗਲੀ, ਝੂਠ, ਵੈਰ, ਵਿਰੋਧ ਦੀਆਂ ਗੱਲਾਂ, ਉਥੇ ਨਾਮ ਦੀ ਰੌਂ ਨਹੀਂ ਚੱਲਦੀ ਹੁੰਦੀ। ਨਾਮ ਨਹੀਂ ਚਲਦਾ ਹੁੰਦਾ।

ਸੋ ਇਸ ਕਰਕੇ ਬੜਾ ਮਨ ਵਿਚ ਵੈਰਾਗ ਹੈ ਕਿ ਕਦੋਂ ਰੱਬ ਦੇ ਦਰਸ਼ਨ ਹੋਣ। ਬੜੀ ਤਪੱਸਿਆ ਕਰਦੇ ਨੇ।

ਕਿਤੇ ਖੂਹ 'ਚ ਲਮਕ ਜਾਣਾ, ਜ਼ਿਲਾ ਮਿੰਟਗੁਮਰੀ ਦੀ ਗੱਲ। ਕਿਤੇ ਦਰੱਖਤਾਂ ਹੇਠਾਂ, ਕਿਤੇ ਭੁਖੇ, ਕਿਤੇ ਕੁਝ ਛੱਕ ਲੈਣਾ, ਕਿਤੇ ਕਿਵੇਂ, ਕਿਤੇ ਕਿਵੇਂ। ਬੜੀ ਤਪੱਸਿਆ।

ਇਕ ਵਾਰ ਸਤਿਗੁਰ ਨਾਨਕ ਦੇਵ ਮਹਾਰਾਜ ਜੀ, ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ ਲੋਕਾਂ ਨੇ ਰੱਬ ਨੂੰ ਮਿਲਣ ਵਾਸਤੇ, ਬੜੀਆਂ-ਬੜੀਆਂ ਘਾਲਾਂ ਘਾਲੀਆਂ ਨੇ, ਉਹ ਬਚਨ ਗੁਰੂ ਨਾਨਕ ਜੀ ਦੇ ਗੁਰਬਾਣੀ ਵਿਚ, ਇਉਂ ਆਉਂਦੇ ਹਨ—

**ਧਾਰਨਾ - ਕਸ਼ਟ ਸਹਿ ਕੇ ਤਪੱਸਿਆ ਕੀਤੀ ;**

**ਘਰ ਬਾਰ ਦੇਸ਼ ਛਡ ਕੇ,**

**ਪਿਆਰਿਆ, ਪਿਆਰਿਆ,**

**ਘਰ ਬਾਰ ਦੇਸ਼ ਛਡਕੇ ਕਸ਼ਟ ਸਹਿ ਕੇ......2......।**



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਤੋਂ
ਵਰੋਸਾਏ ਹੋਏ ਬਾਬਾ ਗੁਰਦੀਪ ਸਿੰਘ ਜੀ (ਖੁਬੀਆਂ ਨੰਗਲ, ਯੂ.ਪੀ.)

ਗੁਰਮਤਿ ਰੂਹਾਨੀ ਮਿਸ਼ਨ